6-AUG-PAGE-1.qxd 8/5/2025 9:38 PM Page 1

ਬੁੱਧਵਾਰ, 6 ਅਗਸਤ, 2025
22 ਸਾਉਣ { ਨਾਨਕਸ਼ਾਹੀ 557 / ਬਿਕਰਮੀ 2082
ਜਿਲਦ/VOL. : 74
ਅੰਕ/NO. : 66

ਰੋਜ਼ਾਨਾ
# ਨਵਾਂ ਜ਼ਮਾਨਾ

DAILY NAWAN ZAMANA • WEDNESDAY, 6 AUGUST, 2025 ਜਲੰਧਰ

'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ   Regd. No : L-4/Pb-JL-0023/2024-26, (R.N.I.)-00068/57   E-mail : nawanzamana@gmail.com   www.nawanzamana.in   ਸਫ਼ੇ : 12

# 34 ਸਕਿੰਟਾਂ 'ਚ ਨਕਸ਼ਾ ਬਦਲ ਗਿਆ




**ਦੇਹਰਾਦੂਨ** : ਉੱਤਰਾਖੰਡ ਵਿੱਚ ਮੰਗਲਵਾਰ ਦੋ ਥਾਈਂ ਬੱਦਲ ਫਟਣ ਕਾਰਨ ਭਾਰੀ ਤਬਾਹੀ ਹੋਈ। ਇੱਕ ਬੱਦਲ ਉੱਤਰਕਾਸ਼ੀ ਦੇ ਹਰਸ਼ੀਲ ਇਲਾਕੇ ਦੇ ਧਰਾਲੀ ਪਿੰਡ ਉੱਤੇ ਬਾਅਦ ਦੁਪਹਿਰ ਪੌਣੇ ਦੋ ਵਜੇ ਤੇ ਦੂਜਾ ਧਰਾਲੀ ਨੇੜੇ ਹੀ ਸੁੱਖੀ ਟਾਪ 'ਤੇ ਫਟਿਆ।

ਧਰਾਲੀ 'ਤੇ ਬੱਦਲ ਫਟਣ ਨਾਲ ਆਏ ਹੜ੍ਹ ਅਤੇ ਜ਼ਮੀਨ ਖਿਸਕਣ ਕਾਰਨ ਪਿੰਡ ਦੇ 40-50 ਘਰ ਰੁੜ੍ਹ ਗਏ ਅਤੇ 50 ਤੋਂ ਵੱਧ ਲੋਕ ਲਾਪਤਾ ਹੋ ਗਏ। ਗਾਰ ਪੂਰੇ ਪਿੰਡ ਵਿੱਚ ਭਰ ਗਈ। ਬਹੁਤ ਸਾਰੇ ਲੋਕਾਂ ਦੇ ਫਸੇ ਹੋਣ ਦਾ ਖਦਸ਼ਾ ਹੈ। ਇਹ ਤਬਾਹੀ ਸਿਰਫ 34 ਸਕਿੰਟਾਂ ਵਿੱਚ ਹੋ ਗਈ। ਲੋਕਾਂ ਨੂੰ ਇਸ ਤਬਾਹੀ ਨੇ 7 ਫਰਵਰੀ 2021 ਵਿੱਚ ਚਮੋਲੀ ਵਿੱਚ ਹੋਈ ਤਬਾਹੀ ਚੇਤੇ ਕਰਾ ਦਿੱਤੀ, ਜਿਸ ਵਿੱਚ 200 ਤੋਂ ਵੱਧ ਲੋਕ ਮਾਰੇ ਗਏ ਜਾਂ ਲਾਪਤਾ ਹੋ ਗਏ ਸਨ।

ਅਧਿਕਾਰੀਆਂ ਨੇ ਸ਼ੁਰੂਆਤ ਵਿੱਚ ਘੱਟੋ-ਘੱਟ 4 ਮੌਤਾਂ ਦੀ ਗੱਲ ਕਹੀ, ਪਰ ਮੰਨਿਆ ਜਾ ਰਿਹਾ ਹੈ ਕਿ ਤਬਾਹੀ ਬਹੁਤ ਹੋਈ ਹੈ। ਧਰਾਲੀ ਗੰਗੋਤਰੀ ਜਾਣ ਵਾਲੇ ਰਸਤੇ ਵਿੱਚ ਠਹਿਰਾਅ ਦਾ ਮੁੱਖ ਪੜਾਅ ਹੈ। ਇਹ ਪ੍ਰਸਿੱਧ ਸੈਰ-ਸਪਾਟਾ ਸਥਾਨ ਹੈ ਤੇ ਇੱਥੇ ਕਰੀਬ 20-25 ਹੋਟਲ ਅਤੇ ਹੋਮ ਸਟੇਅ ਹਨ, ਜਿਨ੍ਹਾਂ ਨੂੰ ਕਾਫੀ ਨੁਕਸਾਨ ਹੋਇਆ ਹੈ। ਧਰਾਲੀ ਦਾ ਬਾਜ਼ਾਰ ਵੀ ਰੁੜ੍ਹ ਗਿਆ ਹੈ। ਧਰਾਲੀ ਦੇਹਰਾਦੂਨ ਤੋਂ 28 ਕਿੱਲੋਮੀਟਰ ਦੂਰ ਹੈ ਅਤੇ ਗੰਗੋਤਰੀ ਧਾਮ ਤੋਂ 10 ਕਿੱਲੋਮੀਟਰ ਉਰੇ ਤੇ ਹਰਸ਼ਿਲ ਤੋਂ ਸਿਰਫ ਦੋ ਕਿੱਲੋਮੀਟਰ ਅੱਗੇ ਹੈ।

ਸਥਾਨਕ ਲੋਕਾਂ ਨੇ ਦੱਸਿਆ ਕਿ ਖੀਰ ਗੰਗਾ ਨਦੀ ਦੇ ਕੈਚਮੈਂਟ ਖੇਤਰ ਵਿੱਚ ਕਿਤੇ ਬੱਦਲ ਫਟਣ ਕਾਰਨ ਭਿਆਨਕ ਹੜ੍ਹ ਆਇਆ। ਖੀਰ ਗੰਗਾ ਦੇ ਕੰਢੇ ਸਥਿਤ ਪ੍ਰਾਚੀਨ ਕਲਪਾ ਕੇਦਾਰ ਮੰਦਰ ਦੇ ਵੀ ਮਲਬੇ ਹੇਠ ਦੱਬੇ ਹੋਣ ਦੀ ਖਬਰ ਹੈ।

ਉੱਤਰਕਾਸ਼ੀ ਦੇ ਜ਼ਿਲ੍ਹਾ ਮੈਜਿਸਟਰੇਟ ਪ੍ਰਸ਼ਾਂਤ ਆਰੀਆ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਹਰਸ਼ਿਲ ਤੋਂ ਫੌਜ ਦੀ ਇੱਕ ਟੀਮ ਨੂੰ ਮੌਕੇ 'ਤੇ ਭੇਜਿਆ ਗਿਆ ਹੈ। ਪਿੰਡ ਵਾਸੀ ਰਾਜੇਸ਼ ਪਵਾਰ ਨੇ ਦੱਸਿਆ ਕਿ ਮਲਬੇ ਹੇਠ ਲਗਭਗ 10-12 ਲੋਕ ਦੱਬੇ ਹੋ ਸਕਦੇ ਹਨ।

ਭਿਆਨਕ ਵੀਡੀਓ ਵਿੱਚ ਹੜ੍ਹ ਦਾ ਪਾਣੀ ਪਹਾੜ ਤੋਂ ਹੇਠਾਂ ਵਗਦੇ ਹੋਏ ਪਿੰਡ ਵਿੱਚ ਵੜਦਾ ਨਜ਼ਰ ਆ ਰਿਹਾ ਹੈ। ਇਹ ਸੈਲਾਬ ਘਰਾਂ, ਸੜਕਾਂ ਅਤੇ ਰਸਤੇ ਵਿੱਚ ਆਉਣ ਵਾਲੀ ਹਰ ਚੀਜ਼ ਨੂੰ ਵਹਾ ਕੇ ਲੈ ਗਿਆ। ਲੋਕਾਂ ਨੂੰ ਘਬਰਾਹਟ ਵਿੱਚ ਚੀਕਦੇ ਸੁਣਿਆ ਜਾ ਸਕਦਾ ਹੈ।


ਲਗਾਤਾਰ ਪੰਜਵੇਂ ਦਿਨ ਵੀ ਉਤਰਾਖੰਡ ਵਿੱਚ ਮੌਨਸੂਨ ਦੀ ਝੜੀ ਜਾਰੀ ਰਹੀ, ਜਿਸ ਨਾਲ ਕਈ ਜ਼ਿਲ੍ਹਿਆਂ ਵਿੱਚ ਆਮ ਜਨਜੀਵਨ ਪ੍ਰਭਾਵਤ ਹੋਇਆ।

ਉਧਰ ਹਿਮਾਚਲ ਵਿੱਚ ਢਿਗਾਂ ਡਿੱਗਣ ਕਾਰਨ ਚੰਡੀਗੜ੍ਹ-ਮਨਾਲੀ ਰਾਸ਼ਟਰੀ ਰਾਜ ਮਾਰਗ ਨੂੰ ਕਈ ਥਾਵਾਂ 'ਤੇ ਬੰਦ ਕਰ ਦਿੱਤਾ ਗਿਆ ਹੈ, ਜਿਸ ਨਾਲ ਦੋਵਾਂ ਪਾਸਿਆਂ ਤੋਂ ਵਾਹਨਾਂ ਦੀ ਆਵਾਜਾਈ ਰੁਕ ਗਈ ਹੈ ਅਤੇ ਯਾਤਰੀ ਫਸੇ ਹੋਏ ਹਨ। ਮੰਡੀ ਜ਼ਿਲ੍ਹੇ ਦੇ ਬਲਹ ਉਪ ਮੰਡਲ ਵਿੱਚ ਕਈ ਨੀਵੇਂ ਇਲਾਕਿਆਂ ਵਿੱਚ ਪਾਣੀ ਘਰਾਂ ਅਤੇ ਦੁਕਾਨਾਂ ਵਿੱਚ ਦਾਖਲ ਹੋ ਗਿਆ ਹੈ, ਜਿਸ ਕਾਰਨ ਸਥਾਨਕ ਲੋਕਾਂ ਨੂੰ ਉੱਚੀਆਂ ਥਾਵਾਂ 'ਤੇ ਸ਼ਰਨ ਲੈਣੀ ਪਈ ਹੈ। ਸੂਬੇ ਵਿੱਚ ਕੁੱਲ 309 ਸੜਕਾਂ ਢਿਗਾਂ ਅਤੇ ਮਲਬਾ ਡਿੱਗਣ ਕਾਰਨ ਬੰਦ ਹਨ। 236 ਜਲ ਸਪਲਾਈ ਸਕੀਮਾਂ ਅਤੇ 113 ਬਿਜਲੀ ਵੰਡ ਟਰਾਂਸਫਾਰਮਰ ਕੰਮ ਨਹੀਂ ਕਰ ਰਹੇ।

### ਗੰਗਾ ਦੇ ਪੇਕੇ

ਧਰਾਲੀ ਪਿੰਡ ਦੇ ਲਾਗੇ ਪਿੰਡ ਮੁਖਬਾ ਨੂੰ ਗੰਗਾ ਦੇ ਪੇਕੇ ਪਿੰਡ ਵਜੋਂ ਜਾਣਿਆ ਜਾਂਦਾ ਹੈ, ਕਿਉਂਕਿ ਗੰਗੋਤਰੀ ਮੰਦਰ ਸਰਦੀਆਂ ਵਿੱਚ ਬੰਦ ਹੋਣ ਕਰਕੇ ਗੰਗਾ ਦੀ ਮੂਰਤੀ ਨੂੰ ਮੁਖਬਾ ਪਿੰਡ ਲਿਆਂਦਾ ਜਾਂਦਾ ਹੈ।

## ਅਮਰੀਕਾ ਭਾਰਤ ਨੂੰ ਧਮਕਾਏ ਨਾ : ਰੂਸ



**ਨਵੀਂ ਦਿੱਲੀ** : ਰੂਸੀ ਤੇਲ ਲੈਣ 'ਤੇ ਭਾਰਤ 'ਤੇ ਹੋਰ ਟੈਰਿਫ ਲਾਉਣ ਦੀ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਧਮਕੀ ਤੋਂ ਬਾਅਦ ਰੂਸ ਨੇ ਕਿਹਾ ਹੈ ਕਿ ਅਮਰੀਕਾ ਭਾਰਤ 'ਤੇ ਗੈਰਕਾਨੂੰਨੀ ਵਪਾਰਕ ਦਬਾਅ ਪਾ ਰਿਹਾ ਹੈ। ਰੂਸੀ ਸਰਕਾਰ ਦੇ ਤਰਜਮਾਨ ਦਮਿਤਰੀ ਪੇਸਕੋਵ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ, 'ਅਸੀਂ ਕਈ ਬਿਆਨ ਸੁਣੇ ਹਨ, ਜਿਹੜੇ ਵੱਖ-ਵੱਖ ਦੇਸ਼ਾਂ ਨੂੰ ਰੂਸ ਨਾਲ ਵਪਾਰਕ ਰਿਸ਼ਤੇ ਤੋੜਨ ਦੀਆਂ ਧਮਕੀਆਂ ਹਨ। ਸਾਡਾ ਵਿਸ਼ਵਾਸ ਹੈ ਕਿ ਹਰ ਪ੍ਰਭੂਸੱਤਾ ਸੰਪੰਨ ਦੇਸ਼ ਨੂੰ ਅਧਿਕਾਰ ਹੈ ਕਿ ਉਹ ਆਪਣੇ ਦੇਸ਼ ਦੇ ਹਿੱਤ ਵਿੱਚ ਕਿਹੜੇ ਦੇਸ਼ ਨਾਲ ਤੇ ਕਿਸ ਤਰ੍ਹਾਂ ਦੇ ਵਪਾਰਕ ਤੇ ਆਰਥਕ ਰਿਸ਼ਤੇ ਰੱਖਣਾ ਚਾਹੁੰਦਾ ਹੈ।'

## ਭਾਰਤ 'ਤੇ ਹੋਰ ਟੈਰਿਫ ਠੋਕਾਂਗਾ : ਟਰੰਪ



**ਵਾਸ਼ਿੰਗਟਨ** : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਧਮਕੀ ਦਿੱਤੀ ਹੈ ਕਿ ਭਾਰਤ ਚੰਗਾ ਬਿਜ਼ਨਸ ਪਾਰਟਨਰ ਨਹੀਂ ਤੇ ਉਹ ਉਸ 'ਤੇ 24 ਘੰਟਿਆਂ ਵਿੱਚ ਤਕੜਾ ਟੈਰਿਫ ਠੋਕਣਗੇ। ਉਨ੍ਹਾ ਸੀ ਐੱਨ ਬੀ ਸੀ ਚੈਨਲ ਨੂੰ ਇੰਟਰਵਿਊ ਵਿੱਚ ਕਿਹਾ ਕਿ ਭਾਰਤ ਅਮਰੀਕਾ ਨਾਲ ਬਹੁਤ ਵਪਾਰ ਕਰਦਾ ਹੈ, ਪਰ ਅਮਰੀਕਾ ਨੂੰ ਭਾਰਤ ਤੋਂ ਓਨਾ ਫਾਇਦਾ ਨਹੀਂ ਮਿਲਦਾ। ਇਸ ਲਈ ਉਨ੍ਹਾ 25 ਫੀਸਦੀ ਟੈਰਿਫ ਲਾਉਣ ਦਾ ਫੈਸਲਾ ਕੀਤਾ ਸੀ, ਜਿਹੜਾ 7 ਅਗਸਤ ਤੋਂ ਲਾਗੂ ਹੋਣਾ ਹੈ। ਅਗਲੇ 24 ਘੰਟਿਆਂ ਵਿੱਚ ਉਹ ਇਸ ਟੈਰਿਫ ਨੂੰ ਹੋਰ ਵਧਾਉਣ ਜਾ ਰਹੇ ਹਨ। ਭਾਰਤ ਰੂਸ ਤੋਂ ਤੇਲ ਖਰੀਦ ਕੇ ਉਸ ਨੂੰ ਯੂਕਰੇਨ ਨਾਲ ਜੰਗ ਜਾਰੀ ਰੱਖਣ ਵਿੱਚ ਮਦਦ ਕਰ ਰਿਹਾ ਹੈ।

## ਸੱਤਿਆ ਪਾਲ ਮਲਿਕ ਨਹੀਂ ਰਹੇ

**ਨਵੀਂ ਦਿੱਲੀ** : ਜੰਮੂ-ਕਸ਼ਮੀਰ ਦੇ ਸਾਬਕਾ ਤੇ ਆਖਰੀ ਰਾਜਪਾਲ ਸੱਤਿਆ ਪਾਲ ਮਲਿਕ (79) ਦਾ ਮੰਗਲਵਾਰ ਦੇਹਾਂਤ ਹੋ ਗਿਆ। ਉਨ੍ਹਾ ਦਿੱਲੀ ਦੇ ਰਾਮ ਮਨੋਹਰ ਲੋਹੀਆ ਹਸਪਤਾਲ ਵਿੱਚ ਦੁਪਹਿਰੇ ਇਕ ਵਜੇ ਆਖਰੀ ਸਾਹ ਲਏ।

## ਲਾਪਰਵਾਹੀ ਮਹਿੰਗੀ ਪਈ

**ਨਵੀਂ ਦਿੱਲੀ** : ਲਾਲ ਕਿਲ੍ਹੇ ਵਿੱਚ ਆਜ਼ਾਦੀ ਦਿਹਾੜੇ ਦੇ ਜਸ਼ਨਾਂ ਤੋਂ ਪਹਿਲਾਂ ਸਖਤ ਸੁਰੱਖਿਆ ਪ੍ਰਬੰਧਾਂ ਦਰਮਿਆਨ ਮੌਕ ਸੁਰੱਖਿਆ ਮਸ਼ਕ ਦੌਰਾਨ 'ਡੰਮੀ ਬੰਬ' ਦਾ ਪਤਾ ਲਗਾਉਣ ਵਿੱਚ ਅਸਫਲ ਰਹਿਣ ਤੋਂ ਬਾਅਦ ਸੱਤ ਪੁਲਸ ਮੁਲਾਜ਼ਮਾਂ ਨੂੰ ਮੁਅੱਤਲ ਕਰ ਦਿੱਤਾ ਗਿਆ। ਪੁਲਸ ਸੂਤਰਾਂ ਮੁਤਾਬਕ ਸਪੈਸ਼ਲ ਸੈੱਲ ਦੇ ਕਰਮਚਾਰੀ ਆਮ ਨਾਗਰਿਕਾਂ ਦੇ ਭੇਸ ਵਿੱਚ ਨਕਲੀ ਵਿਸਫੋਟਕ ਯੰਤਰ ਲੈ ਕੇ ਲਾਲ ਕਿਲ੍ਹੇ ਦੇ ਅਹਾਤੇ ਵਿੱਚ ਦਾਖਲ ਹੋਏ, ਜਿਸ ਨੂੰ ਡਿਊਟੀ 'ਤੇ ਮੌਜੂਦ ਸੁਰੱਖਿਆ ਕਰਮਚਾਰੀਆਂ ਨੇ ਨਜ਼ਰਅੰਦਾਜ਼ ਕਰ ਦਿੱਤਾ। ਇਸ ਗਲਤੀ ਤੋਂ ਬਾਅਦ ਸਾਰੇ ਸੱਤ ਕਰਮਚਾਰੀਆਂ ਨੂੰ ਲਾਪਰਵਾਹੀ ਲਈ ਮੁਅੱਤਲ ਕਰ ਦਿੱਤਾ ਗਿਆ। ਆਜ਼ਾਦੀ ਦਿਹਾੜੇ ਮੌਕੇ ਹਰ ਸਾਲ ਪ੍ਰਧਾਨ ਮੰਤਰੀ ਲਾਲ ਕਿਲ੍ਹੇ ਦੀ ਫਸੀਲ ਤੋਂ ਕੌਮੀ ਝੰਡਾ ਲਹਿਰਾਉਂਦੇ ਹਨ।

## ਸੀ ਪੀ ਆਈ ਵੱਲੋਂ 11 ਨੂੰ ਵਿਰੋਧ ਦਿਵਸ ਦਾ ਸੱਦਾ

**ਲੁਧਿਆਣਾ (ਐੱਮ ਐੱਸ ਭਾਟੀਆ)**-ਭਾਰਤੀ ਕਮਿਊਨਿਸਟ ਪਾਰਟੀ ਦੀ ਰਾਸ਼ਟਰੀ ਕਾਰਜਕਾਰਨੀ ਨੇ ਸਾਰੀਆਂ ਇਕਾਈਆਂ ਨੂੰ 11 ਅਗਸਤ ਨੂੰ ਭਾਜਪਾ ਸ਼ਾਸਤ ਰਾਜਾਂ ਵਿੱਚ ਬੰਗਾਲੀ ਬੋਲਣ ਵਾਲੇ ਲੋਕਾਂ ਨਾਲ ਹੋ ਰਹੇ ਛੇੜਛਾੜ ਵਿਰੁੱਧ ਵਿਰੋਧ ਦਿਵਸ ਵਜੋਂ ਮਨਾਉਣ ਦਾ ਸੱਦਾ ਦਿੱਤਾ ਹੈ।ਭਾਰਤ ਵਿੱਚੋਂ ਬੰਗਲਾਦੇਸ਼ੀ ਵਿਦੇਸ਼ੀਆਂ ਨੂੰ ਕੱਢਣ ਦੇ ਬਹਾਨੇ ਜ਼ਿਆਦਾਤਰ ਭਾਜਪਾ ਸ਼ਾਸਤ ਰਾਜਾਂ ਦੀਆਂ ਸਰਕਾਰਾਂ ਅਤੇ ਕੇਂਦਰ ਸਰਕਾਰ ਜਾਣਬੁੱਝ ਕੇ ਬੰਗਾਲੀ ਬੋਲਣ ਵਾਲੇ ਲੋਕਾਂ ਨੂੰ ਪਰੇਸ਼ਾਨ ਕਰਨ ਅਤੇ ਸਤਾਉਣ ਦੀ ਨੀਤੀ ਅਪਣਾ ਰਹੀ ਹੈ।ਹਾਲ ਹੀ ਵਿੱਚ ਦਿੱਲੀ ਪੁਲਸ ਨੇ ਬੰਗਾਲੀ ਭਾਸ਼ਾ ਨੂੰ ਬੰਗਲਾਦੇਸ਼ੀ ਭਾਸ਼ਾ ਕਿਹਾ ਹੈ। ਇਸੇ ਤਰ੍ਹਾਂ ਅਸਾਮ ਅਤੇ ਪੱਛਮੀ ਬੰਗਾਲ ਦੇ ਬਹੁਤ ਸਾਰੇ ਬੰਗਾਲੀ ਬੋਲਣ ਵਾਲੇ ਕਾਮਿਆਂ ਨੂੰ ਹਰਿਆਣਾ, ਓਡੀਸ਼ਾ, ਦਿੱਲੀ, ਮਹਾਰਾਸ਼ਟਰ ਅਤੇ ਹੋਰ ਭਾਜਪਾ ਸ਼ਾਸਤ ਰਾਜਾਂ ਵਿੱਚ ਤੰਗ ਕੀਤਾ ਜਾਂਦਾ ਹੈ, ਹਿਰਾਸਤ ਵਿੱਚ ਲਿਆ ਜਾਂਦਾ ਹੈ ਅਤੇ ਗ੍ਰਿਫਤਾਰ ਕੀਤਾ ਜਾਂਦਾ ਹੈ। ਇਹ ਭਾਜਪਾ ਦੁਆਰਾ ਬੰਗਾਲੀ ਬੋਲਣ ਵਾਲੇ ਲੋਕਾਂ ਨੂੰ ਨਿਸ਼ਾਨਾ ਬਣਾਉਣ ਦੀ ਜਾਣਬੁੱਝ ਕੇ ਕੀਤੀ ਗਈ ਕੋਸ਼ਿਸ਼ ਹੈ। ਬੰਗਾਲੀ ਇੱਕ ਭਾਰਤੀ ਭਾਸ਼ਾ ਹੈ, ਜਿਸ ਦੀ ਇੱਕ ਅਮੀਰ ਸੱਭਿਆਚਾਰਕ ਪਰੰਪਰਾ ਹੈ, ਜਿਸ 'ਤੇ ਸਾਰੇ ਭਾਰਤੀ ਮਾਣ ਕਰਦੇ ਹਨ।ਪਾਰਟੀ ਨੇ ਮੰਗ ਕੀਤੀ ਕਿ ਇਸ ਛੇੜਛਾੜ ਨੂੰ ਤੁਰੰਤ ਬੰਦ ਕੀਤਾ ਜਾਵੇ ਅਤੇ ਬੰਗਾਲੀ ਬੋਲਣ ਵਾਲੇ ਭਾਰਤੀਆਂ ਦੇ ਸੰਵਿਧਾਨਕ ਅਧਿਕਾਰਾਂ ਦੀ ਰੱਖਿਆ ਕੀਤੀ ਜਾਵੇ।

## ਪੰਜਾਬ ਏਟਕ ਨੂੰ ਇੱਕ ਲੱਖ ਰੁਪਏ ਦੀ ਸਹਾਇਤਾ



**ਮੋਗਾ** : ਪੰਜਾਬ ਮੰਡੀ ਬੋਰਡ ਵਰਕਰਜ਼ ਯੂਨੀਅਨ ਤੇ ਪੰਜਾਬ ਮੰਡੀ ਬੋਰਡ ਪੈਨਸ਼ਨਰ ਐਸੋਸੀਏਸ਼ਨ ਵੱਲੋਂ ਮੋਗਾ ਦੇ ਸ਼ਹੀਦ ਨਛੱਤਰ ਸਿੰਘ ਧਾਲੀਵਾਲ ਭਵਨ ਵਿਖੇ ਸੂਬਾ ਪੱਧਰੀ ਮੀਟਿੰਗ ਦੌਰਾਨ ਪੰਜਾਬ ਏਟਕ ਨੂੰ ਇੱਕ ਲੱਖ ਰੁਪਏ ਦੀ ਮਦਦ ਦਿੱਤੀ ਗਈ।ਇਸ ਮੌਕੇ ਪੰਜਾਬ ਏਟਕ ਦੇ ਜਨਰਲ ਸਕੱਤਰ ਨਿਰਮਲ ਸਿੰਘ ਧਾਲੀਵਾਲ, ਡਿਪਟੀ ਜਨਰਲ ਸਕੱਤਰ ਅਮਰਜੀਤ ਸਿੰਘ ਆਸਲ, ਸੀਨੀਅਰ ਆਗੂ ਅਤੇ ਸਾਬਕਾ ਵਿਧਾਇਕ ਹਰਦੇਵ ਅਰਸ਼ੀ ਤੋਂ ਇਲਾਵਾ ਜ਼ਿਲ੍ਹਾ ਫਰੀਦਕੋਟ ਦੇ ਪੈਨਸ਼ਨਰ ਆਗੂ ਅਸ਼ੋਕ ਕੌਸ਼ਲ, ਮੋਗਾ ਦੇ ਕਿਸਾਨ ਆਗੂ ਕੁਲਦੀਪ ਸਿੰਘ ਭੋਲਾ, ਜਗਜੀਤ ਸਿੰਘ ਨਿਹਾਲ ਸਿੰਘ ਵਾਲਾ ਅਤੇ ਡਾਕਟਰ ਇੰਦਰਵੀਰ ਸਿੰਘ ਗਿੱਲ ਤੋਂ ਇਲਾਵਾ ਦੋਵਾਂ ਜਥੇਬੰਦੀਆਂ ਦੇ ਸਰਪ੍ਰਸਤ ਸੁਦਾਗਰ ਸਿੰਘ, ਵੀਰ ਇੰਦਰਜੀਤ ਸਿੰਘ ਪੁਰੀ, ਗੁਰਮੀਤ ਸਿੰਘ, ਗੁਰਚਰਨ ਸਿੰਘ ਬੁੱਟਰ, ਹਰਦੇਵ ਸਿੰਘ ਸੰਧੂ ਤੋਂ ਇਲਾਵਾ ਵੱਖ-ਵੱਖ ਜ਼ਿਲ੍ਹਿਆਂ ਦੇ ਪ੍ਰਮੁੱਖ ਆਗੂ ਹਾਜ਼ਰ ਸਨ।

## ਅਮਰੀਕਾ ਨੂੰ ਪਿਛਲੀਆਂ ਚੇਤੇ ਕਰਾਈਆਂ


**ਨਵੀਂ ਦਿੱਲੀ** : ਭਾਰਤੀ ਫੌਜ ਨੇ ਮੰਗਲਵਾਰ 1971 ਦੀ ਅਖਬਾਰ ਦੀ ਕਲਿਪਿੰਗ ਸਾਂਝੀ ਕਰਕੇ ਅਮਰੀਕਾ ਦੀ ਅਸਿੱਧੇ ਤੌਰ 'ਤੇ ਆਲੋਚਨਾ ਕੀਤੀ ਹੈ। ਇਸ ਖਬਰ ਵਿੱਚ ਪਾਕਿਸਤਾਨ ਨੂੰ ਅਮਰੀਕਾ ਦੀ ਇਤਿਹਾਸਕ ਫੌਜੀ ਹਮਾਇਤ ਨੂੰ ਉਜਾਗਰ ਕੀਤਾ ਗਿਆ ਸੀ। ਇਹ ਕਦਮ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਰੂਸੀ ਤੇਲ ਦੀ ਨਿਰੰਤਰ ਦਰਾਮਦ ਕਰਕੇ ਭਾਰਤੀ ਵਸਤਾਂ 'ਤੇ ਭਾਰੀ ਟੈਰਿਫ ਲਗਾਉਣ ਦੀ ਧਮਕੀ ਦੇਣ ਤੋਂ ਇੱਕ ਦਿਨ ਬਾਅਦ ਆਇਆ ਹੈ। ਭਾਰਤੀ ਫੌਜ ਦੀ ਪੂਰਬੀ ਕਮਾਂਡ ਵੱਲੋਂ ਪੋਸਟ ਕੀਤੀ ਗਈ ਇਹ ਕਲਿਪਿੰਗ 5 ਅਗਸਤ, 1971 ਦੀ ਸੀ ਅਤੇ ਇਸ ਵਿੱਚ ਰਾਜ ਸਭਾ ਦੀ ਇੱਕ ਰਿਪੋਰਟ ਵੀ ਸੀ। ਰਿਪੋਰਟ ਵਿੱਚ ਤੱਤਕਾਲੀ ਰੱਖਿਆ ਮੰਤਰੀ ਵੀ ਸੀ ਸ਼ੁਕਲਾ ਨੇ ਕਿਹਾ ਸੀ ਕਿ ਜਦੋਂ ਸੋਵੀਅਤ ਯੂਨੀਅਨ ਅਤੇ ਫਰਾਂਸ ਨੇ ਪਾਕਿਸਤਾਨ ਨੂੰ ਹਥਿਆਰ ਮੁਹੱਈਆ ਕਰਵਾਉਣ ਤੋਂ ਇਨਕਾਰ ਕਰ ਦਿੱਤਾ ਸੀ, ਤਾਂ ਅਮਰੀਕਾ ਅਤੇ ਚੀਨ ਕਥਿਤ ਮਾਮੂਲੀ ਕੀਮਤਾਂ ਉੱਤੇ ਹਥਿਆਰ ਸਪਲਾਈ ਕਰ ਰਹੇ ਸਨ। ਪੋਸਟ ਦਾ ਕੈਪਸ਼ਨ ਸੀ : 'ਅੱਜ ਦਾ ਦਿਨ, ਉਸ ਸਾਲ—ਜੰਗ ਦੀ ਤਿਆਰੀ, 5 ਅਗਸਤ, 1971।' ਟਰੰਪ ਨੇ ਇਸ ਹਫਤੇ ਕਈ ਦੇਸ਼ਾਂ 'ਤੇ ਟੈਰਿਫ ਵਧਾਉਣ ਵਾਲੇ ਇੱਕ ਕਾਰਜਕਾਰੀ ਹੁਕਮ 'ਤੇ ਦਸਤਖਤ ਕੀਤੇ, ਜਦੋਂ ਕਿ ਪਾਕਿਸਤਾਨ 'ਤੇ ਲੱਗਣ ਵਾਲੇ ਟੈਰਿਫ ਵਿੱਚ 10 ਫੀਸਦੀ ਦੀ ਕਟੌਤੀ ਕਰਕੇ ਇਸ ਨੂੰ 29 ਫੀਸਦੀ ਤੋਂ 19 ਫੀਸਦੀ ਕਰ ਦਿੱਤਾ। ਇਸ ਦੇ ਉਲਟ ਅਮਰੀਕਾ ਨੇ ਭਾਰਤ-ਰੂਸ ਤੇਲ ਵਪਾਰ ਦਾ ਹਵਾਲਾ ਦਿੰਦੇ ਹੋਏ ਟੈਰਿਫ ਵਿੱਚ ਤੇਜ਼ੀ ਨਾਲ ਵਾਧੇ ਦੀ ਚੇਤਾਵਨੀ ਦਿੱਤੀ ਹੈ। ਟਰੰਪ ਨੇ ਆਪਣੇ ਪਲੇਟਫਾਰਮ ਟਰੁਥ ਸੋਸ਼ਲ 'ਤੇ ਲਿਖਿਆ, 'ਭਾਰਤ ਨਾ ਸਿਰਫ ਵੱਡੀ ਮਾਤਰਾ ਵਿੱਚ ਰੂਸੀ ਤੇਲ ਖਰੀਦ ਰਿਹਾ ਹੈ, ਸਗੋਂ ਉਹ ਇਸ ਨੂੰ ਵੱਡੇ ਮੁਨਾਫੇ ਲਈ ਖੁੱਲ੍ਹੇ ਬਾਜ਼ਾਰ ਵਿੱਚ ਵੇਚ ਰਿਹਾ ਹੈ।' ਟਰੰਪ ਨੇ ਕਿਹਾ, 'ਉਨ੍ਹਾਂ (ਭਾਰਤ) ਨੂੰ ਇਸ ਗੱਲ ਦੀ ਕੋਈ ਪਰਵਾਹ ਨਹੀਂ ਹੈ ਕਿ ਯੂਕਰੇਨ ਵਿੱਚ ਕਿੰਨੇ ਲੋਕ ਮਰ ਰਹੇ ਹਨ। ਇਸ ਕਰਕੇ, ਮੈਂ ਭਾਰਤੀ ਵਸਤਾਂ 'ਤੇ ਟੈਰਿਫ ਵਿੱਚ ਕਾਫੀ ਵਾਧਾ ਕਰਾਂਗਾ।' ਉਧਰ ਭਾਰਤ ਨੇ ਟਰੰਪ ਦੇ ਇਸ ਬਿਆਨ 'ਤੇ ਆਪਣੀ ਪ੍ਰਤੀਕਿਰਿਆ ਵਿੱਚ ਅਮਰੀਕਾ ਅਤੇ ਯੂਰਪੀ ਯੂਨੀਅਨ ਸਮੇਤ ਪੱਛਮੀ ਮੁਲਕਾਂ ਦੀ 'ਅਸੰਗਤ ਅਤੇ ਚੋਣਵੀਂ ਪਹੁੰਚ' ਦੀ ਆਲੋਚਨਾ ਕੀਤੀ ਹੈ। ਉਸ ਨੇ ਕਿਹਾ ਕਿ ਰੂਸ ਤੋਂ ਤੇਲ ਦਰਾਮਦ 'ਬਾਜ਼ਾਰ ਦੀ ਲੋੜ' ਸੀ।

## ਮਹਿੰਦਰ ਸਿੰਘ ਸਰਾਂ ਦੇ ਪਰਵਾਰ ਵੱਲੋਂ 21,000 ਰੁਪਏ ਦਾ ਯੋਗਦਾਨ



**ਬਠਿੰਡਾ** : ਸੀ ਪੀ ਆਈ ਦੀ 25ਵੀਂ ਕਾਂਗਰਸ ਦੇ ਪ੍ਰਬੰਧਾਂ ਲਈ ਕਮਿਊਨਿਸਟ ਲਹਿਰ ਨਾਲ ਜੁੜੇ ਪੁਰਾਣੇ ਪਰਵਾਰਾਂ ਵੱਲੋਂ ਵਧ-ਚੜ੍ਹ ਕੇ ਫੰਡ ਵਿੱਚ ਯੋਗਦਾਨ ਦਿੱਤਾ ਜਾ ਰਿਹਾ ਹੈ ਮਰਹੂਮ ਐਡਵੋਕੇਟ ਮਹਿੰਦਰ ਸਿੰਘ ਸਰਾਂ ਬਠਿੰਡਾ ਦੇ ਹੋਣਹਾਰ ਸਪੁੱਤਰਾਂ ਡਾਕਟਰ ਇੰਦਰਦੀਪ ਸਿੰਘ ਤੇ ਪਾਇਲਟ ਗੁਰਕੀਰਤ ਸਿੰਘ ਨੇ ਆਪਣੇ ਪਿਤਾ ਦੀ ਯਾਦ ਵਿੱਚ ਸਾਬਕਾ ਵਿਧਾਇਕ ਹਰਦੇਵ ਅਰਸ਼ੀ ਤੇ ਡਾਕਟਰ ਇੰਦਰਵੀਰ ਮੋਗਾ ਦੀ ਪ੍ਰੇਰਣਾ ਸਦਕਾ 21000 ਰੁਪਏ ਜ਼ਿਲ੍ਹਾ ਬਠਿੰਡਾ ਦੇ ਸਕੱਤਰ ਬਲਕਰਨ ਸਿੰਘ ਬਰਾੜ ਨੂੰ ਭੇਟ ਕੀਤੇ ਤੇ ਭਵਿੱਖ ਵਿੱਚ ਵੀ ਵਧ-ਚੜ੍ਹ ਕੇ ਸਹਿਯੋਗ ਦੇਣ ਦਾ ਭਰੋਸਾ ਦਿੱਤਾ।

## ਜੇਲ੍ਹਬੰਦ ਸਾਧ ਨੂੰ ਮੁਲਾਜ਼ਮਾਂ ਨਾਲੋਂ ਵੀ ਵੱਧ ਛੁੱਟੀਆਂ!



**ਸਿਰਸਾ** : ਡੇਰਾ ਸੱਚਾ ਸੌਦਾ ਦਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ, ਜਿਹੜਾ ਡੇਰੇ ਦੀਆਂ ਸਾਧਵੀਆਂ ਨਾਲ ਬਲਾਤਕਾਰ ਤੇ ਪੱਤਰਕਾਰ ਰਾਮ ਚੰਦਰ ਛਤਰਪਤੀ ਕਤਲ ਦੇ ਮਾਮਲਿਆਂ ਵਿੱਚ 20 ਸਾਲ ਕੈਦ ਦੀ ਸਜ਼ਾ ਭੁਗਤ ਰਿਹਾ ਹੈ, 40 ਦਿਨ ਦੀ ਪੈਰੋਲ ਮਿਲਣ 'ਤੇ ਸੁਨਾਰਿਆ ਜੇਲ੍ਹ ਤੋਂ ਮੰਗਲਵਾਰ ਸਵੇਰੇ ਸਿਰਸਾ ਪੁੱਜ ਗਿਆ। ਉਸ ਨੂੰ 2017 ਵਿੱਚ ਜੇਲ੍ਹ ਭੇਜਿਆ ਗਿਆ ਸੀ। ਉਸ ਤੋਂ ਬਾਅਦ ਉਹ 2020 ਤੋਂ ਘੱਟੋ-ਘੱਟ 344 ਦਿਨਾਂ ਦੀ ਪੈਰੋਲ ਅਤੇ ਫਰਲੋ 'ਤੇ ਜੇਲ੍ਹ ਤੋਂ ਬਾਹਰ ਆ ਚੁੱਕਾ ਹੈ। ਇਹ ਦਿਨ ਭਾਰਤ ਦੀ ਕਿਸੇ ਫਰਾਖਦਿਲ ਨਿੱਜੀ ਕੰਪਨੀ ਵੱਲੋਂ ਆਪਣੇ ਸਟਾਫ ਨੂੰ ਸਾਲ ਵਿੱਚ ਔਸਤਨ 30 ਦਿਨ ਦੀ ਕਮਾਈ/ ਅਖਤਿਆਰੀ ਛੁੱਟੀ ਦੇਣ ਨਾਲੋਂ ਵੀ ਵੱਧ ਬਣਦੇ ਹਨ। ਡੇਰਾ ਮੁਖੀ ਦੇ ਹਰਿਆਣਾ, ਪੰਜਾਬ, ਰਾਜਸਥਾਨ ਤੇ ਹੋਰਨਾਂ ਰਾਜਾਂ ਵਿੱਚ ਕਾਫੀ ਪੈਰੋਕਾਰ ਹਨ ਅਤੇ ਉਸ ਨੂੰ ਚੋਣਾਂ ਵੇਲੇ ਜੇਲ੍ਹੋਂ ਬਾਹਰ ਆਉਣ ਦਾ ਅਕਸਰ ਮੌਕਾ ਦਿੱਤਾ ਜਾਂਦਾ ਹੈ। 24 ਅਕਤੂਬਰ 2020 ਨੂੰ ਉਸ ਨੂੰ ਗੁੜਗਾਓਂ ਵਿੱਚ ਬਿਮਾਰ ਮਾਂ ਨੂੰ ਮਿਲਣ ਲਈ ਇੱਕ ਦਿਨ ਜੇਲ੍ਹੋਂ ਬਾਹਰ ਕੱਢਿਆ ਗਿਆ ਸੀ। 21 ਮਈ 2021 ਵਿੱਚ ਮਾਂ ਨੂੰ ਮਿਲਣ ਲਈ 12 ਘੰਟੇ ਬਾਹਰ ਕੱਢਿਆ ਗਿਆ। 7 ਫਰਵਰੀ 2022 ਵਿੱਚ ਪੰਜਾਬ ਅਸੈਂਬਲੀ ਚੋਣਾਂ ਤੋਂ ਪਹਿਲਾਂ 21 ਦਿਨਾਂ ਦੀ ਫਰਲੋ ਦਿੱਤੀ ਗਈ। 17 ਜੂਨ 2022 ਨੂੰ ਯੂ ਪੀ ਦੇ ਬਾਗਪਤ ਦੇ ਬਰਨਾਵਾ ਵਿਚਲੇ ਆਸ਼ਰਮ ਦਾ ਦੌਰਾ ਕਰਨ ਲਈ 30 ਦਿਨ ਦੀ ਪੈਰੋਲ 'ਤੇ ਛੱਡਿਆ। 14 ਅਕਤੂਬਰ 2022 ਨੂੰ ਬਰਨਾਵਾ ਆਸ਼ਰਮ ਜਾਣ ਲਈ 40 ਦਿਨ ਦੀ ਪੈਰੋਲ ਦਿੱਤੀ ਗਈ। ਉੱਥੇ ਉਸ ਨੇ ਤਿੰਨ ਮਿਊਜ਼ਿਕ ਵੀਡੀਓ ਜਾਰੀ ਕੀਤੀਆਂ। 21 ਜਨਵਰੀ 2023 ਨੂੰ 40 ਦਿਨ ਦੀ ਪੈਰੋਲ ਦਿੱਤੀ ਗਈ। ਇਸ ਦੌਰਾਨ ਉਸ ਨੇ ਤਲਵਾਰ ਨਾਲ ਕੇਕ ਕੱਟ ਕੇ ਜਨਮ ਦਿਨ ਮਨਾਇਆ। 20 ਜੁਲਾਈ 2023 ਨੂੰ ਬਰਨਾਵਾ ਆਸ਼ਰਮ ਜਾਣ ਲਈ 30 ਦਿਨ ਦੀ ਪੈਰੋਲ ਦਿੱਤੀ ਗਈ। 20 ਨਵੰਬਰ 2023 ਨੂੰ 21 ਦਿਨ ਦੀ ਪੈਰੋਲ ਦਿੱਤੀ ਗਈ। 19 ਜਨਵਰੀ 2024 ਨੂੰ ਬਰਨਾਵਾ ਜਾਣ ਲਈ 50 ਦਿਨ ਦੀ ਪੈਰੋਲ ਦਿੱਤੀ ਗਈ। 2 ਅਕਤੂਬਰ 2024 ਨੂੰ ਹਰਿਆਣਾ ਅਸੈਂਬਲੀ ਚੋਣਾਂ ਤੋਂ ਪਹਿਲਾਂ 20 ਦਿਨ ਦੀ ਪੈਰੋਲ ਦਿੱਤੀ ਗਈ। 28 ਜਨਵਰੀ 2025 ਨੂੰ ਦਿੱਲੀ ਚੋਣਾਂ ਤੋਂ ਇੱਕ ਹਫਤਾ ਪਹਿਲਾਂ 30 ਦਿਨ ਦੀ ਪੈਰੋਲ ਦਿੱਤੀ ਗਈ। 9 ਅਪ੍ਰੈਲ 2025 ਨੂੰ 21 ਦਿਨ ਦੀ ਫਰਲੋ ਦਿੱਤੀ ਗਈ। 5 ਅਗਸਤ 2025 ਨੂੰ 40 ਦਿਨ ਦੀ ਪੈਰੋਲ ਦਿੱਤੀ ਗਈ ਹੈ। ਇਸ ਨਾਲ ਉਹ ਇਸ ਸਾਲ ਹੁਣ ਤੱਕ ਕਰੀਬ ਤਿੰਨ ਮਹੀਨੇ ਜੇਲ੍ਹੋਂ ਬਾਹਰ ਰਹਿ ਲਵੇਗਾ।

## ਸੱਚਾ ਭਾਰਤੀ ਕੌਣ ? ਇਹ ਤੈਅ ਕਰਨਾ ਸੁਪਰੀਮ ਕੋਰਟ ਦੇ ਅਧਿਕਾਰ 'ਚ ਨਹੀਂ : ਪ੍ਰਿਅੰਕਾ



**ਨਵੀਂ ਦਿੱਲੀ** : ਸੁਪਰੀਮ ਕੋਰਟ ਵੱਲੋਂ ਫੌਜ ਬਾਰੇ ਟਿੱਪਣੀਆਂ ਨੂੰ ਲੈ ਕੇ ਰਾਹੁਲ ਗਾਂਧੀ ਨੂੰ ਫਟਕਾਰ ਲਗਾਉਣ ਤੋਂ ਬਾਅਦ ਕਾਂਗਰਸ ਨੇਤਾ ਪ੍ਰਿਅੰਕਾ ਗਾਂਧੀ ਵਾਡਰਾ ਮੰਗਲਵਾਰ ਨੂੰ ਆਪਣੇ ਭਰਾ ਦੇ ਸਮਰਥਨ ਵਿੱਚ ਆਈ। ਉਸ ਨੇ ਕਿਹਾ ਕਿ ਇਹ ਸੁਪਰੀਮ ਕੋਰਟ ਦੇ ਜੱਜਾਂ ਦੇ ਅਧਿਕਾਰ ਖੇਤਰ ਵਿੱਚ ਨਹੀਂ ਆਉਂਦਾ ਕਿ ਉਹ ਇਹ ਫੈਸਲਾ ਕਰਨ ਕਿ ਕੌਣ ਸੱਚਾ ਭਾਰਤੀ ਹੈ।

ਉਸ ਨੇ ਕਿਹਾ ਕਿ ਉਸ ਦਾ ਭਰਾ ਫੌਜ ਦਾ ਸਭ ਤੋਂ ਵੱਧ ਸਤਿਕਾਰ ਕਰਦਾ ਹੈ ਅਤੇ ਕਦੇ ਵੀ ਉਸ ਦੇ ਵਿਰੁੱਧ ਕੁਝ ਨਹੀਂ ਕਹੇਗਾ। ਉਸ ਨੇ ਕਿਹਾ ਕਿ ਲੋਕ ਸਭਾ ਵਿੱਚ ਵਿਰੋਧੀ ਧਿਰ ਦੇ ਨੇਤਾ ਹੋਣ ਦੇ ਨਾਤੇ ਸਰਕਾਰ ਤੋਂ ਸਵਾਲ ਪੁੱਛਣਾ ਰਾਹੁਲ ਗਾਂਧੀ ਦਾ ਫਰਜ਼ ਹੈ। ਸੁਪਰੀਮ ਕੋਰਟ ਨੇ ਸੋਮਵਾਰ ਦਸੰਬਰ 2022 ਵਿੱਚ ਆਪਣੀ ਭਾਰਤ ਜੋੜੋ ਯਾਤਰਾ ਦੌਰਾਨ ਫੌਜ ਬਾਰੇ ਕੀਤੀਆਂ ਟਿੱਪਣੀਆਂ ਨੂੰ ਲੈ ਕੇ ਲਖਨਊ ਦੀ ਇੱਕ ਅਦਾਲਤ ਵਿੱਚ ਰਾਹੁਲ ਵਿਰੁੱਧ ਚੱਲ ਰਹੀ ਕਾਰਵਾਈ 'ਤੇ ਰੋਕ ਲਗਾ ਦਿੱਤੀ ਸੀ। ਹਾਲਾਂਕਿ, ਸੁਪਰੀਮ ਕੋਰਟ ਨੇ ਕਾਂਗਰਸ ਨੇਤਾ ਨੂੰ ਫਟਕਾਰ ਲਗਾਉਂਦੇ ਹੋਏ ਕਿਹਾ ਕਿ ਜੇ ਉਹ ਸੱਚੇ ਭਾਰਤੀ ਹੁੰਦੇ ਤਾਂ ਉਹ ਅਜਿਹੀ ਗੱਲ ਨਾ ਕਹਿੰਦੇ। ਸੁਪਰੀਮ ਕੋਰਟ ਦੀਆਂ ਟਿੱਪਣੀਆਂ ਬਾਰੇ ਪੁੱਛੇ ਜਾਣ 'ਤੇ ਪ੍ਰਿਅੰਕਾ ਗਾਂਧੀ ਨੇ ਸੰਸਦ ਭਵਨ ਕੰਪਲੈਕਸ ਵਿੱਚ ਕਿਹਾ, 'ਮੇਰਾ ਭਰਾ ਫੌਜ ਦੇ ਖਿਲਾਫ ਕਦੇ ਕੁਝ ਨਹੀਂ ਕਹੇਗਾ। ਉਹ ਫੌਜ ਦਾ ਬਹੁਤ ਜ਼ਿਆਦਾ ਸਤਿਕਾਰ ਕਰਦਾ ਹੈ। ਉਸ ਦੀਆਂ ਟਿੱਪਣੀਆਂ ਦਾ ਗਲਤ ਅਰਥ ਕੱਢਿਆ ਗਿਆ ਹੈ।'

## ਅੱਜ-ਨਾਮਾ

ਅਗਲੀ ਆਉਣੀ ਜਦ ਚੋਣ ਅਸੈਂਬਲੀ ਦੀ,
ਰਹਿੰਦੜਾ ਡੇਢ ਹੀ ਸਿਰਫ ਹੈ ਸਾਲ ਬੇਲੀ।
ਹਰ ਇੱਕ ਪਾਰਟੀ ਹੋਈ ਸਰਗਰਮ ਦਿੱਸੀ,
ਕਈਆਂ ਨੇ ਕੀਤੜੀ ਧਮਕੜੇ ਚਾਲ ਬੇਲੀ।
ਪਾਰਟੀਆਂ ਦੋਂਹ ਨੂੰ ਕਿਸੇ ਦੀ ਝਾਕ ਹੈ ਨਾ,
ਬਾਕੀ ਭਾਲ ਰਹੀਆਂ ਈ ਭਾਈਵਾਲ ਬੇਲੀ।
ਆਦਮੀ ਆਮ ਨੂੰ ਪੁੱਛ ਲਏ ਕੋਈ ਕਿਧਰੇ,
ਜਾਂਦਾ ਈ ਚੋਣਾਂ ਦੀ ਗੱਲ ਉਹ ਟਾਲ ਬੇਲੀ।
ਸੁਫਨਾ ਰੋਟੀ ਦਾ ਜੀਹਦਾ ਨਹੀਂ ਸੱਚ ਹੁੰਦਾ,
ਸਰਕਾਰਾਂ ਕਈ ਉਹ ਚੁੱਕਾ ਈ ਵੇਖ ਬੇਲੀ।
ਦਿਲਾਸੇ ਦੇਣ ਤੋਂ ਲੀਡਰ ਨਹੀਂ ਘੱਟ ਕੋਈ,
ਕੋਈ ਨਹੀਂ ਮਾਰਦਾ ਰੇਖ ਵਿੱਚ ਮੇਖ ਬੇਲੀ।

-ਤੀਸ ਮਾਰ ਖਾਂ

## ਫਸਲਾਂ ਦੇ ਨੁਕਸਾਨ ਦਾ ਇੱਕ ਲੱਖ ਰੁਪਏ ਪ੍ਰਤੀ ਏਕੜ ਮੁਆਵਜ਼ਾ ਦਿੱਤਾ ਜਾਵੇ : ਮਾੜੀਮੇਘਾ, ਰੁਪਿੰਦਰ





**ਫਤਿਹਾਬਾਦ** : ਪਿੱਛੋਂ ਛੱਡਿਆ ਪਾਣੀ ਹਰ ਵਾਰ ਬਿਆਸ ਦਰਿਆ ਦੇ ਕੰਢੇ 'ਤੇ ਵਸਦੇ ਪਿੰਡਾਂ ਦੇ ਕਿਸਾਨਾਂ ਦੀਆਂ ਫਸਲਾਂ ਰੋੜ੍ਹ ਕੇ ਲੈ ਜਾਂਦਾ ਹੈ, ਪਰ ਪੰਜਾਬ ਜਾਂ ਕੇਂਦਰ ਸਰਕਾਰ ਏਧਰ ਕੋਈ ਧਿਆਨ ਨਹੀਂ ਦਿੰਦੀ।ਹੜ੍ਹ ਨਾਲ ਹੋਏ ਕਿਸਾਨਾਂ ਦੀਆਂ ਫਸਲਾਂ ਦੇ ਨੁਕਸਾਨ ਨੂੰ ਵੇਖਣ ਸੀ ਪੀ ਆਈ ਦੇ ਕੌਮੀ ਕੌਂਸਲ ਮੈਂਬਰ ਪਿਰਥੀਪਾਲ ਸਿੰਘ ਮਾੜੀਮੇਘਾ ਅਤੇ ਪੰਜਾਬ ਇਸਤਰੀ ਸਭਾ ਦੇ ਸੂਬਾਈ ਸੀਨੀਅਰ ਮੀਤ ਪ੍ਰਧਾਨ ਰੁਪਿੰਦਰ ਕੌਰ ਸੰਧੂ ਪਿੰਡ ਧੂੰਦਾ ਪਹੁੰਚੇ। ਆਗੂਆਂ ਨੇ ਪਾਣੀ ਨਾਲ ਹੋਏ ਫਸਲਾਂ ਦੇ ਨੁਕਸਾਨ ਨੂੰ ਵੇਖਣ ਤੋਂ ਬਾਅਦ ਪਿੰਡ ਧੂੰਦਾ ਦੇ ਕਿਸਾਨਾਂ ਅਤੇ ਔਰਤਾਂ ਦੀ ਮੀਟਿੰਗ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਹਰ ਸਾਲ ਪਾਣੀ ਨਾਲ ਹੋ ਰਹੇ ਫਸਲਾਂ ਦੇ ਨੁਕਸਾਨ ਨੂੰ ਆਸਾਨੀ ਨਾਲ ਰੋਕਿਆ ਜਾ ਸਕਦਾ ਹੈ।ਦਰਿਆ ਨੂੰ ਕੁਝ ਡੂੰਘਾ ਕਰਕੇ ਦੋਵੇਂ ਪਾਸੀਂ ਬੰਨ੍ਹ ਉਸਾਰ ਦਿੱਤੇ ਜਾਣ।ਦਰਿਆ ਵਿੱਚ ਦੋ-ਦੋ ਜਾਂ ਤਿੰਨ-ਤਿੰਨ ਕਿਲੋਮੀਟਰ 'ਤੇ ਬੰਨ੍ਹ ਭਾਵ ਪਾਣੀ ਵਾਲੇ ਗੇਟ ਲਾ ਦਿੱਤੇ ਜਾਣ ਅਤੇ ਲੋੜ ਮੁਤਾਬਕ ਅੱਗੇ ਪਾਣੀ ਛੱਡਿਆ ਜਾਵੇ।ਰੋਕੇ ਹੋਏ ਪਾਣੀ ਤੋਂ ਬਹੁਮੰਤਵੀ ਕੰਮ ਲਿਆ ਜਾਵੇ।ਉਹ ਪਾਣੀ ਫਸਲਾਂ ਦੇ ਪਾਲਣ ਅਤੇ ਧਰਤੀ ਸਿੰਜਣ ਲਈ ਵੀ ਵਰਤਿਆ ਜਾਵੇ ਅਤੇ ਝੀਲਾਂ ਵਿੱਚ ਮੱਛੀ ਪਾਲਣ ਦਾ ਕੰਮ ਲਿਆ ਜਾਵੇ।

ਵਗਦੇ ਪਾਣੀ ਵਿੱਚ ਪਲੀ ਮੱਛੀ ਦੁਨੀਆ ਭਰ ਵਿੱਚ ਪ੍ਰਸਿੱਧ ਹੈ, ਭਾਵ ਉਸ 'ਚ ਵਿਟਾਮਿਨ ਜ਼ਿਆਦਾ ਤਾਕਤਵਰ ਹੁੰਦੇ ਹਨ।ਇਸੇ ਤਰ੍ਹਾਂ ਦਰਿਆ ਦੇ ਦੋਵੀਂ ਪਾਸੀਂ ਬੰਨ੍ਹਾਂ 'ਤੇ ਦਰੱਖ਼ਤ ਲਾਏ ਜਾਣ।ਉਕਤ ਕਾਰਜ ਦੀ ਪੂਰਤੀ ਲਈ ਮਨੁੱਖੀ ਕਿਰਤ ਦੀ ਲੋੜ ਹੈ।ਇਸ ਲੋੜ ਦੀ ਪੂਰਤੀ ਲਈ ਬੇਰੁਜ਼ਗਾਰ ਨੌਜਵਾਨਾਂ ਨੂੰ ਰੁਜ਼ਗਾਰ ਦਿੱਤਾ ਜਾਵੇ, ਜਿਸ ਵਿੱਚ ਪਹਿਲ ਦਰਿਆ ਦੇ ਕੰਢੇ 'ਤੇ ਵਸਦੇ ਪਿੰਡਾਂ ਦੇ ਨੌਜਵਾਨਾਂ ਦੀ ਹੋਵੇ। ਆਗੂਆਂ ਨੇ ਕਿਹਾ ਕਿ ਸਰਕਾਰ ਇਸ ਲੋਕ-ਪੱਖੀ ਕਾਰਜ ਵੱਲ ਧਿਆਨ ਨਹੀਂ ਦੇ ਰਹੀ। ਗੋਇੰਦਵਾਲ ਤੋਂ ਪਿੱਛੇ ਦਰਿਆ ਦਾ ਪਾਣੀ ਘੱਟ ਨੁਕਸਾਨ ਕਰਦਾ ਹੈ, ਅੱਗੇ ਹਰੀਕੇ ਵਿਖੇ ਬੰਨ੍ਹ ਲੱਗਾ ਹੋਣ ਕਰਕੇ ਗੋਇੰਦਵਾਲ ਤੋਂ ਲੈ ਕੇ ਹਰੀਕੇ ਤੱਕ ਦੋਵੀਂ ਪਾਸੀਂ ਦਰਿਆ ਦਾ ਪਾਣੀ ਬਹੁਤ ਨੁਕਸਾਨ ਕਰਦਾ ਹੈ। ਲੱਖਾਂ, ਕਰੋੜਾਂ ਦੀ ਫਸਲ ਪਾਣੀ ਰੋੜ੍ਹ ਕੇ ਲੈ ਜਾਂਦਾ ਹੈ।ਕਿਸਾਨ ਦਾ ਫਸਲਾਂ ਪਾਲਣ 'ਤੇ ਹੋਇਆ ਖਰਚ ਅਜਾਈਂ ਜਾਂਦਾ ਹੈ।ਸਰਕਾਰ ਕਿਸਾਨਾਂ ਦੇ ਅੱਥਰੂ ਪੂੰਝਣ ਵਾਸਤੇ ਨਾਮਾਤਰ ਮੁਆਵਜ਼ਾ ਦਿੰਦੀ ਹੈ। ਆਗੂਆਂ ਮੰਗ ਕੀਤੀ ਕਿ ਦਰਿਆ ਨੂੰ ਡੂੰਘਾ ਕਰਕੇ ਬੰਨ੍ਹ ਉਸਾਰੇ ਜਾਣ, ਝੀਲਾਂ ਬਣਾ ਕੇ ਮੱਛੀ ਪਾਲਣ ਦਾ ਕਾਰਜ ਕੀਤਾ ਜਾਵੇ, ਦੋਵੀਂ ਪਾਸੀਂ ਬੰਨ੍ਹਾਂ 'ਤੇ ਦਰੱਖ਼ਤ ਲਾਏ ਜਾਣ ਅਤੇ ਕਿਸਾਨਾਂ ਦੀਆਂ ਫਸਲਾਂ ਦੇ ਹੋਏ ਨੁਕਸਾਨ ਦਾ ਪ੍ਰਤੀ ਏਕੜ 1,00000 ਰੁਪਏ ਦਿੱਤਾ ਜਾਵੇ।

ਕਿਸਾਨਾਂ ਦੀ ਮੀਟਿੰਗ ਨੂੰ ਜ਼ਿਲ੍ਹਾ ਕਿਸਾਨ ਆਗੂ ਬਲਦੇਵ ਸਿੰਘ ਧੂੰਦਾ ਤੇ ਸੀ ਪੀ ਆਈ ਦੇ ਜ਼ਿਲਾ ਕੌਂਸਲ ਮੈਂਬਰ ਬਲਜੀਤ ਸਿੰਘ ਫਤਿਹਾਬਾਦ ਨੇ ਸੰਬੋਧਨ ਦੌਰਾਨ ਕਿਹਾ ਕਿ ਪੰਜਾਬ ਦੀ ਆਪ ਸਰਕਾਰ ਨੇ ਜਿੰਨੀ ਵੇਰਾਂ ਦਰਿਆ ਦੇ ਪਾਣੀ ਨੇ ਫਸਲਾਂ ਦਾ ਨੁਕਸਾਨ ਕੀਤਾ ਹੈ, ਕੋਈ ਮੁਆਵਜ਼ਾ ਨਹੀਂ ਦਿੱਤਾ।ਹੁਣ ਤੱਕ ਪ੍ਰਸ਼ਾਸਨ ਦੇ ਅਧਿਕਾਰੀ ਅਤੇ ਮੰਤਰੀ ਲੋਕਾਂ ਦੀ ਪਿੰਡ ਧੂੰਦਾ ਆ ਕੇ ਬਾਤ ਵੀ ਨਹੀਂ ਪੁੱਛੀ। ਆਗੂਆਂ ਕਿਹਾ ਕਿ ਨੁਕਸਾਨ ਦੀ ਗਿਰਦਾਵਰੀ ਕਰਕੇ ਤੁਰੰਤ ਮੁਆਵਜ਼ਾ ਦਿੱਤਾ ਜਾਵੇ। ਜੇ ਸਰਕਾਰ ਹਰਕਤ ਵਿੱਚ ਨਾ ਆਈ ਤਾਂ ਜਲਦੀ ਹੀ ਡਿਪਟੀ ਕਮਿਸ਼ਨਰ ਤਰਨ ਤਾਰਨ ਅੱਗੇ ਪ੍ਰਦਰਸ਼ਨ ਸ਼ੁਰੂ ਕਰ ਦਿੱਤਾ ਜਾਵੇਗਾ।

ਮੀਟਿੰਗ ਨੂੰ ਇਸਤਰੀ ਸਭਾ ਦੀ ਆਗੂ ਰਾਜਵਿੰਦਰ ਕੌਰ, ਦਲਬੀਰ ਸਿੰਘ ਕੈਰੋਂ, ਅੰਗਰੇਜ਼ ਸਿੰਘ, ਸ਼ਿੰਦਰ ਸਿੰਘ ਸ਼ਾਹ, ਸਰਦੂਲ ਸਿੰਘ ਸ਼ਾਹ, ਹਰਜਿੰਦਰ ਸਿੰਘ ਪੰਚਾਇਤ ਮੈਂਬਰ ਤੇ ਗੁਰਮੇਜ ਸਿੰਘ ਸੂਬੇਦਾਰ ਨੇ ਵੀ ਸੰਬੋਧਨ ਕੀਤਾ।ਅਖੀਰ 'ਚ ਪੰਜਾਬ ਇਸਤਰੀ ਸਭਾ ਪਿੰਡ ਧੂੰਦਾ ਦੀ ਕਨਵੀਨਰ ਰਾਜਵਿੰਦਰ ਕੌਰ ਨੂੰ ਬਣਾਇਆ ਗਿਆ।

## ਰੁਪਿੰਦਰ ਰੂਪੀ ਵੱਲੋਂ ਲਾਲਾ ਕਸਤੂਰੀ ਲਾਲ ਸਰਵਹਿੱਤਕਾਰੀ ਵਿੱਦਿਆ ਮੰਦਰ ਦਾ ਦੌਰਾ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਪ੍ਰਸਿੱਧ ਪੰਜਾਬੀ ਫ਼ਿਲਮ ਅਦਾਕਾਰਾ ਰੁਪਿੰਦਰ ਕੌਰ ਰੂਪੀ ਨੇ ਹਾਲ ਹੀ ਵਿੱਚ ਲਾਲਾ ਕਸਤੂਰੀ ਲਾਲ ਸਰਵਹਿੱਤਕਾਰੀ ਸੀਨੀਅਰ ਸੈਕੰਡਰੀ ਵਿੱਦਿਆ ਮੰਦਰ ਵਿੱਚ ਚੱਲ ਰਹੀ ਹਰਬਲ ਨਰਸਰੀ ਦਾ ਦੌਰਾ ਕੀਤਾ।ਤੀਜ ਤਿਉਹਾਰ ਮੌਕੇ ਸਕੂਲ ਦਾ ਦੌਰਾ ਕਰਨ ਵਾਲੀ ਰੁਪਿੰਦਰ ਰੂਪੀ ਬੱਚਿਆਂ ਦੁਆਰਾ ਤਿਆਰ ਕੀਤੇ ਗਏ ਵੱਖ-ਵੱਖ ਮੈਡੀਸਨਲ ਪੌਦਿਆਂ ਤੇ ਵਾਤਾਵਰਣ ਸੁਰੱਖਿਆ ਨਾਲ ਸਬੰਧਤ ਗਤੀਵਿਧੀਆਂ ਨੂੰ ਦੇਖ ਕੇ ਬਹੁਤ ਪ੍ਰਭਾਵਿਤ ਹੋਈ।ਇਸ ਮੌਕੇ ਪੰਜਾਬੀ ਫ਼ਿਲਮ ਇੰਡਸਟਰੀ ਦੇ ਮਸ਼ਹੂਰ ਨਿਰਦੇਸ਼ਕ ਭੁਪਿੰਦਰ ਸਿੰਘ ਬਰਨਾਲਾ ਵੀ ਉਨ੍ਹਾਂ ਨਾਲ ਮੌਜੂਦ ਸਨ। ਸਕੂਲ ਦੇ ਪ੍ਰਿੰਸੀਪਲ ਰੁਪਿੰਦਰ ਪਟਿਆਲ ਨੇ ਮਹਿਮਾਨਾਂ ਨੂੰ ਵਿੱਦਿਆ ਭਾਰਤੀ ਦੁਆਰਾ ਵਾਤਾਵਰਣ ਸੁਰੱਖਿਆ ਪ੍ਰਤੀ ਕੀਤੇ ਜਾ ਰਹੇ ਯਤਨਾਂ ਬਾਰੇ ਜਾਣਕਾਰੀ ਦਿੱਤੀ।ਸਕੂਲ ਦੀ ਕੌਸ਼ਲ ਵਿਕਾਸ ਦੀ ਇੰਚਾਰਜ ਦੀਦੀ ਨਿਰਮਲਜੀਤ ਕੌਰ ਤੇ ਪ੍ਰਿੰਸੀਪਲ ਨੇ ਅਦਾਕਾਰਾ ਨੂੰ ਸਕੂਲ ਵਿੱਚ ਉਗਾਏ ਗਏ ਵਿਸ਼ੇਸ਼ ਮੈਡੀਸਨਲ ਪੌਦੇ ਯਾਦਗਾਰੀ ਚਿੰਨ੍ਹ ਵਜੋਂ ਭੇਟ ਕੀਤੇ।ਇਸ ਮੌਕੇ ਪ੍ਰਬੰਧਕ ਕਮੇਟੀ ਦੇ ਮੈਨੇਜਰ ਗੁਰਪ੍ਰੀਤ ਸਿੰਘ ਤੇ ਉਨ੍ਹਾਂ ਦੀ ਪਤਨੀ ਗਗਨਪ੍ਰੀਤ ਕੌਰ ਮੌਜੂਦ ਸਨ।

## ਹਰਮੇਸ਼ ਗੋਇਲ ਤੀਜੀ ਵਾਰ ਭਾਜਪਾ ਜ਼ਿਲ੍ਹਾ ਪਟਿਆਲਾ ਦੱਖਣੀ ਦੇ ਪ੍ਰਧਾਨ ਚੁਣੇ



**ਸਮਾਣਾ/ਪਟਿਆਲਾ (ਗੁਰਪਿਆਰ ਸਿੰਘ ਬੱਲ, ਇਕਬਾਲ ਸਿੰਘ ਬੱਲ/ਰਾਜਿੰਦਰ ਸਿੰਘ ਥਿੰਦ)**-ਜ਼ਿਲ੍ਹਾ ਪਟਿਆਲਾ ਦੱਖਣੀ ਦੀ ਇੱਕ ਵਿਸ਼ੇਸ਼ ਮੀਟਿੰਗ ਸਮਾਣਾ ਵਿਖੇ ਹੋਈ, ਜਿਸ ਦੀ ਪ੍ਰਧਾਨਗੀ ਚੋਣ ਅਬਜ਼ਰਵਰ ਸਰਜੀਵਨ ਜਿੰਦਰ ਤੇ ਸੋਹਣ ਲਾਲ ਨੇ ਕੀਤੀ।ਇਸ ਮੌਕੇ ਹਲਕਾ ਇੰਚਾਰਜ ਸੁਰਿੰਦਰ ਸਿੰਘ ਖੇੜਕੀ, ਜ਼ਿਲ੍ਹਾ ਦਫਤਰ ਇੰਚਾਰਜ ਸਾਊਥ ਸੰਜੀਵ ਗਰਗ, ਨਰਾਇਣ ਨਰਸੋਤ, ਹਰਮੇਸ਼ ਕੁੱਕੂ, ਜੀਵਨ ਦੱਤ ਸ਼ੈਲੀ, ਸਿੰਨੂ ਗੋਇਲ, ਮੰਡਲ ਪ੍ਰਧਾਨ ਸਮਾਣਾ ਜਤਿੰਦਰ ਸ਼ਰਮਾ ਨੇ ਭਾਗ ਲਿਆ।ਇਸ ਮੌਕੇ ਨਵਾਂ ਪ੍ਰਧਾਨ ਚੁਣਨ ਲਈ ਵਿਚਾਰ ਚਰਚਾ ਤੋਂ ਬਾਅਦ ਹਰਮੇਸ਼ ਗੋਇਲ ਡਕਾਲਾ ਨੂੰ ਤੀਜੀ ਵਾਰ ਫ਼ਿਰ ਤੋਂ ਜ਼ਿਲ੍ਹਾ ਪ੍ਰਧਾਨ ਪਟਿਆਲਾ ਦੱਖਣੀ ਚੁਣਿਆ ਗਿਆ।ਇਸ ਮੌਕੇ ਬੋਲਦਿਆਂ ਹਰਮੇਸ਼ ਗੋਇਲ ਡਕਾਲਾ ਨੇ ਕਿਹਾ ਕਿ ਉਨ੍ਹਾਂ ਨੂੰ ਇੱਕ ਵਾਰ ਫ਼ਿਰ ਪ੍ਰਧਾਨ ਚੁਣਨ ਲਈ ਉਹ ਪਾਰਟੀ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਨ।ਉਨ੍ਹਾ ਪ੍ਰਨੀਤ ਕੌਰ ਤੇ ਪੰਜਾਬ ਪ੍ਰਧਾਨ ਅਸ਼ਵਨੀ ਸ਼ਰਮਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਭਾਜਪਾ ਪ੍ਰਧਾਨ ਜੇ ਪੀ ਨੱਢਾ ਦੀ ਅਗਵਾਈ ਹੇਠ ਉਹ ਹਲਕੇ ਵਿੱਚ ਪਾਰਟੀ ਨੂੰ ਹੋਰ ਮਜ਼ਬੂਤ ਕਰਨਗੇ ਅਤੇ 2027 ਦੀ ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਵੱਡੀ ਜਿੱਤ ਪ੍ਰਾਪਤ ਕਰੇਗੀ।ਉਨ੍ਹਾਂ ਆਮ ਆਦਮੀ ਪਾਰਟੀ ਦੀਆਂ ਤਾਨਾਸ਼ਾਹੀ ਨੀਤੀਆਂ ਦੀ ਵੀ ਸਖ਼ਤ ਆਲੋਚਨਾ ਕੀਤੀ।ਇਸ ਮੌਕੇ ਯੂਥ ਪ੍ਰਧਾਨ ਪ੍ਰੀਕਸ਼ਤ ਪਾਠਕ, ਵਰਿੰਦਰ ਬਿੱਟੂ ਨਾਭਾ, ਸਤੀਸ਼ ਗਰਗ, ਗੁਰਮੀਤ ਸ਼ਾਹਪੁਰ, ਨੀਰਜ਼ ਗੁਪਤਾ, ਵਿਕਾਸ ਸ਼ਰਮਾ, ਲੱਡੂ ਭੱਲਾ, ਬਲਵਿੰਦਰ ਬੱਬੀ, ਬਗੀਚਾ ਸਿੰਘ, ਦਮਨ ਭੱਲਾ, ਪਵਨ ਘੱਗਾ, ਰੋਕੀ ਸਿੰਗਲਾ ਤੋਂ ਇਲਾਵਾ ਵੱਡੀ ਗਿਣਤੀ 'ਚ ਭਾਜਪਾ ਵਰਕਰ ਹਾਜ਼ਰ ਸਨ।

## ਗੇਜਾ ਰਾਮ ਵੱਲੋਂ ਗੁਰਬਾਣੀ ਦੀ ਬੇਅਦਬੀ ਕਰਨ 'ਤੇ ਨਿਹੰਗ ਸਿੰਘ ਜਥੇਬੰਦੀਆਂ ਨੇ ਪੁਲਸ ਨੂੰ ਦਿੱਤਾ ਮੰਗ ਪੱਤਰ



**ਜਗਰਾਉਂ (ਸੰਜੀਵ ਅਰੋੜਾ)**-ਬੀਤੇ ਦਿਨੀਂ ਭਾਜਪਾ ਆਗੂ ਗੇਜਾ ਰਾਮ ਵੱਲੋਂ ਗੁਰਬਾਣੀ ਦੀ ਬੇਅਦਬੀ ਕਰਨ ਦਾ ਮਾਮਲਾ ਸਾਹਮਣੇ ਆਇਆ ਸੀ, ਜਿਸ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਵੀ ਹੋਈ। ਇਸ ਸਬੰਧ 'ਚ ਸ਼੍ਰੋਮਣੀ ਪੰਥ ਅਕਾਲੀ ਤਰਨਾ ਦਲ ਵੱਲੋਂ ਤਰਨਪ੍ਰੀਤ ਸਿੰਘ ਖਾਲਸਾ ਦੀ ਅਗਵਾਈ 'ਚ ਡੀ. ਐੱਸ. ਪੀ. ਜਸਯੋਤ ਸਿੰਘ ਨੂੰ ਮੰਗ ਪੱਤਰ ਦੇ ਕੇ ਕਾਰਵਾਈ ਦੀ ਮੰਗ ਕੀਤੀ। ਇਸ ਮੌਕੇ ਤਰਨਪ੍ਰੀਤ ਸਿੰਘ ਨੇ ਕਿਹਾ ਕਿ ਪਿੱਛਲੇ ਦਿਨੀਂ ਗੇਜਾ ਰਾਮ ਵੱਲੋਂ ਸੋਸ਼ਲ ਮੀਡੀਆ 'ਤੇ ਗੁਰਬਾਣੀ ਦੀਆਂ ਪੰਗਤਾਂ ਨੂੰ ਗ਼ਲਤ ਤਰੀਕੇ ਨਾਲ ਉਚਾਰਨ ਕਰਕੇ ਵੀਡੀਓ ਪਾਈ ਗਈ ਸੀ, ਜੋ ਕਿ ਗਲਤ ਉਚਾਰਨ ਕਰਕੇ ਸਿੱਖ ਕੌਮ ਦੀਆਂ ਭਾਵਨਾਵਾਂ ਨਾਲ ਖਿਲਵਾੜ ਕੀਤਾ ਗਿਆ। ਉਨ੍ਹਾਂ ਕਿਹਾ ਕਿ ਆਏ ਦਿਨ ਕੋਈ ਨਾ ਕੋਈ ਸਿੱਖ ਕੌਮ 'ਤੇ ਹਮਲੇ ਕਰਦਾ ਆ ਰਿਹੈ, ਜਿਸ ਨੂੰ ਨੱਥ ਪਾਉਣ ਲਈ ਸਰਕਾਰ ਨੂੰ ਠੋਸ ਰਣਨੀਤੀ ਬਣਾਉਣੀ ਚਾਹੀਦੀ ਹੈ। ਇਸ ਮੌਕੇ ਸਮੂਹ ਜਥੇਬੰਦੀਆਂ ਨੇ ਪੁਲਸ ਤੋਂ ਮੰਗ ਕੀਤੀ ਕਿ ਵੀਡੀਓ ਦੀ ਪੜਤਾਲ ਕਰਕੇ ਗੇਜਾ ਰਾਮ ਉੱਪਰ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇ। ਇਸ ਮੌਕੇ ਸ਼ਮਸ਼ੇਰ ਸਿੰਘ, ਰਣਜੋਤ ਸਿੰਘ, ਸਤਨਾਮ ਸਿੰਘ, ਨਵਜੋਤ ਸਿੰਘ, ਰੋਬਿਨ ਸਿੱਧਵਾਂ, ਸਨੀ ਸਿੰਘ, ਗੁਰਪ੍ਰੀਤ ਸਿੰਘ, ਅਵਤਾਰ ਸਿੰਘ ਆਦਿ ਦਲ ਪੰਥ ਤੇ ਮੀਰੀ ਪੀਰੀ ਗੱਤਕਾ ਅਖਾੜੇ ਦੇ ਸਿੰਘ ਹਾਜ਼ਰ ਸਨ। ਇਸ ਸਬੰਧੀ ਜਦੋਂ ਗੇਜਾ ਰਾਮ ਨਾਲ ਗੱਲਬਾਤ ਕੀਤੀ ਤਾਂ ਉਨ੍ਹਾ ਕਿਹਾ ਕਿ ਮੇਰੇ ਕੁਝ ਬੋਲਣ ਨਾਲ, ਜੇਕਰ ਸਮੁੱਚੀ ਸੰਗਤ ਨੂੰ ਗਲਤ ਲੱਗਿਆ ਜਾਂ ਮੇਰੇ ਤੋਂ ਵੱਧ ਘੱਟ ਬੋਲਿਆ ਗਿਆ ਹੈ ਤਾਂ ਮੈਂ ਸਮੁੱਚੀ ਸੰਗਤ ਤੋਂ ਮੁਆਫ਼ੀ ਮੰਗਦਾ ਹਾਂ। ਉਨ੍ਹਾਂ ਕਿਹਾ ਕਿ ਮੇਰਾ ਮਕਸਦ ਕਿਸੇ ਦੇ ਮੰਨ ਨੂੰ ਠੇਸ ਪਹੁੰਚਾਉਣਾ ਨਹੀਂ ਸੀ।

## ਗ੍ਰਾਮ ਪੰਚਾਇਤ ਮਹਿਲ ਕਲਾਂ ਸੋਢੇ ਨੇ ਨਵੇਂ ਬਣਾਏ ਪਾਰਕ 'ਚ 200 ਬੂਟੇ ਲਗਾਏ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਸਰਪੰਚ ਸਰਬਜੀਤ ਸਿੰਘ ਸ਼ੰਭੂ ਦੀ ਅਗਵਾਈ ਹੇਠ ਗ੍ਰਾਮ ਪੰਚਾਇਤ ਮਹਿਲ ਕਲਾਂ ਸੋਢੇ ਵਲੋਂ 200 ਬੂਟੇ ਨਵੇਂ ਬਣਾਏ ਪਾਰਕ ਮਹਿਲ ਕਲਾਂ ਸੋਢੇ ਵਿਚ ਲਗਾਏ ਗਏ। ਇਸ ਮੌਕੇ ਵਿਧਾਇਕ ਕੁਲਵੰਤ ਸਿੰਘ ਪੰਡੋਰੀ ਦੇ ਸਿਆਸੀ ਸਲਾਹਕਾਰ ਬਿੰਦਰ ਸਿੰਘ ਮਹਿਲ ਖੁਰਦ, ਚੇਅਰਮੈਨ ਸੁਖਵਿੰਦਰ ਦਾਸ ਕੁਰੜ, ਪ੍ਰਧਾਨ ਬਾਬਾ ਸ਼ੇਰ ਸਿੰਘ ਖ਼ਾਲਸਾ, ਭਾਈ ਸਵਰਨ ਸਿੰਘ ਖ਼ਾਲਸਾ, ਗੁਰਦੀਪ ਸਿੰਘ ਸੋਢਾ ਨੇ ਇਕ ਇਕ ਬੂਟਾ ਲਗਾ ਕੇ ਬੂਟੇ ਲਗਾਉਣ ਦੀ ਆਰੰਭਤਾ ਕੀਤੀ।ਇਸ ਮੌਕੇ ਆਗੂਆਂ ਨੇ ਕਿਹਾ ਇਸ ਸ਼ਲਾਘਾਯੋਗ ਕਾਰਜ ਤੋਂ ਸੇਧ ਲੈ ਕੇ ਹਰ ਪਿੰਡ ਵਿੱਚ ਬੂਟੇ ਲਗਾਉਣ ਦੀ ਮੁਹਿੰਮ ਚਲਾਈ ਜਾਣੀ ਚਾਹੀਦੀ ਹੈ। ਉਨ੍ਹਾਂ ਸਮੂਹ ਗ੍ਰਾਮ ਪੰਚਾਇਤਾਂ, ਯੂਥ ਕਲੱਬਾਂ, ਗੁਰਦੁਆਰਾ ਕਮੇਟੀਆਂ ਨੂੰ ਵੱਧ ਰਹੇ ਪ੍ਰਦੂਸ਼ਣ ਨੂੰ ਰੋਕਣ ਲਈ ਵੱਧ ਤੋਂ ਵੱਧ ਬੂਟੇ ਲਗਾਉਣ ਲਈ ਅਗੇ ਆਉਣ ਦੀ ਅਪੀਲ ਕੀਤੀ। ਸਰਪੰਚ ਸਰਬਜੀਤ ਸਿੰਘ ਸੰਭੂ ਨੇ ਕਿਹਾ ਕਿ ਲਗਾਏ ਜਾ ਰਹੇ ਬੂਟਿਆਂ ਦੀ ਸਾਂਭ ਸੰਭਾਲ ਵੱਲ ਵਿਸ਼ੇਸ਼ ਧਿਆਨ ਦੀ ਲੋੜ ਹੈ। ਉਨ੍ਹਾਂ ਦੱਸਿਆ ਕਿ ਗ੍ਰਾਮ ਪੰਚਾਇਤ ਮਹਿਲ ਕਲਾਂ ਸੋਢੇ ਵੱਲੋਂ ਲਗਾਏ ਜਾ ਰਹੇ ਬੂਟਿਆਂ ਦੇ ਪਾਲਣ ਪੋਸ਼ਣ , ਅਵਾਰਾ ਪਸ਼ੂਆਂ ਤੋਂ ਬਚਾਉਣ ਲਈ ਵਿਸ਼ੇਸ਼ ਧਿਆਨ ਰੱਖਿਆ ਜਾਵੇਗਾ। ਇਸ ਮੌਕੇ ਅਰੁਣ ਕੁਮਾਰ ਬਾਂਸਲ, ਕੁਲਵੰਤ ਸਿੰਘ ਫੌਜੀ, ਗੁਰਦੀਪ ਸਿੰਘ ਸੋਢਾ, ਰਾਜਾ ਘੁਮਾਣ, ਅਰਸ਼ਦੀਪ ਸਿੰਘ ਢੀਂਡਸਾ, ਹਰਦੀਪ ਸਿੰਘ ਟਿੱਬਾ, ਨੰਬਰਦਾਰ ਜਗਦੇਵ ਸਿੰਘ, ਰਣਜੀਤ ਸਿੰਘ ਬਿੱਟੂ, ਅਮਰਜੀਤ ਸਿੰਘ ਬੱਸੀਆਂ, ਵਰਿੰਦਰ ਸਿੰਘ ਟਿਵਾਣਾ, ਬੇਅੰਤ ਸਿੰਘ ਮਿੱਠੂ, ਹਰਮਨਜੀਤ ਸਿੰਘ ਬੰਟੀ, ਲਛਮਣ ਸਿੰਘ ਫੌਜੀ, ਸੂਬੇਦਾਰ ਬਹਾਦਰ ਸਿੰਘ, ਗੁਰਦੇਵ ਸਿੰਘ ਰਾਹਲ, ਸੂਬੇਦਾਰ ਹੰਸ ਰਾਜ ਆਦਿ ਹਾਜ਼ਰ ਸਨ।

## ਸੇਵਾ ਭਾਰਤੀ ਨੇ ਵਾਤਾਵਰਣ ਨੂੰ ਸ਼ੁੱਧ ਰੱਖਣ ਲਈ ਲਾਏ ਪੌਦੇ



**ਕੋਟ ਈਸੇ ਖਾਂ (ਅਰੋੜਾ)**-ਸ੍ਰੀ ਹੇਮਕੁੰਟ ਸੀਨੀ.ਸੈਕੰ ਸਕੂਲ ਕੋਟ-ਈਸੇ-ਖਾਂ ਵਿਖੇ 'ਸੇਵਾ ਭਾਰਤੀ ਜ਼ੀਰਾ' ਸ੍ਰੀ ਪ੍ਰੀਤਮ ਸਿੰਘ (ਪ੍ਰਧਾਨ), ਸ੍ਰੀਮਤੀ ਕਿਰਨ ਮੌੜ (ਪ੍ਰਧਾਨ ਮਹਿਲਾ ਵਿੰਗ) ਦੀ ਯੋਗ ਅਗਵਾਈ ਸਦਕਾ ਪੌਦੇ ਲਾਏ ਗਏ। ਇਹ ਪੌਦੇ ਹੇਮਕੁੰਟ ਸੰਸਥਾਵਾਂ ਦੇ ਚੇਅਰਮੈਨ ਕੁਲਵੰਤ ਸਿੰਘ ਸੰਧੂ ਤੇ ਐੱਮ.ਡੀ.ਮੈਡਮ ਰਣਜੀਤ ਕੌਰ ਦੀ ਦੇਖ-ਰੇਖ ਸਦਕਾ ਸਕੂਲ ਦੀ ਚਾਰਦੀਵਾਰੀ 'ਚ ਲਾਏ ਗਏ। ਇਸ ਸਮੇਂ ਸ੍ਰੀ ਵੀਰ ਸਿੰਘ ਚਾਹਲ ਸਰਪ੍ਰਸਤ, ਸ੍ਰੀ ਜਗਦੇਵ ਸ਼ਰਮਾ ਰਿਟਾਇਰਡ ਹੈੱਡਮਾਸਟਰ, ਸ੍ਰੀ ਅਨਿਲ ਕੁਮਾਰ ਵਾਈਸ ਪ੍ਰਧਾਨ, ਸ੍ਰੀ ਨਰਿੰਦਰ ਸਿੰਘ ਪ੍ਰਧਾਨ ਐੱਨ.ਜੀ.ਓ, ਸ੍ਰੀ ਹਰਜੀਤ ਸਿੰਘ ਪ੍ਰਧਾਨ ਸੁਖਮਨੀ ਸੇਵਾ ਸੋਸਾਇਟੀ, ਸ੍ਰੀ ਅਸ਼ਵਨੀ ਗੋੜ ਆਦਿ ਹਾਜ਼ਰ ਸਨ। ਹੇਮਕੁੰਟ ਸੰਸਥਾਵਾਂ ਦੇ ਚੇਅਰਮੈਨ ਕੁਲਵੰਤ ਸਿੰਘ ਸੰਧੂ ਅਤੇ ਐੱਮ.ਡੀ.ਮੈਡਮ ਰਣਜੀਤ ਕੌਰ ਸੰਧੂ ਨੇ ਵਾਤਾਵਰਣ ਬਾਰੇ ਜਾਣਕਾਰੀ ਦਿੰਦਿਆਂ ਕਿਹਾ ਕਿ ਮਨੁੱਖ ਨੇ ਆਪਣੀਆਂ ਸਵਾਰਥੀ ਸੋਚਾਂ ਸਦਕਾ ਬਨਸਪਤੀ, ਹਰੇ-ਭਰੇ ਰੁੱਖਾਂ, ਜੰਗਲਾਂ ਦਾ ਏਨਾ ਘਾਣ ਕਰ ਦਿੱਤਾ ਹੈ ਕਿ ਉਸ ਨੂੰ ਕਈ ਕੁਦਰਤੀ ਕਰੋਪੀਆਂ ਅਤੇ ਭਿਆਨਕ ਬਿਮਾਰੀਆਂ ਨਾਲ ਜੂਝਣਾ ਪੈ ਰਿਹਾ ਹੈ।



ਐੱਸ ਆਈ ਗੁਰਚਰਨ ਸਿੰਘ, ਜੋ ਵਿਜੀਲੈਂਸ ਬਠਿੰਡਾ ਵਿੱਚ ਸੇਵਾ ਨਿਭਾਅ ਰਹੇ ਸੀ, ਉਨ੍ਹਾਂ ਨੂੰ ਪਦਉੱਨਤ ਕਰਕੇ ਇੰਸਪੈਕਟਰ ਬਣਿਆ ਗਿਆ। ਉਨ੍ਹਾਂ ਦੇ ਮੋਢਿਆਂ 'ਤੇ ਸਟਾਰ ਲਗਾਉਂਦੇ ਹੋਏ ਐੱਸ ਐੱਸ ਪੀ ਵਿਜੀਲੈਂਸ ਬਠਿੰਡਾ ਤੇ ਡੀ ਐੱਸ ਪੀ ਵਿਜੀਲੈਂਸ ਬਠਿੰਡਾ। (ਫੋਟੋ ਤੇ ਵੇਰਵਾ : ਪਰਵਿੰਦਰ ਜੀਤ ਸਿੰਘ, ਬਠਿੰਡਾ)

## ਚੌਥੀ ਫ਼ਤਿਹਗੜ੍ਹ ਸਾਹਿਬ ਫੁੱਟਬਾਲ ਬੇਬੀ ਲੀਗ ਦੀ ਹੋਈ ਸ਼ੁਰੂਆਤ

**ਸ੍ਰੀ ਫ਼ਤਿਹਗੜ੍ਹ ਸਾਹਿਬ**-(ਪ੍ਰਮੋਦ ਭਾਰਦਵਾਜ) ਫ਼ਿਲਮੀ ਅਦਾਕਾਰ ਅਪਣੀ ਫ਼ਿਲਮਾਂ ਰਾਹੀਂ ਸਮਾਜ ਨੂੰ ਸੇਧ ਦੇਣ ਦੀ ਕੋਸ਼ਿਸ਼ ਕਰਦੇ ਹਨ। ਇਸੇ ਤਰ੍ਹਾਂ ਧਾਰਮਿਕ ਸੰਸਥਾਵਾਂ ਤੇ ਅਜਿਹੀਆ ਅਕੈਡਮੀਆਂ ਟੂਰਨਾਮੈਂਟ ਕਰਾ ਕੇ ਬੱਚਿਆਂ ਨੂੰ ਖੇਡਾਂ ਪ੍ਰੇਰਤ ਕਰਕੇ ਸਮਾਜ ਵਿੱਚ ਵੱਡਾ ਯੋਗਦਾਨ ਪਾ ਰਹੀਆਂ ਹਨ।ਇਨ੍ਹਾਂ ਗੱਲਾਂ ਦਾ ਪ੍ਰਗਟਾਵਾ 'ਮੁੱਕ ਗਈ ਫੀਮ ਡੱਬੀ 'ਚ ਯਾਰੋ' ਫ਼ਿਲਮ ਦੇ ਅਦਾਕਾਰ ਤੇ ਨਿਰਮਾਤਾ ਧੀਰਜ ਕੁਮਾਰ ਤੇ ਸਮਾਜ ਸੇਵਕ ਜਗਦੀਪ ਸਿੰਘ ਗੁਰਾਇਆ ਦੀ ਟੀਮ ਨੇ ਬਾਬਾ ਜ਼ੋਰਾਵਰ ਸਿੰਘ ਬਾਬਾ ਫਤਿਹ ਸਿੰਘ ਸਕੂਲ ਵਿਖੇ ਕ੍ਰਿਪਾਲ ਸਿੰਘ ਲਿਬੜਾ ਫੁੱਟਬਾਲ ਅਕੈਡਮੀ ਦੇ ਪ੍ਰਧਾਨ ਅਮਰਿੰਦਰ ਸਿੰਘ



ਲਿਬੜਾ ਦੀ ਸਰਪ੍ਰਸਤੀ ਹੇਠ ਕਰਾਈ ਜਾ ਰਹੀ ਚੌਥੀ ਫੁੱਟਬਾਲ ਬੇਬੀ ਲੀਗ ਦੀ ਤੀਜੇ ਹਫ਼ਤੇ ਦੀ ਸ਼ੁਰੂਆਤ ਕਰਾਉਣ ਮੌਕੇ ਖਿਡਾਰੀਆਂ ਨਾਲ ਜਾਣ-ਪਛਾਣ ਕਰਦੇ ਹੋਏ ਕੀਤਾ। ਗੁਰਾਇਆ ਨੇ ਕਿਹਾ ਕਿ ਅੱਜ ਦੇ ਯੁੱਗ 'ਚ ਨੌਜਵਾਨ ਪੀੜ੍ਹੀ ਨੂੰ ਸਹੀ ਰਾਹ ਪਾਉਣ ਲਈ ਬਚਪਨ ਤੋਂ ਹੀ ਬੱਚਿਆਂ 'ਚ ਖੇਡਾਂ ਦੀ ਭਾਵਨਾ ਪੈਦਾ ਕਰਨਾ ਸਮੇਂ ਦੀ ਮੁੱਖ ਲੋੜ ਹੈ, ਜੋ ਅਜਿਹੇ ਟੂਰਨਾਮੈਂਟ ਰਹੀ ਸੰਪੂਰਨ ਹੋ ਸਕਦੀ ਹੈਂ, ਉਹਨਾਂ ਅਕੈਡਮੀ ਦੇ ਮੈਂਬਰਾਂ ਨੂੰ ਵਿਸ਼ਵਾਸ ਦਿਵਾਉਂਦੇ ਹੋਏ ਕਿਹਾ ਕੇ ਬੱਚਿਆਂ ਦਾ ਮਿਆਰ ਉਪਰ ਚੁੱਕਣ ਲਈ ਹਮੇਸ਼ਾ ਹੀ ਤਰ੍ਹਾਂ ਸਹਿਯੋਗ ਦੇਣਗੇ। ਸਤਵੀਰ ਸਿੰਘ ਫੁੱਟਬਾਲ ਕੋਚ ਨੇ ਦੱਸਿਆ ਕੇ ਲੀਗ ਮੈਚਾਂ 'ਚ ਅੰਡਰ 11, 13 ਤੇ ਅੰਡਰ 14 ਦੇ ਕਰੀਬ 30 ਮੈਚ ਹੋਏ।ਆਏ ਹੋਏ ਮੁੱਖ ਮਹਿਮਾਨ ਜਗਦੀਪ ਗੁਰਾਇਆ ਤੇ ਐਕਟਰ ਧੀਰਜ ਕੁਮਾਰ ਵੱਲੋਂ ਜੇਤੂ ਖਿਡਾਰੀਆਂ ਨੂੰ ਮੈਡਲ ਦੇ ਕੇ ਸਨਮਾਨਤ ਕੀਤਾ, ਉਥੇ ਅਕੈਡਮੀ ਦੇ ਅਹੁਦੇਦਾਰਾਂ ਵੱਲੋਂ ਆਏ ਹੋਏ ਮੁੱਖ ਮਹਿਮਾਨਾਂ ਨੂੰ ਸਨਮਾਨ ਚਿੰਨ ਦੇ ਕੇ ਸਨਮਾਨਤ ਕੀਤਾ ਗਿਆ।

## ਯੂਨੀਵਰਸਿਟੀ ਕਾਲਜ ਬੇਨੜਾ ਵਿਖੇ ਸੈਸ਼ਨ ਦੀ ਸ਼ੁਰੂਆਤ ਮੌਕੇ ਬੂਟੇ ਲਗਾਏ



**ਧੂਰੀ (ਮਨੋਹਰ ਸਿੰਘ ਸੱਗੂ)**

ਯੂਨੀਵਰਸਿਟੀ ਕਾਲਜ ਬੇਨੜਾ (ਧੂਰੀ) ਵਿਖੇ ਨਵੇਂ ਵਿਦਿਆਰਥੀਆਂ ਲਈ ਪ੍ਰੋਗਰਾਮ ਕਰਵਾਇਆ ਗਿਆ, ਜਿਸ ਵਿੱਚ ਡਾ. ਜਸਬੀਰ ਸਿੰਘ ਨੇ ਵਿਦਿਆਰਥੀਆਂ ਨੂੰ ਅਨੁਸ਼ਾਸਨ ਸਬੰਧੀ ਨਿਯਮਾਂ ਦੀ ਜਾਣਕਾਰੀ ਦਿੱਤੀ।ਕਾਲਜ ਪ੍ਰਿੰਸੀਪਲ ਡਾ. ਹਰਵਿੰਦਰ ਸਿੰਘ ਨੇ ਸਰਕਾਰ ਵੱਲੋਂ ਮਿਲਦੀਆਂ ਵੱਖ ਵੱਖ ਸਕਾਲਰਸ਼ਿਪ ਸਕੀਮਾਂ ਬਾਰੇ ਵਿਦਿਆਰਥੀਆਂ ਨੂੰ ਜਾਣੂ ਕਰਵਾਇਆ ਤੇ ਇਨ੍ਹਾਂ ਸਕੀਮਾਂ ਦਾ ਵੱਧ ਤੋਂ ਵੱਧ ਲਾਭ ਉਠਾਉਣ ਲਈ ਪ੍ਰੇਰਿਤ ਕੀਤਾ।ਉਨ੍ਹਾਂ ਵਿਦਿਆਰਥੀਆਂ ਨੂੰ ਵਟਸਐਪ ਗਰੁੱਪ, ਕਾਲਜ ਟੈਲੀਗ੍ਰਾਮ ਚੈਨਲ ਤੇ ਕਾਲਜ ਫੇਸਬੁੱਕ ਪੇਜ ਨਾਲ ਜੁੜਨ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਨੋਟਿਸ ਬੋਰਡ ਦੇ ਨਾਲ ਨਾਲ ਇਨ੍ਹਾਂ ਮਾਧਿਅਮ ਰਾਹੀਂ ਵੀ ਸਰਕਾਰੀ ਸਕੀਮਾਂ ਸਬੰਧੀ ਜਾਣਕਾਰੀ ਦਿੱਤੀ ਜਾਂਦੀ ਹੈ।

ਐੱਨ.ਐੱਸ.ਐੱਸ. ਰੈਗੂਲਰ ਯੂਨਿਟ ਦੇ ਪ੍ਰੋਗਰਾਮ ਅਫ਼ਸਰ ਡਾ. ਅਸ਼ੋਕ ਕੁਮਾਰ ਨੇ ਵਿਦਿਆਰਥੀਆਂ ਨੂੰ ਐੱਨ.ਐੱਸ.ਐੱਸ. ਯੂਨਿਟ ਜੁਆਇਨ ਕਰਨ ਦੇ ਲਾਭ ਬਾਰੇ ਜਾਣਕਾਰੀ ਦਿੱਤੀ।ਅੰਤ ਵਿੱਚ ਐੱਨ.ਐੱਸ.ਐੱਸ. ਵਲੰਟੀਅਰਾਂ ਤੇ ਸਮੂਹ ਸਟਾਫ਼ ਵੱਲੋਂ ਬੂਟੇ ਲਗਾਏ ਗਏ।ਪ੍ਰੋਗਰਾਮ ਦੌਰਾਨ ਡਾ. ਹਰਪ੍ਰੀਤ ਸਿੰਘ ਨੇ ਸਟੇਜ ਸੰਚਾਲਨ ਦੀ ਭੂਮਿਕਾ ਨਿਭਾਈ।ਇਸ ਮੌਕੇ ਐੱਨ.ਐੱਸ.ਐੱਸ. ਸੈਲਫ ਫਾਇਨਾਂਸ ਯੂਨਿਟ ਦੇ ਪ੍ਰੋਗਰਾਮ ਅਫ਼ਸਰ ਡਾ. ਊਸ਼ਾ ਰਾਣੀ, ਈਕੋ ਕਲੱਬ ਦੇ ਕਨਵੀਨਰ ਡਾ. ਰਾਕੇਸ਼ ਕੁਮਾਰ ਤੋਂ ਇਲਾਵਾ ਸਮੂਹ ਸਟਾਫ਼ ਹਾਜ਼ਰ ਸੀ।

## ਸ਼ਰਮਾ ਡਿਫੈਂਸ ਅਕੈਡਮੀ ਦੇ ਫੌਜ ਦੇ ਨਤੀਜੇ ਰਹੇ ਸ਼ਾਨਦਾਰ



**ਤਲਵੰਡੀ ਸਾਬੋ (ਜਗਦੀਪ ਗਿੱਲ)**-ਬੱਚਿਆਂ ਨੂੰ ਫੌਜ ਵਿੱਚ ਭਰਤੀ ਹੋਣ ਲਈ ਤਿਆਰ ਕਰ ਰਹੀ ਸ਼ਰਮਾ ਡਿਫੈਂਸ ਅਕੈਡਮੀ ਵਿਖੇ ਤਿਆਰੀ ਕਰ ਰਹੇ ਕੁੱਲ 15 ਵਿਦਿਆਰਥੀਆਂ ਨੇ ਆਪਣੇ ਪੇਪਰ ਵਿੱਚ ਸ਼ਾਨਦਾਰ ਨਤੀਜੇ ਹਾਸਲ ਕੀਤੇ ਹਨ। ਅਕੈਡਮੀ ਪ੍ਰਬੰਧਕਾਂ ਵੱਲੋਂ ਜਾਰੀ ਨਤੀਜੇ ਵਿੱਚ 15 ਦੇ 15 ਵਿਦਿਆਰਥੀਆਂ ਨੇ ਪੇਪਰ ਪਾਸ ਕੀਤਾ ਹੈ, ਜਿਸ ਨਾਲ ਜਿੱਥੇ ਬੱਚਿਆਂ ਤੇ ਉਨ੍ਹਾਂ ਦੇ ਮਾਪਿਆਂ ਵਿੱਚ ਖੁਸ਼ੀ ਦੀ ਲਹਿਰ ਪਾਈ ਜਾ ਰਹੀ ਹੈ, ਉੱਥੇ ਮਾਪਿਆਂ ਨੇ ਉਕਤ ਨਤੀਜਿਆਂ ਦਾ ਸਿਹਰਾ ਅਕੈਡਮੀ ਪ੍ਰਬੰਧਕਾਂ ਸਿਰ ਬੰਨ੍ਹਿਆ ਹੈ।ਅਕੈਡਮੀ ਪ੍ਰਬੰਧਕ ਤਰਸੇਮ ਸ਼ਰਮਾ ਨੇ ਦੱਸਿਆ ਕਿ ਇਹ ਉਨ੍ਹਾਂ ਦਾ ਚੌਥਾ ਬੈਚ ਹੈ ਤੇ ਸਾਰੇ ਵਿਦਿਆਰਥੀਆਂ ਵੱਲੋਂ ਪੇਪਰ ਕਲੀਅਰ ਕਰ ਜਾਣ ਨਾਲ ਉਨ੍ਹਾਂ ਦਾ ਫੌਜ ਵਿੱਚ ਜਾਣ ਦਾ ਰਾਹ ਪੱਧਰਾ ਹੋ ਗਿਆ ਹੈ। ਉਨ੍ਹਾਂ ਦੱਸਿਆ ਕਿ ਅਕੈਡਮੀ ਵੱਲੋਂ ਤਿਆਰੀ ਦੀ ਫੀਸ ਵੀ ਬਾਅਦ ਵਿੱਚ ਲਈ ਜਾਂਦੀ ਹੈ।ਇੱਕ ਹੋਰ ਪ੍ਰਬੰਧਕ ਪ੍ਰਗਟ ਸਿੱਧੂ ਮੁਤਾਬਕ ਫੌਜ ਦੇ ਅਗਨੀਵੀਰਾਂ ਲਈ ਤਿਆਰੀ ਕਰਨ ਵਾਲੇ ਵਿਦਿਆਰਥੀਆਂ ਨੂੰ ਅਕੈਡਮੀ ਦੇ ਆਪਣੇ ਹੀ ਹੋਸਟਲ ਵਿਚ ਰੱਖਿਆ ਜਾਂਦਾ ਹੈ, ਜਿੱਥੇ ਉਨ੍ਹਾਂ ਦੀਆਂ ਦਿਨ-ਰਾਤ ਕਲਾਸਾਂ ਚੱਲਦੀਆਂ ਹਨ। ਇਲਾਕੇ ਦੇ ਐਮ.ਸੀ ਭਰਪੂਰ ਸਿੰਘ ਭੂਰੀ ਤੇ ਰਵੀ ਕੁਮਾਰ ਉਰਫ ਕੋਕੀ ਨੇ ਅਕੈਡਮੀ ਦੇ ਪ੍ਰਬੰਧਕਾਂ ਨੂੰ ਬਹੁਤ ਬਹੁਤ ਮੁਬਾਰਕਾਂ ਦਿੱਤੀਆਂ।

## ਗਲੋਬਲ ਹਿਊਮਨ ਸਰਵਿਸਿਜ਼ ਆਰਗੇਨਾਈਜ਼ੇਸ਼ਨ ਨੇ ਬੂਟੇ ਲਗਾਏ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਗਲੋਬਲ ਹਿਊਮਨ ਸਰਵਿਸਿਜ਼ ਆਰਗੇਨਾਈਜ਼ੇਸ਼ਨ ਵੱਲੋਂ ਪਬਲਿਕ ਕਾਲਜ ਸਮਾਣਾ ਤੇ ਨੈਂਸੀ ਗਰੁੱਪ ਆਫ ਕਾਲਜਿਜ਼ ਸਮਾਣਾ ਵਿੱਚ ਵਾਤਾਵਰਣ ਦੀ ਸ਼ੁੱਧਤਾ ਲਈ ਭਾਰੀ ਮਾਤਰਾ ਵਿੱਚ ਬੂਟੇ ਲਗਾਏ ਗਏ।ਇਸ ਸੰਸਥਾ ਦੇ ਪ੍ਰਧਾਨ ਕਰਨਲ ਬਿਸ਼ਨ ਦਾਸ ਤੇ ਵਾਇਸ ਪ੍ਰਧਾਨ ਸ੍ਰ. ਗੁਰਦੀਪ ਸਿੰਘ ਰਿਟਾਇਰਡ ਡੀ ਐੱਫ ਐੱਸ ਸੀ ਨੇ ਵਿਅਕਤੀਗਤ ਤੌਰ 'ਤੇ ਆਪਣੀ ਦੇਖ ਰੇਖ ਵਿੱਚ ਕੁੱਲ 400 ਦੇ ਕਰੀਬ ਬੂਟੇ ਲਗਵਾਏ ਗਏ।ਬੂਟੇ ਲਗਵਾਉਣ ਦੀ ਇਸ ਮੁਹਿੰਮ ਵਿੱਚ ਬਹਾਵਲਪੁਰ ਮਹਾਂ ਸੰਘ ਦੇ ਪ੍ਰਧਾਨ ਮਦਨ ਲਾਲ ਹਸੀਜਾ ਤੇ ਸਮਾਣਾ ਬਹਾਵਲਪੁਰ ਮਹਾਂ ਸੰਘ ਦੇ ਪ੍ਰਧਾਨ ਰਾਜ ਕੁਮਾਰ ਵੱਲੋਂ ਇਸ ਵਿੱਚ ਪੂਰਾ ਸਹਿਯੋਗ ਦਿੱਤਾ ਗਿਆ।ਨੈਂਸੀ ਗਰੁੱਪ ਆਫ ਕਾਲਜਿਜ਼ ਦੇ ਚੇਅਰਮੈਨ ਡਾਕਟਰ ਸ਼ਾਮ ਜਿੰਦਲ ਤੇ ਇਨ੍ਹਾਂ ਕਾਲਜਾਂ ਦੇ ਮੈਨੇਜਿੰਗ ਡਾਇਰੈਕਟਰ ਵੀਨਸ ਜਿੰਦਲ ਨੇ ਵੀ ਯੋਗਦਾਨ ਪਾਇਆ।ਇਸ ਸੰਸਥਾ ਵੱਲੋਂ ਪਹਿਲਾਂ ਵੀ ਦੋ ਵਾਰ ਬੂਟੇ ਲਗਾਉਣ ਦੀ ਸੇਵਾ ਕੀਤੀ ਜਾ ਚੁੱਕੀ ਹੈ।ਉਨ੍ਹਾਂ ਵਿਸ਼ਵਾਸ ਦੁਆਇਆ ਕਿ ਪਹਿਲਾਂ ਤਰ੍ਹਾਂ ਹੁਣ ਲਗਾਏ ਗਏ ਬੂਟਿਆਂ ਦੀ ਦੇਖ ਭਾਲ ਵੀ ਪੂਰੀ ਸ਼ਿੱਦਤ ਨਾਲ ਕੀਤੀ ਜਾਵੇਗੀ।

## 15 ਗ੍ਰਾਮ ਹੈਰੋਇਨ ਸਣੇ ਗ੍ਰਿਫਤਾਰ

**ਜਲਾਲਾਬਾਦ (ਜੀਤ ਕੁਮਾਰ)**-ਥਾਣਾ ਸਦਰ ਜਲਾਲਾਬਾਦ ਦੀ ਪੁਲਸ ਵੱਲੋਂ 15 ਗ੍ਰਾਮ ਹੈਰੋਇਨ ਸਣੇ ਇੱਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜਾਂਚ ਅਧਿਕਾਰੀ ਸਹਾਇਕ ਥਾਣੇਦਾਰ ਸੁਖਦੇਵ ਸਿੰਘ ਨੇ ਦੱਸਿਆ ਕਿ ਉਹ ਸਮੇਤ ਸਾਥੀ ਕਰਮਚਾਰੀਆਂ ਦੇ ਨਾਲ ਗਸ਼ਤ ਦੌਰਾਨ ਐੱਫ-ਐੱਫ ਰੋਡ ਤੋਂ ਲਿੰਕ ਰੋਡ ਪਿੰਡ ਮੁਹੰਮਦੇ ਵਾਲਾ ਨੂੰ ਜਾ ਰਹੇ ਸੀ ਤਾਂ ਸਾਹਮਣੇ ਤੋਂ ਇਕ ਮੋਨਾ ਨੌਜਵਾਨ ਵਿਅਕਤੀ ਦਿਖਾਈ ਦਿੱਤਾ, ਜਿਸ ਨੂੰ ਪੁਲਸ ਪਾਰਟੀ ਨੇ ਰੋਕ ਕੇ ਤਲਾਸ਼ੀ ਲਈ ਗਈ ਤਾਂ ਉਸ ਕੋਲੋਂ 15 ਗ੍ਰਾਮ ਹੈਰੋਇਨ ਬਰਾਮਦ ਹੋਈ।

ਇਸ ਵਿਅਕਤੀ ਦੀ ਪਹਿਚਾਣ ਪਰਮਜੀਤ ਸਿੰਘ ਉਰਫ ਪ੍ਰੇਮ ਪੁੱਤਰ ਦਾਰਾ ਸਿੰਘ ਵਾਸੀ ਲਾਧੂਕਾ (ਥਾਣਾ ਸਦਰ ਫਾਜ਼ਿਲਕਾ) ਵਜੋਂ ਹੋਈ ਹੈ। ਪੁਲਸ ਨੇ ਪਰਮਜੀਤ ਸਿੰਘ ਉਰਫ ਪ੍ਰੇਮ ਨੂੰ ਹੈਰੋਇਨ ਸਮੇਤ ਕਾਬੂ ਕਰਨ ਉਪਰੰਤ ਥਾਣਾ ਸਦਰ ਜਲਾਲਾਬਾਦ ਵਿਖੇ ਕੇਸ ਦਰਜ ਕੀਤਾ ਗਿਆ ਹੈ।

## ਵੁਆਇਸ ਆਫ਼ ਮਾਨਸਾ ਨੇ ਅਵਾਰਾ ਪਸ਼ੂਆਂ ਦਾ ਮਸਲਾ ਡੀ ਸੀ ਕੋਲ ਉਠਾਇਆ

### ਡੀ ਸੀ ਨੇ ਸੰਬੰਧਤ ਵਿਭਾਗਾਂ ਨਾਲ ਮੀਟਿੰਗਾਂ ਕਰਨ ਦਾ ਦਿੱਤਾ ਭਰੋਸਾ



**ਮਾਨਸਾ (ਆਤਮਾ ਸਿੰਘ ਪਮਾਰ)**-ਵੁਆਇਸ ਆਫ ਮਾਨਸਾ ਦਾ ਇੱਕ ਵਫ਼ਦ ਅਵਾਰਾ ਪਸ਼ੂਆਂ ਦੀ ਸਮੱਸਿਆ ਨੂੰ ਲੈ ਕੇ ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਡਾ. ਜਨਕ ਰਾਜ ਸਿੰਗਲਾ ਦੀ ਅਗਵਾਈ ਹੇਠ ਡਿਪਟੀ ਕਮਿਸ਼ਨਰ ਕੁਲਵੰਤ ਸਿੰਘ ਧੂਰੀ ਨੂੰ ਮਿਲਿਆ।ਗੱਲਬਾਤ ਦੌਰਾਨ ਉਨ੍ਹਾਂ ਡਿਪਟੀ ਕਮਿਸ਼ਨਰ ਨੂੰ ਦੱਸਿਆ ਕਿ ਅਵਾਰਾ ਪਸ਼ੂਆਂ ਕਾਰਨ ਹਾਦਸੇ ਦਿਨੋਂ ਦਿਨ ਵਧ ਰਹੇ ਹਨ ਤੇ ਕੀਮਤੀ ਜਾਨਾਂ ਅਜਾਈਂ ਜਾ ਰਹੀਆਂ ਹਨ।ਇਸ ਸਮੇਂ ਉਨ੍ਹਾਂ ਵੁਆਇਸ ਆਫ ਮਾਨਸਾ ਨੂੰ ਭਰੋਸਾ ਦਿਵਾਇਆ ਕਿ ਆਵਾਰਾ ਪਸ਼ੂਆਂ ਦੇ ਹੱਲ ਲਈ ਗੰਭੀਰ ਯਤਨ ਕੀਤੇ ਜਾਣਗੇ।ਉਨ੍ਹਾਂ ਉਸੇ ਸਮੇਂ ਸੰਬੰਧਤ ਵਿਭਾਗਾਂ ਦੇ ਅਧਿਕਾਰੀਆਂ ਏ ਡੀ ਸੀ (ਜਨਰਲ), ਕਾਰਜ ਸਾਧਕ ਅਫਸਰ ਨਗਰ ਕੌਂਸਲ ਮਾਨਸਾ, ਡਿਪਟੀ ਡਾਇਰੈਕਟਰ ਪਸ਼ੂ ਪਾਲਣ, ਐੱਸ ਡੀ ਐਮਜ਼, ਬੀ ਡੀ ਪੀ ਓਜ਼, ਪੁਲਸ ਅਫਸਰਾਂ ਤੋਂ ਇਲਾਵਾ ਗਊਸੈੱਸ ਨਾਲ ਸੰਬੰਧਤ ਮਹਿਕਮਿਆਂ ਦੀਆਂ ਮੀਟਿੰਗਾਂ ਵੀ ਬੁਲਾ ਲਈਆਂ।ਵੁਆਇਸ ਆਫ਼ ਮਾਨਸਾ ਨੇ ਆਵਾਰਾ ਪਸ਼ੂਆਂ ਨਾਲ ਸ਼ਹਿਰ ਵਿੱਚ ਨਿੱਤ ਦਿਨ ਹੋ ਰਹੀਆਂ ਮੌਤਾਂ 'ਤੇ ਗੰਭੀਰ ਚਿੰਤਾ ਪ੍ਰਗਟ ਕਰਦਿਆਂ ਇਹ ਮਸਲਾ ਜ਼ਿਲ੍ਹਾ ਪ੍ਰਸ਼ਾਸਨ ਕੋਲ ਉਠਾਇਆ।

ਜਥੇਬੰਦੀ ਦੇ ਪ੍ਰਧਾਨ ਡਾ. ਜਨਕ ਰਾਜ ਸਿੰਗਲਾ ਨੇ ਦੱਸਿਆ ਕਿ ਬੇਸ਼ੱਕ ਮਾਨਸਾ ਵਿਖੇ ਕਈ ਸਰਕਾਰੀ ਤੇ ਪ੍ਰਾਈਵੇਟ ਗਊਸ਼ਾਲਾਵਾਂ ਹਨ, ਪਰ ਫੰਡਾਂ ਦੀ ਤੋਟ ਕਾਰਨ ਉਹ ਇਨ੍ਹਾਂ ਆਵਾਰਾ ਪਸ਼ੂਆਂ ਨੂੰ ਸੰਭਾਲਣ ਤੋਂ ਅਸਮਰੱਥਤਾ ਮਹਿਸੂਸ ਕਰ ਰਹੇ ਹਨ।ਸੰਸਥਾ ਦੇ ਸੀਨੀਅਰ ਆਗੂਆਂ ਡਾ. ਲਖਵਿੰਦਰ ਸਿੰਘ ਮੂਸਾ, ਹਰਿੰਦਰ ਸਿੰਘ ਮਾਨਸ਼ਾਹੀਆ, ਬਲਵਿੰਦਰ ਸਿੰਘ ਕਾਕਾ ਨੇ ਇਨ੍ਹਾਂ ਗਊਸ਼ਾਲਾਵਾਂ ਨੂੰ ਲੋੜੀਂਦਾ ਗਊਸੈੱਸ ਤੇ ਹੋਰਨਾਂ ਪੱਖਾਂ ਤੋਂ ਸਹਿਯੋਗ ਕਰਕੇ ਇਨ੍ਹਾਂ ਗਊਸ਼ਾਲਾਵਾਂ ਦੇ ਵਿੱਤੀ ਪੱਖ ਨੂੰ ਮਜ਼ਬੂਤ ਕਰਨ ਲਈ ਕਿਹਾ। ਮੀਟਿੰਗ ਦੌਰਾਨ ਸ਼ਹਿਰ 'ਚ ਵਾਟਰ ਸਪਲਾਈ ਦੇ ਪਾਣੀ 'ਚ ਗੰਧਲਾਪਣ 'ਤੇ ਵੀ ਚਿੰਤਾ ਪ੍ਰਗਟਾਈ ਅਤੇ ਨਾਲ ਹੀ ਸ਼ਹਿਰ ਦੇ ਵੱਖ ਵੱਖ ਥਾਵਾਂ ਦਾ ਜ਼ਿਕਰ ਕਰਦਿਆਂ ਸੀਵਰੇਜ ਦੀ ਸਮੱਸਿਆਂ ਦੇ ਆਰਜ਼ੀ ਪ੍ਰਬੰਧ ਕਰਨ 'ਤੇ ਵੀ ਜ਼ੋਰ ਦਿੱਤਾ।

## ਘੁਡਾਣੀ ਕਲਾਂ 'ਚ ਤੀਆਂ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ



**ਦੋਰਾਹਾ (ਹਰਮਿੰਦਰ ਸੇਠ)**-ਮਹੰਤ ਭਗਤ ਰਾਮ ਕੰਨਿਆ ਕਲੱਬ ਘੁਡਾਣੀ ਕਲਾਂ ਵੱਲੋਂ ਇਤਿਹਾਸਕ ਪਿੰਡ ਘੁਡਾਣੀ ਕਲਾਂ ਵਿਖੇ ਤੀਆਂ ਦਾ ਤਿਉਹਾਰ ਬਹੁਤ ਹੀ ਧੂਮਧਾਮ ਤੇ ਉਤਸ਼ਾਹ ਨਾਲ ਮਨਾਇਆ ਗਿਆ, ਜਿਸ ਦਾ ਉਦਘਾਟਨ ਐਡਵੋਕੇਟ ਗੁਰਜੋਤ ਕੌਰ ਮਾਂਗਟ ਨੇ ਕੀਤਾ।ਇਸ ਸਮੇਂ ਆਈਆਂ ਮਹਿਲਾਵਾਂ ਤੇ ਸਕੂਲ ਵਿਦਿਆਰਥਣਾਂ ਨੇ ਪੰਜਾਬੀ ਪਹਿਰਾਵੇ ਵਿੱਚ ਸਜ ਕੇ ਆਪਸ ਵਿੱਚ ਖੂਬ ਮਨੋਰੰਜਨ ਕੀਤਾ, ਉਥੇ ਮਹਿਲਾਵਾਂ ਨੇ ਗਿੱਧਾ ਤੇ ਪੰਜਾਬੀ ਬੋਲੀਆਂ ਪਾ ਕੇ ਖੂਬ ਧਮਾਲਾਂ ਵੀ ਪਾਈਆਂ। ਇਸ ਮੌਕੇ ਐਡਵੋਕੇਟ ਗੁਰਜੋਤ ਕੌਰ ਮਾਂਗਟ ਤੇ ਪੱਤਰਕਾਰ ਤਰੁਣ ਆਨੰਦ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।ਇਸ ਦੌਰਾਨ ਸਿਆਣੀਆਂ ਮਹਿਲਾਵਾਂ ਨੇ ਪੁਰਾਣੇ ਸਮੇਂ ਵਿੱਚ ਤੀਆਂ ਦੇ ਤਿਉਹਾਰ ਮਨਾਉਣ ਸਬੰਧੀ ਚਾਨਣਾ ਪਾਉਂਦੇ ਹੋਏ ਦੱਸਿਆ ਕਿ ਕਈ ਸਾਲ ਪਹਿਲਾਂ ਮਹਿਲਾਵਾਂ ਆਪਣੇ ਪੇਕੇ ਘਰ ਜਾ ਕੇ ਇਸ ਤਿਉਹਾਰ ਨੂੰ ਮਨਾਉਂਦੀਆਂ ਹੁੰਦੀਆਂ ਸਨ, ਪਰ ਅੱਜਕੱਲ੍ਹ ਇਸ ਤਿਉਹਾਰ ਨੂੰ ਮਨਾਉਣ ਦਾ ਢੰਗ ਅਲੋਪ ਹੁੰਦਾ ਜਾ ਰਿਹਾ ਹੈ, ਜਿਸ ਕਰਕੇ ਸਾਨੂੰ ਆਪਣੇ ਤਿਉਹਾਰਾਂ ਨੂੰ ਪੁਰਾਣੇ ਸਮੇਂ ਵਾਂਗ ਮਨਾਉਣਾ ਚਾਹੀਦਾ ਹੈ ਤੇ ਅਜਿਹਾ ਹੋਣ ਨਾਲ ਹੀ ਸਾਡੀ ਆਉਣ ਵਾਲੀ ਪੀੜ੍ਹੀ ਪੰਜਾਬੀ ਸੱਭਿਆਚਾਰ ਨਾਲ ਜੁੜੀ ਰਹੇਗੀ।ਇਸ ਸਮੇਂ ਐਡਵੋਕੇਟ ਗੁਰਜੋਤ ਕੌਰ ਮਾਂਗਟ ਤੇ ਪੱਤਰਕਾਰ ਤਰਨ ਆਨੰਦ ਨੇ ਬੱਚੀਆਂ ਨੂੰ ਅਸ਼ੀਰਵਾਦ ਦਿੰਦਿਆਂ ਆਖਿਆ ਕਿ ਤੀਆਂ ਸਾਡੇ ਗੌਰਵਮਈ ਵਿਰਸੇ ਤੇ ਸੱਭਿਆਚਾਰ ਦਾ ਇੱਕ ਅਨਿੱਖੜਵਾਂ ਅੰਗ ਹਨ ਤੇ ਇਸ ਤਰ੍ਹਾਂ ਦੇ ਸਮਾਗਮ ਬੱਚਿਆਂ ਨੂੰ ਪੰਜਾਬੀ ਸੱਭਿਆਚਾਰ ਮਾਂ ਬੋਲੀ ਪੰਜਾਬੀ ਤੇ ਆਪਣੇ ਵਿਰਸੇ ਨਾਲ ਜੋੜ ਕੇ ਰੱਖਦੇ ਹਨ, ਜਿਸ ਨਾਲ ਆਪਸੀ ਭਾਈਚਾਰਕ ਸਾਂਝ ਵਿੱਚ ਵੀ ਵਾਧਾ ਹੁੰਦਾ ਹੈ।ਇਸ ਮੌਕੇ ਵੱਡੀ ਪੱਧਰ 'ਤੇ ਧੀਆਂ ਦਾ ਸਨਮਾਨ ਵੀ ਕੀਤਾ ਗਿਆ।ਇਸ ਸਮੇਂ ਰਜਿੰਦਰ ਕੌਰ ਰਾਣੀ, ਬਲਵਿੰਦਰ ਕੌਰ, ਮਨਜੀਤ ਕੌਰ, ਕੁਲਵਿੰਦਰ ਕੌਰ, ਜਸਵਿੰਦਰ ਕੌਰ, ਸੁਪਿੰਦਰ ਕੌਰ, ਰੀਤੂ ਮੈਡਮ, ਗੁਰਪ੍ਰੀਤ ਕੌਰ, ਸਰਨੀ ਮਾਂਗਟ, ਵਿਸ਼ੇਸ਼ ਸਹਿਯੋਗ ਜਗਦੇਵ ਸਿੰਘ ਬੋਪਾਰਾਏ, ਸਰਪੰਚ ਗੁਰਿੰਦਰ ਸਿੰਘ ਬੋਪਾਰਾਏ, ਯੂਥ ਆਗੂ ਮਹੇਸਇੰਦਰ ਸਿੰਘ ਬੋਪਾਰਾਏ, ਅਵਤਾਰ ਸਿੰਘ ਗਲੋਰੀ, ਜਥੇਦਾਰ ਦੀਦਾਰ ਸਿੰਘ, ਕੁਲਵੰਤ ਸਿੰਘ ਮਿਸਤਰੀ, ਰਜੇਸ਼ ਕੁਮਾਰ, ਰਣਜੀਤ ਸਿੰਘ ਪੰਚ, ਰਮਨੀ ਪੰਚ, ਮਨੀ ਸ਼ਰਮਾ, ਵਿਸ਼ੇਸ਼ ਸਹਿਯੋਗ ਮਹੰਤ ਭਗਤ ਰਾਮ ਕੰਨਿਆ ਕਲੱਬ, ਜਗਤਾਰ ਸਿੰਘ ਘੁਡਾਣੀ ਕਲਾਂ ਆਦਿ ਹਾਜ਼ਰ ਸਨ।

## ਸਰਕਾਰੀ ਪ੍ਰਾਇਮਰੀ ਸਕੂਲ ਗੁਲਾਬੇਵਾਲਾ ਵਿਖੇ ਬੂਟੇ ਲਾਏ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ/ਪੂਜਾ)**-ਵਾਤਾਵਰਨ ਨੂੰ ਸ਼ੁੱਧ ਰੱਖਣ ਲਈ ਸਰਕਾਰੀ ਪ੍ਰਾਇਮਰੀ ਸਕੂਲ ਗੁਲਾਬੇਵਾਲਾ ਵਿਖੇ 70 ਦੇ ਕਰੀਬ ਛਾਂਦਾਰ, ਫ਼ਲਦਾਰ ਤੇ ਫੁੱਲਾਂ ਦੇ ਬੂਟੇ ਲਗਾਏ ਗਏ। ਇਸ ਮੌਕੇ ਬੂਟੇ ਲਾਉਣ ਦੀ ਸ਼ੁਰੂਆਤ ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਜਸਪ੍ਰੀਤ ਸਿੰਘ ਵੱਲੋਂ ਕੀਤੀ ਗਈ।ਉਨ੍ਹਾਂ ਅਨਾਰ ਦਾ ਪੌਦਾ ਲਾ ਕੇ ਸ਼ੁਰੂਆਤ ਕੀਤੀ।ਇਸ ਮੌਕੇ ਸੈਂਟਰ ਹੈੱਡ ਟੀਚਰ ਪਰਗਟ ਸਿੰਘ ਜੰਬਰ, ਈਟੀਟੀ ਅਧਿਆਪਕ ਜਸਵਿੰਦਰ ਸਿੰਘ, ਸੁਖਜਿੰਦਰ ਸਿੰਘ, ਭੋਲਾ ਸਿੰਘ, ਗੁਰਪ੍ਰੀਤ ਸਿੰਘ, ਰਮਨ ਕੁਮਾਰ, ਜਸਵਿੰਦਰ ਕੌਰ ਆਦਿ ਹਾਜ਼ਰ ਸਨ।ਸਕੂਲ ਵਿੱਚ ਵਿਦਿਆਰਥੀ ਨੂੰ ਪਕੌੜੇ ਜਲੇਬੀਆਂ ਤੇ ਚਾਹ ਦਾ ਲੰਗਰ ਵਰਤਾਇਆ ਗਿਆ।

## ਜਟਾਣਾ ਬਣੇ ਈ ਟੀ ਟੀ ਅਧਿਆਪਕ ਯੂਨੀਅਨ ਦੇ ਬਲਾਕ ਪ੍ਰਧਾਨ



**ਸੁਨਾਮ (ਅਸ਼ੋਕ ਬਾਂਸਲ, ਹਾਕਮ ਭੱਟੀ)**-ਈਟੀਟੀ 6505 ਅਧਿਆਪਕਾਂ ਦੀ ਇੱਕ ਮੀਟਿੰਗ ਹੋਈ, ਜਿਸ ਵਿੱਚ ਈਟੀਟੀ 6505 ਅਧਿਆਪਕ ਯੂਨੀਅਨ ਬਲਾਕ ਸੁਨਾਮ-1 ਦੀ ਚੋਣ ਕੀਤੀ ਗਈ।ਇਸ ਮੌਕੇ ਜਥੇਬੰਦੀ ਵੱਲੋਂ ਸੁਖਜਿੰਦਰ ਸਿੰਘ ਜਟਾਣਾ ਨੂੰ ਬਲਾਕ ਪ੍ਰਧਾਨ ਅਤੇ ਰਾਜਿੰਦਰ ਸਿੰਘ ਝਾੜੋਂ ਨੂੰ ਜਨਰਲ ਸਕੱਤਰ ਚੁਣਿਆ ਗਿਆ।ਇਸ ਤੋਂ ਇਲਾਵਾ ਸੁਖਪ੍ਰੀਤ ਸਿੰਘ ਨੂੰ ਪ੍ਰੈਸ ਸਕੱਤਰ, ਬਿੱਕਰ ਸਿੰਘ, ਲਖਵਿੰਦਰ ਸਿੰਘ ਤੇ ਬਲਜਿੰਦਰ ਕੌਰ ਨੂੰ ਸੀਨੀਅਰ ਮੀਤ ਪ੍ਰਧਾਨ ਗੁਰਵਿੰਦਰ ਸਿੰਘ, ਵੀਰਪਾਲ ਕੌਰ ਤੇ ਜਸ਼ਨਦੀਪ ਕੌਰ ਨੂੰ ਮੀਤ ਪ੍ਰਧਾਨ, ਤਰਨ ਕੁਮਾਰ ਤੇ ਮਨਪ੍ਰੀਤ ਸਿੰਘ ਕਾਨੂੰਨੀ ਸਲਾਹਕਾਰ, ਹਰਵੇਲ ਸਿੰਘ ਤੇ ਬਲਜੀਤ ਸਿੰਘ ਨੂੰ ਮੁੱਖ ਸਲਾਹਕਾਰ ਅਤੇ ਮਨਦੀਪ ਕੌਰ, ਅਮਨਦੀਪ ਕੌਰ, ਨਵਦੀਪ ਕੌਰ, ਲਕਸ਼ਮੀ ਰਾਣੀ, ਸੁਮਨ ਰਾਣੀ, ਸਤਵਿੰਦਰ ਕੌਰ ਤੇ ਮਨਪ੍ਰੀਤ ਕੌਰ ਨੂੰ ਮੈਂਬਰ ਚੁਣਿਆ ਗਿਆ।ਨਵੇਂ ਬਣੇ ਪ੍ਰਧਾਨ ਸੁਖਵਿੰਦਰ ਸਿੰਘ ਜਟਾਣਾ ਨੇ ਸਾਰੇ ਮੈਂਬਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਨੂੰ ਜਿਸ ਵਿਸ਼ਵਾਸ ਨਾਲ ਇਹ ਜਿੰਮੇਵਾਰੀ ਦਿੱਤੀ ਗਈ ਹੈ, ਉਹ ਉਸੇ ਵਿਸ਼ਵਾਸ ਨੂੰ ਬਰਕਰਾਰ ਰੱਖਣਗੇ।

## ਹੈਂਡਬਾਲ ਖਿਡਾਰੀਆਂ ਨੇ ਜਿੱਤੀ ਜ਼ੋਨ ਓਵਰਆਲ ਟਰਾਫੀ



**ਸਰਦੂਲਗੜ੍ਹ (ਅਵਤਾਰ ਜਟਾਣਾ)**-ਪੰਜਾਬ ਸਰਕਾਰ ਦੀਆਂ ਗਰਮ ਰੁੱਤ ਜ਼ੋਨ ਪੱਧਰੀ ਖੇਡਾਂ ਦੀ ਸ਼ੁਰੂਆਤ ਜ਼ੋਨ ਕੋਆਰਡੀਨੇਟਰ ਪ੍ਰਿੰਸੀਪਲ ਦਿਲਪ੍ਰੀਤ ਸਿੰਘ ਸੰਧੂ ਦੀ ਰਹਿਨੁਮਾਈ ਹੇਠ ਦਸਮੇਸ਼ ਸਕੂਲ ਦੇ ਗਰਾਊਂਡ 'ਚ ਹੈਂਡਬਾਲ ਕੋਚ ਮਨਜੀਤ ਸਿੰਘ ਮੰਨਾ, ਡੀ.ਪੀ.ਈ. ਧਰਮਿੰਦਰ ਸਿੰਘ ਫੱਤਾ ਮਲੋਕਾ ਦੀ ਅਗਵਾਈ ਹੇਠ ਸ਼ਾਨਦਾਰ ਸ਼ੁਰੂਆਤ ਹੋਈ, ਜਿਸ 'ਚ ਜ਼ੋਨ ਦੇ ਅਲੱਗ-ਅਲੱਗ ਹੈਂਡਬਾਲ ਦੀਆਂ ਟੀਮਾਂ ਨੇ ਭਾਗ ਲਿਆ। ਇਨ੍ਹਾਂ ਖੇਡਾਂ 'ਚ ਦਸਮੇਸ਼ ਸਕੂਲ ਦੇ ਅੰਡਰ-19 ਲੜਕੇ ਤੇ ਅੰਡਰ-19 ਲੜਕੀਆਂ ਨੇ ਪਹਿਲੇ ਸਥਾਨ 'ਤੇ ਰਹਿੰਦਿਆਂ ਸੋਨ ਤਗਮੇ ਜਿੱਤੇ। ਇਸੇ ਤਰ੍ਹਾਂ ਅੰਡਰ-17 ਲੜਕਿਆਂ ਨੇ ਦੂਜੇ ਸਥਾਨ 'ਤੇ ਰਹਿੰਦਿਆਂ ਚਾਂਦੀ ਤਗਮੇ ਤੇ ਅੰਡਰ-17 ਲੜਕੀਆਂ ਨੇ ਕਾਂਸੇ ਤਗਮੇ ਜਿੱਤਦਿਆਂ ਜ਼ੋਨ ਹੈਂਡਬਾਲ ਓਵਰਆਲ ਟਰਾਫੀ ਜਿੱਤ ਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ।

## ਮੌਂਜੀ ਦੀ ਪੁਸਤਕ 'ਰੂਹਾਨੀ ਚਾਨਣ' ਲੋਕ ਅਰਪਣ



**ਸੰਗਰੂਰ (ਪ੍ਰਵੀਨ ਸਿੰਘ)**-ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ:) ਵੱਲੋਂ ਡੇਰਾ ਸਤਿਗੁਰ ਤੂੰ ਕਮੇਟੀ ਪਿੰਡ ਚੱਠੇ ਸੇਖਵਾਂ ਦੇ ਸਹਿਯੋਗ ਨਾਲ ਸਤਿਗੁਰ ਤੂੰ ਦੀ ਚੌਥੀ ਬਰਸੀ ਮੌਕੇ ਪਿੰਡ ਚੱਠੇ ਸੇਖਵਾਂ ਵਿਖੇ ਭਾਰੀ ਇਕੱਠ 'ਚ ਸਾਹਿਤਕਾਰ ਸੁਰਜੀਤ ਸਿੰਘ ਮੌਜੀ ਦੀ ਪੁਸਤਕ 'ਰੂਹਾਨੀ ਚਾਨਣ' ਲੋਕ ਅਰਪਣ ਕੀਤੀ ਗਈ। ਪੁਸਤਕ ਲੋਕ ਅਰਪਣ ਤੋਂ ਪਹਿਲਾਂ ਮੰਚ ਸੰਚਾਲਨ ਕਰ ਰਹੇ ਗੀਤਕਾਰ ਅਤੇ ਗਾਇਕ ਕੁਲਵੰਤ ਉੱਪਲੀ ਨੇ ਸਤਿਗੁਰ ਤੂੰ ਦੇ ਜੀਵਨ ਤੇ ਸਿੱਖਿਆਵਾਂ ਬਾਰੇ ਵਿਸਥਾਰ ਸਹਿਤ ਜਾਣਕਾਰੀ ਦਿੱਤੀ। ਹਾਜ਼ਰ ਲੇਖਕਾਂ ਨੇ ਸੁਰਜੀਤ ਸਿੰਘ ਮੌਜੀ ਦੀਆਂ ਸਾਹਿਤਕ ਸਰਗਰਮੀਆਂ ਦੀ ਭਰਪੂਰ ਚਰਚਾ ਕਰਦਿਆਂ ਉਨ੍ਹਾਂ ਨੂੰ ਨਵੀਂ ਤੇ ਪੁਸਤਕ ਦੀ ਪ੍ਰਕਾਸ਼ਨਾ ਦੀ ਵਧਾਈ ਦਿੱਤੀ। ਡੇਰਾ ਸਤਿਗੁਰ ਤੂੰ ਕਮੇਟੀ ਵੱਲੋਂ ਮੌਜੀ ਸਾਹਿਬ ਨੂੰ ਸਨਮਾਨਤ ਕੀਤਾ ਗਿਆ।

## ਲੋਕ ਸੇਵਾ ਸੁਸਾਇਟੀ ਨੇ ਵਰਿਆਮ ਸਕੂਲ ਨੂੰ ਇਮਾਰਤ ਲਈ ਦਿੱਤਾ ਸਰੀਆ



**ਜਗਰਾਉਂ (ਸੰਜੀਵ ਅਰੋੜਾ)**-ਲੋਕ ਸੇਵਾ ਸੁਸਾਇਟੀ ਵੱਲੋਂ ਵਰਿਆਮ ਸਿੰਘ ਮੈਮੋਰੀਅਲ ਆਦਰਸ਼ ਸਕੂਲ ਜਗਰਾਉਂ ਨੂੰ ਸਕੂਲ ਦੀ ਇਮਾਰਤ ਲਈ 12 ਕੁਇੰਟਲ ਸਰੀਆ ਦਿੱਤਾ ਗਿਆ। ਸੁਸਾਇਟੀ ਦੇ ਚੇਅਰਮੈਨ ਗੁਲਸ਼ਨ ਅਰੋੜਾ, ਪ੍ਰਧਾਨ ਰਜਿੰਦਰ ਜੈਨ ਕਾਕਾ, ਸੈਕਟਰੀ ਡਾਕਟਰ ਕੁਲਭੂਸ਼ਣ ਗੁਪਤਾ ਤੇ ਕੈਸ਼ੀਅਰ ਸੁਨੀਲ ਬਜਾਜ ਨੇ ਸਕੂਲ ਦੇ ਪ੍ਰਬੰਧਕਾਂ ਨੂੰ 12 ਕੁਇੰਟਲ ਸਰੀਆ ਦਿੰਦਿਆਂ ਦੱਸਿਆ ਕਿ ਸੁਸਾਇਟੀ ਵੱਲੋਂ ਪਹਿਲਾਂ ਵੀ ਇਸ ਸਕੂਲ ਨੂੰ ਸਮੇਂ ਸਮੇਂ 'ਤੇ ਲੋੜੀਂਦਾ ਸਾਮਾਨ ਦਿੱਤਾ ਗਿਆ ਹੈ ਅਤੇ ਭਵਿੱਖ ਵਿੱਚ ਵੀ ਸਕੂਲ ਦੀ ਮੰਗ ਅਨੁਸਾਰ ਲੋੜੀਂਦਾ ਸਾਮਾਨ ਦੇਣ ਦੀ ਹਰ ਸੰਭਵ ਕੋਸ਼ਿਸ਼ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸ ਨੇਕ ਕੰਮ ਵਿੱਚ ਸੁਸਾਇਟੀ ਮੈਂਬਰਾਂ ਦਾ ਯੋਗਦਾਨ ਹੈ। ਇਸ ਮੌਕੇ ਵਰਿਆਮ ਸਿੰਘ ਮੈਮੋਰੀਅਲ ਆਦਰਸ਼ ਸਕੂਲ ਦੇ ਪ੍ਰਧਾਨ ਹਿੰਮਤ ਵਰਮਾ, ਚੇਅਰਮੈਨ ਰਵਿੰਦਰ ਸਿੰਘ, ਦਰਸ਼ਨ ਸਿੰਘ ਓਬਰਾਏ, ਹਰਪ੍ਰੀਤ ਸਿੰਘ ਓਬਰਾਏ, ਅਮਨਦੀਪ ਓਬਰਾਏ ਤੇ ਪ੍ਰਿੰਸੀਪਲ ਪ੍ਰੀਤੀ ਓਬਰਾਏ ਨੇ ਦੱਸਿਆ ਕਿ ਸਕੂਲ ਵਿੱਚ ਅੱਤ ਗਰੀਬ ਪਰਿਵਾਰ ਦੇ ਬੱਚੇ ਪੜ੍ਹਾਈ ਕਰਦੇ ਹਨ ਅਤੇ ਇਨ੍ਹਾਂ ਬੱਚਿਆਂ ਨੂੰ ਬਿਨਾਂ ਕਿਸੇ ਮੁਨਾਫੇ ਦੇ ਸਿੱਖਿਆ ਦਿੱਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਸੁਸਾਇਟੀ ਵੱਲੋਂ ਸਕੂਲ ਨੂੰ ਦਿੱਤੀ ਜਾਂਦੀ ਮਦਦ ਲਈ ਉਹ ਤਹਿ ਦਿਲੋਂ ਰਿਣੀ ਹਨ। ਇਸ ਮੌਕੇ ਪ੍ਰੋਜੈਕਟ ਕੈਸ਼ੀਅਰ ਰਾਜੀਵ ਗੁਪਤਾ, ਦਰਸ਼ਨ ਲਾਲ ਜੁਨੇਜਾ, ਸੰਜੀਵ ਚੋਪੜਾ, ਮੁਕੇਸ਼ ਗੁਪਤਾ, ਡਾਕਟਰ ਭਾਰਤ ਭੂਸ਼ਣ ਬਾਂਸਲ, ਕੰਵਲ ਕੱਕੜ ਤੇ ਸੁਖਜਿੰਦਰ ਸਿੰਘ ਢਿੱਲੋਂ ਆਦਿ ਹਾਜ਼ਰ ਸਨ।

## ਮਦਰ ਇੰਡੀਆ ਸਕੂਲ ਵੱਲੋਂ ਤੀਆਂ ਤੀਜ ਦੀਆਂ ਸਮਾਗਮ



**ਪਾਤੜਾਂ (ਨਿਸ਼ਾਨ ਸਿੰਘ ਬਣਵਾਲਾ)**-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਮਦਰ ਇੰਡੀਆ ਪਬਲਿਕ ਸਕੂਲ ਵਿੱਚ ਤੀਆਂ ਦੇ ਤਿਉਹਾਰ ਨੂੰ ਸਮਰਪਤ ਇੱਕ ਸ਼ਾਨਦਾਰ ਸਮਾਗਮ 'ਤੀਆਂ ਤੀਜ ਦੀਆਂ' ਬਹੁਤ ਹੀ ਉਤਸ਼ਾਹ ਨਾਲ ਮਨਾਇਆ ਗਿਆ। ਸਮਾਗਮ ਦੀ ਸ਼ੁਰੂਆਤ ਅਰਦਾਸ ਕਰਨ ਉਪਰੰਤ ਪੰਜਾਬੀ ਗੀਤਾਂ ਤੇ ਬੋਲੀਆਂ ਨਾਲ ਹੋਈ, ਜਿਸ ਨੇ ਸਭ ਨੂੰ ਝੂਮਣ ਲਾ ਦਿੱਤਾ। ਵਿਦਿਆਰਥਣਾਂ ਨੇ ਸਟੇਜ ਉੱਪਰ ਤੀਆਂ ਨਾਲ ਸੰਬੰਧਤ ਵੱਖ ਵੱਖ ਗਤੀਵਿਧੀਆਂ ਵਿੱਚ ਹਿਸਾ ਲਿਆ, ਜਿਨ੍ਹਾਂ ਵਿੱਚ ਗਿੱਧਾ, ਭੰਗੜਾ, ਲੋਕ ਗੀਤ ਗਾਉਣ ਤੇ ਮਹਿੰਦੀ ਲਗਾਉਣ ਦੇ ਮੁਕਾਬਲੇ ਅਤੇ ਵੰਗਾਂ ਚੜ੍ਹਾਉਣ ਦੇ ਮੁਕਾਬਲੇ ਸ਼ਾਮਲ ਹਨ। ਪ੍ਰੋਗਰਾਮ ਨੂੰ ਹੋਰ ਵਧੀਆ ਬਣਾਉਣ ਲਈ ਬੱਚਿਆਂ ਤੋਂ ਤੀਆਂ ਨਾਲ ਸੰਬੰਧਤ ਪ੍ਰਸ਼ਨ ਪੁੱਛੇ ਗਏ ਅਤੇ ਉਨ੍ਹਾਂ ਨੂੰ ਇਨਾਮ ਦਿੱਤੇ ਗਏ। ਬਹੁਤ ਸਾਰੇ ਬੱਚਿਆਂ ਨੇ ਸੱਭਿਆਚਾਰ ਨਾਲ ਸੰਬੰਧਤ ਮਾਡਲ ਬਣਾਏ, ਜਿਵੇਂ ਕਿ ਪੰਜਾਬੀ ਕਲਚਰ, ਵਿਆਹ ਦੀਆਂ ਰਸਮ ਰਿਵਾਜ, ਸਾਇੰਸ ਨਾਲ ਸਬੰਧਤ ਇਹ ਸਾਰਿਆਂ ਵਿੱਚੋਂ ਫਸਟ ਪੁਜ਼ੀਸ਼ਨ ਬਾਰਵੀਂ ਕਲਾਸ ਦੀਆਂ ਵਿਦਿਆਰਥਣਾਂ ਨੇ ਹਾਸਲ ਕੀਤੀ, ਜਿਨ੍ਹਾਂ ਨੇ ਪੰਜਾਬੀ ਕਲਚਰ ਨਾਲ ਸਬੰਧਤ ਪੇਂਡੂ ਸੱਭਿਆਚਾਰ ਪੇਸ਼ ਕੀਤਾ। ਸਕੂਲ ਡਾਇਰੈਕਟਰ ਮੈਡਮ ਵੀਨਾ ਤੇ ਡਾ. ਨੀਤਿਕਾ ਗੁਪਤਾ ਨੇ ਕਿਹਾ ਕਿ ਅਜਿਹੇ ਸਮਾਗਮ ਵਿਦਿਆਰਥੀਆਂ ਨੂੰ ਆਪਣੇ ਅਮੀਰ ਸੱਭਿਆਚਾਰ ਨਾਲ ਜੋੜੀ ਰੱਖਣ ਵਿੱਚ ਮਦਦ ਕਰਦੇ ਹਨ।

## ਗੱਜੂਮਾਜਰਾ ਸਕੂਲ 'ਚ ਵਿਦਿਆਰਥੀਆਂ ਨੂੰ ਨਸ਼ੇ ਵਿਰੁੱਧ ਕੀਤਾ ਜਾਗਰੂਕ




**ਸਮਾਣਾ (ਗੁਰਪਿਆਰ ਸਿੰਘ ਬੱਲ, ਇਕਬਾਲ ਸਿੰਘ ਬੱਲ)**-ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤੇ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਸਕੂਲਾਂ 'ਚ 1 ਅਗਸਤ ਤੋਂ ਨਸ਼ਾ ਵਿਰੋਧੀ ਵਿਸ਼ੇ ਦੀ ਪੜ੍ਹਾਈ ਸ਼ੁਰੂ ਕਰਨ ਦੇ ਹੁਕਮਾਂ ਦੀ ਲੜੀ ਵਿੱਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਗੱਜੂਮਾਜਰਾ ਵਿਖੇ ਵਿਦਿਆਰਥੀਆਂ ਲਈ ਨਸ਼ਾ ਵਿਰੋਧੀ ਸੁਨੇਹਾ ਦਿੰਦਾ ਨਾਟਕ ਖੇਡਿਆ ਗਿਆ। ਇਹ ਨਾਟਕ ਥੀਏਟਰ ਗਰੁੱਪ ਪਟਿਆਲਾ ਵੱਲੋਂ ਪੇਸ਼ ਕੀਤਾ ਗਿਆ, ਜਿਸ ਨੂੰ ਡਾ. ਦਿਲਵਰ ਸਿੰਘ ਡਾਇਰੈਕਟਰ ਐੱਨ.ਐੱਸ.ਐੱਸ. ਤੇ ਯੁਵਕ ਸੇਵਾਵਾਂ ਕਲੱਬ ਵੱਲੋਂ ਸਕੂਲ ਲਈ ਭੇਜਿਆ ਗਿਆ। ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਸਿੱਖਿਆ ਤੇ ਉਪ-ਜ਼ਿਲ੍ਹਾ ਸਿੱਖਿਆ ਅਫਸਰ ਡਾ: ਰਵਿੰਦਰਪਾਲ ਸ਼ਰਮਾ ਦੇ ਦਿਸ਼ਾ-ਨਿਰਦੇਸ਼ ਅਨੁਸਾਰ ਸਕੂਲ ਪ੍ਰਿੰਸੀਪਲ ਦਿਆਲ ਸਿੰਘ ਦੇ ਸਹਿਯੋਗ ਨਾਲ ਇਹ ਪ੍ਰੋਗਰਾਮ ਸਫਲਤਾਪੂਰਵਕ ਸੰਪੰਨ ਹੋਇਆ। ਸਟੇਜ ਸੰਚਾਲਨ ਦੀ ਭੂਮਿਕਾ ਪ੍ਰੋਗਰਾਮ ਅਫਸਰ ਜਸਵਿੰਦਰ ਸਿੰਘ ਨੇ ਨਿਭਾਈ। ਨਾਟਕ ਰਾਹੀਂ ਵਿਦਿਆਰਥੀਆਂ ਨੂੰ ਨਸ਼ਿਆਂ ਦੇ ਕਹਿਰ ਬਾਰੇ ਜਾਗਰੂਕ ਕੀਤਾ ਗਿਆ ਤੇ ਉਨ੍ਹਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ ਗਿਆ। ਇਸ ਮੌਕੇ ਟੀਮ ਦਾ ਸਨਮਾਨ ਗੁਰਪਿੰਦਰ ਕੌਰ ਇੰਚਾਰਜ ਤੇ ਸਮੂਹ ਸਕੂਲ ਸਟਾਫ ਵੱਲੋਂ ਕੀਤਾ ਗਿਆ।

## ਕੇਂਦਰ ਬੇਅਦਬੀਆਂ ਨੂੰ ਰੋਕਣ ਲਈ ਸਖਤ ਕਾਨੂੰਨ ਬਣਾਵੇ : ਪ੍ਰੋ. ਬਡੂੰਗਰ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ ਨੇ ਕੇਂਦਰ ਸਰਕਾਰ ਪਾਸੋਂ ਮੰਗ ਕੀਤੀ ਹੈ ਕਿ ਵੱਖੋ ਵੱਖ ਥਾਵਾਂ 'ਤੇ ਹੋ ਰਹੀਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੇਅਦਬੀ ਦੀਆਂ ਘਟਨਾਵਾਂ ਤੇ ਸਿੱਖਾਂ ਨੂੰ ਧਾਰਮਿਕ ਚਿੰਨ ਪਹਿਨਣ ਤੋਂ ਰੋਕਣ ਅਤੇ ਪੰਜ ਕਕਾਰਾਂ ਵਿੱਚ ਸ਼ਾਮਲ ਕੜੇ ਆਦਿ ਨੂੰ ਇਮਤਿਹਾਨਾਂ ਵਿੱਚ ਉਤਾਰ ਕੇ ਜਾਣ ਦੀਆਂ ਕਾਰਵਾਈਆਂ ਉੱਪਰ ਮੁਕੰਮਲ ਤੌਰ 'ਤੇ ਨੱਥ ਪਾਉਣ ਲਈ ਸਖਤ ਕਾਨੂੰਨ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਜੇਕਰ ਕੇਂਦਰ ਸਰਕਾਰ ਬੇਅਦਬੀਆਂ ਦੇ ਮਾਮਲੇ 'ਤੇ ਸਖਤ ਕਾਨੂੰਨ ਬਣਾਏਗੀ ਤਾਂ ਵੱਖ ਵੱਖ ਥਾਵਾਂ 'ਤੇ ਵਾਪਰ ਰਹੀਆਂ ਬੇਅਦਬੀ ਦੀਆਂ ਘਟਨਾਵਾਂ 'ਤੇ ਕਾਬੂ ਪੈ ਸਕੇਗਾ, ਕਿਉਂਕਿ ਅੱਜ ਕੇਵਲ ਦੇਸ਼ ਹੀ ਨਹੀਂ, ਬਲਕਿ ਵਿਸ਼ਵ ਵਿੱਚ ਸਿੱਖਾਂ ਵੱਲੋਂ ਵਾਸਾ ਕਰਕੇ ਆਪਣੇ ਗੁਰਧਾਮ ਬਣਾਏ ਹੋਏ ਹਨ ਤੇ ਜੇਕਰ ਕੇਂਦਰ ਸਰਕਾਰ ਇਸ ਮਾਮਲੇ ਸਬੰਧੀ ਸਖਤ ਰੁਖ ਅਪਣਾ ਕੇ ਬੇਅਦਬੀਆਂ ਦੇ ਮਾਮਲੇ 'ਤੇ ਕਾਨੂੰਨ ਬਣਾਏਗੀ ਤਾਂ ਸਮੁੱਚੇ ਦੇਸ਼ ਭਰ ਦੇ ਵਾਸੀ ਇਸ ਮਾਮਲੇ ਸਬੰਧੀ ਜਾਣੂੰ ਹੋ ਸਕਣਗੇ। ਪ੍ਰੋਫੈਸਰ ਬਡੂੰਗਰ ਨੇ ਕਿਹਾ ਕਿ ਪੰਜ ਕਕਾਰਾਂ ਵਿੱਚ ਸ਼ਾਮਲ ਕੜਾ ਸਿੱਖਾਂ ਲਈ ਅਹਿਮ ਸਥਾਨ ਰੱਖਦਾ ਹੈ ਤੇ ਇਮਤਿਹਾਨਾਂ ਵਿੱਚ ਕੜੇ ਨੂੰ ਉਤਾਰ ਕੇ ਜਾਣਾ ਮਰਿਆਦਾ ਦੀ ਵੀ ਉਲੰਘਣਾ ਹੈ।

## ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਬੱਚਿਆਂ ਦਾ ਸਨਮਾਨ



**ਬਾਘਾ ਪੁਰਾਣਾ (ਮਨੀ ਸਿੰਗਲਾ)**-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਤੇ ਸਰਕਾਰੀ ਪ੍ਰਾਇਮਰੀ ਸਕੂਲ ਪਿੰਡ ਵਾਂਦਰ ਵਿਖੇ ਪਹਿਲੀ ਜਮਾਤ ਤੋਂ 12ਵੀ ਜਮਾਤ ਤੱਕ ਪੁਜ਼ੀਸ਼ਨਾਂ ਹਾਸਲ ਕਰਨ ਵਾਲੇ ਬੱਚਿਆਂ ਦਾ ਸਨਮਾਨ ਸਰਪੰਚ ਸਤਪਾਲ ਸਿੰਘ ਬਲਾਕ ਸੰਮਤੀ ਮੈਂਬਰ ਪਿੰਡ ਹਰਦੋ ਫਰਾਲਾ (ਜਲੰਧਰ) ਦੁਆਰਾ ਕੀਤਾ ਗਿਆ।ਇਸ ਸਮੇਂ ਪਿੰਡ ਵਾਂਦਰ ਦੇ ਡਾ. ਜੋਰਾ ਸਿੰਘ ਸਰਪੰਚ, ਕਰਨਜੀਤ ਸਿੰਘ ਚੇਅਰਮੈਨ, ਜਸਪਾਲ ਸਿੰਘ ਸਾਬਕਾ ਸਰਪੰਚ, ਬਲਵਿੰਦਰ ਸਿੰਘ ਜੈਲਦਾਰ, ਡਾ. ਮੱਖਣ ਸਿੰਘ ਸਾਬਕਾ ਸੋਸਾਇਟੀ ਪ੍ਰਧਾਨ, ਬਲਵਿੰਦਰ ਸਿੰਘ ਮੈਂਬਰ ਪੰਚਾਇਤ, ਪ੍ਰਭੂ ਸਿੰਘ ਖਾਲਸਾ ਤੇ ਸੋਹਣ ਸਿੰਘ ਗਿੱਲ ਹਾਜ਼ਰ ਸਨ। ਇਸ ਸਮੇਂ ਜੋਰਾ ਸਿੰਘ ਸਰਪੰਚ ਨੇ ਸਤਪਾਲ ਸਿੰਘ ਵੱਲੋਂ ਅਪਣੇ ਜੰਮਣ ਭੋਇੰ ਲਈ ਸਮੇਂ ਸਮੇਂ 'ਤੇ ਕੀਤੇ ਜਾਂਦੇ ਉੱਦਮ ਦੀ ਸ਼ਲਾਘਾ ਕੀਤੀ।ਸ੍ਰ. ਬਲਵਿੰਦਰ ਸਿੰਘ ਜੈਲਦਾਰ ਨੇ ਬੱਚਿਆਂ ਨੂੰ ਅਗਾਂਹਵਧੂ ਸੋਚ ਰੱਖਣ ਤੇ ਸਕੂਲ ਲਈ ਹਰ ਉਦਮੀਂ ਬੱਚੇ ਤੇ ਸਟਾਫ ਦਾ ਸਾਥ ਦੇਣ ਦਾ ਵਾਅਦਾ ਕੀਤਾ ਤੇ ਬੱਚਿਆਂ ਦੀ ਹੌਸਲਾ ਅਫ਼ਜ਼ਾਈ ਕੀਤੀ।ਸਮਾਗਮ ਦੇ ਅੰਤ 'ਤੇ ਸਕੂਲ ਪ੍ਰਿੰਸੀਪਲ ਮਨਜੀਤ ਕੌਰ ਨੇ ਸਮੂਹ ਨਗਰ ਤੇ ਮੁਹਤਬਰ ਵਿਅਕਤੀਆਂ ਦਾ ਧੰਨਵਾਦ ਕਰਦੇ ਹੋਏ ਪਿੰਡ ਵੱਲੋਂ ਹਰ ਸਮੇਂ ਸਾਥ ਦੇਣ 'ਤੇ ਧੰਨਵਾਦ ਕੀਤਾ। ਪ੍ਰੋਗਰਾਮ ਵਿੱਚ ਮਾਸਟਰ ਰਾਜਿੰਦਰ ਕੁਮਾਰ ਵੱਲੋਂ ਬਾਖੂਬੀ ਨਿਭਾਈ ਗਈ।

## ਪੋਲਰ ਸਟਾਰ ਸਕੂਲ ਦੇ ਖਿਡਾਰੀਆਂ ਜ਼ੋਨਲ ਖੇਡਾਂ 'ਚ ਮੈਡਲ ਜਿੱਤੇ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਮਾਲਵਾ ਖੇਤਰ ਦੀ ਮਸ਼ਹੂਰ ਸੰਸਥਾ ਮਾਤਾ ਸੁੰਦਰੀ ਗਰੁੱਪ ਆਫ ਇੰਸਟੀਚਿਊਸ਼ਨਜ਼ ਢੱਡੇ ਦੀ ਇਕਾਈ 'ਦੀ ਪੋਲਰ ਸਟਾਰ ਸਕੂਲ' ਦੇ ਖਿਡਾਰੀਆਂ ਨੇ ਪੰਜਾਬ ਸਕੂਲ ਜ਼ੋਨਲ ਖੇਡਾਂ 2025 ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ 2 ਚਾਂਦੀ ਤੇ 1 ਕਾਂਸੀ ਦਾ ਮੈਡਲ ਜਿੱਤ ਕੇ ਸਕੂਲ ਦਾ ਨਾਂ ਰੌਸ਼ਨ ਕੀਤਾ। ਇਸ ਸ਼ਾਨਦਾਰ ਪ੍ਰਾਪਤੀ ਦੇ ਨਾਲ ਹੀ 8 ਖਿਡਾਰੀਆਂ ਦੀ ਚੋਣ ਜ਼ਿਲ੍ਹਾ ਪੱਧਰੀ ਖੇਡਾਂ ਲਈ ਵੀ ਹੋ ਗਈ ਹੈ। ਇਸ ਮੌਕੇ ਸੰਸਥਾ ਦੇ ਚੇਅਰਮੈਨ ਕੁਲਵੰਤ ਸਿੰਘ ਸਿੱਧੂ, ਮੈਨੇਜਿੰਗ ਡਾਇਰੈਕਟਰ ਗੁਰਬਿੰਦਰ ਸਿੰਘ ਬੱਲੀ ਤੇ ਡਾਇਰੈਕਟਰ ਐਡਮਨਿਸਟ੍ਰੇਸ਼ਨ ਪਰਮਿੰਦਰ ਸਿੰਘ ਸਿੱਧੂ ਨੇ ਖੁਸ਼ੀ ਜ਼ਾਹਰ ਕਰਦਿਆਂ ਸਕੂਲ ਦੇ ਪ੍ਰਿੰਸੀਪਲ ਕੰਵਰਦੀਪ ਸਿੰਘ ਗਿੱਲ, ਕੋਚਾਂ, ਖਿਡਾਰੀਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ। ਪ੍ਰਿੰਸੀਪਲ ਕੰਵਰਦੀਪ ਸਿੰਘ ਗਿੱਲ ਨੇ ਦੱਸਿਆ ਕਿ ਅੰਡਰ-14 ਸਾਲ ਉਮਰ ਵਰਗ ਦੀਆਂ ਲੜਕੀਆਂ ਨੇ ਰੱਸਾਕਸੀ 'ਚ ਚਾਂਦੀ ਦਾ ਤੇ ਕਬੱਡੀ ਨੈਸ਼ਨਲ 'ਚ ਕਾਂਸੀ ਦਾ ਮੈਡਲ ਹਾਸਲ ਕੀਤਾ। ਇਸੇ ਤਰ੍ਹਾਂ ਲੜਕਿਆਂ ਦੀ ਰੱਸਾਕਸੀ ਟੀਮ ਨੇ ਵੀ ਚਾਂਦੀ ਦਾ ਮੈਡਲ ਜਿੱਤਿਆ। ਇਸ ਤੋਂ ਇਲਾਵਾ ਸਕੂਲ ਦੇ 8 ਖਿਡਾਰੀਆਂ ਨੇ ਜ਼ਿਲ੍ਹਾ ਪੱਧਰੀ ਖੇਡਾਂ ਲਈ ਵੀ ਕੁਆਲੀਫਾਈ ਕੀਤਾ ਹੈ। ਲੜਕੀਆਂ ਵਿੱਚੋਂ ਬਖਸ਼ਪ੍ਰੀਤ ਕੌਰ, ਗੁਰਨੂਰ ਕੌਰ, ਗੁਰਨੂਰ ਕੌਰ ਤੇ ਕੋਮਲਪ੍ਰੀਤ ਕੌਰ ਦੀ ਚੋਣ ਹੋਈ ਹੈ। ਲੜਕਿਆਂ 'ਚੋਂ ਆਤਿਫ ਭੱਟੀ, ਖੁਸ਼ਦੀਪ ਸਿੰਘ, ਗੁਰਸ਼ਰਨ ਸਿੰਘ ਤੇ ਗੁਰਮਨਪ੍ਰੀਤ ਸਿੰਘ ਨੇ ਜ਼ਿਲ੍ਹਾ ਪੱਧਰ 'ਤੇ ਸਕੂਲ ਦੀ ਪ੍ਰਤੀਨਿਧਤਾ ਕਰਨ ਦਾ ਮੌਕਾ ਪ੍ਰਾਪਤ ਕੀਤਾ ਹੈ। ਕਾਲਜ ਪ੍ਰਿੰਸੀਪਲ ਰਾਜ ਸਿੰਘ ਬਾਘਾ, ਡਾਇਰੈਕਟਰ ਮੈਡਮ ਸਿੰਬਲਜੀਤ ਕੌਰ ਤੇ ਖਜ਼ਾਨਚੀ ਮੈਡਮ ਪ੍ਰਸ਼ੋਤਮ ਕੌਰ ਨੇ ਵੀ ਇਨ੍ਹਾਂ ਨਤੀਜਿਆਂ 'ਤੇ ਖੁਸ਼ੀ ਦਾ ਪ੍ਰਗਟਾਵਾ ਕਰਦਿਆਂ ਖਿਡਾਰੀਆਂ ਨੂੰ ਉਨ੍ਹਾਂ ਦੇ ਉੱਜਵਲ ਭਵਿੱਖ ਲਈ ਸ਼ੁੱਭ-ਕਾਮਨਾਵਾਂ ਦਿੱਤੀਆਂ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Printer, Publisher and Editor : Chand Singh @ Chand Fatehpuri for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar.
ਪ੍ਰਕਾਸ਼ਕ, ਛਾਪਕ ਤੇ ਸੰਪਾਦਕ : ਚੰਦ ਸਿੰਘ ਉਰਫ ਚੰਦ ਫਤਿਹਪੁਰੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ। * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ।
ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

6 Aug Page 3.qxd 8/5/2025 10:33 PM Page 1



## 20 ਗ੍ਰਾਮ ਹੈਰੋਇਨ ਤੇ 4730 ਰੁਪਏ ਡਰੱਗ ਮਨੀ ਸਮੇਤ ਨੌਜਵਾਨ ਕਾਬੂ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਥਾਣਾ ਤਿੱਬੜ ਦੀ ਪੁਲਸ ਨੇ 20 ਗ੍ਰਾਮ ਹੈਰੋਇਨ ਅਤੇ 4730 ਰੁਪਏ ਡਰੱਗ ਮਨੀ ਸਮੇਤ ਇਕ ਨੌਜਵਾਨ ਨੂੰ ਕਾਬੂ ਕੀਤਾ ਹੈ। ਥਾਣਾ ਤਿੱਬੜ ਦੇ ਐੱਸਐੱਚਓ ਇੰਸਪੈਕਟਰ ਗੁਰਮੀਤ ਸਿੰਘ ਨੇ ਦੱਸਿਆ ਕਿ ਸਬ ਇੰਸਪੈਕਟਰ ਹਰਮੇਸ਼ ਕੁਮਾਰ ਨੇ ਸਮੇਤ ਪੁਲਸ ਪਾਰਟੀ ਗਸ਼ਤ ਦੌਰਾਨ ਭੈੜੇ ਪੁਰਸ਼ਾਂ ਦੀ ਤਲਾਸ਼ ਵਿੱਚ ਦਾਣਾ ਮੰਡੀ ਸਿੱਧਵਾਂ ਤੋਂ ਸ਼ੱਕ ਦੇ ਅਧਾਰ 'ਤੇ ਇਕ ਨੌਜਵਾਨ ਨੂੰ ਕਾਬੂ ਕਰਕੇ ਤਲਾਸ਼ੀ ਲਈ ਤਾਂ ਉਸ ਕੋਲੋਂ 20 ਗ੍ਰਾਮ ਹੈਰੋਇਨ ਅਤੇ ਪਹਿਨੇ ਹੋਏ ਪਜਾਮੇ ਦੀ ਖੱਬੀ ਜੇਬ ਵਿੱਚੋਂ 4730 ਰੁਪਏ ਡਰੱਗ ਮਨੀ ਬਰਾਮਦ ਹੋਈ। ਮੁਲਜ਼ਮ ਦੀ ਪਛਾਣ ਸੁਖਦੇਵ ਉਰਫ ਸੁੱਖਾ ਪੁੱਤਰ ਸਲਵਿੰਦਰ ਵਾਸੀ ਬਰਿਆਰ, ਥਾਣਾ ਦੀਨਾ ਨਗਰ ਵਜੋਂ ਹੋਈ। ਪੁਲਸ ਨੇ ਹੈਰੋਇਨ ਅਤੇ ਡਰੱਗ ਮਨੀ ਸਮੇਤ ਸੁਖਦੇਵ ਉਰਫ ਸੁੱਖਾ ਨੂੰ ਗ੍ਰਿਫਤਾਰ ਕਰਕੇ ਉਸ ਵਿਰੁੱਧ ਐਨਡੀਪੀਐੱਸ ਐਕਟ ਤਹਿਤ ਮੁਕੱਦਮਾ ਦਰਜ ਕੀਤਾ ਹੈ।

## ਵਿਧਾਇਕ ਧਾਲੀਵਾਲ ਨੇ ਅੱਗ ਲੱਗਣ ਕਾਰਨ ਨੁਕਸਾਨੀਆਂ ਦੁਕਾਨਾਂ ਦਾ ਜਾਇਜ਼ਾ ਲਿਆ

**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**- ਅਜਨਾਲਾ ਦੀ ਪੁਰਾਣੀ ਕਚਹਿਰੀ ਅਤੇ ਵਾਰਡ ਨੰਬਰ 10 ਵਿਚ ਸਥਿਤ ਦੋ ਦੁਕਾਨਾਂ ਜੋ ਦੇਰ ਰਾਤ ਅੱਗ ਲੱਗਣ ਨਾਲ ਸੜ ਗਈਆਂ ਸਨ, ਦਾ ਜਾਇਜ਼ਾ ਲੈਣ ਲਈ ਹਲਕਾ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਪਹੁੰਚੇ, ਜਿਨਾਂ ਵੱਲੋਂ



ਦੁਕਾਨ ਮਾਲਕਾਂ ਨੂੰ ਵਿਸ਼ਵਾਸ ਦਵਾਇਆ ਗਿਆ ਕਿ ਮੁੱਖ ਮੰਤਰੀ ਪੰਜਾਬ ਵੱਲੋਂ ਬਣਦੀ ਹਰ ਸੰਭਵ ਸਹਾਇਤਾ ਦਿੱਤੀ ਜਾਵੇਗੀ।ਸ. ਧਾਲੀਵਾਲ ਨੇ ਕਿਹਾ ਕਿ ਜ਼ਿੰਦਗੀ ਵਿੱਚ ਅਜਿਹੇ ਸਮੇਂ ਆਉਂਦੇ ਰਹਿੰਦੇ ਹਨ ਪਰ ਲੋੜ ਹੁੰਦੀ ਹੈ ਕਿ ਜਦੋਂ ਆਪਣੇ ਕਿਸੇ ਭਰਾ ਉੱਤੇ ਔਖਾ ਸਮਾਂ ਆਵੇ ਤਾਂ ਉਸ ਦਾ ਸਾਥ ਆਪਾਂ ਸਾਰੇ ਦਈਏ।ਉਨ੍ਹਾਂ ਕਿਹਾ ਕਿ ਮੈਂ ਮੁੱਖ ਮੰਤਰੀ ਪੰਜਾਬ ਵੱਲੋਂ ਰਾਹਤ ਕੋਸ਼ ਵਿੱਚੋਂ ਸਹਾਇਤਾ ਲੈ ਕੇ ਦਿਆਂਗਾ ਅਤੇ ਸ਼ਹਿਰ ਭਾਈਚਾਰੇ ਨੂੰ ਵੀ ਇਨ੍ਹਾਂ ਦੇ ਸਹਿਯੋਗ ਲਈ ਅੱਗੇ ਆਉਣਾ ਚਾਹੀਦਾ ਤਾਂ ਜੋ ਇਹ ਸਾਡੇ ਭਰਾ ਮੁੜ ਪੈਰਾਂ ਸਿਰ ਹੋ ਸਕਣ।ਇਸ ਮੌਕੇ ਦੁਕਾਨਦਾਰ ਅਮੋਲਕ ਸਿੰਘ ਨੇ ਦੱਸਿਆ ਕਿ ਪਿਛਲੇ ਦਿਨੀਂ ਦੁਕਾਨ ਸੜਨ ਨਾਲ 10 ਤੋਂ 11 ਲੱਖ ਰੁਪਏ ਦਾ ਨੁਕਸਾਨ ਹੋ ਗਿਆ ਸੀ ਤੇ ਸ. ਧਾਲੀਵਾਲ ਦੇ ਆਉਣ ਨਾਲ ਉਨ੍ਹਾਂ ਨੂੰ ਹੌਸਲਾ ਮਿਲਿਆ ਹੈ। ਉਨ੍ਹਾਂ ਨੇ ਧਾਲੀਵਾਲ ਦਾ ਵਿਸ਼ੇਸ਼ ਧੰਨਵਾਦ ਵੀ ਕੀਤਾ।ਇਸ ਮੌਕੇ ਐੱਸਡੀਐੱਮ ਅਜਨਾਲਾ ਰਵਿੰਦਰ ਸਿੰਘ ਅਰੋੜਾ, ਨਗਰ ਪੰਚਾਇਤ ਪ੍ਰਧਾਨ ਜਸਪਾਲ ਸਿੰਘ ਢਿੱਲੋਂ, ਸ਼ਹਿਰੀ ਆਮ ਆਦਮੀ ਪਾਰਟੀ ਦੇ ਪ੍ਰਧਾਨ ਅਮਿਤ ਔਲ, ਬਲਜਿੰਦਰ ਸਿੰਘ ਮਾਹਲ, ਸ਼ਿਵਦੀਪ ਸਿੰਘ ਚਾਹਲ, ਮੈਡਮ ਗੀਤਾ ਗਿੱਲ, ਸ਼ਮਸ਼ੇਰ ਸਿੰਘ ਸ਼ੇਰਾ, ਅਜੇ ਕੁਮਾਰ, ਸੁਖਦਿਆਲ ਸਿੰਘ ਆਦਿ ਹਾਜ਼ਰ ਸਨ।

## ਫ਼ਲਸਤੀਨੀਆਂ ਦਾ ਕਤਲੇਆਮ ਅਤੇ ਨਸਲਕੁਸ਼ੀ ਬੰਦ ਕਰੇ ਇਜ਼ਰਾਈਲ : ਡਾ. ਪਰਮਿੰਦਰ

● ਲੋਕ ਪੱਖੀ ਤੇ ਨਿਆਂ ਪਸੰਦ ਜਮਹੂਰੀ ਤਾਕਤਾਂ ਨੂੰ ਇਸ ਦਰਿੰਦਗੀ ਖਿਲਾਫ ਆਵਾਜ਼ ਬੁਲੰਦ ਕਰਨ ਦੀ ਲੋੜ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**- ਤਰਕਸ਼ੀਲ ਸੁਸਾਇਟੀ ਪੰਜਾਬ ਦੀ ਅੰਮ੍ਰਿਤਸਰ ਇਕਾਈ ਵੱਲੋਂ ਫਲਸਤੀਨ ਲੋਕਾਂ ਦੀ ਆਜ਼ਾਦੀ ਦੀ ਮੰਗ ਦਾ ਜ਼ੋਰਦਾਰ ਸਮਰਥਨ ਕਰਨ ਲਈ 'ਫਲਸਤੀਨੀ ਲੋਕਾਂ ਨੂੰ ਆਜ਼ਾਦੀ ਦਾ ਹੱਕ' ਵਿਸ਼ੇ ਸੰਬੰਧੀ ਇਕ ਪ੍ਰਭਾਵਸ਼ਾਲੀ ਸਮਾਗਮ ਸਥਾਨਕ ਕੰਪਨੀ ਬਾਗ ਵਿਖੇ ਕਰਵਾਇਆ ਗਿਆ ਜਿਸ ਵਿੱਚ ਇਜ਼ਰਾਈਲ ਵੱਲੋਂ ਫਲਸਤੀਨੀ ਲੋਕਾਂ ਦੇ ਕੀਤੇ ਜਾ ਰਹੇ ਅੰਨ੍ਹੇ ਕਤਲੇਆਮ ਅਤੇ ਨਸਲਕੁਸ਼ੀ ਨੂੰ ਬੰਦ ਕਰਨ ਦੇ ਇਲਾਵਾ ਫਲਸਤੀਨ ਨੂੰ ਆਜ਼ਾਦ ਕਰਨ ਦੀ ਜ਼ੋਰਦਾਰ ਮੰਗ ਕੀਤੀ ਗਈ ਅਤੇ ਮੋਦੀ ਸਰਕਾਰ ਵੱਲੋਂ ਇਜ਼ਰਾਈਲ ਦੀ ਤਾਨਾਸ਼ਾਹੀ ਦੀ ਕੀਤੀ ਜਾ ਰਹੀ ਸਿੱਧੀ ਹਮਾਇਤ ਦੀ ਸਖ਼ਤ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ।ਇਸ ਸਬੰਧੀ ਵਿਚਾਰ ਪ੍ਰਗਟ ਕਰਦੇ ਹੋਏ ਉੱਘੇ ਜਮਹੂਰੀ ਚਿੰਤਕ ਡਾ. ਪਰਮਿੰਦਰ ਨੇ ਕਿਹਾ ਕਿ ਇਜ਼ਰਾਈਲ ਦੀ ਫੌਜ ਵੱਲੋਂ ਫਲਸਤੀਨ ਉਤੇ ਕਬਜ਼ਾ ਕਰਨ ਦੀ ਤਾਨਾਸ਼ਾਹੀ ਨੀਤੀ ਵਜੋਂ ਗਾਜ਼ਾ ਪੱਟੀ ਅਤੇ ਪੱਛਮੀ ਕੰਢੇ ਦੇ ਖੇਤਰਾਂ ਵਿੱਚ ਕੀਤੇ ਹਵਾਈ ਹਮਲਿਆਂ ਵਿੱਚ ਹੁਣ ਤੱਕ ਸੱਤਰ ਹਜ਼ਾਰ ਤੋਂ ਵੱਧ ਫਲਸਤੀਨੀ ਨਾਗਰਿਕ ਮਾਰੇ ਜਾ ਚੁੱਕੇ ਹਨ ਜਿਨ੍ਹਾਂ ਵਿੱਚ ਜ਼ਿਆਦਾਤਰ ਛੋਟੇ ਬੱਚੇ ਅਤੇ ਔਰਤਾਂ ਸ਼ਾਮਿਲ ਹਨ।ਉਨ੍ਹਾਂ ਕਿਹਾ ਕਿ ਇਹ ਕੋਈ ਜੰਗ ਨਹੀਂ ਬਲਕਿ ਇਜ਼ਰਾਈਲ ਅਮਰੀਕਾ ਦੀ ਮਿਲੀਭੁਗਤ ਨਾਲ ਇਕ ਸਾਜ਼ਿਸ਼ ਹੇਠ ਫਲਸਤੀਨੀਆਂ ਦੀ ਨਸਲਕੁਸ਼ੀ ਕੀਤੀ ਜਾ ਰਹੀ ਹੈ ਜਿਸਦੇ ਖ਼ਿਲਾਫ ਸਮੂਹ ਲੋਕ ਪੱਖੀ ਅਤੇ ਨਿਆਂ ਪਸੰਦ ਜਮਹੂਰੀ ਤਾਕਤਾਂ ਨੂੰ ਆਪਣੀ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ।ਇਸ ਮੌਕੇ ਸੂਬਾਈ ਤਰਕਸ਼ੀਲ ਆਗੂ ਸੁਮੀਤ ਅੰਮ੍ਰਿਤਸਰ ਨੇ ਫਲਸਤੀਨ ਦੀ ਆਜ਼ਾਦੀ ਦੇ ਜ਼ੋਰਦਾਰ ਸਮਰਥਨ ਕਰਦਿਆਂ ਦੋਸ਼ ਲਾਇਆ ਕਿ ਇਜ਼ਰਾਈਲ ਦੀ ਫੌਜ ਨੇ ਦਰਿੰਦਗੀ ਦੀਆਂ ਸਾਰੀਆਂ ਹੱਦਾਂ ਪਾਰ ਕਰਦੇ ਹੋਏ ਪਿਛਲੇ ਕੁਝ ਦਿਨਾਂ ਵਿੱਚ ਹੀ ਗਾਜ਼ਾ ਵਿੱਚ ਸੰਯੁਕਤ ਰਾਸ਼ਟਰ ਦੀ ਮਾਨਵਤਾਵਾਦੀ ਸਹਾਇਤਾ ਹੇਠ ਭੋਜਨ ਅਤੇ ਦਵਾਈਆਂ ਲੈਣ ਆਏ 800 ਫ਼ਲਸਤੀਨੀ ਨਾਗਰਿਕਾਂ ਨੂੰ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ ਹੈ ਅਤੇ ਹਜ਼ਾਰਾਂ ਬੱਚੇ ਭੁੱਖਮਰੀ ਦਾ ਸ਼ਿਕਾਰ ਹੋ ਕੇ ਮਾਵਾਂ ਦੇ ਸਾਹਮਣੇ ਦਮ ਤੋੜ ਰਹੇ ਹਨ।ਤਰਕਸ਼ੀਲ ਆਗੂਆਂ ਜਸਪਾਲ ਬਾਸਰਕੇ, ਪ੍ਰਿੰ.ਮੇਲਾ ਰਾਮ ਅਤੇ ਐਡਵੋਕੇਟ ਅਮਰਜੀਤ ਬਾਈ ਨੇ ਕਿਹਾ ਕਿ ਇਜ਼ਰਾਈਲ ਦਾ ਤਾਨਾਸ਼ਾਹ ਨੇਤਨਯਾਹੂ ਅਮਰੀਕਾ ਦੀ ਸਰਪ੍ਰਸਤੀ ਹੇਠ ਸੰਯੁਕਤ ਰਾਸ਼ਟਰ ਦੇ ਮਤਿਆਂ, ਕੌਮਾਂਤਰੀ ਨਿਆਂ ਅਦਾਲਤ ਦੇ ਫੈਸਲੇ ਅਤੇ ਕੌਮਾਂਤਰੀ ਮਨੁੱਖੀ ਅਧਿਕਾਰ ਸੰਗਠਨਾਂ ਦੀ ਪ੍ਰਵਾਹ ਕੀਤੇ ਬਗੈਰ ਸ਼ਰੇਆਮ ਔਰਤਾਂ, ਬੱਚਿਆਂ, ਹਸਪਤਾਲਾਂ ਉੱਤੇ ਬੰਬ ਸੁੱਟ ਕੇ ਫਲਸਤੀਨ ਲੋਕਾਂ ਦੀ ਨਸਲਕੁਸ਼ੀ ਕਰ ਰਿਹਾ ਹੈ ਪਰ ਮੋਦੀ ਸਰਕਾਰ ਉਸਨੂੰ ਰੋਕਣ ਜਾਂ ਸਖ਼ਤ ਵਿਰੋਧ ਕਰਨ ਦੀ ਬਜਾਇ ਉਲਟਾ ਉਸਦੀ ਸਿੱਧੀ ਹਮਾਇਤ ਕਰ ਰਹੀ ਹੈ।ਇਸ ਮੌਕੇ ਜਮਹੂਰੀ ਆਗੂ ਯਸ਼ਪਾਲ ਝਬਾਲ, ਕਿਸਾਨ ਆਗੂ ਗੁਰਬਚਨ ਸਿੰਘ ਅਤੇ ਤਰਕਸ਼ੀਲ ਆਗੂ ਹਰਮਨਜੀਤ ਕੌਰ ਨੇ ਕਿਹਾ ਕਿ ਫਲਸਤੀਨ ਦੇ ਲੋਕ ਕਈ ਦਹਾਕਿਆਂ ਤੋਂ ਆਪਣੇ ਜੱਦੀ ਇਲਾਕਿਆਂ ਅਤੇ ਆਪਣੀ ਜਮਹੂਰੀ ਆਜ਼ਾਦੀ ਦੇ ਹੱਕ ਦੀ ਰਾਖੀ ਦੀ ਲੜਾਈ ਲਈ ਕੁਰਬਾਨੀਆਂ ਦਿੰਦੇ ਆ ਰਹੇ ਹਨ ਅਤੇ ਇਜ਼ਰਾਈਲ, ਫਲਸਤੀਨੀ ਲੋਕਾਂ ਦੀ ਆਜ਼ਾਦੀ ਦੀ ਆਵਾਜ਼ ਨੂੰ ਆਪਣੇ ਫਾਸ਼ੀਵਾਦੀ ਜ਼ਬਰ ਨਾਲ ਹੁਣ ਹੋਰ ਲੰਬੇ ਸਮੇਂ ਤੱਕ ਨਹੀਂ ਦਬਾ ਸਕੇਗਾ।ਇਸ ਮੌਕੇ ਉਨ੍ਹਾਂ ਤੋਂ ਇਲਾਵਾ ਹਰਜਿੰਦਰ ਜਲਾਲਪੁਰ, ਰਾਜ ਕੁਮਾਰ ਵੇਰਕਾ, ਰਮੇਸ਼ ਜੈਨ, ਪਰਮਜੀਤ ਸਿੰਘ, ਅਨਮੋਲ ਸਿੰਘ, ਹਰੀ ਕ੍ਰਿਸ਼ਨ, ਡਾ. ਕੁਲਦੀਪ ਸਿੰਘ, ਡਾ. ਕਸ਼ਮੀਰ ਸਿੰਘ, ਕਪਤਾਨ ਸਿੰਘ, ਸਤਨਾਮ ਸਿੰਘ, ਅਨਮੋਲਪ੍ਰੀਤ ਸਿੰਘ ਆਦਿ ਹਾਜ਼ਰ ਸਨ।

## ਡਰੀਮ ਅਚੀਵਰਜ਼ ਸੀਨੀਅਰ ਸੈਕੰਡਰੀ ਸਕੂਲ ਕੋਹਾਲਾ ਵਿਖੇ ਤੀਆਂ ਦਾ ਤਿਉਹਾਰ ਮਨਾਇਆ



**ਚੇਤਨਪੁਰਾ (ਸੁਖਵੰਤ ਚੇਤਨਪੁਰੀ)**- ਸਾਵਣ ਦਾ ਮਹੀਨਾ ਪੰਜਾਬ ਵਿੱਚ ਵਿਸ਼ੇਸ਼ ਮਹੱਤਵ ਰੱਖਦਾ ਹੈ।ਇਸ ਮਹੀਨੇ ਪੂਰੇ ਪੰਜਾਬ ਵਿੱਚ ਤੀਆਂ ਦਾ ਤਿਉਹਾਰ ਬੜੇ ਚਾਵਾਂ ਨਾਲ ਮਨਾਇਆ ਜਾਂਦਾ ਹੈ।ਸਾਵਣ ਦੇ ਮਹੀਨੇ ਅਤੇ ਧੀਆਂ ਦੇ ਤਿਉਹਾਰ ਦੀ ਮਹੱਤਤਾ ਨੂੰ ਸਮਝਦਿਆਂ ਡਰੀਮ ਅਚੀਵਰਜ਼ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਦੇ ਵਿਹੜੇ ਵਿੱਚ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਮਿਲ ਕੇ ਇਹ ਤਿਉਹਾਰ ਬੜੇ ਚਾਵਾਂ ਨਾਲ ਮਨਾਇਆ। ਇਸ ਮੌਕੇ ਵਿਦਿਆਰਥਣਾਂ ਨੇ ਸਾਵਣ ਮਹੀਨੇ ਦੇ ਸੰਬੰਧ ਵਿੱਚ ਗੀਤ ਬੋਲੀਆਂ, ਗਿੱਧਾ, ਟੱਪੇ ਆਦਿ ਦੇ ਨਾਲ ਸਕੂਲ ਦੇ ਵਿਹੜੇ ਵਿੱਚ ਰੌਣਕਾਂ ਲਾਈਆਂ। ਸੀਨੀਅਰ ਕਲਾਸਾਂ ਦੀਆਂ ਵਿਦਿਆਰਥਣਾਂ ਨੇ ਗਿੱਧੇ ਦੇ ਨਾਲ ਨਾਲ ਬਹੁਤ ਸਾਰੀਆਂ ਸੱਭਿਆਚਾਰਕ ਵੰਨਗੀਆਂ ਪੇਸ਼ ਕੀਤੀਆਂ।ਸਕੂਲ ਵਿੱਚ ਸਭ ਤੋਂ ਵਧੀਆ ਪੇਸ਼ਕਾਰੀ ਕਰਨ ਵਾਲੀ ਵਿਦਿਆਰਥਣ ਸਿਮਰਨਜੀਤ ਕੌਰ ਨੂੰ ਚੁਣਿਆ ਗਿਆ। ਇਸ ਮੌਕੇ ਸਕੂਲ ਦੇ ਪ੍ਰਿੰਸੀਪਲ ਗੁਰਪ੍ਰੀਤ ਕੌਰ ਨੇ ਸਾਰਿਆਂ ਨੂੰ ਇਸ ਤਿਉਹਾਰ ਦੀ ਵਧਾਈ ਦਿੱਤੀ ਅਤੇ ਵਿਦਿਆਰਥੀਆਂ ਨੂੰ ਆਪਣੇ ਚਹੁੰਮੁੱਖੀ ਵਿਰਸੇ ਨਾਲ ਜੁੜਨ ਅਤੇ ਉਸ ਨੂੰ ਸਾਂਭਣ ਲਈ ਪ੍ਰੇਰਨਾ ਦਿੱਤੀ। ਇਸ ਮੌਕੇ ਸਕੂਲ ਦੇ ਡਾਇਰੈਕਟਰ ਪਰਮਜੀਤ ਸਿੰਘ ਨੇ ਬੱਚਿਆਂ ਦੇ ਨਾਲ ਨਾਲ ਉਨ੍ਹਾਂ ਦੇ ਅਧਿਆਪਕਾਂ ਦਾ ਵੀ ਧੰਨਵਾਦ ਕੀਤਾ, ਜਿਨ੍ਹਾਂ ਦੀ ਯੋਗ ਰਹਿਨੁਮਾਈ ਵਿੱਚ ਬੱਚਿਆਂ ਨੇ ਬਹੁਤ ਸਾਰੀਆਂ ਸੱਭਿਆਚਾਰਕ ਵੰਨਗੀਆਂ ਪੇਸ਼ ਕੀਤੀਆਂ।ਇਸ ਮੌਕੇ ਸਕੂਲ ਦਾ ਸਾਰਾ ਸਟਾਫ਼ ਹਾਜ਼ਰ ਸੀ।

## ਨਵੀਂ ਉਸਰ ਰਹੀ ਅਣ-ਅਧਿਕਾਰਿਤ ਕਲੋਨੀ ਉਪਰ ਮੁੜ ਚੱਲਿਆ ਪੀਲਾ ਪੰਜਾ

**ਅੰਮ੍ਰਿਤਸਰ (ਨਰਿੰਦਰ ਜੀਤ ਸਿੰਘ/ਕਮਲੇਸ਼)**- ਪੰਜਾਬ ਸਰਕਾਰ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਤਹਿਤ ਏਡੀਏ ਦੇ ਮੁੱਖ ਪ੍ਰਸ਼ਾਸਕ ਨਿਤੇਸ਼ ਕੁਮਾਰ ਜੈਨ, ਆਈਏਐੱਸ ਅਤੇ ਵਧੀਕ ਮੁੱਖ ਪ੍ਰਸ਼ਾਸਕ ਇਨਾਯਤ ਵੱਲੋਂ ਜਾਰੀ ਹੁਕਮਾਂ ਦੀ ਪਾਲਣਾ ਕਰਦੇ ਹੋਏ ਜ਼ਿਲ੍ਹਾ ਟਾਊਨ ਪਲਾਨਰ (ਰੈਗੂਲੇਟਰੀ) ਗੁਰਸੇਵਕ ਸਿੰਘ ਔਲਖ ਦੀ ਅਗਵਾਈ ਹੇਠ ਏਡੀਏ ਦੇ ਰੈਗੂਲੇਟਰੀ ਵਿੰਗ ਵੱਲੋਂ ਥਾਣਾ ਚਾਟੀਵਿੰਡ ਦੇ ਪੁਲਸ ਅਧਿਕਾਰੀਆਂ ਦੇ ਧਿਆਨ ਵਿੱਚ ਲਿਆਉਂਦੇ ਹੋਏ ਪਿੰਡ ਡੱਬੁਰਜੀ ਪੈਂਦੇ ਆਈਆਈਐੱਮ ਨੂੰ ਜਾਂਦੀ ਰੋਡ ਦੇ ਨਾਲ ਵਿਕਸਿਤ ਹੋ ਰਹੀ ਅਣ-ਅਧਿਕਾਰਤ ਕਲੋਨੀ ਵਿਰੁੱਧ ਕਾਰਵਾਈ ਕਰਦੇ ਹੋਏ ਕਲੋਨੀ ਨੂੰ ਢਾਹ ਦਿੱਤਾ ਗਿਆ।ਜ਼ਿਲ੍ਹਾ ਟਾਊਨ ਪਲਾਨਰ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਭਵਿੱਖ ਦੇ ਵਿਕਾਸ ਨੂੰ ਨਿਯੰਤਰਣ ਕਰਨ ਲਈ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਉਕਤ ਅਣ-ਅਧਿਕਾਰਤ ਕਲੋਨੀ ਨੂੰ ਪਾਪਰਾ ਐਕਟ-1995 ਅਧੀਨ ਨੋਟਿਸ ਜਾਰੀ ਕਰਦਿਆਂ ਕੰਮ ਬੰਦ ਕਰਵਾਉਂਦੇ ਹੋਏ ਪਹਿਲਾਂ ਵੀ ਡੈਮੋਲੀਸ਼ਨ ਦੀ ਕਾਰਵਾਈ ਕੀਤੀ ਗਈ ਸੀ ਪਰ ਕਲੋਨੀ ਦੇ ਮਾਲਕਾਂ ਵੱਲੋਂ ਦੁਬਾਰਾ ਵਿਕਾਸ ਦੇ ਕੰਮ ਸ਼ੁਰੂ ਕਰ ਲਏ ਗਏ ਸਨ, ਜਿਸ ਕਰਕੇ ਹੁਣ ਨਵੇਂ ਕੀਤੇ ਵਿਕਾਸ ਕਾਰਜਾਂ ਨੂੰ ਮੁੜ ਢਾਹਿਆ ਗਿਆ ਹੈ।ਉਕਤ ਕਾਰਵਾਈ ਦੌਰਾਨ ਕਾਲੋਨਾਈਜ਼ਰ ਸਮੇਤ ਪਿੰਡ ਦੇ ਮੋਹਤਬਰ ਹਾਜ਼ਰ ਸਨ ਜਿਨ੍ਹਾਂ ਵੱਲੋਂ ਲਿਖਤੀ ਵਿਸ਼ਵਾਸ ਦਿਵਾਇਆ ਗਿਆ ਕਿ ਉਕਤ ਜਗ੍ਹਾ 'ਤੇ ਪੁੱਡਾ



ਮਹਿਕਮੇ ਦੀ ਮਨਜ਼ੂਰੀ ਤੋਂ ਬਿਨਾਂ ਕੋਈ ਵਿਕਾਸ ਦੇ ਕਾਰਜ ਨਹੀਂ ਕੀਤੇ ਜਾਣਗੇ।ਜ਼ਿਲ੍ਹਾ ਟਾਊਨ ਯੋਜਨਾਕਾਰ ਵੱਲੋਂ ਸਪੱਸ਼ਟ ਕੀਤਾ ਗਿਆ ਕਿ ਅਣ-ਅਧਿਕਾਰਤ ਕਲੋਨੀ ਕੱਟਣ ਵਾਲੇ ਵਿਅਕਤੀ ਵਿਰੁੱਧ ਪਾਪਰਾ ਐਕਟ-1995 ਦੀ ਸੋਧ 2024 ਅਨੁਸਾਰ 5 ਤੋਂ 10 ਸਾਲ ਦੀ ਕੈਦ ਅਤੇ 25 ਲੱਖ ਤੋਂ 5 ਕਰੋੜ ਰੁਪਏ ਤੱਕ ਦਾ ਜੁਰਮਾਨਾ ਵੀ ਕੀਤਾ ਜਾ ਸਕਦਾ ਹੈ।ਵਿਭਾਗ ਵੱਲੋਂ ਹੁਣ ਤੱਕ ਕੁੱਲ 26 ਅਣ-ਅਧਿਕਾਰਤ ਕਲੋਨੀ ਕੱਟਣ ਵਾਲੇ ਕਾਲੋਨਾਈਜ਼ਰਾਂ ਅਤੇ ਅਣ-ਅਧਿਕਾਰਤ ਉਸਾਰੀ ਕਰਨ ਵਾਲੇ ਉਸਰੱਈਆਂ ਵਿਰੁੱਧ ਐੱਫਆਈਆਰ ਦਰਜ ਕਰਨ ਲਈ ਪੁਲਸ ਵਿਭਾਗ ਨੂੰ ਲਿਖਿਆ ਜਾ ਚੁੱਕਾ ਹੈ।ਇਸ ਤੋਂ ਇਲਾਵਾ ਪੁੱਡਾ ਦੇ ਰੈਗੂਲੇਟਰੀ ਵਿੰਗ ਵੱਲੋਂ ਸਮੇਂ-ਸਮੇਂ ਤੇ ਜ਼ਿਲ੍ਹਾ ਅੰਮ੍ਰਿਤਸਰ ਅੰਦਰ ਵਿਕਸਿਤ ਕੀਤੀਆਂ ਜਾ ਰਹੀਆਂ ਅਣ-ਅਧਿਕਾਰਤ ਕਲੋਨੀਆਂ ਅਤੇ ਉਸਾਰੀਆਂ ਦਾ ਮੌਕਾ ਚੈੱਕ ਕਰਦੇ ਹੋਏ ਸਬੰਧਤ ਐਕਟ ਤਹਿਤ ਨੋਟਿਸ ਜਾਰੀ ਕਰਦਿਆਂ ਕੰਮ ਬੰਦ ਕਰਵਾਉਂਦੇ ਹੋਏ ਸਬੰਧਤ ਥਾਣਾ ਅਫ਼ਸਰ ਨੂੰ ਅਗਲੇਰੀ ਕਾਨੂੰਨੀ ਕਾਰਵਾਈ ਕਰਨ ਲਈ ਕਿਹਾ ਜਾ ਰਿਹਾ ਹੈ।ਜ਼ਿਲ੍ਹਾ ਟਾਊਨ ਪਲੈਨਰ (ਰੈਗੂਲੇਟਰੀ), ਅੰਮ੍ਰਿਤਸਰ ਨੇ ਆਮ ਜਨਤਾ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਉਹ ਗੈਰ-ਕਨੂੰਨੀ ਕਲੋਨੀਆਂ ਜੋ ਕਿ ਪੁੱਡਾ ਵਿਭਾਗ ਤੋਂ ਮੰਜ਼ੂਰਸ਼ੁਦਾ ਨਹੀਂ ਹਨ, ਉਨ੍ਹਾਂ ਵਿੱਚ ਪੈਂਦੇ ਪਲਾਟਾਂ ਦੀ ਵਿਕਰੀ ਸਬੰਧੀ ਕਿਸੇ ਵੀ ਇਸ਼ਤਿਹਾਰ ਅਨੁਸਾਰ ਪਲਾਟ ਖਰੀਦਣ ਤੋਂ ਪਹਿਲਾਂ ਉਸ ਕਲੋਨੀ ਸਬੰਧੀ ਪੁੱਡਾ ਵੱਲੋਂ ਜਾਰੀ ਕੀਤੀ ਗਈ ਮਨਜ਼ੂਰੀ ਦੀ ਮੰਗ ਜ਼ਰੂਰ ਕਰਨ ਤਾਂ ਜੋ ਉਨ੍ਹਾਂ ਦੇ ਧਨ ਮਾਲ ਦਾ ਨੁਕਸਾਨ ਨਾ ਹੋ ਸਕੇ ਅਤੇ ਉਨ੍ਹਾਂ ਲਈ ਪਰੇਸ਼ਾਨੀ ਦਾ ਕਾਰਨ ਨਾ ਬਣੇ।ਪੁੱਡਾ ਵਿਭਾਗ ਪਾਸੋਂ ਲੋੜੀਂਦੀਆਂ ਪ੍ਰਵਾਨਗੀਆਂ ਪ੍ਰਾਪਤ ਕਰਨ ਉਪਰੰਤ ਹੀ ਉਸਾਰੀ ਕੀਤੀ ਜਾਵੇ।

## ਚੌਰਸਤੇ 'ਚ ਸਪੀਡ ਬਰੇਕਰ ਨਾ ਹੋਣ ਕਾਰਨ ਨਿੱਤ ਵਾਪਰ ਰਹੇ ਨੇ ਹਾਦਸੇ, ਵਿਭਾਗ ਸੁੱਤਾ ਕੁੰਭਕਰਨੀ ਨੀਂਦ

**ਗੁਰਦਾਸਪੁਰ (ਜਸਕ ਮਹਾਜਨ)**- ਗੁਰਦਾਸਪੁਰ ਤੋਂ ਬਹਿਰਾਮਪੁਰ ਨੂੰ ਜਾਣ ਵਾਲੀ ਸੜਕ 'ਤੇ ਪੈਂਦੇ ਹੱਲਾਚਾਹੀ ਮੋੜ 'ਤੇ ਚੌਰਸਤੇ ਵਿਚ ਸਪੀਡ ਬਰੇਕਰ ਨਾ ਹੋਣ ਕਾਰਨ ਅਕਸਰ ਹੀ ਵਾਹਨ ਚਾਲਕ ਆਪਸ



ਵਿਚ ਟਕਰਾ ਕੇ ਹਾਦਸਿਆਂ ਦਾ ਸ਼ਿਕਾਰ ਹੋ ਜਾਂਦੇ ਹਨ। ਇਸ ਚੌਰਸਤੇ ਤੋਂ ਹੱਲੋਚਾਹੀਆਂ ਤੋਂ ਬਾਬੋਵਾਲ ਅਤੇ ਗੁਰਦਾਸਪੁਰ ਤੋਂ ਬਹਿਰਾਮਪੁਰ ਨੂੰ ਸੜਕ ਜਾਂਦੀ ਹੈ। ਸੜਕ 'ਤੇ ਆਵਾਜਾਈ ਕਾਫ਼ੀ ਰਹਿੰਦੀ ਹੈ ਅਤੇ ਤੇਜ਼ ਰਫ਼ਤਾਰ ਨਾਲ ਵਾਹਨ ਆਉਂਦੇ-ਜਾਂਦੇ ਹਨ। ਇਥੇ ਸਪੀਡ ਬਰੇਕਰ ਨਾ ਹੋਣ ਕਾਰਨ ਕਈ ਵਾਰ ਤੇਜ਼ ਰਫ਼ਤਾਰ ਵਾਹਨ ਇਕ ਦੂਜੇ ਨਾਲ ਟਕਰਾ ਜਾਣ ਨਾਲ ਵਾਹਨ ਚਾਲਕ ਸੱਟਾਂ ਵਗੈਰਾ ਲਗਵਾ ਬੈਠਦੇ ਹਨ। ਜਾਣਕਾਰੀ ਅਨੁਸਾਰ ਵਿਭਾਗ ਵਲੋਂ ਪਹਿਲਾਂ ਇਸ ਚੌਰਸਤੇ ਵਿਚ ਸਪੀਡ ਬਰੇਕਰ ਬਣਾਏ ਗਏ ਸਨ ਜੋ ਹੁਣ ਖਤਮ ਹੋ ਚੁੱਕੇ ਹਨ।ਚੌਰਸਤੇ ਦੇ ਆਲੇ ਦੁਆਲੇ ਕਾਫ਼ੀ ਮਾਤਰਾ ਵਿਚ ਜੜੀ ਬੂਟੀ ਉੱਗੀ ਪਈ ਹੈ ਅਤੇ ਕਈ ਰੂੜੀਆਂ ਵਾਲਿਆਂ ਨੇ ਚੌਰਸਤੇ ਦਾ ਕੁਝ ਹਿੱਸਾ ਘੇਰਿਆ ਪਿਆ ਹੈ ਜਿਸ ਕਾਰਨ ਵਾਹਨ ਚਾਲਕਾਂ ਨੂੰ ਆਸੇ-ਪਾਸੇ ਤੋਂ ਆਉਂਦੇ ਵਾਹਨ ਦਿਖਾਈ ਨਹੀਂ ਦਿੰਦੇ। ਲੋਕਾਂ ਦਾ ਕਹਿਣਾ ਹੈ ਕਿ ਜੇਕਰ ਵਿਭਾਗ ਵਲੋਂ ਚੌਰਸਤੇ ਵਿਚ ਸਪੀਡ ਬਰੇਕਰ ਬਣਾ ਦਿੱਤੇ ਜਾਂਦੇ ਹਨ ਤਾਂ ਹਰ ਵਾਹਨ ਚਾਲਕ ਆਪਣੇ ਵਾਹਨ ਨੂੰ ਹੌਲੀ ਸਪੀਡ ਕਰਕੇ ਇਥੋਂ ਗੁਜ਼ਰੇਗਾ ਅਤੇ ਵਾਹਨ ਚਾਲਕ ਹਾਦਸਾਗ੍ਰਸਤ ਹੋਣ ਤੋਂ ਬਚ ਜਾਣਗੇ। ਲੋਕਾਂ ਨੇ ਸੰਬੰਧਿਤ ਵਿਭਾਗ ਪਾਸੋਂ ਮੰਗ ਕੀਤੀ ਕਿ ਲੋਕਾਂ ਦੀ ਜਾਨ-ਮਾਲ ਨੂੰ ਮੁੱਖ ਰੱਖਦੇ ਹੋਏ ਚੌਰਸਤੇ ਵਿਚ ਸਪੀਡ ਬਰੇਕਰ ਲਗਾਏ ਜਾਣ ਤਾਂ ਜੋ ਅਗਾਂਹ ਤੋਂ ਕੋਈ ਵੀ ਦੁਰਘਟਨਾ ਨਾ ਵਾਪਰ ਸਕੇ।

## 'ਨਸ਼ਾ ਮੁਕਤੀ ਯਾਤਰਾ' ਕੋਈ ਸਿਆਸੀ ਯਾਤਰਾ ਨਹੀਂ, ਸਗੋਂ ਨਸ਼ੇ ਦੇ ਖ਼ਾਤਮੇ ਦਾ ਸਮਾਜਿਕ ਸੰਕਲਪ ਹੈ : ਰੰਧਾਵਾ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**- ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਨਸ਼ਾ ਮੁਕਤੀ ਪ੍ਰੋਗਰਾਮ ਅਧੀਨ ਬੀਤੀ ਸ਼ਾਮ ਡੇਰਾ ਬਾਬਾ ਨਾਨਕ ਹਲਕੇ ਦੇ ਪਿੰਡ ਭੋਜਰਾਜ ਤੇ ਮਛਾਨਾ ਵਿਚ ਜਾਗਰੂਕਤਾ ਸਮਾਗਮ ਕਰਾਏ ਗਏ। ਇਨ੍ਹਾਂ ਜਾਗਰੂਕਤਾ ਸਮਾਗਮਾਂ ਨੂੰ ਸੰਬੋਧਨ ਕਰਦੇ ਹੋਏ ਵਿਧਾਨ ਸਭਾ ਹਲਕਾ ਡੇਰਾ ਬਾਬਾ ਨਾਨਕ ਦੇ




ਵਿਧਾਇਕ ਸ. ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸਰਕਾਰ ਵੱਲੋਂ ਪਿੰਡ-ਪਿੰਡ ਖੇਡ ਮੈਦਾਨ ਬਣਾਉਣ ਦਾ ਟੀਚਾ ਮਿਥਿਆ ਗਿਆ ਹੈ ਤਾਂ ਜੋ ਨੌਜਵਾਨਾਂ ਨੂੰ ਖੇਡਾਂ ਨਾਲ ਜੋੜ ਕੇ ਨਸ਼ਿਆਂ ਤੋਂ ਦੂਰ ਰੱਖਿਆ ਜਾ ਸਕੇ।ਸ. ਗੁਰਦੀਪ ਸਿੰਘ ਰੰਧਾਵਾ ਨੇ ਕਿਹਾ ਕਿ ਇਹ 'ਨਸ਼ਾ ਮੁਕਤੀ ਯਾਤਰਾ' ਕੋਈ ਸਿਆਸੀ ਯਾਤਰਾ ਨਹੀਂ, ਸਗੋਂ ਨਸ਼ੇ ਦੇ ਖ਼ਾਤਮੇ ਦਾ ਸਮਾਜਿਕ ਸੰਕਲਪ ਹੈ।ਉਨ੍ਹਾਂ ਕਿਹਾ ਕਿ ਸਾਡੀ ਸਭ ਦੀ ਸਮਾਜਿਕ ਜ਼ਿੰਮੇਵਾਰੀ ਹੈ ਕਿ ਅਸੀਂ ਇਸ ਮੁਹਿੰਮ ਵਿਚ ਹੋਰ ਸਹਿਯੋਗ ਦਿੰਦੇ ਹੋਏ ਨਸ਼ਿਆਂ ਦਾ ਖ਼ਾਤਮਾ ਕਰੀਏ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਨਸ਼ਾ ਮੁਕਤ ਕਰਨ ਦੀ ਲੜਾਈ ਪਿੰਡ-ਪਿੰਡ ਤੋਂ ਸ਼ੁਰੂ ਹੋ ਚੁੱਕੀ ਹੈ, ਜਿਸ ਤਹਿਤ ਹਰੇਕ ਪਿੰਡ ਵਾਸੀ ਆਪਣੇ ਪਿੰਡ ਦਾ ਪਹਿਰੇਦਾਰ ਬਣੇਗਾ। ਉਨ੍ਹਾਂ ਕਿਹਾ ਕਿ ਨਸ਼ਾ ਤਸਕਰਾਂ ਨੂੰ ਕਿਸੇ ਕਿਸਮ ਦੀ ਸਿਆਸੀ ਸਰਪ੍ਰਸਤੀ ਨਹੀਂ ਮਿਲੇਗੀ ਤੇ ਨਾ ਹੀ ਉਨ੍ਹਾਂ ਦੀ ਕੋਈ ਜ਼ਮਾਨਤ ਦੇਵੇਗਾ।ਉਨ੍ਹਾਂ ਪ੍ਰਸ਼ਾਸਨ ਦੇ ਅਧਿਕਾਰੀਆਂ ਨੂੰ ਨਸ਼ਿਆਂ ਦਾ ਕਾਰੋਬਾਰ ਕਰਨ ਵਾਲਿਆਂ ਵਿਰੁੱਧ ਸਖ਼ਤੀ ਨਾਲ ਕਾਰਵਾਈ ਕਰਨ ਲਈ ਕਿਹਾ।ਇਸ ਮੌਕੇ ਉਨ੍ਹਾਂ ਹਾਜ਼ਰੀਨ ਨੂੰ ਨਸ਼ਿਆਂ ਵਿਰੁੱਧ ਸਹੁੰ ਵੀ ਚੁਕਾਈ।ਇਸ ਮੌਕੇ ਵੱਖ-ਵੱਖ ਵਿਭਾਗਾਂ ਤੋਂ ਅਧਿਕਾਰੀ, ਕਰਮਚਾਰੀ ਅਤੇ ਮੁਹਤਬਰ ਹਾਜ਼ਰ ਸਨ।

## ਸ਼ਿਵ ਕੁਮਾਰ ਬਟਾਲਵੀ ਆਡੀਟੋਰੀਅਮ ਦੇ ਵਿਹੜੇ 'ਚ ਲੱਗੀਆਂ ਤੀਆਂ ਦੀਆਂ ਰੌਣਕਾਂ

● ਗਾਇਕਾ ਸਰਗੀ ਮਾਨ, ਕਵਲੀਨ ਕੌਰ ਭਿੰਡਰ ਤੇ ਚੰਨ ਕੌਰ ਨੇ ਸ਼ਾਨਦਾਰ ਪੇਸ਼ਕਾਰੀ ਨਾਲ ਸਮਾਂ ਬੰਨ੍ਹਿਆ

**ਬਟਾਲਾ (ਡਾ. ਮਲਵਿੰਦਰ ਸਿੰਘ)**- ਰਾਜਬੀਰ ਕੌਰ ਕਲਸੀ ਧਰਮਪਤਨੀ ਵਿਧਾਇਕ ਸ਼ੈਰੀ ਕਲਸੀ ਦੇ ਯਤਨਾਂ ਸਦਕਾ ਸ਼ਿਵ ਕੁਮਾਰ ਬਟਾਲਵੀ ਆਡੀਟੋਰੀਅਮ 'ਚ 'ਤੀਆਂ' ਲੱਗੀਆਂ ਜਿਸ ਵਿੱਚ ਮਹਿਲਾਵਾਂ ਨੇ ਪੂਰੇ ਉਤਸ਼ਾਹ ਨਾਲ ਭਾਗ ਲਿਆ।ਇਸ ਮੌਕੇ ਬਲਬੀਰ ਕੌਰ ਕਲਸੀ (ਮਾਤਾ ਵਿਧਾਇਕ ਸ਼ੈਰੀ ਕਲਸੀ), ਰਾਜਬੀਰ ਕੌਰ ਕਲਸੀ ਅਤੇ ਸੀਡੀਪੀਓ ਹਰਜੀਤ ਕੌਰ ਵਾਲੀਆ ਸਮੇਤ ਵੱਡੀ ਗਿਣਤੀ ਵਿੱਚ ਮਹਿਲਾਵਾਂ



ਮੌਜੂਦ ਸਨ।ਇਸ ਮੌਕੇ ਉੱਘੀ ਗਾਇਕਾ ਸਰਗੀ ਮਾਨ, ਗਿੱਧਿਆਂ ਦੀ ਰਾਣੀ ਕਵਲੀਨ ਕੌਰ ਭਿੰਡਰ ਅਤੇ ਚੰਨ ਕੌਰ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਤੇ ਅਪਣੀ ਸ਼ਾਨਦਾਰ ਪੇਸ਼ਕਾਰੀ ਨਾਲ ਸਮਾਂ ਬੰਨ ਕੇ ਰੱਖ ਦਿੱਤਾ।ਇਸ ਮੌਕੇ ਰਾਜਬੀਰ ਕੌਰ ਕਲਸੀ ਨੇ ਕਿਹਾ ਕਿ ਸਾਵਣ ਦੇ ਮਹੀਨੇ ਵਿੱਚ 'ਤੀਆਂ ਦਾ ਤਿਉਹਾਰ' ਪੰਜਾਬੀ ਸੱਭਿਆਚਾਰ ਵਿੱਚ ਅਹਿਮ ਸਥਾਨ ਰੱਖਦਾ ਹੈ।ਇਸ ਤਿਉਹਾਰ ਤੇ ਨਵ-ਵਿਆਹੀਆਂ ਔਰਤਾਂ ਆਪਣੇ ਪੇਕੇ ਪਰਿਵਾਰ ਵਿੱਚ ਆ ਕਿ ਆਪਣੀਆਂ ਪੁਰਾਣੀਆਂ ਸਹੇਲੀਆਂ ਨੂੰ ਮਿਲਦੀਆਂ ਹਨ।ਔਰਤਾਂ ਤੇ ਕੁੜੀਆਂ ਇਕੱਠੀਆਂ ਹੋ ਕਿ ਆਪਸੀ ਭਾਈਚਾਰਕ ਸਾਂਝ ਨੂੰ ਹੋਰ ਮਜ਼ਬੂਤ ਕਰਦੀਆਂ ਹਨ।ਉਨ੍ਹਾਂ ਕਿਹਾ ਕਿ ਸਾਨੂੰ ਕਦੇ ਵੀ ਆਪਣਾ ਪਿਛੋਕੜ ਭੁਲਾਉਣਾ ਨਹੀਂ ਚਾਹੀਦਾ।ਵੱਡਿਆਂ ਦਾ ਸਤਿਕਾਰ ਕਰਨਾ ਚਾਹੀਦਾ ਹੈ ਅਤੇ ਅੱਜ 'ਤੀਆਂ ਦਾ ਤਿਉਹਾਰ' ਮਨਾ ਕੇ ਅਮੀਰ ਸੱਭਿਆਚਾਰ ਨੂੰ ਜ਼ਿੰਦਾ ਰੱਖਣ ਲਈ ਉੱਦਮ ਕੀਤਾ ਗਿਆ ਹੈ।'ਤੀਆਂ' ਦੇ ਤਿਉਹਾਰ ਮੌਕੇ ਰੰਗ-ਬਿਰੰਗੇ ਪੰਜਾਬੀ ਪਹਿਰਾਵੇ ਵਿੱਚ ਸਜੀਆਂ ਮਹਿਲਾਵਾਂ ਨੇ ਗਿੱਧੇ ਅਤੇ ਲੋਕ ਗੀਤਾਂ ਜ਼ਰੀਏ ਆਪਣੇ ਮਨੋ-ਭਾਵਾਂ ਅਤੇ ਖੁਸ਼ੀ ਦਾ ਖੁੱਲ੍ਹ ਕੇ ਇਜ਼ਹਾਰ ਕੀਤਾ।ਔਰਤਾਂ ਸਮੇਤ ਛੋਟੇ ਬੱਚਿਆਂ ਦੀ ਗਿੱਧੇ ਦੀ ਪੇਸ਼ਕਾਰੀ ਬਾ-ਕਮਾਲ ਸੀ।'ਤੀਆਂ' ਦੀਆਂ ਖੁਸ਼ੀਆਂ ਮੌਕੇ ਸ਼ਿਵ ਕੁਮਾਰ ਬਟਾਲਵੀ ਆਡੀਟੋਰੀਅਮ ਦਾ ਵਿਹੜਾ ਸ਼ਗਨਾਂ ਦੇ ਗੀਤਾਂ ਨਾਲ ਗੂੰਜ ਉੱਠਿਆ।ਇਸ ਮੌਕੇ ਮਹਿਲਾਵਾਂ ਨੇ ਸਮਾਜ ਨੂੰ ਵਧੀਆ ਸੁਨੇਹਾ ਦੇਣ ਵਾਲੇ ਵੱਖ-ਵੱਖ ਪ੍ਰੋਗਰਾਮ ਪੇਸ਼ ਕੀਤੇ।ਸਮਾਗਮ ਦੇ ਆਖਰ ਵਿੱਚ ਰਾਜਬੀਰ ਕੌਰ ਕਲਸੀ ਵੱਲੋਂ ਸਮਾਗਮ ਵਿੱਚ ਹਿੱਸਾ ਲੈਣ ਵਾਲਿਆਂ ਨੂੰ ਸਨਮਾਨਿਤ ਕੀਤਾ ਗਿਆ।ਇਸ ਮੌਕੇ ਮਾਹਲ ਪੂੜੇ, ਖੀਰ ਤੇ ਪਕੌੜਿਆਂ ਦਾ ਸਾਰਿਆਂ ਨੇ ਖੂਬ ਅਨੰਦ ਮਾਣਿਆ।

## ਅਗਨੀ ਵੀਰ ਦੀ ਭਰਤੀ ਲਈ ਫਿਜ਼ੀਕਲ ਟੈਸਟ ਦੀ ਤਿਆਰੀ ਬਾਬਤ ਮੁ਼ਫਤ ਸਿਖਲਾਈ ਕੈਂਪ ਸ਼ੁਰੂ

**ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)**- ਪੰਜਾਬ ਸਰਕਾਰ ਦੇ ਵਿਭਾਗ ਸੀ-ਪਾਈਟ ਆਰਮੀ ਕੈਂਪ ਡੇਰਾ ਬਾਬਾ ਨਾਨਕ (ਜ਼ਿਲ੍ਹਾ ਗੁਰਦਾਸਪੁਰ) ਵਿਖੇ ਜ਼ਿਲ੍ਹਾ ਗੁਰਦਾਸਪੁਰ, ਅੰਮ੍ਰਿਤਸਰ ਅਤੇ ਪਠਾਨਕੋਟ ਦੇ ਨੌਜਵਾਨ ਜੋ ਫ਼ੌਜ ਦੀ ਭਰਤੀ ਲਈ ਲਿਖਤੀ ਪੇਪਰ ਪਾਸ ਕਰ ਚੁੱਕੇ ਹਨ, ਉਨ੍ਹਾਂ ਨੌਜਵਾਨਾਂ ਦੀ ਫਿਜ਼ੀਕਲ ਟਰੇਨਿੰਗ ਪੂਰੇ ਜ਼ੋਰਾਂ ਨਾਲ ਚੱਲ ਰਹੀ ਹੈ। ਪੈਰਾ ਮਿਲਟਰੀ ਫੋਰਸ ਵਿੱਚ ਭਰਤੀ ਹੋਣ ਦੇ ਚਾਹਵਾਨ ਨੌਜਵਾਨਾਂ ਲਈ ਵੀ ਸੀ-ਪਾਈਟ ਡੇਰਾ ਬਾਬਾ ਨਾਨਕ ਵਿਖੇ ਟਰੇਨਿੰਗ ਕੈਂਪ ਸ਼ੁਰੂ ਕਰ ਦਿੱਤਾ ਗਿਆ ਹੈ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸੀ-ਪਾਈਟ ਕੈਂਪ ਦੇ ਟਰੇਨਿੰਗ ਅਫ਼ਸਰ ਸੂਬੇਦਾਰ ਗੁਰਨਾਮ ਸਿੰਘ ਨੇ ਦੱਸਿਆ ਕਿ ਪੈਰਾ ਮਿਲਟਰੀ ਫੋਰਸ ਜਿਵੇਂ ਐੱਸਐੱਸਸੀ, ਬੀਐੱਸਐੱਫ਼ ਦੀ ਭਰਤੀ ਦੀ ਤਿਆਰੀ ਲਈ ਸੀ-ਪਾਈਟ ਕੈਂਪ ਡੇਰਾ ਬਾਬਾ ਨਾਨਕ ਵਿਖੇ ਸਰੀਰਕ ਤੇ ਲਿਖਤੀ ਪੇਪਰ ਦੀ ਤਿਆਰੀ ਸ਼ੁਰੂ ਹੋ ਚੁੱਕੀ ਹੈ ਜੋ ਕਿ ਬਿਲਕੁਲ ਮੁਫ਼ਤ ਕਰਵਾਈ ਜਾ ਰਹੀ ਹੈ।ਉਨ੍ਹਾਂ ਦੱਸਿਆ ਕਿ ਸਿਖਲਾਈ ਦੌਰਾਨ ਨੌਜਵਾਨਾਂ ਦੇ ਰਹਿਣ ਲਈ ਮੁਫ਼ਤ ਹੋਸਟਲ ਦਾ ਪ੍ਰਬੰਧ ਹੈ ਅਤੇ ਨੌਜਵਾਨਾਂ ਨੂੰ ਤਿੰਨ ਟਾਈਮ ਦਾ ਖਾਣਾ ਵੀ ਮੁਫ਼ਤ ਦਿੱਤਾ ਜਾਂਦਾ ਹੈ।ਸੂਬੇਦਾਰ ਸਤਨਾਮ ਸਿੰਘ ਨੇ ਦੱਸਿਆ ਕਿ ਚਾਹਵਾਨ ਨੌਜਵਾਨ ਦਸਵੀਂ, ਬਾਰ੍ਹਵੀਂ ਦੇ ਸਰਟੀਫਿਕੇਟ, ਆਧਾਰ ਕਾਰਡ, ਜਾਤੀ



ਸਰਟੀਫਿਕੇਟ ਦੇ ਨਾਲ ਦੋ ਪਾਸਪੋਰਟ ਸਾਈਜ਼ ਫ਼ੋਟੋਆਂ ਲੈ ਕੇ ਈ-ਪਾਈਟ ਆਰਮੀ ਕੈਂਪ ਡੇਰਾ ਬਾਬਾ ਨਾਨਕ (ਜ਼ਿਲ੍ਹਾ ਗੁਰਦਾਸਪੁਰ) ਵਿਖੇ ਜਲਦੀ ਤੋਂ ਜਲਦੀ ਪਹੁੰਚ ਕੇ ਫ਼ਾਇਦਾ ਉਠਾ ਸਕਦੇ ਹਨ।ਉਨ੍ਹਾਂ ਕਿਹਾ ਕਿ ਵਧੇਰੇ ਜਾਣਕਾਰੀ ਲਈ ਸੀ-ਪਾਈਟ ਕੈਂਪ ਡੇਰਾ ਬਾਬਾ ਨਾਨਕ ਦੇ ਸੰਪਰਕ ਨੰਬਰਾਂ 62830-31125, 94647-56808 ਜਾਂ 94174-20125 ਉੱਪਰ ਰਾਬਤਾ ਕੀਤਾ ਜਾ ਸਕਦਾ ਹੈ।

## ਮਹਿਲਾ ਡਾਕਟਰਾਂ ਨੇ ਬੜੇ ਚਾਵਾਂ ਤੇ ਮਲਾਰਾਂ ਨਾਲ ਮਨਾਇਆ ਤੀਜ ਦਾ ਤਿਉਹਾਰ



**ਅੰਮ੍ਰਿਤਸਰ (ਅਰੋੜਾ)**: ਭਾਰਤ ਦੇ ਵੱਖ-ਵੱਖ ਪ੍ਰਾਂਤਾਂ ਵਿਚ ਸਾਉਣ ਮਹੀਨੇ ਦੇ ਦੌਰਾਨ ਆਪਣੀ ਆਪਣੀ ਸੰਸਕ੍ਰਿਤੀ ਦੇ ਅਨੁਸਾਰ ਤੀਜ ਦਾ ਤਿਉਹਾਰ ਵੱਖ-ਵੱਖ ਨਾਵਾਂ ਦੇ ਨਾਲ ਮਨਾਇਆ ਜਾਂਦਾ ਹੈ।ਸਿਰਫ਼ ਪੰਜਾਬ ਹੀ ਨਹੀਂ ਦੂਸਰੇ ਰਾਜਾਂ ਜਿਵੇਂ ਹਿਮਾਚਲ ਪ੍ਰਦੇਸ਼ ਵਿੱਚ ਵੀ ਸਾਉਣ ਮਹੀਨੇ ਦਾ ਤਿਉਹਾਰ ਚੰਬਾ ਵਿਖੇ ਮਨਾਇਆ ਜਾਂਦਾ ਹੈ ਪਰ ਪੰਜਾਬ ਦੀ ਸੰਸਕ੍ਰਿਤੀ ਅਤੇ ਤੀਜ ਦਾ ਤਿਉਹਾਰ ਮਨਾਉਣ ਦਾ ਅੰਦਾਜ਼ ਬਹੁਤ ਸੋਹਣਾ ਅਤੇ ਅਲੱਗ ਹੈ। ਇਸੇ ਪ੍ਰਥਾ ਦੇ ਚੱਲਦੇ ਗੁਰੂ ਕੀ ਨਗਰੀ ਦੀਆਂ ਵੱਖ-ਵੱਖ ਕਲੱਬਾਂ ਅਤੇ ਸੰਸਥਾਵਾਂ ਦੀਆਂ ਬੁੱਧੀਜੀਵੀ ਮਹਿਲਾਵਾਂ ਨੇ ਮਿਲ ਕੇ ਤੀਜ ਦਾ ਤਿਉਹਾਰ ਮਾਲ ਰੋਡ ਸਥਿਤ ਇੱਕ ਨਿਜੀ ਹੋਟਲ ਵਿਖੇ ਮਨਾਇਆ।ਡਾਕਟਰ ਮਹਿਲਾਵਾਂ ਨੇ ਇਹ ਸਿੱਧ ਕਰ ਦਿੱਤਾ ਕਿ ਉਹ ਇੱਕ ਚੰਗੀ ਡਾਕਟਰ ਹੀ ਨਹੀਂ ਬਲਕਿ ਚੰਗਾ ਨਾਚ ਕਰਨ ਵਾਲੀਆਂ ਅਤੇ ਪੰਜਾਬੀ ਸੰਸਕ੍ਰਿਤੀ ਦਾ ਗਿਆਨ ਰੱਖਣ ਵਿੱਚ ਵੀ ਨਿਪੁੰਨ ਹਨ। ਸਾਰੀਆਂ ਡਾਕਟਰ ਮਹਿਲਾਵਾਂ ਨੇ ਆਪਣੀ ਮਧੁਰ ਬਾਣੀ ਨਾਲ ਗੀਤ ਸੰਗੀਤ ਵੀ ਕੀਤਾ। ਇਸ ਮੌਕੇ ਡਾ. ਗਾਇਤਰੀ ਸੂਰ, ਮੁਸਕਾਨ ਅਰੋੜਾ, ਡਾ. ਪੂਨਮ ਓਹਰੀ, ਡਾ. ਤਰਨਜੀਤ ਕੌਰ, ਸੁਰਭੀ ਮਹਾਜਨ, ਡਾ. ਨਮੀਤਾ, ਨੀਰੂ ਗੁਪਤਾ, ਡਾ. ਅਰਪਿਤਾ ਕਾਂਸਲ, ਕਿਰਨ ਵਿਜ ਸਹਿਤ ਵੱਖ-ਵੱਖ ਰੋਟਰੀ ਕਲੱਬਾਂ ਦੀਆਂ ਡਾਕਟਰ ਮਹਿਲਾਵਾਂ ਮੌਜੂਦ ਸਨ।

## ਪੰਜਾਬ ਨੂੰ ਨਸ਼ਾ ਮੁਕਤ ਬਣਾ ਕੇ ਹੀ ਛੱਡਾਂਗੇ : ਤਲਬੀਰ ਸਿੰਘ ਗਿੱਲ

**ਤਰਸਿੱਕਾ (ਤਰਸੇਮ ਸਿੰਘ ਸਾਧਪੁਰ)**- ਪੰਜਾਬ ਵਿੱਚ ਸਰਦਾਰ ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਦੀ ਨਸ਼ਿਆਂ ਵਿਰੁੱਧ ਯੁੱਧ ਵਿਚ ਆਮ ਲੋਕਾਂ ਦਾ ਭਰਪੂਰ ਸਮਰਥਨ ਮਿਲ ਰਿਹਾ ਹੈ ਜਿਸ ਕਾਰਨ ਅਸੀਂ ਕਹਿ ਸਕਦੇ ਹਾਂ ਕਿ ਅਸੀਂ ਆਪੋ ਆਪਣੇ ਇਲਾਕਿਆਂ ਨੂੰ ਨਸ਼ੇ ਤੋਂ ਮੁਕਤ ਕਰ ਸਕਣ ਵਿੱਚ



ਕਾਮਯਾਬ ਹੋ ਜਾਵਾਂਗੇ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਹਲਕਾ ਮਜੀਠਾ ਦੇ ਆਮ ਆਦਮੀ ਪਾਰਟੀ ਦੇ ਇੰਚਾਰਜ ਸਰਦਾਰ ਤਲਬੀਰ ਸਿੰਘ ਗਿੱਲ ਨੇ ਪਿੰਡ ਕਲੇਰ ਵਿੱਚ ਹੋਈ ਨਸ਼ਿਆਂ ਵਿਰੁੱਧ ਰੈਲੀ ਨੂੰ ਸੰਬੋਧਨ ਕਰਦਿਆਂ ਕੀਤਾ । ਉਨ੍ਹਾਂ ਕਿਹਾ ਕਿ ਮਾਨ ਸਰਕਾਰ ਨਸ਼ਿਆਂ ਦੇ ਵੱਡੇ ਵੱਡੇ ਸੌਦਾਗਰਾਂ ਨੂੰ ਸਲਾਖਾਂ ਪਿੱਛੇ ਡੱਕ ਰਹੇ ਨੇ ਜਿਨ੍ਹਾਂ ਨੇ ਪੰਜਾਬ ਦੀ ਜਵਾਨੀ ਨੂੰ ਰੋਲ ਕੇ ਰੱਖ ਦਿੱਤਾ ਹੈ।ਜੋ ਨਸ਼ਿਆਂ ਵਿੱਚ ਗਲਤਾਨ ਵਿਅਕਤੀ ਇਨ੍ਹਾਂ ਨਸ਼ਿਆਂ ਦੀ ਲੱਤ ਤੋਂ ਪਰ੍ਹੇ ਹੋਣਾ ਚਾਹੁੰਦੇ ਹਨ ਉਨ੍ਹਾਂ ਲਈ ਮਾਨ ਸਰਕਾਰ ਵੱਲੋਂ ਨਸ਼ਾ ਛੁਡਾਊ ਕੇਂਦਰ ਵੀ ਬਣਾਏ ਗਏ ਹਨ। ਉਨ੍ਹਾਂ ਜਨਤਾ ਨੂੰ ਅਪੀਲ ਕਰਦਿਆਂ ਕਿਹਾ ਕਿ ਤੁਸੀਂ ਸਾਰੇ ਆਮ ਆਦਮੀ ਪਾਰਟੀ ਦਾ ਇਸ ਨਾਮੁਰਾਦ ਬਿਮਾਰੀ ਨੂੰ ਖਤਮ ਕਰਨ ਵਿੱਚ ਸਾਥ ਦਿਓ ਤਾਂ ਜੋ ਪੰਜਾਬ ਨੂੰ ਫੇਰ ਰੰਗਲਾ ਪੰਜਾਬ ਬਣਾਇਆ ਜਾ ਸਕੇ। ਇਸ ਮੌਕੇ ਹੋਰਨਾਂ ਤੋਂ ਇਲਾਵਾ ਤਰਸੇਮ ਸਿੰਘ ਗਿੱਲ ਯੁੱਧ ਨਸ਼ੇ ਵਿਰੁੱਧ ਕੋਆਰਡੀਨੇਟਰ, ਬਲਵੀਰ ਸਿੰਘ ਬੋਪਾਰਾਏ ਜ਼ਿਲਾ ਕਿਸਾਨ ਵਿੰਗ, ਰਵਿੰਦਰ ਸਿੰਘ ਕਲੇਰ ਬਲਾਕ ਪ੍ਰਭਾਰੀ, ਮਨਜੀਤ ਸਿੰਘ ਬਲਾਕ ਪ੍ਰਧਾਨ, ਬਲਿਹਾਰ ਸਿੰਘ ਬਲਾਕ ਪ੍ਰਭਾਰੀ, ਬਲਾਕ ਪ੍ਰਧਾਨ ਸੁਰਜੀਤ ਸਿੰਘ, ਬਲਾਕ ਪ੍ਰਧਾਨ ਤਲਵਿੰਦਰ ਸਿੰਘ, ਮਨਦੀਪ ਸਿੰਘ ਸਰਪੰਚ ਤਦੇਲ, ਯੁੱਧ ਨਸ਼ੇ ਵਿਰੁੱਧ ਵਾਈਸ ਪ੍ਰਧਾਨ ਪਰਮਿੰਦਰ ਸਿੰਘ, ਸਿੱਖਿਆ ਕ੍ਰਾਂਤੀ ਕੋਡੀਨੇਟਰ ਸੁਖਚੈਨ ਸਿੰਘ, ਬਲਾਕ ਪ੍ਰਧਾਨ ਕਿਰਪਾਲ ਸਿੰਘ ਅਤੇ ਸਿਕੰਦਰ ਸਿੰਘ ਖਿਦੋਵਾਲੀ ਆਦਿ ਵੀ ਹਾਜ਼ਰ ਸਨ।

## ਨੌਵੇਂ ਪਾਤਸ਼ਾਹ ਦੇ ਸ਼ਹੀਦੀ ਗੁਰਪੁਰਬ ਨੂੰ ਸਮਰਪਿਤ ਗੁਰਮਤਿ ਸਮਾਗਮਾਂ ਦੀ ਆਰੰਭਤਾ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ, ਕੰਵਲਜੀਤ ਸਿੰਘ)**- ਚੀਫ਼ ਖ਼ਾਲਸਾ ਦੀਵਾਨ ਧਰਮ ਪ੍ਰਚਾਰ ਕਮੇਟੀ ਵੱਲੋਂ ਸ੍ਰੀ ਗੁਰੂ ਤੇਗ਼ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਪੁਰਬ ਨੂੰ ਸਮਰਪਿਤ ਗੁਰਮਤਿ ਸਮਾਗਮਾਂ ਦੀ ਲੜੀ ਦੀ ਅਰੰਭਤਾ ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਸਕੂਲ, ਮਜੀਠਾ ਰੋਡ ਬਾਈਪਾਸ ਵਿਖੇ ਆਯੋਜਿਤ ਪ੍ਰੋਗਰਾਮ ਨਾਲ ਕੀਤੀ ਗਈ, ਜਿਸ ਵਿਚ ਸਿੱਖ ਹੈਰੀਟੇਜ ਸਿੰਫਨੀ ਕੈਲੇਫੋਰਨੀਆ (ਯੂਐਸਏ) ਵੱਲੋਂ 31 ਰਾਗਾਂ ਵਿਚ ਪੁਰਾਤਨ ਗੁਰਮਤਿ ਰਾਗਾਤਮਕ ਤੰਤੀ ਸਾਜ਼ ਪ੍ਰਸਤੁਤੀ ਕੀਤੀ ਗਈ।ਚੀਫ਼ ਖ਼ਾਲਸਾ ਦੀਵਾਨ ਵੱਲੋਂ ਵਿਦਿਆਰਥੀਆਂ ਵਿਚ ਗੁਰਮਤਿ ਸੰਗੀਤ ਪ੍ਰਤੀ ਰੁਚੀ ਵਧਾਉਣ, ਪੁਰਾਤਨ ਸਿੱਖ ਰਾਗੀ ਪਰੰਪਰਾ ਨੂੰ ਜੀਵੰਤ ਰੱਖਣ ਦੇ ਮਨੋਰਥ ਨਾਲ ਉਲੀਕੇ ਗਏ ਇਸ ਪ੍ਰੋਗਰਾਮ ਵਿਚ ਸ੍ਰੀਮਤੀ ਲੀਨਾ ਬੇਦੀ ਅਤੇ ਉਹਨਾਂ ਦੇ ਵਿਦਿਆਰਥੀਆਂ ਵੱਲੋਂ ਪੁਰਾਤਨ ਤੰਤੀ ਸਾਜ਼ ਜਿਵੇਂ ਰਬਾਬ, ਦਿਲਰੁਬਾ, ਸਿਤਾਰ ਆਦਿ ਨਾਲ ਸਿੱਖ ਇਤਿਹਾਸ ਦੀ ਪੁਰਾਤਨ ਰਾਗ ਪਰੰਪਰਾ ਦੀ ਝਲਕ ਨੂੰ ਜੀਵੰਤ ਕਰਕੇ ਸਰੋਤਿਆਂ ਨੂੰ ਮੰਤਰਮੁਗਧ ਕਰ ਦਿੱਤਾ ਗਿਆ।ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ.ਇੰਦਰਬੀਰ ਸਿੰਘ ਨਿੱਜਰ ਨੇ ਵਿੱਲਖਣ ਪੇਸ਼ਕਾਰੀ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਪੇਸ਼ਕਾਰੀ ਸਿਰਫ ਗੁਰਮਤਿ ਸੰਗੀਤਕ ਪ੍ਰਸਤੁਤੀ ਨਹੀਂ ਹੈ ਸਗੋਂ ਇਕ ਅਨੁਭਵ ਹੈ ਜੋ ਨਵੀਂ ਪੀੜ੍ਹੀ ਨੂੰ ਸਿੱਖੀ ਦੇ ਪਰੰਪਰਾਗਤ ਅੰਮ੍ਰਿਤਮਈ ਰੰਗ ਵਿਚ ਰੰਗ ਕੇ ਆਪਣੀ ਰੂਹਾਨੀ ਪੁਰਾਤਨ ਜੜ੍ਹਾਂ ਨਾਲ ਜੋੜਦਾ ਹੈ।ਉਹਨਾਂ ਨੇ ਆਸ



● 31 ਰਾਗਾਂ ਵਿੱਚ ਪੁਰਾਤਨ ਗੁਰਮਤਿ ਰਾਗਾਤਮਕ ਤੰਤੀ ਸਾਜ਼ਾਂ ਦੀ ਕੀਤੀ ਪ੍ਰਸਤੁਤੀ

ਕੀਤੀ ਕਿ ਧਰਮ ਪ੍ਰਚਾਰ ਕਮੇਟੀ ਵੱਲੋਂ ਕੀਤਾ ਗਿਆ ਇਹ ਉਪਰਾਲਾ ਵਿਦਿਆਰਥੀਆਂ ਨੂੰ ਸਿੱਖ ਧਰਮ ਦੀ ਪੁਰਾਤਨ ਰਾਗੀ ਪਰੰਪਰਾ ਅਤੇ ਗੁਰਮਤਿ ਸੰਗੀਤ ਦੀ ਵਿਲੱਖਣ ਸ਼ੈਲੀ ਪ੍ਰਤੀ ਜਾਗਰੂਕ ਕਰਨ ਵਿਚ ਸਹਾਇਕ ਸਿੱਧ ਹੋਵੇਗਾ।ਉਨ੍ਹਾਂ ਨੇ ਕਿਹਾ ਕਿ ਦੀਵਾਨ ਵੱਲੋਂ ਭਵਿੱਖ ਵਿਚ ਵੀ ਸਮੇਂ-ਸਮੇਂ ਤੇ ਅਜਿਹੇ ਪ੍ਰੋਗਰਾਮ ਉਲੀਕੇ ਜਾਣਗੇ।ਪ੍ਰੋਗਰਾਮ ਦੇ ਅੰਤ ਵਿਚ ਸਿੱਖ ਹੈਰੀਟੇਜ ਸਿੰਫਨੀ ਕੈਲੇਫੋਰਨੀਆ (ਯੂਐੱਸਏ) ਤੋਂ ਗੁਰਮਤਿ ਰਾਗਾਤਮਕ ਤੰਤੀ ਸਾਜ਼ ਪ੍ਰਸਤੁਤੀ ਕਰਨ ਵਿਸ਼ੇਸ਼ ਤੌਰ ਤੇ ਪੁੱਜੇ ਲੀਨਾ ਬੇਦੀ ਅਤੇ ਉਨ੍ਹਾਂ ਦੇ ਵਿਦਿਆਰਥੀਆਂ ਨੂੰ ਦੀਵਾਨ ਪ੍ਰਬੰਧਕਾਂ ਵੱਲੋਂ ਸਨਮਾਨਿਤ ਕੀਤਾ ਗਿਆ।ਇਸ ਮੌਕੇ ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਡਾ. ਇੰਦਰਬੀਰ ਸਿੰਘ ਨਿੱਜਰ, ਮੀਤ ਪ੍ਰਧਾਨ ਸੰਤੋਖ ਸਿੰਘ ਸੇਠੀ, ਆਨਰੇਰੀ ਸਕੱਤਰ ਰਮਣੀਕ ਸਿੰਘ, ਐਡੀ. ਆਨਰੇਰੀ ਸਕੱਤਰ ਜਸਪਾਲ ਸਿੰਘ ਢਿੱਲੋਂ, ਆਨਰੇਰੀ ਜਾਇੰਟ ਸਕੱਤਰ ਇੰਜੀ. ਜਸਪਾਲ ਸਿੰਘ, ਧਰਮ ਪ੍ਰਚਾਰ ਕਮੇਟੀ ਤੋਂ ਤਰਲੋਚਨ ਸਿੰਘ, ਗੁਰਬਖ਼ਸ਼ ਸਿੰਘ ਬੇਦੀ, ਗੁਰਭੇਜ ਸਿੰਘ, ਸਕੂਲ ਮੈਂਬਰ ਇੰਚਾਰਜ ਏ. ਪੀ. ਐੱਸ. ਮਾਨ, ਮਨਮੋਹਨ ਸਿੰਘ, ਦੀਵਾਨ ਮੈਂਬਰ ਇੰਦਰਜੀਤ ਸਿੰਘ ਅੜੀ, ਡਾਇਰੈਕਟਰ ਡਾ. ਏ. ਪੀ. ਐੱਸ. ਚਾਵਲਾ, ਡਾ. ਜਸਵਿੰਦਰ ਕੌਰ ਮਾਹਲ, ਪ੍ਰਿੰ. ਰਿਪੁਦਮਨ ਕੌਰ, ਬੀਬੀ ਪ੍ਰਭਜੋਤ ਕੌਰ ਸਮੇਤ ਵੱਡੀ ਗਿਣਤੀ ਵਿਚ ਗੁਰਮਤਿ ਸੰਗੀਤ ਅਧਿਆਪਕ ਅਤੇ ਵਿਦਿਆਰਥੀ ਮੌਜੂਦ ਸਨ।

## ਪੰਜਾਬੀ ਸਾਹਿਤ ਸਭਾ ਚੋਗਾਵਾਂ ਨੇ ਸਾਵਣ ਕਵੀ ਦਰਬਾਰ ਕਰਵਾਇਆ



**ਚੇਤਨਪੁਰਾ (ਸੁਖਵੰਤ ਚੇਤਨਪੁਰੀ)**- ਪੰਜਾਬੀ ਸਾਹਿਤ ਸਭਾ ਚੋਗਾਵਾਂ (ਰਜਿ.) ਅੰਮ੍ਰਿਤਸਰ ਵੱਲੋਂ ਬਾਬਾ ਜਾਗੋ ਸ਼ਹੀਦ ਆਦਰਸ਼ ਸਕੂਲ ਕੋਹਾਲੀ ਵਿਖੇ ਸਾਵਣ ਕਵੀ ਦਰਬਾਰ ਕਰਵਾਇਆ ਗਿਆ, ਜਿਸ ਦੀ ਪ੍ਰਧਾਨਗੀ ਵਿਸ਼ਵ ਸਾਹਿਤਕ ਸਿਤਾਰੇ ਮੰਚ ਤਰਨ ਤਾਰਨ ਦੇ ਪ੍ਰਧਾਨ ਹਰਭਜਨ ਸਿੰਘ ਭਗਰੱਥ, ਸ਼੍ਰੋਮਣੀ ਪੰਜਾਬੀ ਸਾਹਿਤ ਸਭਾ ਜੰਡਿਆਲਾ ਗੁਰੂ ਦੇ ਜਨਰਲ ਸਕੱਤਰ ਮਾਸਟਰ ਅਵਤਾਰ ਸਿੰਘ ਗੋਇੰਦਵਾਲੀਆ, ਪੰਜਾਬੀ ਸਹਿਤ ਸਭਾ ਬਾਬਾ ਬਕਾਲਾ ਸਾਹਿਬ ਦੇ ਸੀਨੀਅਰ ਮੀਤ ਪ੍ਰਧਾਨ ਮੱਖਣ ਭੈਣੀ ਵਾਲਾ ਅਤੇ ਆਪ ਆਗੂ ਡਾ. ਭਗਵੰਤ ਸਿੰਘ ਖਿਆਲਾ ਨੇ ਸਾਂਝੇ ਰੂਪ ਵਿੱਚ ਕੀਤੀ।ਸਭਾ ਦੇ ਬੁਲਾਰੇ ਬਲਦੇਵ ਸਿੰਘ ਕੰਬੋ ਨੇ ਆਏ ਹੋਏ ਸ਼ਾਇਰ ਦੋਸਤਾਂ ਦਾ ਸਵਾਗਤੀ ਬੋਲਾਂ ਨਾਲ ਸਵਾਗਤ ਕੀਤਾ ਅਤੇ ਅਗਲੇ ਸਾਲ ਸਾਵਣ ਮੇਲਾ ਆਪਣੇ ਪਿੰਡ ਸਾਰੰਗੜਾ ਵਿੱਚ ਕਰਵਾਉਣ ਦਾ ਸੱਦਾ ਦਿੱਤਾ।ਕਵੀ ਦਰਬਾਰ ਦੇ ਦੌਰ ਵਿੱਚ ਗੋਪਾਲ ਸਿੰਘ ਨਿਮਾਣਾ, ਰਾਜ ਕੁਮਾਰ ਚੌੜਾ ਬਾਜ਼ਾਰ, ਇਤਿਹਾਸਕਾਰ ਏ. ਐੱਸ. ਦਲੇਰ, ਮੱਖਣ ਭੈਣੀ ਵਾਲਾ, ਗੁਰਜਿੰਦਰ ਸਿੰਘ ਬਘਿਆੜੀ, ਜਗਰੂਪ ਸਿੰਘ ਐਮਾ, ਸਤਨਾਮ ਸਿੰਘ ਮੂਧਲ, ਹਰਭਜਨ ਸਿੰਘ ਭਗਰੱਥ, ਡਾ. ਅਮਰਜੀਤ ਸਿੰਘ ਗਿੱਲ, ਮਾਸਟਰ ਅਵਤਾਰ ਸਿੰਘ ਗੋਇੰਦਵਾਲੀਆ, ਸਤਨਾਮ ਸਿੰਘ ਜੱਸੜ, ਪੰਜਾਬੀ ਗਾਇਕ ਸੁਰਿੰਦਰ ਸਾਗਰ, ਨਿਰੰਜਨ ਸਿੰਘ ਗਿੱਲ, ਰਾਜਪਾਲ ਸ਼ਰਮਾ, ਸੁਖਬੀਰ ਭੁੱਲਰ ਆਦਿ ਸ਼ਾਇਰਾਂ ਨੇ ਸਾਵਣ ਮਹੀਨੇ ਨਾਲ ਸੰਬੰਧਿਤ ਗੀਤ, ਕਵਿਤਾਵਾਂ ਦੀ ਪੇਸ਼ਕਾਰੀ ਕੀਤੀ। ਮੰਚ ਸੰਚਾਲਕ ਦੇ ਫਰਜ਼ ਨਿਭਾਉਂਦਿਆਂ ਸਭਾ ਦੇ ਪ੍ਰਧਾਨ ਧਰਵਿੰਦਰ ਸਿੰਘ ਔਲਖ ਨੇ ਪ੍ਰੋਗਰਾਮ ਨੂੰ ਇੱਕ ਲੜੀ ਵਿੱਚ ਪਰੋ ਕੇ ਪੇਸ਼ ਕੀਤਾ। ਪ੍ਰੋਗਰਾਮ ਦਾ ਆਨੰਦ ਮੰਨਣ ਵਾਲਿਆਂ ਵਿੱਚ ਸਵਿੰਦਰ ਸਿੰਘ ਅੰਮ੍ਰਿਤਸਰ, ਬਲਵਿੰਦਰ ਸਿੰਘ ਕੋਹਾਲੀ ਸ਼ਾਮਿਲ ਸਨ।ਪ੍ਰੋਗਰਾਮ ਦੇ ਅਖੀਰ ਵਿੱਚ ਆਏ ਹੋਏ ਮਹਿਮਾਨਾਂ ਨੂੰ ਖੀਰ, ਪੂੜੇ ਛਕਾਏ ਗਏ।

## ਯਾਦਗਾਰੀ ਹੋ ਨਿੱਬੜਿਆ ਬੱਬਰ ਨੰਗਲੀ 'ਚ ਲੱਗਾ ਤੀਆਂ ਦਾ ਮੇਲਾ

**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਪਿੰਡ ਬੱਬਰੀ ਨੰਗਲ ਦੀ ਸਰਪੰਚ ਸੁਖਦੇਵ ਕੌਰ ਅਤੇ ਉਨ੍ਹਾਂ ਦੇ ਪਤੀ (ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ) ਹਿੱਤਪਾਲ ਸਿੰਘ ਦੀ ਅਗਵਾਈ ਹੇਠ ਸਮੁੱਚੀ ਪੰਚਾਇਤ ਵੱਲੋਂ ਪਿੰਡ ਵਾਸੀਆਂ ਦੇ ਸਹਿਯੋਗ ਨਾਲ ਪਿੰਡ ਦੇ ਬਾਹਰਵਾਰ ਖੇਡ ਸਟੇਡੀਅਮ ਵਿੱਚ ਧੂਮ ਧਾਮ ਨਾਲ ਮਨਾਇਆ ਤੀਆਂ ਦਾ ਮੇਲਾ ਅਮਿੱਟ ਯਾਦਾਂ ਛੱਡਦਾ ਸਮਾਪਤ ਹੋਇਆ। ਇਸ ਤੀਆਂ ਦੇ ਮੇਲੇ ਵਿੱਚ ਪੁਰਾਤਨ ਸਮੇਂ ਦੌਰਾਨ ਘਰਾਂ ਵਿੱਚ ਵਰਤੀਆਂ ਜਾਣ ਵਾਲੀਆਂ ਵਸਤੂਆਂ ਚਾਟੀ-ਮਧਾਣੀ, ਝਾਲਰ ਵਾਲੀਆਂ ਪੱਖੀਆਂ, ਚੁੱਲ੍ਹਾ, ਸੱਜ, ਟੋਕਰੀ ਆਦਿ ਦੀ ਲਗਾਈ ਪ੍ਰਦਰਸ਼ਨੀ ਖਿੱਚ ਦਾ ਕੇਂਦਰ ਰਹੀ। ਇਸ ਮੌਕੇ ਤੀਆਂ ਦੇ ਤਿਉਹਾਰ ਨੂੰ ਸਮਰਪਿਤ ਸੱਭਿਆਚਾਰਕ ਪ੍ਰੋਗਰਾਮ ਵਿੱਚ ਪਿੰਡ ਦੀਆਂ ਛੋਟੀਆਂ ਬੱਚੀਆਂ ਤੋਂ ਲੈ ਕੇ ਹਰੇਕ ਉਮਰ ਦੀਆਂ ਔਰਤਾਂ ਨੇ ਭਾਗ ਲੈ ਕੇ ਗਿੱਧਾ, ਭੰਗੜਾ, ਬੋਲੀਆਂ, ਸੁਹਾਗ ਆਦਿ ਸੱਭਿਆਚਾਰਕ ਵੰਨਗੀਆਂ ਦੀ ਪੇਸ਼ਕਾਰੀ ਕਰਕੇ ਖੂਬ ਰੌਣਕਾਂ ਲਾਈਆਂ। ਮੇਲੇ ਵਿੱਚ ਪਿੰਡ ਵਾਸੀਆਂ ਅਤੇ ਆਸ ਪਾਸ ਦੇ ਪਿੰਡਾਂ ਤੋਂ ਪਹੁੰਚੇ ਲੋਕਾਂ ਨੇ ਮੇਲੇ ਦਾ ਖੂਬ ਆਨੰਦ ਮਾਣਿਆ। ਇਸ ਮੌਕੇ ਸਰਪੰਚ ਸੁਖਦੇਵ ਕੌਰ ਨੇ ਕਿਹਾ ਸਾਵਣਾਂ ਦਾ ਮਹੀਨਾ ਖਾਸ ਕਰਕੇ ਪੰਜਾਬੀਆਂ ਵਿਸ਼ੇਸ਼ ਮਹੱਤਤਾ ਰੱਖਦਾ ਹੈ। ਇਸ ਮਹੀਨੇ ਨਵ-ਵਿਆਹੀ ਮੁਟਿਆਰਾਂ ਆਪਣੇ ਪੇਕੇ ਘਰ ਆ ਕੇ ਸਹੇਲੀਆਂ ਨਾਲ ਪੀਂਘਾਂ ਝੂਟ, ਗਿੱਧਾ ਪਾ ਅਤੇ ਨੱਚ -ਟੱਪ ਕੇ ਖੁਸ਼ੀਆਂ ਸਾਂਝੀਆਂ ਕਰਦੀਆਂ ਹਨ। ਇਸ ਮੌਕੇ 'ਆਪ' ਦੇ ਬਲਾਕ ਪ੍ਰਧਾਨ ਹਿੱਤਪਾਲ ਸਿੰਘ ਨੇ ਤੀਆਂ ਦੇ ਮੇਲੇ ਵਿੱਚ



ਪਹੁੰਚੀਆਂ ਅਹਿਮ ਸ਼ਖ਼ਸੀਅਤਾਂ ਅਤੇ ਪਿੰਡ ਵਾਸੀਆਂ ਦਾ ਧੰਨਵਾਦ ਕਰਦਿਆਂ ਕਿਹਾ ਅਜਿਹੇ ਵਿਰਾਸਤੀ ਤਿਉਹਾਰ ਆਪਸੀ ਭਾਈਚਾਰਕ ਸਦਭਾਵਨਾ ਬਣਾਈ ਰੱਖਣ ਅਤੇ ਨਵੀਂ ਪੀੜ੍ਹੀ ਨੂੰ ਆਪਣੇ ਵਿਰਸੇ ਨਾਲ ਜੁੜੇ ਰਹਿਣ ਲਈ ਅਹਿਮ ਰੋਲ ਅਦਾ ਕਰਦੇ ਹਨ। ਸਾਨੂੰ ਸਾਰਿਆਂ ਨੂੰ ਪਾਰਟੀਬਾਜ਼ੀ ਤੋਂ ਉਪਰ ਉੱਠ ਕੇ ਅਜਿਹੇ ਤਿਉਹਾਰ ਮਨਾਉਣੇ ਚਾਹੀਦੇ ਹਨ ਅਤੇ ਪਿੰਡਾਂ ਨੂੰ ਨਸ਼ਾ-ਮੁਕਤ ਬਣਾਉਣ ਲਈ ਯਤਨ ਕਰਨੇ ਚਾਹੀਦੇ ਹਨ। ਸਮਾਗਮ ਵਿੱਚ ਆਮ ਆਦਮੀ ਪਾਰਟੀ ਜ਼ਿਲ੍ਹਾ ਗੁਰਦਾਸਪੁਰ ਪ੍ਰਧਾਨ ਜੋਬਨ ਰੰਧਾਵਾ ਦੇ ਭਰਾ ਅਨਮੋਲਜੀਤ ਸਿੰਘ ਰੰਧਾਵਾ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ, ਜਦਕਿ ਜ਼ਿਲ੍ਹਾ ਮੀਡੀਆ ਇੰਚਾਰਜ ਮੁਖਦੇਵ ਸਿੰਘ ਆਲੋਵਾਲ ਦੇ ਪੀ.ਏ.ਹਰਪਾਲ ਸਿੰਘ ਅਤੇ ਬਲਾਕ ਪ੍ਰਧਾਨ ਗੁਰਦੇਵ ਸਿੰਘ ਸ਼ਾਹੀ ਵਿਸ਼ੇਸ਼ ਮਹਿਮਾਨ ਸਾਮਲ ਹੋਏ। ਆਏ ਮਹਿਮਾਨਾਂ ਨੇ ਪਿੰਡ ਵਿੱਚ ਤੀਆਂ ਦਾ ਮੇਲਾ ਮਨਾਉਣ ਲਈ ਸਰਪੰਚ ਸੁਖਦੇਵ ਕੌਰ ਸਮੇਤ ਸਮੁੱਚੀ ਪੰਚਾਇਤ ਵੱਲੋ ਕੀਤੇ ਉਪਰਾਲੇ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਉਹ ਪਿੰਡ ਦੇ ਵਿਕਾਸ ਲਈ ਪੰਚਾਇਤ ਦਾ ਪੂਰਾ ਸਹਿਯੋਗ ਦੇਣਗੇ। ਇਸ ਮੌਕੇ ਮੇਲਾ ਪ੍ਰਬੰਧਕਾਂ ਵਲੋਂ ਆਏ ਮਹਿਮਾਨਾਂ ਅਤੇ ਮੁੱਖ ਸਖ਼ਸ਼ੀਅਤਾਂ ਅਤੇ ਪ੍ਰੋਗਰਾਮ ਵਿੱਚ ਭਾਗ ਲੈਣ ਵਾਲੇ ਹੋਣਹਾਰ ਬੱਚਿਆਂ ਨੂੰ ਯਾਦਗਿਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪੰਚ ਗੀਤਾ ਰਾਣੀ, ਪੰਚ ਕਸ਼ਮੀਰ ਕੌਰ, ਪੰਚ ਰਾਜਬੀਰ ਦਵਿੰਦਰ ਸਿੰਘ, ਪੰਚ ਹਰਦੀਪ ਕੌਰ,ਰਛਪਾਲ ਸਿੰਘ, ਹਰਪਿੰਦਰ ਸਿੰਘ, ਜੋਗਿੰਦਰ ਸਿੰਘ, ਜੱਜ ਸਿੰਘ, ਸਾਬਕਾ ਚੇਅਰਮੈਨ ਸਰਬਜੀਤ ਸਿੰਘ, ਪੰਚਾਇਤ ਸਕੱਤਰ ਯੂਸਫ ਮਸੀਹ, ਲਵਲੀ ਪੰਨੂੰ ਤਿੱਬੜ ਆਦਿ ਤੋਂ ਥਾਣਾ ਤਿੱਬੜ ਦੇ ਪੁਲੀਸ ਅਧਿਕਾਰੀ/ਕਰਮਚਾਰੀ ਹਾਜ਼ਰ ਸਨ।

## ਮਨਪ੍ਰੀਤ ਭਿੱਟੇਵੱਡ ਦੀ ਮਾਤਾ ਦੇ ਦਿਹਾਂਤ 'ਤੇ ਦੁੱਖ ਦਾ ਪ੍ਰਗਟਾਵਾ

**ਚੇਤਨਪੁਰਾ (ਸੁਖਵੰਤ ਚੇਤਨਪੁਰੀ)**- ਕਾਂਗਰਸ ਪਾਰਟੀ ਦੇ ਟਕਸਾਲੀ ਆਗੂ ਅਤੇ ਲੋਕ ਸਭਾ ਹਲਕਾ ਅੰਮ੍ਰਿਤਸਰ ਤੋਂ ਮੈਂਬਰ ਪਾਰਲੀਮੈਂਟ ਗੁਰਜੀਤ ਸਿੰਘ ਔਜਲਾ ਦੇ



ਬਹੁਤ ਹੀ ਗਰੀਬੀ ਸਾਥੀ ਮਨਪ੍ਰੀਤ ਸਿੰਘ ਭਿੱਟੇਵੱਡ ਦੀ ਮਾਤਾ ਸਰਦਾਰਨੀ ਇੰਦਰ ਇਕਬਾਲ ਕੌਰ ਦਾ ਬੀਤੇ ਦਿਨੀ ਦੇਹਾਂਤ ਹੋ ਗਿਆ।ਮਾਤਾ ਦੀ ਮੌਤ 'ਤੇ ਪੰਜਾਬ ਦੇ ਸਾਬਕਾ ਮੰਤਰੀ ਅਤੇ ਵਿਧਾਇਕ ਸੁਖਬਿੰਦਰ ਸਿੰਘ ਸਰਕਾਰੀਆ ਦੇ ਮੀਡੀਆ ਸਲਾਹਕਾਰ ਅਤੇ ਜ਼ਿਲ੍ਹਾ ਕਾਂਗਰਸ ਕਮੇਟੀ ਅੰਮ੍ਰਿਤਸਰ ਦਿਹਾਤੀ ਦੇ ਮੁੱਖ ਬੁਲਾਰੇ ਅਮਨਦੀਪ ਸਿੰਘ ਕੱਕੜ ਨੇ ਸ੍ਰੀ ਭਿੱਟੇਵੱਡ ਅਤੇ ਉਨ੍ਹਾਂ ਦੇ ਪਰਿਵਾਰ ਨਾਲ ਦੁੱਖ ਸਾਂਝਾ ਕਰਦਿਆਂ ਕਿਹਾ ਕਿ ਮਾਂ ਬਿਨਾਂ ਘਰ ਸੁੰਨਾ ਹੋ ਜਾਂਦਾ ਹੈ।ਇਸ ਮੌਕੇ ਉਨ੍ਹਾਂ ਨਾਲ ਦੁੱਖ ਪ੍ਰਗਟ ਕਰਨ ਵਾਲਿਆਂ ਵਿੱਚ ਜਸਕਰਨ ਸਿੰਘ ਕੋਹਰੀ, ਸੁਖਬੀਰ ਸਿੰਘ ਸ਼ਾਹ ਭਿੱਟੇਵੱਡ, ਸੋਨਾ ਸਿੱਧੂ ਬਲੱਗਣ, ਲਖਬੀਰ ਸਿੰਘ ਕੋਹਾਲੀ, ਸਾਬਕਾ ਸਰਪੰਚ ਸੁਖਵੰਤ ਸਿੰਘ, ਬਲਾਕ ਸੰਮਤੀ ਮੈਂਬਰ ਗੁਰਜੀਤ ਸਿੰਘ, ਸਾਹਿਤ ਸਭਾ ਚੁਗਾਵਾਂ ਦੇ ਪ੍ਰਧਾਨ ਧਰਮਿੰਦਰ ਔਲਖ, ਆਪ ਦੇ ਸੀਨੀਅਰ ਆਗੂ ਗੁਰਮੁਖ ਸਿੰਘ ਮੋਹਣ ਭੰਡਾਰੀਆਂ, ਗੁਰਮੇਜ ਸਿੰਘ ਬਬਲਾ ਕੋਟਲਾ, ਡਾ. ਪ੍ਰਗਟ ਸਿੰਘ ਭੁੱਲਰ, ਹਰਜੀਤ ਸਿੰਘ ਕੋਟਲਾ, ਕੁਲਦੀਪ ਸਿੰਘ ਔਲਖ ਚੋਗਾਵਾਂ, ਰਿੰਕੂ ਕੋਹਾਲੀ, ਬਲਵਿੰਦਰ ਸਿੰਘ ਕੋਹਾਲੀ, ਰਿੰਕੂ ਚੋਗਾਵਾਂ ਆਦਿ ਸ਼ਾਮਲ ਸਨ।

ਨਵਾਂ ਜ਼ਮਾਨਾ
ਬੁੱਧਵਾਰ, 6 ਅਗਸਤ 2025

# ਸਵਾਲ ਕਰਨਾ ਗੁਨਾਹ ਹੋ ਗਿਆ

ਸੁਪਰੀਮ ਕੋਰਟ ਨੇ ਸਵਾਲ ਪੁੱਛ ਕੇ ਸਵਾਲ ਪੁੱਛਣ ਦੇ ਅਧਿਕਾਰ ਨੂੰ ਖਤਰੇ ਵਿੱਚ ਪਾ ਦਿੱਤਾ ਹੈ। ਰਾਹੁਲ ਗਾਂਧੀ ਨੇ ਆਪਣੀ 'ਭਾਰਤ ਜੋੜੋ' ਯਾਤਰਾ ਦੌਰਾਨ ਕਿਹਾ ਸੀ ਕਿ ਚੀਨ ਨੇ ਭਾਰਤ ਦੀ ਜ਼ਮੀਨ ਹੜੱਪ ਲਈ ਹੈ। ਇਸ 'ਤੇ ਬਾਰਡਰ ਰੋਡ ਆਰਗੇਨਾਈਜ਼ੇਸ਼ਨ ਦੇ ਸਾਬਕਾ ਡਾਇਰੈਕਟਰ ਉਦੈ ਸ਼ੰਕਰ ਸ੍ਰੀਵਾਸਤਵ ਨੇ ਕੇਸ ਕਰ ਦਿੱਤਾ ਕਿ ਉਨ੍ਹਾ ਭਾਰਤੀ ਫੌਜ ਦੀ ਤੌਹੀਨ ਕੀਤੀ ਹੈ। ਲਖਨਊ ਦੀ ਅਦਾਲਤ ਵਿੱਚ ਚੱਲ ਰਹੇ ਕੇਸ ਨੂੰ ਅਲਾਹਾਬਾਦ ਹਾਈ ਕੋਰਟ ਵੱਲੋਂ ਨਾ ਰੋਕਣ 'ਤੇ ਰਾਹੁਲ ਗਾਂਧੀ ਨੇ ਸੁਪਰੀਮ ਕੋਰਟ ਵਿੱਚ ਪਟੀਸ਼ਨ ਪਾਈ ਸੀ ਤੇ ਸੁਪਰੀਮ ਕੋਰਟ ਨੇ ਸੋਮਵਾਰ ਇਸ 'ਤੇ ਸੁਣਵਾਈ ਕਰਦਿਆਂ ਉਨ੍ਹਾ ਤੋਂ ਪੁੱਛ ਲਿਆ ਕਿ ਤੁਹਾਡੇ ਕੋਲ ਕੀ ਸਬੂਤ ਹਨ ਕਿ ਚੀਨ ਨੇ ਭਾਰਤ ਦੀ ਦੋ ਹਜ਼ਾਰ ਵਰਗ ਕਿੱਲੋਮੀਟਰ ਜ਼ਮੀਨ ਹੜੱਪ ਲਈ ਹੈ? ਸੁਪਰੀਮ ਕੋਰਟ ਨੇ ਇਹ ਸਲਾਹ ਵੀ ਦਿੱਤੀ ਕਿ ਉਨ੍ਹਾ ਨੂੰ ਇਹ ਸਵਾਲ ਸੰਸਦ ਵਿੱਚ ਕਰਨਾ ਚਾਹੀਦਾ ਸੀ, ਨਾ ਕਿ ਸੰਸਦ ਤੋਂ ਬਾਹਰ। ਸੁਪਰੀਮ ਕੋਰਟ ਨੇ ਇਹ ਕਹਿ ਕੇ ਉਨ੍ਹਾ ਦੇ ਸੱਚਾ ਭਾਰਤੀ ਹੋਣ 'ਤੇ ਵੀ ਉਂਗਲ ਚੁੱਕ ਦਿੱਤੀ ਕਿ ਜੇ ਤੁਸੀਂ ਸੱਚੇ ਭਾਰਤੀ ਹੁੰਦੇ ਤਾਂ ਅਜਿਹੀ ਗੱਲ ਨਾ ਕਹਿੰਦੇ।

ਸਵਾਲ ਉੱਠਦਾ ਹੈ ਕਿ ਅਜਿਹੇ ਮਾਮਲੇ ਵਿੱਚ ਸਬੂਤ ਕੀ ਹੋਣਗੇ? ਕੀ ਚੀਨ ਲਿਖ ਕੇ ਦੇਵੇਗਾ ਕਿ ਉਸ ਨੇ ਭਾਰਤ ਦੀ ਜ਼ਮੀਨ ਹੜੱਪ ਲਈ ਹੈ? ਕੀ ਭਾਰਤ ਲਿਖ ਕੇ ਮੰਨ ਲਵੇਗਾ ਕਿ ਚੀਨ ਨੇ ਭਾਰਤ ਦੀ ਜ਼ਮੀਨ ਹੜੱਪ ਲਈ ਹੈ? ਜੇ ਅਜਿਹਾ ਨਹੀਂ ਹੋ ਸਕਦਾ ਤਾਂ ਰਾਹੁਲ ਕਿੱਥੋਂ ਸਬੂਤ ਲਿਆਉਣਗੇ? ਪਰ ਇਹ ਸਵਾਲ ਸਬੂਤ ਦੇਣ ਦਾ ਨਹੀਂ ਹੈ। ਅਰੁਣਾਚਲ ਦੇ ਲੋਕ, ਉਥੋਂ ਦੇ ਸਾਂਸਦ ਤੇ ਹੋਰ ਨੁਮਾਇੰਦੇ ਅਕਸਰ ਇਹ ਕਹਿੰਦੇ ਹਨ, ਤਾਂ ਕੀ ਉਹ ਗਲਤ ਹਨ? ਗਲਵਾਨ ਦੇ ਲੋਕਾਂ ਨੇ ਜੋ ਜਾਣਕਾਰੀਆਂ ਸਾਂਝੀਆਂ ਕੀਤੀਆਂ ਸਨ, ਕੀ ਉਹ ਗਲਤ ਸਨ? ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸਰਬ ਪਾਰਟੀ ਮੀਟਿੰਗ ਵਿੱਚ ਕਿਹਾ ਸੀ : ਨਾ ਕੋਈ ਘਰ ਵਿੱਚ ਵੜਿਆ ਤੇ ਨਾ ਕੋਈ ਵੜਿਆ ਹੋਇਆ ਹੈ। ਇਹ ਬਿਆਨ ਉਨ੍ਹਾ ਸੰਸਦ ਵਿੱਚ ਨਹੀਂ ਦਿੱਤਾ ਸੀ। ਕੀ ਸੁਪਰੀਮ ਕੋਰਟ ਨੇ ਕਦੇ ਉਨ੍ਹਾ ਤੋਂ ਪੁੱਛਿਆ ਕਿ ਉਨ੍ਹਾ ਸੰਸਦ ਵਿੱਚ ਇਹ ਗੱਲ ਕਿਉਂ ਨਹੀਂ ਕਹੀ?

ਦਰਅਸਲ ਸੁਪਰੀਮ ਕੋਰਟ ਦੇ ਦਾਇਰੇ ਵਿੱਚ ਇਹ ਗੱਲ ਆਉਂਦੀ ਹੀ ਨਹੀਂ ਕਿ ਸੰਸਦ ਮੈਂਬਰ ਸੰਸਦ ਦੇ ਅੰਦਰ ਕੀ ਬੋਲੇ। ਸੁਪਰੀਮ ਕੋਰਟ ਨੂੰ ਕਿਸੇ ਨੂੰ ਸੱਚਾ-ਝੂਠਾ ਭਾਰਤੀ ਹੋਣ ਦਾ ਸਰਟੀਫਿਕੇਟ ਦੇਣ ਦਾ ਵੀ ਅਧਿਕਾਰ ਨਹੀਂ। ਭਾਰਤੀਅਤਾ ਦਾ ਸਵਾਲ ਕੀ ਇਸ ਗੱਲ ਨਾਲ ਜੁੜ ਸਕਦਾ ਹੈ ਕਿ ਕਿਸੇ ਮੁੱਦੇ 'ਤੇ ਕਿਸੇ ਵਿਅਕਤੀ ਦੀ ਸੋਚ ਕੀ ਹੈ?

ਬਿਨਾਂ ਜਾਂਚ ਕਰਾਏ ਰਾਫੇਲ ਮਾਮਲੇ ਵਿੱਚ ਸੁਪਰੀਮ ਕੋਰਟ ਵੱਲੋਂ ਸਰਕਾਰ ਨੂੰ ਕਲੀਨ ਚਿੱਟ ਦੇਣਾ, ਚੰਡੀਗੜ੍ਹ ਦੇ ਮੇਅਰ ਦੀ ਚੋਣ ਵਿੱਚ ਵੋਟ ਚੋਰੀ ਫੜ ਲੈਣ ਦੇ ਬਾਵਜੂਦ ਮੁਜਰਮ ਨੂੰ ਕੋਈ ਸਜ਼ਾ ਨਾ ਦੇਣਾ, ਇਲੈਕਟੋਰਲ ਬਾਂਡ ਰੱਦ ਕਰਨ ਦੇ ਬਾਵਜੂਦ ਜਾਂਚ ਦਾ ਆਦੇਸ਼ ਨਾ ਦੇਣਾ, ਮਹਾਰਾਸ਼ਟਰ ਦੀ ਸਰਕਾਰ ਨੂੰ ਨਾਜਾਇਜ਼ ਦੱਸ ਕੇ ਸਰਕਾਰ ਚੱਲਦੀ ਰਹਿਣ ਦੇਣਾ, ਉਲਟਾ ਊਧਵ ਠਾਕਰੇ ਤੋਂ ਪੁੱਛਣਾ ਕਿ ਤੁਸੀਂ ਅਸਤੀਫਾ ਕਿਉਂ ਨਹੀਂ ਦਿੱਤਾ...ਅਜਿਹੀਆਂ ਬਹੁਤ ਸਾਰੀਆਂ ਮਿਸਾਲਾਂ ਹਨ, ਜੋ ਖੁਦ ਸੁਪਰੀਮ ਕੋਰਟ ਤੋਂ ਸੱਚੇ-ਝੂਠੇ ਇਨਸਾਫ ਦੀ ਗੱਲ ਪੁੱਛਦੀਆਂ ਹਨ।

ਸੁਪਰੀਮ ਕੋਰਟ ਰਾਹੁਲ ਗਾਂਧੀ ਨੂੰ ਹੀ ਕਹਿ ਰਹੀ ਹੈ ਕਿ ਸਬੂਤ ਲੈ ਕੇ ਗੱਲ ਕਰੋ। ਫਿਰ ਜਾਂਚ ਏਜੰਸੀਆਂ ਨੇ ਕੀ ਕਰਨਾ? ਸੁਪਰੀਮ ਕੋਰਟ ਕੇਂਦਰ ਸਰਕਾਰ ਤੋਂ ਕਿਉਂ ਨਹੀਂ ਪੁੱਛਦੀ ਕਿ ਕੀ ਚੀਨ ਨੇ ਭਾਰਤੀ ਜ਼ਮੀਨ ਹਥਿਆਈ ਹੈ? ਜਿਹੜੇ ਲੋਕ ਸਰੇਆਮ ਕਹਿੰਦੇ ਹਨ ਕਿ ਪੰਡਤ ਨਹਿਰੂ ਨੇ ਪਾਕਿਸਤਾਨ ਨੂੰ ਮਕਬੂਜ਼ਾ ਕਸ਼ਮੀਰ ਦਿੱਤਾ, ਉਨ੍ਹਾਂ ਤੋਂ ਸੁਪਰੀਮ ਕੋਰਟ ਕਿਉਂ ਨਹੀਂ ਪੁੱਛਦੀ ਕਿ ਸਬੂਤ ਦਿਖਾਓ। ਦਰਅਸਲ ਆਪੋਜ਼ੀਸ਼ਨ ਦਾ ਆਗੂ ਕੀ ਬੋਲੇ ਜਾਂ ਨਾ ਬੋਲੇ, ਇਹ ਚਿੰਤਾ ਕਰਨੀ ਸੁਪਰੀਮ ਕੋਰਟ ਦਾ ਕੰਮ ਨਹੀਂ। ਰਾਹੁਲ ਦੇ ਬੋਲਣ 'ਤੇ ਚੀਨ ਜਾਂ ਭਾਰਤ ਸਰਕਾਰ ਨੇ ਇਤਰਾਜ਼ ਨਹੀਂ ਕੀਤਾ, ਫਿਰ ਸੁਪਰੀਮ ਕੋਰਟ ਕਿਸ ਦੇ ਹੱਕ ਵਿੱਚ ਰਾਹੁਲ ਦੀ ਜ਼ੁਬਾਨ 'ਤੇ ਅੰਕੁਸ਼ ਲਾ ਰਹੀ ਹੈ?

## ਪਾਠਕ-ਸੱਥ

### ਖੇਤੀਬਾੜੀ, ਅਰਥ ਵਿਵਸਥਾ ਅਤੇ ਕਿਸਾਨੀ ਸੰਕਟ

ਭਾਰਤ ਦੇ ਕਿਸਾਨਾਂ ਦੁਆਰਾ ਵਿਸ਼ਵ ਦੀ 27 ਫੀਸਦੀ ਅਬਾਦੀ ਦਾ ਢਿੱਡ ਭਰਨ ਦੀ ਜਾਰੀ ਹੋਈ ਰਿਪੋਰਟ ਜਿਥੇ ਕਿਸਾਨਾਂ ਦੀ ਸਖ਼ਤ ਮਿਹਨਤ ਦੀ ਸ਼ਾਹਦੀ ਭਰਦੀ ਹੈ, ਉਥੇ ਅਰਥ ਵਿਵਸਥਾ ਨੂੰ ਹੁਲਾਰਾ ਦੇ ਕੇ ਦੇਸ਼ ਦੀ ਰਾਸ਼ਟਰੀ ਆਮਦਨ ਵਿੱਚ ਕਿਸਾਨਾਂ ਵੱਲੋਂ ਪਾਇਆ ਜਾ ਰਿਹਾ ਯੋਗਦਾਨ ਵੀ ਨਜ਼ਰ ਆਉਂਦਾ ਹੈ। ਬਾਬੇ ਨਾਨਕ ਨੇ ਕਰਤਾਰਪੁਰ ਦੀ ਧਰਤੀ 'ਤੇ ਖੇਤੀ ਕਰਕੇ ਖੇਤੀ ਦੇ ਕਿੱਤੇ ਨੂੰ ਵਡਿਆਇਆ, ਪ੍ਰੰਤੂ ਪੁਰਾਣੇ ਸਮੇਂ ਤੋਂ ਚਲੀ ਆ ਰਹੀ ਕਹਾਵਤ 'ਖੇਤੀ ਕਰਮਾਂ ਸੇਤੀ' ਅੱਜ ਵੀ ਵਿਗਿਆਨ ਅਤੇ ਤਕਨਾਲੋਜੀ ਦੇ ਨਾਲ-ਨਾਲ ਕਰਮਾਂ ਅਤੇ ਕੁਦਰਤ 'ਤੇ ਨਿਰਭਰ ਹੈ।ਪੱਕੀ ਫ਼ਸਲ 'ਤੇ ਮੀਂਹ ਪੈ ਜਾਵੇ ਤਾਂ ਕਿਸਾਨ ਕੱਖੋਂ ਹੌਲਾ ਹੋ ਜਾਂਦਾ ਹੈ।ਸੋਕਾ ਪੈ ਜਾਵੇ ਫ਼ਿਰ ਵੀ ਫ਼ਸਲ ਨਹੀਂ ਹੁੰਦੀ। ਇੱਕੀਵੀਂ ਸਦੀ ਵਿੱਚ ਵੀ ਕਿਸਾਨ ਦੀ ਜ਼ਿੰਦਗੀ ਸੌਖੀ ਨਹੀਂ।

ਵਿਸ਼ਵ ਦੀਆਂ ਲੋੜਾਂ ਪੂਰੀਆਂ ਕਰਨ ਵਾਲਾ ਕਿਸਾਨ ਆਪਣੇ ਪਰਵਾਰ ਦੀਆਂ ਲੋੜਾਂ ਪੂਰੀਆਂ ਕਰਨ ਵਿੱਚ ਅਸਮਰਥ ਜਾਪਦਾ ਹੈ।ਪੂਰੀ ਦੁਨੀਆ ਦਾ ਢਿੱਡ ਭਰਨ ਵਾਲਾ ਕਿਸਾਨ ਆਪ ਕਈ ਵਾਰ ਭੁੱਖਾ ਸੌਂਦਾ ਹੈ। ਮਹਿਲਾਂ ਵਿੱਚ ਰਹਿਣ ਵਾਲਿਆਂ ਦਾ ਢਿੱਡ ਭਰ ਕੇ ਆਪ ਸੜਕਾਂ 'ਤੇ ਰੁਲਦਾ ਹੈ। ਕਾਰਪੋਰੇਟ ਦੀਆਂ ਜੇਬਾਂ ਭਰਨ ਵਾਲਾ ਆਪ ਘੱਟੋ-ਘੱਟ ਸਮਰਥਨ ਮੁੱਲ ਲਈ ਸੰਘਰਸ਼ ਕਰ ਰਿਹਾ ਹੈ।ਕਿਸਾਨ ਭਲਾਈ ਲਈ ਚੱਲ ਰਹੀਆਂ ਸਕੀਮਾਂ ਕਿਸਾਨਾਂ ਤੱਕ ਪਹੁੰਚਣ ਤੋਂ ਪਹਿਲਾਂ ਭ੍ਰਿਸ਼ਟਾਚਾਰ ਦੀ ਭੇਟ ਚੜ੍ਹ ਜਾਂਦੀਆਂ ਹਨ।ਭਾਰਤ ਦੇ ਖ਼ਾਸ ਕਰਕੇ ਕਿਸਾਨਾਂ ਨੇ ਹਰੀ ਕ੍ਰਾਂਤੀ ਵਿੱਚ ਆਪਣੀ ਸਖ਼ਤ ਘਾਲਣਾ ਨਾਲ ਦੇਸ਼ ਵਿੱਚੋਂ ਭੁੱਖਮਰੀ 'ਤੇ ਨਕੇਲ ਕੱਸਣ ਵਿੱਚ ਅਹਿਮ ਰੋਲ ਅਦਾ ਕੀਤਾ ਹੈ। ਸਰਕਾਰ ਦਾ ਵੀ ਫਰਜ਼ ਬਣਦਾ ਹੈ ਕਿ ਉਹ ਵੀ ਕਿਸਾਨਾਂ ਦੀਆਂ ਮੰਗਾਂ ਨੂੰ ਗੰਭੀਰਤਾ ਨਾਲ ਲੈ ਕੇ ਉਹਨਾਂ ਦਾ ਫੌਰੀ ਹੱਲ ਤਲਾਸ਼ਣ ਦੀ ਖੇਚਲ਼ ਕਰਨ, ਤਾਂ ਜੋ ਕਿਸਾਨ ਵੀ ਆਪਣੇ ਪਰਵਾਰ ਨਾਲ ਖ਼ੁਸ਼ਹਾਲੀ ਦੀ ਜ਼ਿੰਦਗੀ ਜੀ ਸਕੇ।

-ਰਜਵਿੰਦਰ ਪਾਲ ਸ਼ਰਮਾ, 70873-67969

### ਓਵਰਏਜ ਹੋ ਚੁੱਕੇ ਬੇਰੁਜ਼ਗਾਰਾਂ ਨੂੰ ਸਰਕਾਰ ਮੌਕਾ ਦੇਵੇ

ਪੰਜਾਬ ਵਿੱਚ ਇਸ ਸਮੇਂ ਬਹੁਤ ਸਾਰੇ ਨੌਜਵਾਨ ਵੱਡੀਆਂ-ਵੱਡੀਆਂ ਡਿਗਰੀਆਂ ਕਰਕੇ ਬੇਰੁਜ਼ਗਾਰ ਫਿਰ ਰਹੇ ਹਨ। ਜਿਨ੍ਹਾਂ ਦੀਆਂ ਆਸਾਂ-ਉਮੀਦਾਂ ਓਵਰਏਜ ਹੋਣ ਕਰਕੇ ਅਧੂਰੀਆਂ ਹਨ। ਜਿਨ੍ਹਾਂ ਵਿੱਚ ਮੈਂ ਵੀ ਇੱਕ ਹਾਂ। ਬਹੁਤ ਸਾਰੀਆਂ ਭਰਤੀਆਂ, ਜੋ ਦਸ-ਪੰਦਰਾਂ ਸਾਲ ਬਾਅਦ ਆਈਆਂ ਹਨ ਜਾਂ ਪੰਜ ਸਾਲਾਂ ਵਿੱਚ ਇੱਕ ਵਾਰ ਆਈਆਂ ਹਨ, ਇਨ੍ਹਾਂ ਭਰਤੀਆਂ ਨੂੰ ਬਹੁਤ ਸਾਰੇ ਨੌਜਵਾਨ ਉਮਰ ਲੰਘਣ ਕਰਕੇ ਇੱਕ ਵਾਰ ਵੀ ਨਹੀਂ ਦੇਖ ਸਕੇ। ਉਨ੍ਹਾਂ ਦੀਆਂ ਡਿਗਰੀਆਂ ਹੁਣ ਰੱਦੀ ਵਾਂਗ ਬਣ ਗਈਆਂ ਹਨ। ਉਮਰ ਲੰਘਾ ਚੁੱਕੇ ਬੇਰੁਜ਼ਗਾਰਾਂ ਦੀਆਂ ਡਿਗਰੀਆਂ ਦਾ ਮੁੱਲ ਕੁਝ ਨਾ ਪੈਂਦਾ ਦੇਖ ਕੇ ਉਹ ਬਹੁਤ ਦੁਖੀ ਹਨ। ਸਰਕਾਰ ਨੂੰ ਇਨ੍ਹਾਂ ਬੇਰੁਜ਼ਗਾਰਾਂ ਲਈ ਉਮਰ ਹੱਦ ਵਧਾ ਦੇਣੀ ਚਾਹੀਦੀ ਹੈ। ਇਨ੍ਹਾਂ ਨੂੰ ਭਰਤੀਆਂ ਲਈ ਮੌਕਾ ਪ੍ਰਦਾਨ ਕਰਨਾ ਚਾਹੀਦਾ ਹੈ ਜਾਂ ਫਿਰ ਇਨ੍ਹਾਂ ਨੂੰ ਕਿਸੇ ਸਰਕਾਰੀ ਅਦਾਰੇ ਵਿਚ ਸਿੱਧੇ ਤੌਰ 'ਤੇ ਅਡਜਟ ਕਰ ਲੈਣਾ ਚਾਹੀਦਾ ਹੈ, ਬੇਸ਼ੱਕ ਉਹ ਉਨ੍ਹਾਂ ਦੀ ਐਜੂਕੇਸ਼ਨ ਤੋਂ ਛੋਟਾ ਕਿਉਂ ਨਾ ਹੋਵੇ। ਜੇਕਰ ਸਰਕਾਰ ਇਸ ਪਾਸੇ ਵੱਲ ਸੋਚ ਲਵੇ ਤਾਂ ਲੱਖਾਂ ਬੇਰੁਜ਼ਗਾਰ ਨੌਜਵਾਨਾਂ ਦੀ ਜ਼ਿੰਦਗੀ ਸੁਧਰ ਜਾਵੇਗੀ।

-ਗੁਰਦਿੱਤ ਸਿੰਘ ਸੇਖੋਂ, 97811-72781

# ਨੋਟਬੰਦੀ ਤੋਂ ਬਾਅਦ ਵੋਟਬੰਦੀ ?


ਗੁਰਪ੍ਰੀਤ

ਸਰਜੀਕਲ ਸਟਰਾਈਕ ਕੇਂਦਰ ਦੀ ਭਾਜਪਾ ਸਰਕਾਰ ਨੇ 8 ਨਵੰਬਰ 2016 ਨੂੰ ਪਹਿਲਾਂ ਲੋਕਾਈ ਦੀ ਜੇਬ 'ਤੇ ਕੀਤੀ ਸੀ। ਭਾਵੇਂਕਿ ਇਸ ਨੂੰ ਨੋਟਬੰਦੀ ਦਾ ਨਾਂਅ ਦਿੱਤਾ ਗਿਆ ਸੀ, ਪਰ ਇਸ ਨੇ ਖੱਜਲ ਹਰ ਆਮ ਅਤੇ ਖ਼ਾਸ ਨੂੰ ਕੀਤਾ ਸੀ। ਵੱਡੇ-ਵੱਡੇ ਲੋਕ ਵੀ ਇਸ ਨੋਟਬੰਦੀ ਦੇ ਚੱਕਰਵਿਊ ਵਿੱਚ ਫਸ ਗਏ ਸਨ। ਭਾਵੇਂਕਿ ਵੱਡੇ ਧਨਾਢਾਂ ਨੂੰ ਬਹੁਤਾ ਫਰਕ ਨਹੀਂ ਪਿਆ, ਪਰ ਅਵਾਮ ਇਸ ਦੇ ਨਾਲ ਖੱਜਲ ਜ਼ਰੂਰ ਹੋਈ ਸੀ। ਸਾਡੇ ਵਰਗੇ ਕਈ ਪੱਤਰਕਾਰਾਂ ਨੇ ਨੋਟਬੰਦੀ ਦੇ ਦੌਰਾਨ ਲੋਕਾਂ ਦੇ ਨਾਲ ਗੱਲਬਾਤ ਕੀਤੀ ਸੀ।

ਜਿਹੜੇ ਦੁੱਖ-ਦਰਦ ਉਦੋਂ ਸਾਹਮਣੇ ਆਏ ਸਨ, ਉਨ੍ਹਾਂ ਨੂੰ ਇਸ ਸਮੇਂ ਵੀ ਬਿਆਨਿਆ ਜਾਵੇ ਤਾਂ ਰੋਣਾ ਨਿਕਲ ਜਾਂਦਾ ਹੈ। ਖ਼ੈਰ, ਨੋਟਬੰਦੀ ਤੋਂ ਬਾਅਦ ਸਰਕਾਰ ਨੇ ਕਈ ਅਜਿਹੇ ਫ਼ੈਸਲੇ ਲਏ, ਜਿਨ੍ਹਾਂ ਦਾ ਅਵਾਮ ਨੇ ਵਿਰੋਧ ਕੀਤਾ। ਬੇਸ਼ੱਕ ਡਿਜੀਟਲ ਇੰਡੀਆ, ਜਿਸ ਜ਼ਰੀਏ ਅਸੀਂ ਬੈਂਕਿੰਗ ਅਤੇ ਹੋਰ ਸੁਵਿਧਾਵਾਂ ਲੈਣ ਵਿੱਚ ਸੁਖਾਲੇ ਹੋਏ ਹਾਂ, ਪਰ ਇਸ ਦੀ ਵੀ ਬਹੁਤ ਥਾਂਵਾਂ 'ਤੇ ਦੁਰਵਰਤੋਂ ਹੋ ਰਹੀ ਹੈ। ਲੋਕਾਂ ਦਾ ਡਾਟਾ ਕੁਝ ਅਜਿਹੀਆਂ ਐਪ ਚੋਰੀ ਕਰ ਰਹੀਆਂ ਹਨ, ਜਿਨ੍ਹਾਂ ਨੂੰ ਅਸੀਂ ਲੈਣ-ਦੇਣ ਲਈ ਵਰਤਦੇ ਹਾਂ।

ਲੇਖ ਵਿੱਚ ਅੱਗੇ ਵਧਦੇ ਹਾਂ ਨੋਟਬੰਦੀ ਤੋਂ ਬਾਅਦ ਪ੍ਰਚੱਲਤ ਸ਼ਬਦ ਵੋਟਬੰਦੀ ਵੱਲ। ਵੋਟਬੰਦੀ ਦਾ ਜਿਕਰ ਇਨ੍ਹੀਂ ਦਿਨੀਂ ਬਹੁਤ ਹੋ ਰਿਹਾ ਹੈ। ਬਿਹਾਰ ਚੋਣਾਂ ਨੇੜੇ ਹਨ ਅਤੇ ਬਿਹਾਰ ਚੋਣਾਂ ਤੋਂ ਪਹਿਲਾਂ ਵੋਟਾਂ ਦੀ ਕਾਂਟ-ਛਾਂਟ ਨੇ ਸਰਕਾਰ ਨੂੰ ਸਵਾਲਾਂ ਦੇ ਘੇਰੇ ਵਿੱਚ ਖੜ੍ਹਾ ਕਰ ਦਿੱਤਾ ਹੈ। ਸੱਤਾ ਧਿਰ ਅਤੇ ਚੋਣ ਕਮਿਸ਼ਨ ਜਿੱਥੇ ਵੋਟਾਂ ਦੀ ਕਾਂਟ-ਛਾਂਟ ਨੂੰ ਸਹੀ ਦੱਸ ਰਿਹਾ ਹੈ, ਉਥੇ ਹੀ ਵਿਰੋਧੀ ਨੇਤਾ ਤਾਂ ਇਸ ਨੂੰ ਲੈ ਕੇ ਰੈਲੀਆਂ ਕਰ ਰਹੇ ਨੇ।

9 ਜੁਲਾਈ ਨੂੰ ਟਰੇਡ ਯੂਨੀਅਨਾਂ ਅਤੇ ਇੰਡੀਆ ਅਲਾਇੰਸ ਦੇ ਸੱਦੇ 'ਤੇ ਰਾਜ ਭਰ ਵਿੱਚ ਆਮ ਹੜਤਾਲ, ਧਰਨਾ-ਪ੍ਰਦਰਸ਼ਨ ਅਤੇ 'ਚੱਕਾ ਜਾਮ' ਦਾ ਆਯੋਜਨ ਕਰਕੇ ਇੱਕ ਵਿਸ਼ਾਲ ਵਿਰੋਧ ਪ੍ਰਦਰਸ਼ਨ ਕੀਤਾ ਗਿਆ। ਦੇਸ਼ ਦੇ ਕਈ ਹਿੱਸਿਆਂ ਵਿੱਚ ਖੱਬੇ-ਪੱਖੀ ਪਾਰਟੀਆਂ ਸਮੇਤ ਸਾਰੀਆਂ ਸੰਵਿਧਾਨਕ ਪਾਰਟੀਆਂ ਦੇ ਕਾਰਕੁਨਾਂ ਨੇ 'ਵੋਟ ਬਚਾਓ-ਸਰਕਾਰ ਹਟਾਓ', ਵੋਟ 'ਤੇ ਪਾਬੰਦੀ ਦੀ ਸਰਕਾਰ-ਬਿਹਾਰ ਬਰਦਾਸ਼ਤ ਨਹੀਂ ਕਰੇਗਾ, ਬਿਹਾਰ ਵੋਟ ਦੇ ਅਧਿਕਾਰ 'ਤੇ ਹਮਲੇ ਨੂੰ ਬਰਦਾਸ਼ਤ ਨਹੀਂ ਕਰੇਗਾ, ਇਰਾਦੇ ਗੰਦੇ ਹਨ-ਵੋਟਾਂ 'ਤੇ ਪਾਬੰਦੀ' ਵਰਗੇ ਨਾਅਰਿਆਂ ਨਾਲ ਆਪਣਾ ਗੁੱਸਾ ਪ੍ਰਗਟ ਕੀਤਾ।

ਤਾਜ਼ਾ ਅਪਡੇਟ 'ਚ ਚੋਣ ਕਮਿਸ਼ਨ ਦੇ ਦਾਅਵਿਆਂ ਤੋਂ ਪਰੇ ਜ਼ਮੀਨੀ ਹਕੀਕਤ ਅਜੇ ਵੀ ਇਹ ਹੈ ਕਿ ਪੂਰੇ ਰਾਜ ਦੇ ਲੱਖਾਂ ਲੋਕਾਂ ਨੇ ਸੋਧ ਫਾਰਮ ਨਹੀਂ ਭਰੇ। ਵੋਟਰਾਂ ਵਿੱਚ ਬਹੁਤ ਭੰਬਲਭੂਸਾ ਹੈ। ਸਰਕਾਰੀ ਕਰਮਚਾਰੀ ਘਰ-ਘਰ ਜਾ ਰਹੇ ਹਨ ਅਤੇ ਕਿਸੇ ਤਰ੍ਹਾਂ ਲੋਕਾਂ ਦੁਆਰਾ ਫਾਰਮ ਭਰਨ ਦੀ ਰਸਮ ਪੂਰੀ ਕਰ ਰਹੇ ਹਨ। ਦੋਸ਼ ਹੈ ਕਿ ਸਰਕਾਰੀ ਮੁਲਾਜ਼ਮ ਰਸੀਦ ਵੀ ਨਹੀਂ ਦੇ ਰਹੇ। ਇਸ ਦੇ ਨਾਲ ਹੀ ਚੋਣ ਕਮਿਸ਼ਨ ਰੋਜ਼ਾਨਾ ਮੀਡੀਆ ਅਪਡੇਟ ਵਿੱਚ ਦਿੱਤੀਆਂ ਗਈਆਂ 11 ਸ਼ਰਤਾਂ ਨੂੰ ਅੰਤਮ ਸੋਧ ਲਈ ਆਧਾਰ ਵਜੋਂ ਦੱਸ ਰਿਹਾ ਹੈ।

ਹਾਲਾਂਕਿ ਇਨ੍ਹਾਂ ਸਾਰੀਆਂ ਗੱਲਾਂ ਤੋਂ ਪਾਸੇ ਹਟ ਕੇ ਜੇਕਰ ਸੋਚਿਆ ਜਾਵੇ ਕਿ ਕੀ ਵਾਕਿਆ ਹੀ ਵਿਰੋਧੀ ਧਿਰਾਂ ਦਾ ਵੋਟਬੰਦੀ ਵਾਲਾ ਲੌਜਿਕ ਠੀਕ ਹੈ? ਵੋਟਬੰਦੀ ਕਰਨਾ ਕਿਸ ਲਈ ਨੁਕਸਾਨਦੇਹ ਹੈ, ਇਹ ਤਾਂ ਅਸੀਂ ਜਾਣਦੇ ਹੀ ਹਾਂ, ਪਰ ਜਿਸ ਤਰੀਕੇ ਦੇ ਨਾਲ ਵੋਟਾਂ ਕੱਟੀਆਂ ਜਾ ਰਹੀਆਂ ਹਨ ਜਾਂ ਫਿਰ ਕਥਿਤ ਤੌਰ 'ਤੇ ਉਲਟ ਫੇਰ ਵੋਟਾਂ ਅੰਦਰ ਕੀਤਾ ਜਾ ਰਿਹਾ ਹੈ, ਉਸ ਤੋਂ ਇੰਝ ਲੱਗਦਾ ਹੈ ਕਿ ਵੋਟਬੰਦੀ ਦਾ ਮਤਲਬ ਸਾਫ਼ ਹੈ ਕਿ ਵਿਰੋਧੀਆਂ ਦਾ ਸਫ਼ਾਇਆ।

ਇੱਕ ਮੀਡੀਆ ਰਿਪੋਰਟ ਅਨੁਸਾਰ ਬਿਹਾਰ ਵਿੱਚ ਵੋਟਰ ਸੂਚੀ ਦੇ ਸਪੈਸ਼ਲ ਇੰਟੈਂਸਿਵ ਰਿਵੀਜ਼ਨ ਦੇ ਅੰਕੜੇ ਸਾਹਮਣੇ ਆਏ ਹਨ। ਚੋਣ ਕਮਿਸ਼ਨ ਦੇ ਅਨੁਸਾਰ ਵੋਟਰ ਸੂਚੀ ਵਿੱਚੋਂ 65 ਲੱਖ ਤੋਂ ਵੱਧ ਵੋਟਰਾਂ ਦੇ ਨਾਂਅ ਹਟਾ ਦਿੱਤੇ ਗਏ ਹਨ। ਚੋਣ ਕਮਿਸ਼ਨ ਦੇ ਅਨੁਸਾਰ ਰਾਜਧਾਨੀ ਪਟਨਾ ਵਿੱਚ ਸਭ ਤੋਂ ਵੱਧ ਵੋਟਰਾਂ ਦੇ ਨਾਂਅ ਹਟਾ ਦਿੱਤੇ ਗਏ ਹਨ। ਛੋਟੇ ਜ਼ਿਲ੍ਹਿਆਂ 'ਚ ਇਹ ਅੰਕੜਾ 30 ਹਜ਼ਾਰ ਤੋਂ 1 ਲੱਖ ਦੇ ਵਿਚਕਾਰ ਹੈ।

ਅੰਕੜੇ ਦਿੰਦੇ ਹੋਏ ਚੋਣ ਕਮਿਸ਼ਨ ਨੇ ਕਿਹਾ ਕਿ ਰਾਜ ਵਿੱਚ 22.34 ਲੱਖ ਵੋਟਰਾਂ ਦੀ ਮੌਤ ਹੋ ਗਈ ਹੈ। ਇਸ ਤੋਂ ਇਲਾਵਾ 36 ਲੱਖ 28 ਹਜ਼ਾਰ ਵੋਟਰ ਜਾਂ ਤਾਂ ਸਥਾਈ ਤੌਰ 'ਤੇ ਕਿਸੇ ਹੋਰ ਜਗ੍ਹਾ ਚਲੇ ਗਏ ਹਨ ਜਾਂ ਉਨ੍ਹਾਂ ਦਾ ਪਤਾ ਨਹੀਂ। ਇਸ ਤੋਂ ਇਲਾਵਾ 7 ਲੱਖ 1 ਹਜ਼ਾਰ ਅਜਿਹੇ ਵੋਟਰ ਹਨ, ਜਿਨ੍ਹਾਂ ਦਾ ਇੱਕ ਤੋਂ ਵੱਧ ਥਾਵਾਂ 'ਤੇ ਨਾਂਅ ਦਰਜ ਕੀਤਾ ਗਿਆ ਹੈ।

ਚੋਣ ਕਮਿਸ਼ਨ ਦੇ ਅਨੁਸਾਰ ਸਪੈਸ਼ਲ ਇੰਟੈਂਸਿਵ ਰਿਵੀਜ਼ਨ ਤੋਂ ਬਾਅਦ ਪਟਨਾ ਵਿੱਚ 3 ਲੱਖ 95 ਹਜ਼ਾਰ ਵੋਟਰਾਂ ਦੇ ਨਾਂਅ ਹਟਾ ਦਿੱਤੇ ਗਏ ਹਨ। ਪਹਿਲਾਂ ਇੱਥੇ ਕੁੱਲ ਵੋਟਰਾਂ ਦੀ ਗਿਣਤੀ 50,74,694 ਸੀ, ਜੋ ਹੁਣ ਘਟ ਕੇ 46,15,694 ਹੋ ਗਈ ਹੈ। ਜੇਕਰ ਅਸੀਂ ਵਿਧਾਨ ਸਭਾ ਸੀਟਾਂ 'ਤੇ ਨਜ਼ਰ ਮਾਰੀਏ ਤਾਂ ਪਟਨਾ ਸਭ ਤੋਂ ਵੱਡਾ ਜ਼ਿਲ੍ਹਾ ਹੈ ਅਤੇ ਇੱਥੇ ਕੁੱਲ 14 ਸੀਟਾਂ ਹਨ। ਇਨ੍ਹਾਂ ਸੀਟਾਂ ਵਿੱਚ ਬਖਤਿਆਰਪੁਰ, ਮੋਕਾਮਾ, ਦੀਘਾ ਵਰਗੀਆਂ ਸੀਟਾਂ ਸ਼ਾਮਲ ਹਨ। ਇਸੇ ਤਰ੍ਹਾਂ ਲਖੀਸਰਾਏ ਜ਼ਿਲ੍ਹੇ ਵਿੱਚ ਪਹਿਲਾਂ ਕੁੱਲ ਵੋਟਰਾਂ ਦੀ ਗਿਣਤੀ 7,82,424 ਸੀ, ਹੁਣ ਇੱਥੇ ਕੁੱਲ ਵੋਟਰਾਂ ਦੀ ਗਿਣਤੀ 7,35,600 ਰਹਿ ਗਈ ਹੈ। ਸਾਰਨ ਵਿੱਚ 2,73,223 ਵੋਟਰ ਘਟ ਗਏ ਹਨ। ਸਮਸਤੀਪੁਰ ਜ਼ਿਲ੍ਹੇ ਵਿੱਚ 2,84,235 ਵੋਟਾਂ ਦੀ ਕਮੀ ਦੇਖੀ ਗਈ ਹੈ। ਇਸੇ ਤਰ੍ਹਾਂ ਵੈਸ਼ਾਲੀ ਵਿੱਚ ਕੁੱਲ 2,25,953 ਵੋਟਰਾਂ ਦੇ ਨਾਂਅ ਹਟਾ ਦਿੱਤੇ ਗਏ ਹਨ।

ਆਰ ਜੇ ਡੀ ਦੀ ਅਗਵਾਈ ਵਾਲੇ ਵਿਰੋਧੀ ਮਹਾਂਗਠਜੋੜ ਨੇ ਕਿਹਾ ਕਿ ਉਹ ਐਸ ਆਈ ਆਰ ਦੇ ਦੂਜੇ ਪੜਾਅ ਵਿੱਚ ਦਾਅਵਿਆਂ ਅਤੇ ਇਤਰਾਜ਼ਾਂ ਦੀ ਨੇੜਿਓਂ ਨਿਗਰਾਨੀ ਕਰਨਗੇ, ਤਾਂ ਜੋ ਇਹ ਦੇਖਿਆ ਜਾ ਸਕੇ ਕਿ ਵੋਟਰਾਂ ਦੇ ਨਾਂਅ ਹਟਾਉਣ ਦੀ 'ਸਹੀ ਪ੍ਰਕਿਰਿਆ' ਦੀ ਪਾਲਣਾ ਕੀਤੀ ਗਈ ਹੈ ਜਾਂ ਨਹੀਂ। ਆਰਜੇਡੀ ਨੇਤਾ ਅਤੇ ਬਕਸਰ ਦੇ ਸੰਸਦ ਮੈਂਬਰ ਸੁਧਾਕਰ ਸਿੰਘ ਨੇ ਕਿਹਾ ਕਿ ਸਾਨੂੰ ਚੋਣ ਕਮਿਸ਼ਨ ਦੁਆਰਾ ਵੋਟਰ ਸੂਚੀਆਂ ਵਿੱਚ ਕੀਤੀਆਂ ਗਈਆਂ ਕਟੌਤੀਆਂ 'ਤੇ ਗੰਭੀਰ ਸ਼ੱਕ ਹੈ। ਸਾਨੂੰ ਜਲਦੀ ਹੀ ਵੋਟਰਾਂ ਤੋਂ ਦਾਅਵਿਆਂ ਅਤੇ ਇਤਰਾਜ਼ਾਂ ਦੀ ਗਿਣਤੀ ਮਿਲ ਜਾਵੇਗੀ। ਦੂਜੇ ਪਾਸੇ, ਸੀ ਪੀ ਆਈ (ਐੱਮ ਐੱਲ) ਦੇ ਦਫਤਰ ਸਕੱਤਰ ਕੁਮਾਰ ਪਰਵੇਜ਼, ਜੋ ਕਿ ਵਿਰੋਧੀ ਮਹਾਂਗਠਜੋੜ ਦਾ ਹਿੱਸਾ ਹੈ, ਨੇ ਕਿਹਾ ਕਿ ਅਸੀਂ ਜਨਤਕ ਸੁਣਵਾਈਆਂ ਕਰ ਰਹੇ ਹਾਂ। ਸਾਨੂੰ ਕੁਝ ਪ੍ਰਵਾਸੀਆਂ ਤੋਂ ਵੀ ਕਾਲਾਂ ਆ ਰਹੀਆਂ ਹਨ, ਜੋ ਸਥਾਈ ਤੌਰ 'ਤੇ ਸ਼ਿਫਟ ਨਹੀਂ ਹੋਏ। ਅਗਸਤ ਦੇ ਅੱਧ ਤੱਕ ਸਾਨੂੰ ਪਤਾ ਲੱਗ ਜਾਵੇਗਾ ਕਿ ਕੀ ਚੋਣ ਕਮਿਸ਼ਨ ਨੇ ਵੱਡੀ ਗਿਣਤੀ ਵਿੱਚ ਅਸਲੀ ਵੋਟਰਾਂ ਦੇ ਨਾਂਅ ਵੀ ਮਿਟਾ ਦਿੱਤੇ ਹਨ।

ਹਾਲਾਂਕਿ ਮਹਾਂਗਠਜੋੜ ਨੇ ਚੋਣ ਕਮਿਸ਼ਨ ਦੀ ਆਲੋਚਨਾ ਕੀਤੀ ਹੈ ਕਿ ਉਨ੍ਹਾਂ 65 ਲੱਖ ਹਟਾਏ ਗਏ ਵੋਟਰਾਂ ਦੀ ਸੂਚੀ ਸਾਂਝੀ ਨਹੀਂ ਕੀਤੀ। ਬਹੁਤ ਸਾਰੇ ਵੋਟਰਾਂ ਨੇ ਸ਼ਿਕਾਇਤ ਕੀਤੀ ਹੈ ਕਿ ਗਿਣਤੀ ਫਾਰਮ ਜਮ੍ਹਾਂ ਕਰਨ ਦੇ ਬਾਵਜੂਦ ਉਨ੍ਹਾਂ ਦੇ ਨਾਂਅ ਡਰਾਫਟ ਸੂਚੀ ਤੋਂ ਬਾਹਰ ਕਰ ਦਿੱਤੇ ਗਏ ਹਨ। ਚੋਣ ਕਮਿਸ਼ਨ ਵੱਲੋਂ ਪੋਲਿੰਗ ਸਟੇਸ਼ਨਾਂ ਦੀ ਗਿਣਤੀ ਵਿੱਚ ਵਾਧੇ ਕਾਰਨ ਬਹੁਤ ਸਾਰੇ ਵੋਟਰਾਂ ਨੂੰ ਉਨ੍ਹਾਂ ਦੇ ਮੌਜੂਦਾ ਪੋਲਿੰਗ ਸਟੇਸ਼ਨਾਂ ਤੋਂ ਵੱਖ-ਵੱਖ ਬੂਥਾਂ 'ਤੇ ਤਬਦੀਲ ਕਰ ਦਿੱਤਾ ਗਿਆ ਹੈ, ਜਿਸ ਕਾਰਨ ਉਨ੍ਹਾਂ ਨੂੰ ਵੋਟਰ ਸੂਚੀ ਵਿੱਚ ਆਪਣੇ ਨਾਂਅ ਲੱਭਣ ਲਈ ਸੰਘਰਸ਼ ਕਰਨਾ ਪੈ ਰਿਹਾ ਹੈ।

ਜਿਨ੍ਹਾਂ ਲੋਕਾਂ ਦੇ ਨਾਂਅ ਸੂਚੀ ਵਿੱਚੋਂ ਬਾਹਰ ਰਹਿ ਗਏ ਹਨ, ਉਨ੍ਹਾਂ ਨੂੰ ਦਾਅਵਿਆਂ ਅਤੇ ਇਤਰਾਜ਼ਾਂ ਦੇ ਦੌਰ ਵਿੱਚ ਬਹੁਤ ਮੁਸ਼ਕਲ ਦਾ ਸਾਹਮਣਾ ਕਰਨਾ ਪਵੇਗਾ। ਇਸ ਮੁੱਦੇ 'ਤੇ ਆਰ ਜੇ ਡੀ ਬੁਲਾਰੇ ਮੌਤੁੰਜੈ ਤਿਵਾੜੀ ਨੇ ਕਿਹਾ ਕਿ ਅਸੀਂ ਵੋਟਰਾਂ ਦੀਆਂ ਸ਼ਿਕਾਇਤਾਂ ਇਕੱਠੀਆਂ ਕਰਾਂਗੇ ਅਤੇ ਜਲਦੀ ਹੀ ਉਨ੍ਹਾਂ ਦੀ ਸੁਣਵਾਈ ਕਰਾਂਗੇ।

ਖ਼ੈਰ, ਵੇਖਦੇ ਹਾਂ ਕਿ ਚੋਣ ਕਮਿਸ਼ਨ ਆਖ਼ਰ ਕਰੇਗਾ ਕੀ? ਕਿਉਂਕਿ ਬਿਹਾਰ ਅਤੇ ਯੂ ਪੀ ਸਭ ਤੋਂ ਵੱਡੇ ਰਾਜ ਹਨ। ਇੱਥੇ ਜਿਨ੍ਹਾਂ ਦੀ ਸਰਕਾਰ ਬਣਦੀ ਹੈ, ਉਹ ਹੀ ਕੇਂਦਰ ਵਿੱਚ ਵਿਖਾਈ ਦਿੰਦਾ ਹੈ। ਬਿਹਾਰ ਦੀ ਰਾਜਨੀਤੀ ਨੂੰ ਨੇੜਿਓਂ ਦੇਖਿਆ ਜਾਵੇ ਤਾਂ, ਪਤਾ ਲੱਗਦਾ ਹੈ ਕਿ ਉੱਥੇ ਪੰਜਾਬ ਨਾਲੋਂ ਬਹੁਤ ਕੁਝ ਵੱਖਰਾ ਚੱਲ ਰਿਹਾ ਹੈ। ਬਿਹਾਰ ਦੇ ਪੜ੍ਹੇ-ਲਿਖੇ ਲੋਕ ਦਿੱਲੀ ਦੀਆਂ ਯੂਨੀਵਰਸਿਟੀਆਂ ਦੇ ਪ੍ਰਧਾਨ ਰਹਿ ਚੁੱਕੇ ਹਨ ਅਤੇ ਬਹੁ-ਗਿਣਤੀ ਨੇਤਾ ਅਤੇ ਹੋਰ ਅਧਿਕਾਰੀ ਵੀ ਬਿਹਾਰ ਤੋਂ ਹੀ ਆਉਂਦੇ ਹਨ। ਵੈਸੇ ਨੋਟਬੰਦੀ ਤੋਂ ਬਾਅਦ ਵੋਟਬੰਦੀ ਦਾ ਚੱਲ ਰਿਹਾ ਡਰਾਮਾ ਬਹੁਤੀ ਦੇਰ ਤੱਕ ਚੱਲਣ ਵਾਲਾ ਨਹੀਂ।

# ਸੰਪਰਕ : 95698-20314

# ਭਾਈਚਾਰਕ ਸਾਂਝਾਂ ਦੀ ਤੰਦ ਮਜ਼ਬੂਤ ਕਰੀਏ

ਗੁਰਬਿੰਦਰ ਸਿੰਘ ਮਾਣਕ

ਕਿਸੇ ਵੀ ਸੱਭਿਆਚਾਰ ਦਾ ਧੁਰਾ ਪਿੰਡ ਹੁੰਦੇ ਹਨ।ਮਨੁੱਖ ਸਮਾਜਿਕ ਪ੍ਰਾਣੀ ਹੋਣ ਕਾਰਨ ਇਕੱਠ ਵਿਚ ਵਸਣਾ ਲੋਚਦਾ ਸੀ।ਇਸੇ ਕਾਰਨ ਹੀ ਕੁਝ ਕੁਦਰਤੀ ਲੋੜਾਂ ਦੀ ਪੂਰਤੀ ਨੂੰ ਧਿਆਨ ਵਿਚ ਰੱਖਦਿਆਂ ਕਿਸੇ ਸਿਆਣੇ ਨੇ ਕੋਈ ਮੋਹੜੀ ਗੱਡ ਦਿੱਤੀ ਤੇ ਰਹਿਣਾ ਸ਼ੁਰੂ ਕਰ ਦਿੱਤਾ, ਤਾਂ ਹੌਲੀ ਹੌਲੀ ਹੋਰ ਲੋਕ ਵੀ ਇਸ ਇਕੱਠ ਵਿਚ ਜੁੜਦੇ ਰਹਿਣ ਨਾਲ ਪਿੰਡ ਵਸ ਜਾਂਦਾ।ਲੰਮੇ ਵਿਕਾਸ ਦੀ ਪ੍ਰਕਿਰਿਆ ਵਿਚੋਂ ਗੁਜ਼ਰਦਿਆਂ ਮਨੁੱਖ ਨੇ ਆਪਣੇ ਜੀਵਨ ਨੂੰ ਜਿਊਣ ਲਈ ਰਹੁ-ਰੀਤਾਂ, ਰਸਮ-ਰਿਵਾਜ ਤੇ ਅਜਿਹੇ ਹੋਰ ਨਿਯਮ ਸਿਰਜ ਲਏ, ਜਿਹੜੇ ਸੱਭਿਆਚਾਰ ਦਾ ਆਧਾਰ ਬਣੇ।ਸਮਾਜ ਵਿਚ ਜਿਊਣ ਲਈ ਇਕ-ਦੂਜੇ ਨਾਲ ਰਹਿਣ ਦੀ ਲੋੜ ਵਿਚੋਂ ਹੀ ਭਾਈਚਾਰਕ ਸਾਂਝਾਂ ਪੈਦਾ ਹੋਈਆਂ।

ਪਹਿਲਾਂ-ਪਹਿਲ ਪੰਜਾਬ ਦੇ ਪਿੰਡਾਂ ਦਾ ਮਹੌਲ ਬਹੁਤ ਹੀ ਸਾਦਗੀ ਭਰਿਆ, ਨਿਰਛਲ, ਸਵਾਰਥ ਰਹਿਤ, ਸੁਹਿਰਦ ਤੇ ਇਕ-ਦੂਜੇ ਦੇ ਕੰਮ ਆਉਣ ਦੀ ਭਾਵਨਾ ਵਾਲਾ ਸੀ। ਖੇਤੀ-ਬਾੜੀ ਸੱਭਿਆਚਾਰ ਹੋਣ ਕਾਰਨ ਲੋਕ ਸੱਚੀ-ਸੁੱਚੀ ਕਿਰਤ ਕਰਕੇ, ਮਿਹਨਤ ਦਾ ਪਸੀਨਾ ਵਹਾਉਂਦਿਆਂ ਆਪਣਾ ਪੇਟ ਪਾਲਦੇ।ਲੋੜਾਂ ਵੀ ਥੋੜ੍ਹੀਆਂ ਸਨ ਤੇ ਆਮਦਨ ਦੇ ਵਸੀਲੇ ਵੀ ਨਾਮਾਤਰ ਸਨ।ਇਸ ਸਭ ਦੇ ਬਾਵਜੂਦ ਆਮ ਲੋਕ ਸਬਰ-ਸੰਤੋਖ ਨਾਲ ਜਿਊਂਦੇ, ਕੁਦਰਤ ਦੇ ਸ਼ੁਕਰਗੁਜ਼ਾਰ ਹੁੰਦੇ।ਜ਼ਿੰਦਗੀ ਜਿਊਣ ਲਈ ਅੱਜ ਵਰਗੀ ਭੱਜ-ਦੌੜ, ਮਾਰਾ-ਮਾਰੀ ਤੇ ਦੂਜਿਆਂ ਦਾ ਹੱਕ ਮਾਰਨ ਦੀ ਪ੍ਰਵਿਰਤੀ ਬਹੁਤ ਘੱਟ ਸੀ।ਹਰ ਕੋਈ ਸਮਾਜ ਵਿਚ ਵਿਚਰਦਿਆਂ ਇਕ-ਦੂਜੇ ਦੇ ਦੁੱਖ-ਸੁੱਖ ਦਾ ਭਾਈਵਾਲ ਬਣਦਾ। ਖੇਤੀਬਾੜੀ ਤਾਂ ਕੇਵਲ ਘਰ ਦੀ ਵਰਤੋਂ ਤੱਕ ਹੀ ਸੀਮਤ ਸੀ। ਲੋਕ ਇਕ-ਦੂਜੇ ਦੇ ਕੰਮਾਂਕਾਰਾਂ ਵਿਚ ਹੱਥ ਵਟਾਉਂਦੇ।

ਵਿਆਹ-ਸ਼ਾਦੀਆਂ ਵੇਲੇ ਤਾਂ ਪਿੰਡਾਂ ਵਿਚ ਭਾਈਚਾਰਕ ਸਾਂਝਾਂ ਦੇਖਦਿਆਂ ਹੀ ਬਣਦੀਆਂ ਸਨ। ਕਿਸੇ ਘਰ ਧੀ ਦਾ ਵਿਆਹ ਹੁੰਦਾ, ਤਾਂ ਸਾਰੇ ਪਿੰਡ ਨੂੰ ਇਹੀ ਲਗਦਾ ਕਿ ਸਾਡੀ ਧੀ ਦਾ ਵਿਆਹ ਹੈ। ਵਿਆਹ ਤੋਂ ਕਈ-ਕਈ ਦਿਨ ਪਹਿਲਾਂ ਹੀ ਔਰਤਾਂ ਇਕੱਠੀਆਂ ਹੋ ਕੇ ਲੋਕ-ਗੀਤਾਂ ਦੀ ਛਹਿਬਰ ਲਾਉਂਦੀਆਂ ਤੇ ਹੱਥੋ-ਹੱਥੀ ਵਿਆਹ ਦੇ ਕੰਮ ਸੰਵਾਰਦੀਆਂ। ਪਿੰਡ ਦੇ ਗੱਭਰੂ ਵਿਆਹ ਵਿਚ ਆਏ ਮੇਲ ਲਈ ਸਾਰੇ ਪ੍ਰਬੰਧ ਆਪ ਕਰਦੇ।ਪਿੰਡ ਦੇ ਘਰਾਂ ਵਿਚੋਂ ਮੰਜੇ-ਬਿਸਤਰੇ ਇਕੱਠੇ ਕਰਨ ਦੀ ਜ਼ਿੰਮੇਵਾਰੀ ਕਿਸੇ ਸਿਆਣੇ ਦੀ ਲਾਈ ਜਾਂਦੀ।ਜਿਹਦੇ ਘਰ ਜੋ ਵੀ ਹੁੰਦਾ, ਉਹ ਕਦੇ ਨਾਂਹ ਨਾ ਕਰਦਾ। ਜਾਂਞੀਆਂ ਦੀ ਆਓ-ਭਗਤ ਲਈ ਤਾਂ ਸਿਆਣੇ ਨੌਜਵਾਨਾਂ ਦੀ ਡਿਊਟੀ ਲਗਾਈ ਜਾਂਦੀ।ਗੱਲ ਕੀ ਸਾਂਝਾਂ ਨਾਲ ਹੀ ਸਾਰੇ ਕਾਰਜ ਨੇਪਰੇ ਚੜ੍ਹਦੇ।

ਬਜ਼ੁਰਗ ਦੱਸਿਆ ਕਰਦੇ ਸਨ ਕਿ ਪਿੰਡਾਂ ਦੇ ਲੋਕ ਤਾਂ ਏਨੇ ਭੋਲੇ-ਭਾਲੇ ਸਨ ਕਿ ਜੇ ਕਚਹਿਰੀਆਂ ਵਿਚ ਇਕ-ਦੂਜੇ ਵਿਰੁਧ ਕੇਸ ਵੀ ਕਰ ਦਿੰਦੇ, ਤਾਂ ਕਈ ਵਾਰ ਪਿੰਡੋਂ ਆਪਣੇ ਝੋਲਿਆਂ ਵਿਚ ਰੋਟੀਆਂ ਬੰਨ੍ਹ ਕੇ ਇਕੱਠੇ ਹੀ ਤਰੀਕ ਭੁਗਤਣ ਜਾਂਦੇ। ਭੁੱਖ ਲਗਦੀ ਤਾਂ ਮੱਘਰ ਸਿੰਘ ਬਹਾਦਰ ਸਿੰਘ ਨੂੰ ਆਵਾਜ਼ ਮਾਰਦਾ, ਆ ਜਾ, ਭਾਈ ਰੋਟੀ ਦੀ ਬੁਰਕੀ ਖਾ ਲਈਏ, ਏਥੇ ਅਜੇ ਪਤਾ ਨਹੀਂ ਕਦੋਂ ਵਾਰੀ ਆਉਣੀ ਆ।ਲੋਕਾਂ ਦੇ ਮਨ ਨਿਰਛਲ ਸਨ ਤੇ ਉਹ ਇਕ-ਦੂਜੇ ਪ੍ਰਤੀ ਮਨਾਂ ਵਿਚ ਬਹੁਤੀ ਨਫਰਤ ਨਹੀਂ ਪਾਲਦੇ ਸਨ। ਸੰਤਾਲੀ ਦੀ ਵੰਡ ਵੇਲੇ ਦੀਆਂ ਵੀ ਬਹੁਤ ਸਾਰੀਆਂ ਅਜਿਹੀਆਂ ਦਿਲਾਂ ਨੂੰ ਟੁੰਬਣ ਵਾਲੀਆਂ ਕਹਾਣੀਆਂ ਹਨ, ਜਿੱਥੇ ਪੀਢੀਆਂ ਭਾਈਚਾਰਕ ਸਾਂਝਾਂ ਨੇ ਇਕ-ਦੂਜੇ ਦੀਆਂ ਧੀਆਂ-ਭੈਣਾਂ ਦੀ ਇੱਜ਼ਤ ਨੂੰ ਬਚਾ ਕੇ ਮਾਨਵੀ ਸਾਂਝਾਂ ਦਾ ਸਬੂਤ ਦਿੱਤਾ।

ਇਸ ਵਿਚ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਨਵੀ ਤਰ੍ਹਾਂ ਦੀ ਸਿੱਖਿਆ, ਵਿਗਿਆਨਕ ਖੋਜਾਂ, ਸੂਚਨਾ ਤੇ ਸੰਚਾਰ ਦਾ ਹੈਰਾਨਕੁੰਨ ਵਰਤਾਰਾ, ਆਵਾਜਾਈ ਦੇ ਤੇਜ਼ ਰਫਤਾਰ ਸਾਧਨਾਂ, ਵਪਾਰ, ਖੇਤੀ-ਬਾੜੀ ਦਾ ਮੁੱਢੋਂ ਬਦਲ ਰਿਹਾ ਸਰੂਪ ਤੇ ਜੀਵਨ ਦੇ ਹਰ ਖੇਤਰ ਵਿਚ ਆਏ ਪਰਿਵਰਤਨ ਨੇ ਜੀਵਨ-ਜਾਚ ਨੂੰ ਪੂਰੀ ਤਰ੍ਹਾਂ ਬਦਲ ਕੇ ਰੱਖ ਦਿੱਤਾ ਹੈ।ਮਨੁੱਖੀ ਜੀਵਨ ਦਾ ਦਾਇਰਾ ਬਹੁਤ ਵਿਸ਼ਾਲ ਹੋਇਆ ਹੈ,ਪਰ ਮਨੁੱਖ ਦੇ ਅੰਦਰ ਇਕ ਨਵੀਂ ਤਰ੍ਹਾਂ ਦੀ ਕਸ਼ਮਕਸ਼,ਲਾਲਸਾਵਾਂ ਤੇ ਸੰਕੀਰਨਤਾ ਨੇ ਮਨੁੱਖੀ ਮਨ ਵਿਚ ਅਜਿਹੇ ਪੈਰ ਜਮਾ ਲਏ ਹਨ ਕਿ ਉਹ ਆਪਣੇ ਤੱਕ ਹੀ ਸੀਮਤ ਹੋ ਕੇ ਰਹਿ ਗਿਆ ਹੈ।ਦੂਜਿਆਂ ਦੇ ਦੁੱਖ-ਦਰਦ ਨੂੰ ਸਮਝਣ ਦੀ ਜਿਹੜੀ ਭਾਵਨਾ ਪਹਿਲਾਂ ਹੁੰਦੀ ਸੀ, ਉਹ ਕੇਵਲ ਰਸਮੀ ਜਿਹੀ ਹੀ ਹੋ ਗਈ ਹੈ।ਮਨਾਂ ਦੀਆਂ ਸਾਂਝਾਂ ਕਿਤੇ ਅਲੋਪ ਹੀ ਹੋ ਗਈਆਂ ਹਨ।ਇਕ-ਦੂਜੇ ਦੀਆਂ ਖੁਸ਼ੀਆਂ, ਗਮੀਆਂ ਵਿਚ ਲੋਕ ਕੇਵਲ ਫਰਜ਼ ਪੂਰਾ ਕਰਨ ਲਈ ਹੀ ਸ਼ਾਮਲ ਹੁੰਦੇ ਹਨ।

ਅਜੇ ਪਿੰਡਾਂ ਵਿਚ ਤਾਂ ਆਪਸੀ ਸਾਂਝਾਂ ਦੀ ਭਾਵਨਾ ਕਿਤੇ-ਕਿਤੇ ਬਚੀ ਹੋਈ ਹੈ, ਪਰ ਸ਼ਹਿਰਾਂ ਤੇ ਮਹਾਂਨਗਰਾਂ ਵਿਚ ਤਾਂ ਇਹ ਸੱਭਿਆਚਾਰਕ ਰਵਾਇਤਾਂ ਅਲੋਪ ਹੋਣ ਦੇ ਕੰਢੇ ਹੀ ਹਨ।ਇਕ-ਦੂਜੇ ਦੇ ਘਰਾਂ ਵਿਚ ਮਿਲ ਬੈਠ ਕੇ ਗੱਲਬਾਤ ਕਰਨੀ, ਕਿਸੇ ਖੁਸ਼ੀ ਨੂੰ,ਕਿਸੇ ਗਮੀ ਨੂੰ ਸਾਂਝਾ ਕਰਨਾ ਹੁਣ ਬਹੁਤ ਸੀਮਤ ਹੋ ਗਿਆ ਹੈ।ਪਹਿਲਾਂ ਲੋਕ ਅਪਣੱਤ ਵਿਚ ਇਕ-ਦੂਜੇ ਤੋਂ ਕੋਈ ਚੀਜ਼ ਮੰਗਣ ਤੋਂ ਹਿਚਕਚਾਉਂਦੇ ਨਹੀਂ ਸਨ,ਪਰ ਇਹ ਰੁਝਾਨ ਵੀ ਹੁਣ ਬਦਲ ਰਹੇ ਸਮਿਆਂ ਦੀ ਭੇਟ ਚੜ੍ਹ ਗਿਆ ਹੈ।

ਜਦੋਂ ਦਿੱਲੀ ਦੀਆਂ ਬਰੂਹਾਂ 'ਤੇ ਕਿਸਾਨ ਮੋਰਚਾ ਲੱਗਾ ਸੀ,ਉਸ ਨੂੰ ਸਮੁੱਚੇ ਸਮਾਜ ਨੇ ਆਪਣਾ ਭਰਵਾਂ ਸਮਰਥਨ ਦੇ ਕੇ ਭਾਈਚਾਰਕ ਸਾਂਝਾਂ ਦਾ ਸਬੂਤ ਦਿੱਤਾ ਸੀ।ਸਮਾਜ ਦੇ ਹਰ ਵਰਗ ਨੇ ਆਪ ਸ਼ਾਮਲ ਹੋ ਕੇ ਜਾਂ ਆਪਣੀ ਹਮਾਇਤ ਦੇ ਕੇ, ਇਸ ਲੋਕ-ਅੰਦੋਲਨ ਪ੍ਰਤੀ ਆਪਣੀ ਭਾਵਨਾ ਦਾ ਜਿਸ ਤਰ੍ਹਾਂ ਪ੍ਰਗਟਾਵਾ ਕੀਤਾ,ਉਹ ਬੇਮਿਸਾਲ ਕਿਹਾ ਜਾ ਸਕਦਾ ਹੈ।ਪਿੰਡਾਂ, ਸ਼ਹਿਰਾਂ ਦੇ ਲੋਕਾਂ ਵੱਲੋਂ ਜਿਸ ਤਰ੍ਹਾਂ ਦਿਲ ਖੋਲ੍ਹ ਕੇ ਰਸਦ-ਪਾਣੀ, ਆਟਾ ਦਾਲਾਂ, ਦੁੱਧ, ਸਬਜ਼ੀਆਂ, ਪਿੰਨੀਆਂ, ਲੱਡੂ, ਸੁੱਕੇ ਮੇਵੇ ਤੇ ਹੋਰ ਅਨੇਕਾਂ ਵਸਤਾਂ, ਜਿਸ ਤਰ੍ਹਾਂ ਟਰਾਲੀਆਂ ਭਰ-ਭਰ ਕਿਸਾਨ ਮੋਰਚੇ ਵਿਚ ਪਹੁੰਚਾਈਆਂ ਗਈਆਂ, ਇਸ ਨਾਲ ਇਨ੍ਹਾਂ ਵੱਡੇ ਦਿਲਾਂ ਵਾਲੇ ਲੋਕਾਂ ਦੀ ਦੁਨੀਆ ਭਰ ਵਿਚ ਬਹੁਤ ਪ੍ਰਸੰਸਾ ਹੋਈ।

ਸਮਾਜ ਵਲੋਂ ਮਿਲੀ ਸੱਚੀ-ਸੁੱਚੀ ਹਮਦਰਦੀ ਤੇ ਹਮਾਇਤ ਦੀ ਭਾਵਨਾ ਦੀ ਬਦੌਲਤ ਹੀ ਇਹ ਅੰਦੋਲਨ ਏਨਾ ਲੰਮਾ ਸਮਾਂ ਚੱਲ ਸਕਿਆ ਤੇ ਆਖਰ ਹਕੂਮਤ ਨੂੰ ਝੁਕਣਾ ਪਿਆ।ਇਹ ਸਾਂਝ ਸਦਾ ਬਰਕਰਾਰ ਰਹਿਣੀ ਚਾਹੀਦੀ ਸੀ, ਪਰ ਪਿੰਡਾਂ ਵਿਚ ਕਈ ਤਰ੍ਹਾਂ ਦੇ ਲੜਾਈਆਂ-ਝਗੜੇ ਤੇ ਵੈਰ-ਵਿਰੋਧ ਅਕਸਰ ਹੀ ਸਾਂਝਾਂ ਵਿਚ ਤਰੇੜਾਂ ਪਾਉਂਦੇ ਦੇਖੇ ਜਾ ਸਕਦੇ ਹਨ।

ਇਸ ਅੰਦੋਲਨ ਵਿਚ ਮਜ਼ਦੂਰਾਂ, ਕਿਰਤੀਆਂ ਕਾਮਿਆਂ ਨੇ ਵੀ ਆਪਣੀ ਭਰਵੀਂ ਸ਼ਮੂਲੀਅਤ ਕਰਕੇ ਭਾਈਚਾਰਕ ਸਾਂਝ ਦਾ ਸਬੂਤ ਦਿੱਤਾ ਸੀ।ਉਸ ਅੰਦੋਲਨ ਵਿਚ ਤਾਂ ਕਿਸਾਨ-ਮਜ਼ਦੂਰ ਏਕਤਾ ਦੇ ਨਾਅਰੇ ਵੀ ਲਗਦੇ ਰਹੇ, ਪਰ ਜ਼ਮੀਨੀ ਹਕੀਕਤਾਂ ਬਹੁਤ ਕਰੂਰ ਹਨ।ਕਿਤੇ-ਕਿਤੇ ਅੱਜ ਵੀ ਪੰਜਾਬ ਦੇ ਪਿੰਡਾਂ ਵਿਚ ਕੁਝ ਲੋਕ ਅਖਾਉਤੀ ਉੱਚੀਆਂ ਜਾਤਾਂ ਦੀ ਹੈਂਕੜ ਦਾ ਪ੍ਰਗਟਾਵਾ ਕਰਦੇ ਹਨ।ਜਿਵੇਂ ਫਸਲਾਂ ਦੇ ਭਾਅ ਵਧਦੇ ਹਨ, ਸਭ ਚੀਜ਼ਾਂ ਵਸਤਾਂ ਮਹਿੰਗੀਆਂ ਹੋ ਜਾਂਦੀਆਂ ਹਨ ਤਾਂ ਲੋਕਾਂ ਦੇ ਮਨ ਨੂੰ ਬਹੁਤੀ ਤਕਲੀਫ ਨਹੀਂ ਹੁੰਦੀ,ਪਰ ਜੇ ਕਿਰਤੀ-ਕਾਮੇ ਆਪਣੀ ਮਜ਼ਦੂਰੀ ਵਧਾਉਣ ਦਾ ਕੋਈ ਫੈਸਲਾ ਕਰ ਲੈਣ ਤਾਂ ਕਈ ਵਾਰ ਪਿੰਡਾਂ ਵਿਚ ਇਸ ਗੱਲ ਨੂੰ ਲੈ ਕੇ ਵਾਦ-ਵਿਵਾਦ ਹੋ ਜਾਂਦਾ ਹੈ।ਕਈ ਵਾਰ ਪਿੰਡਾਂ ਵਿਚ ਕਿਰਤੀਆਂ ਦਾ ਬਾਈਕਾਟ ਕਰਕੇ ਨਫਰਤ ਦਾ ਮਹੌਲ ਪੈਦਾ ਕਰ ਦਿੱਤਾ ਜਾਂਦਾ ਹੈ।ਇਸ ਤਰ੍ਹਾਂ ਬਿਨਾਂ ਕਿਸੇ ਠੋਸ ਕਾਰਨ ਦੇ ਭਾਈਚਾਰਕ ਸਾਂਝਾਂ ਵਿਚ ਤਰੇੜ ਪੈਦਾ ਹੋ ਜਾਂਦੀ ਹੈ, ਜੋ ਸਮਾਜਿਕ ਵਰਤਾਰੇ ਲਈ ਬਹੁਤ ਮਾੜੀ ਗੱਲ ਹੈ।

ਅਸਲ ਵਿਚ ਸਿਆਸੀ ਪਾਰਟੀਆਂ ਨੇ ਆਪਣੇ ਹਿੱਤਾਂ ਲਈ ਪਿੰਡਾਂ ਵਿਚ ਧੜੇਬੰਦੀ ਪੈਦਾ ਕੀਤੀ ਹੈ।ਆਪਣਾ-ਆਪਣਾ ਵੋਟ-ਬੈਂਕ ਸਥਾਪਤ ਕਰਨ ਲਈ ਸਿਆਸੀ ਨੇਤਾਵਾਂ ਨੇ ਪਿੰਡਾਂ ਦੇ ਲੋਕਾਂ ਨੂੰ ਵਰਗਲਾ ਕੇ ਇਕ-ਦੂਜੇ ਦੇ ਵਿਰੁੱਧ ਖੜੇ ਕਰ ਦਿੱਤਾ ਹੈ।ਸਿਆਸੀ ਨੇਤਾ ਤਾਂ ਆਪਣਾ ਮਕਸਦ ਹੱਲ ਕਰਕੇ ਚਲੇ ਜਾਂਦੇ ਹਨ, ਪਰ ਪਿੰਡਾਂ ਦੇ ਲੋਕ ਇਕ-ਦੂਜੇ ਨਾਲ ਸਦੀਵੀ ਦੁਸ਼ਮਣੀਆਂ ਪੈਦਾ ਕਰਕੇ ਪਿੰਡਾਂ ਨੂੰ ਸਿਆਸਤ ਦਾ ਅਖਾੜਾ ਬਣਾ ਲੈਂਦੇ ਹਨ।ਇਸ ਕਾਰਨ ਹੀ ਕਈ ਵਾਰ ਲੜਾਈਆਂ, ਝਗੜੇ ਤੇ ਕਤਲ ਤੱਕ ਹੋ ਜਾਂਦੇ ਹਨ।

ਅਸੀਂ ਅਕਸਰ ਕਹਿੰਦੇ ਹਾਂ ਕਿ ਅੱਜ ਸੰਸਾਰ ਇਕ ਪਿੰਡ ਬਣ ਗਿਆ ਹੈ, ਦੂਰੀਆਂ ਮਿਟ ਗਈਆਂ ਹਨ,ਪਰ ਨੇੜੇ ਵਸਦਿਆਂ ਦੇ ਦੁੱਖਾਂ-ਸੁੱਖਾਂ ਬਾਰੇ ਜਾਨਣ ਦੀ ਅਸੀਂ ਬਹੁਤੀ ਕੋਸ਼ਿਸ਼ ਨਹੀਂ ਕਰਦੇ। ਆਪਸੀ ਮਿਲਵਰਤਣ ਤੇ ਸਾਂਝ ਨਾਲ ਪਿੰਡਾਂ ਦੀਆਂ ਅਨੇਕਾਂ ਸਮੱਸਿਆਵਾਂ ਨੂੰ ਹੱਲ ਕੀਤਾ ਜਾ ਸਕਦਾ ਹੈ।ਮਨਾਂ ਵਿਚੋਂ ਸਾਰੇ ਵੈਰ-ਵਿਰੋਧ ਤੇ ਵਿਤਕਰੇ ਭੁਲਾ ਕੇ ਸਾਂਝ ਦੀਆਂ ਤੰਦਾਂ ਨੂੰ ਹੋਰ ਮਜਬੂਤ ਕਰਨਾ ਮਨੁੱਖੀ ਜੀਵਨ ਨੂੰ ਹੋਰ ਸੁਚੱਜਾ ਬਣਾਉਣ ਲਈ ਬੇਹੱਦ ਜ਼ਰੂਰੀ ਹੈ।

ਸੰਪਰਕ : 98153-56086

# ਹੀਰੋਸ਼ੀਮਾ ਦੀ ਘਟਨਾ ਮਾਨਵਤਾ 'ਤੇ ਇੱਕ ਕਲੰਕ

ਸੰਦੀਪ ਕੁਮਾਰ

ਹਰ ਸਾਲ 6 ਅਗਸਤ ਨੂੰ ਹੀਰੋਸ਼ੀਮਾ ਡੇਅ ਮਨਾਇਆ ਜਾਂਦਾ ਹੈ, ਜੋ ਮਨੁੱਖਤਾ ਦੇ ਇਤਿਹਾਸ ਦੇ ਇੱਕ ਬਹੁਤ ਹੀ ਮੰਦਭਾਗੇ ਦੁਖਾਂਤ ਦਾ ਯਾਦਗਾਰੀ ਦਿਵਸ ਹੈ। ਇਸ ਦਿਨ ਸਵੇਰੇ 8:15 ਵਜੇ ਅਮਰੀਕੀ ਬੀ-29 ਬੰਬਰ ਜਹਾਜ਼ ਨੇ ਲਿਟਲ ਬੋਇ ਨਾਮਕ ਪਹਿਲਾ ਪਰਮਾਣੂ ਬੰਬ ਜਾਪਾਨ ਦੇ ਸ਼ਹਿਰ ਹੀਰੋਸ਼ੀਮਾ 'ਤੇ ਸੁੱਟਿਆ। ਇਸ ਬੰਬ ਨੇ ਪਲ ਭਰ ਵਿੱਚ ਸ਼ਹਿਰ ਨੂੰ ਤਬਾਹ ਕਰ ਦਿੱਤਾ। ਤਕਰੀਬਨ 70,000 ਤੋਂ 80,000 ਲੋਕ ਤੁਰੰਤ ਹੀ ਮਾਰੇ ਗਏ ਅਤੇ ਅਗਲੇ ਕੁਝ ਮਹੀਨਿਆਂ ਵਿੱਚ ਇਹ ਗਿਣਤੀ 140,000 ਤੱਕ ਪਹੁੰਚ ਗਈ। ਇਹ ਸਿਰਫ ਸ਼ੁਰੂਆਤ ਸੀ, ਕਿਉਂਕਿ ਬੰਬ ਦੇ ਰੇਡੀਏਸ਼ਨ ਪ੍ਰਭਾਵਾਂ ਕਾਰਨ ਕਈ ਸਾਲਾਂ ਤੱਕ ਲੋਕ ਬਿਮਾਰੀਆਂ ਅਤੇ ਮੌਤਾਂ ਨਾਲ ਜੂਝਦੇ ਰਹੇ। ਅਮਰੀਕਾ ਨੇ ਇੱਥੇ ਹੀ ਬਸ ਨਹੀਂ ਕੀਤੀ, ਸਗੋਂ 9 ਅਗਸਤ ਨੂੰ ਜਾਪਾਨ ਦੇ ਸ਼ਹਿਰ ਨਾਗਾਸਾਕੀ 'ਤੇ ਦੂਜਾ ਪਰਮਾਣੂ ਬੰਬ ਸੁੱਟ ਦਿੱਤਾ। ਇਸ ਘਟਨਾ ਨੇ ਸਿਰਫ ਜਾਪਾਨ ਨੂੰ ਹੀ ਨਹੀਂ, ਸਗੋਂ ਪੂਰੇ ਸੰਸਾਰ ਨੂੰ ਵੀ ਹਿਲਾ ਦਿੱਤਾ। ਇੰਨਾ ਹੀ ਨਹੀਂ, ਇਸ ਘਟਨਾ ਨੇ ਜਾਪਾਨੀ ਸੱਭਿਆਚਾਰ, ਸਮਾਜ ਅਤੇ ਅਰਥਵਿਵਸਥਾ 'ਤੇ ਵੀ ਡੂੰਘਾ ਅਸਰ ਛੱਡਿਆ। ਇਸ ਘਟਨਾ ਦੇ ਨਾਲ ਹੀ ਪਰਮਾਣੂ ਹਥਿਆਰਾਂ ਦੇ ਪੜਾਅ ਦੀ ਸ਼ੁਰੂਆਤ ਹੋਈ। ਹੀਰੋਸ਼ੀਮਾ ਡੇਅ ਸਾਨੂੰ ਇਹ ਯਾਦ ਦਿਲਾਉਂਦਾ ਹੈ ਕਿ ਯੁੱਧ ਦੇ ਕਿੰਨੇ ਭਿਆਨਕ ਅਤੇ ਵਿਨਾਸ਼ਕਾਰੀ ਪ੍ਰਭਾਵ ਹੋ ਸਕਦੇ ਹਨ ਅਤੇ ਅਸੀਂ ਕਿਵੇਂ ਸੱਚੀ ਸ਼ਾਂਤੀ ਅਤੇ ਸਮਾਜ ਦੀ ਭਲਾਈ ਵੱਲ ਜਾ ਸਕਦੇ ਹਾਂ।

ਅਮਰੀਕਾ ਵੱਲੋਂ ਹੀਰੋਸ਼ੀਮਾ ਅਤੇ ਨਾਗਾਸਾਕੀ 'ਤੇ ਇਹ ਹਮਲਾ, ਜਾਪਾਨ ਨੂੰ ਦੂਸਰੇ ਵਿਸ਼ਵ ਯੁੱਧ ਵਿੱਚ ਆਪਣੇ-ਆਪ ਨੂੰ ਸਮਰਪਿਤ ਕਰਨ ਲਈ ਮਜਬੂਰ ਕਰਨ ਦੇ ਉਦੇਸ਼ ਨਾਲ ਕੀਤਾ ਗਿਆ ਸੀ। ਬੰਬਾਰੀ ਤੋਂ ਬਾਅਦ ਸ਼ਹਿਰ ਦੀ ਆਬਾਦੀ ਨੂੰ ਬੇਹੱਦ ਵੀਰਾਨੀ ਅਤੇ ਤਬਾਹੀ ਦਾ ਸਾਹਮਣਾ ਕਰਨਾ ਪਿਆ। ਬੰਬ ਦੇ ਬੁਰੇ ਪ੍ਰਭਾਵ ਕਾਰਨ ਲੱਖਾਂ ਲੋਕ ਮੌਕੇ 'ਤੇ ਹੀ ਮਾਰੇ ਗਏ ਅਤੇ ਬੇਹਿਸਾਬ ਇਮਾਰਤਾਂ, ਜ਼ਮੀਨ ਅਤੇ ਮਾਨਵਸੰਪਦਾ ਨਸ਼ਟ ਹੋ ਗਈ। ਇਹ ਪਰਮਾਣੂ ਹਮਲਾ ਨਾ ਸਿਰਫ਼ ਆਮ ਜ਼ਿੰਦਗੀ ਨੂੰ ਬਰਬਾਦ ਕਰਨ ਵਾਲਾ ਸੀ, ਬਲਕਿ ਇਹ ਇੱਕ ਮਨੁੱਖੀ ਸੰਵੇਦਨਾਵਾਂ ਨੂੰ ਬੁਰੀ ਤਰ੍ਹਾਂ ਹਿਲਾ ਕੇ ਰੱਖ ਦੇਣ ਵਾਲਾ ਅਨੁਭਵ ਵੀ ਸੀ। ਹਜ਼ਾਰਾਂ ਲੋਕ, ਜਿਹੜੇ ਇਸ ਹਮਲੇ ਤੋਂ ਬਚ ਗਏ, ਉਹ ਪਰਮਾਣੂ ਬੰਬ ਦੇ ਰੇਡੀਏਸ਼ਨਾਂ ਦੇ ਪ੍ਰਭਾਵ ਕਾਰਨ ਸਰੀਰਕ ਅਤੇ ਮਾਨਸਿਕ ਪੀੜ ਭੋਗਣ ਲਈ ਮਜਬੂਰ ਹੋ ਗਏ। ਹੀਰੋਸ਼ੀਮਾ ਤੇ ਪਰਮਾਣੂ ਹਮਲੇ ਦੀ ਤਬਾਹੀ ਅਤੇ ਉਸ ਦੇ ਪ੍ਰਭਾਵ ਦੇ ਨਤੀਜੇ ਵਜੋਂ ਇਹ ਸ਼ਹਿਰ ਵਿਸ਼ਵ ਦਾ ਪਹਿਲਾ ਅਤੇ ਇਕਲੌਤਾ ਸ਼ਹਿਰ ਬਣ ਗਿਆ, ਜਿਸ ਨੇ ਇਨਸਾਨੀ ਇਤਿਹਾਸ ਵਿੱਚ ਇੱਕ ਪਰਮਾਣੂ ਹਮਲੇ ਦੀ ਕਈ ਦਹਾਕਿਆਂ ਤੱਕ ਚੱਲ ਰਹੀ ਪੀੜ ਭੋਗੀ। ਬੰਬਾਰੀ ਦੇ ਤਤਕਾਲ ਪ੍ਰਭਾਵ ਤੋਂ ਬਾਅਦ ਬਚੇ-ਖੁਚੇ ਲੋਕਾਂ ਨੂੰ ਸੁਰੱਖਿਆ ਪ੍ਰਦਾਨ ਕਰਨ, ਸਹੂਲਤਾਂ ਦੇਣ ਅਤੇ ਦੁਬਾਰਾ ਵਸਾਉਣ ਲਈ ਬਹੁਤ ਮਿਹਨਤ ਕਰਨੀ ਪਈ। ਰੇਡੀਓ ਐਕਟਿਵ ਕਿਰਨਾਂ ਕਾਰਨ ਕਈ ਰੋਗਾਂ ਜਿਸ ਵਿੱਚ ਕੈਂਸਰ, ਅਧੂਰੇ ਸਰੀਰ ਵਾਲੇ ਬੱਚਿਆਂ ਦੇ ਜਨਮ ਅਤੇ ਹੋਰ ਗੰਭੀਰ ਬਿਮਾਰੀਆਂ ਦਾ ਜਨਮ ਹੋਇਆ।



ਹੀਰੋਸ਼ੀਮਾ ਦਿਨ, ਜੋ ਕਿ ਹਰ ਸਾਲ 6 ਅਗਸਤ ਨੂੰ ਮਨਾਇਆ ਜਾਂਦਾ ਹੈ, ਇਸ ਬੰਬਾਰੀ ਦੀ ਯਾਦ ਵਿੱਚ ਇਕ ਮਹੱਤਵਪੂਰਨ ਦਿਨ ਹੈ। ਇਸ ਦਿਨ ਜਾਪਾਨ ਅਤੇ ਦੁਨੀਆ ਭਰ ਦੇ ਲੋਕਾਂ ਦੁਆਰਾ ਸ਼ਾਂਤੀ ਅਤੇ ਅਹਿੰਸਾ ਦੀ ਵਕਾਲਤ ਕਰਨ ਦੇ ਨਾਲ-ਨਾਲ ਪਰਮਾਣੂ ਹਥਿਆਰਾਂ ਦੇ ਖਤਰਨਾਕ ਪ੍ਰਭਾਵਾਂ ਬਾਰੇ ਜਾਗਰੂਕਤਾ ਫੈਲਾਉਣ ਲਈ ਵੱਖ-ਵੱਖ ਮੁਹਿੰਮਾਂ ਚਲਾਈਆਂ ਜਾਂਦੀਆਂ ਹਨ। ਜਾਪਾਨ ਵਿਚ, ਹੀਰੋਸ਼ੀਮਾ ਅਤੇ ਨਾਗਾਸਾਕੀ ਦੇ ਬਚੇ-ਖੁਚੇ ਲੋਕ ਅਤੇ ਉਹਨਾਂ ਦੇ ਵਾਰਿਸ ਇਨ੍ਹਾਂ ਹਮਲਿਆਂ ਦੀ ਭਿਆਨਕਤਾ ਨੂੰ ਯਾਦ ਕਰਨ ਲਈ ਰੈਲੀਆਂ, ਸਮਾਰੋਹਾਂ ਅਤੇ ਪ੍ਰਸਿੱਧ ਸਥਾਨਾਂ 'ਤੇ ਮੋਮਬੱਤੀਆਂ ਜਗਾਉਂਦੇ ਹਨ। ਹੀਰੋਸ਼ੀਮਾ ਸ਼ਹਿਰ ਵਿੱਚ ਹਰ ਸਾਲ 6 ਅਗਸਤ ਨੂੰ ਪੀਸ ਮੈਮੋਰੀਅਲ ਪਾਰਕ ਵਿੱਚ ਇੱਕ ਯਾਦਗਾਰੀ ਸਮਾਗਮ ਹੁੰਦਾ ਹੈ। ਇਸ ਸਮਾਗਮ ਵਿੱਚ ਹੀਰੋਸ਼ੀਮਾ ਦੇ ਮੇਅਰ, ਸਰਕਾਰ ਦੇ ਪ੍ਰਤੀਨਿਧੀ ਅਤੇ ਦੁਨੀਆ ਭਰ ਤੋਂ ਆਏ ਸ਼ਾਂਤੀ ਪ੍ਰੇਮੀ ਹਿੱਸਾ ਲੈਂਦੇ ਹਨ। ਇਸ ਸਮਾਗਮ ਵਿੱਚ ਸਵੇਰੇ 8:15 ਵਜੇ ਬੰਬ ਧਮਾਕੇ ਦੇ ਸਮੇਂ ਨੂੰ ਮੌਨ ਰਹਿਣ ਦਾ ਸਮਾਂ ਰੱਖਿਆ ਜਾਂਦਾ ਹੈ। ਇਸ ਸਮੇਂ ਦੌਰਾਨ ਸ਼ਹਿਰ ਵਿੱਚ ਸਾਇਰਨ ਵੱਜਦੇ ਹਨ ਅਤੇ ਲੋਕ ਮੌਨ ਰਹਿੰਦੇ ਹਨ, ਜੋ ਉਹਨਾਂ ਸ਼ਹੀਦਾਂ ਨੂੰ ਸ਼ਰਧਾਂਜਲੀ ਹੁੰਦੀ ਹੈ, ਜੋ ਇਸ ਵਿਨਾਸ਼ਕਾਰੀ ਘਟਨਾ ਵਿੱਚ ਮਾਰੇ ਗਏ। ਇਸ ਦਿਨ ਬੱਚਿਆਂ ਦੁਆਰਾ ਬਣਾਈਆਂ ਗਈਆਂ ਕਾਗਜ਼ ਦੀਆਂ ਗੁੱਡੀਆਂ-ਸ਼ਕਲਾਂ ਪੀਸ ਮੈਮੋਰੀਅਲ ਪਾਰਕ ਵਿੱਚ ਲਗਾਈਆਂ ਜਾਂਦੀਆਂ ਹਨ, ਜੋ ਸ਼ਾਂਤੀ ਅਤੇ ਨਵੀਂ ਸ਼ੁਰੂਆਤ ਦੀ ਨਿਸ਼ਾਨੀ ਹੁੰਦੀ ਹੈ।

ਇਸ ਦਿਨ ਦੀ ਮਹੱਤਤਾ ਸਿਰਫ਼ ਇੱਕ ਮੰਦਭਾਗੀ ਘਟਨਾ ਦੀ ਯਾਦਗਾਰ ਵਿਚ ਹੀ ਨਹੀਂ, ਬਲਕਿ ਇਸ ਦਾ ਉਦੇਸ਼ ਆਗਾਮੀ ਪੀੜ੍ਹੀਆਂ ਨੂੰ ਸਿਖਾਉਣਾ ਵੀ ਹੈ ਕਿ ਸ਼ਾਂਤੀ ਕਿਵੇਂ ਮਹੱਤਵਪੂਰਨ ਹੈ ਅਤੇ ਕਿਉਂ ਪਰਮਾਣੂ ਹਥਿਆਰਾਂ ਤੋਂ ਦੂਰ ਰਹਿਣਾ ਚਾਹੀਦਾ ਹੈ। ਇਸ ਬੰਬਾਰੀ ਤੋਂ ਸਬਕ ਸਿੱਖਣ ਅਤੇ ਦੁਨੀਆ ਨੂੰ ਬੇਹਿਸਾਬ ਤਬਾਹੀ ਤੋਂ ਬਚਾਉਣ ਲਈ ਕਈ ਦੇਸ਼ਾਂ ਨੇ ਪਰਮਾਣੂ ਹਥਿਆਰਾਂ ਦੀ ਦੌੜ 'ਤੇ ਰੋਕ ਲਗਾਉਣ ਲਈ ਸਾਂਝੇ ਸਮਝੌਤੇ ਕੀਤੇ ਹਨ। ਹੀਰੋਸ਼ੀਮਾ ਡੇਅ ਦੀ ਯਾਦ ਵਿੱਚ ਵਿਦਿਆਰਥੀਆਂ ਨੂੰ ਵਿਸ਼ਵ ਇਤਿਹਾਸ ਦੇ ਇਸ ਕਾਲੇ ਪੰਨੇ ਬਾਰੇ ਸਿੱਖਣ ਦਾ ਮੌਕਾ ਮਿਲਦਾ ਹੈ ਅਤੇ ਉਹਨਾਂ ਨੂੰ ਇਹ ਸਮਝ ਆਉਂਦੀ ਹੈ ਕਿ ਕਿਵੇਂ ਯੁੱਧ ਮਨੁੱਖਤਾ ਦੇ ਹਿੱਤ ਵਿੱਚ ਨਹੀਂ ਹੁੰਦਾ।

ਇਸ ਦਿਨ ਨੂੰ ਮਨਾਉਣ ਦਾ ਮਤਲਬ ਹੈ ਕਿ ਲੋਕ ਇਸ ਦਿਨ ਦੀ ਭਿਆਨਕਤਾ ਨੂੰ ਯਾਦ ਰੱਖਣ ਅਤੇ ਇਹਨਾਂ ਘਟਨਾਵਾਂ ਨੂੰ ਦੁਹਰਾਉਣ ਤੋਂ ਬਚਣ ਦੀ ਕੋਸ਼ਿਸ਼ ਕਰਨ। ਹੀਰੋਸ਼ੀਮਾ 'ਤੇ ਹਮਲੇ ਦੀ ਪੀੜ ਅਤੇ ਉਸ ਦੇ ਭਿਆਨਕ ਪ੍ਰਭਾਵਾਂ ਨੂੰ ਸਾਡੇ ਲਈ ਇੱਕ ਸਬਕ ਬਣਾਉਣ ਲਈ ਇਹ ਦਿਨ ਸ਼ਾਂਤੀ ਦੀ ਮਹੱਤਤਾ ਨੂੰ ਪ੍ਰਮਾਣਿਤ ਕਰਨ ਵਾਲਾ ਦਿਨ ਹੈ। ਇਸ ਹਮਲੇ ਦੇ ਬਾਅਦ ਪਰਮਾਣੂ ਹਥਿਆਰਾਂ ਦੀ ਦੌੜ ਨੇ ਦੂਸਰੇ ਵਿਸ਼ਵ ਯੁੱਧ ਦੇ ਅੰਤ ਦੇ ਬਾਵਜੂਦ ਸੰਸਾਰ ਨੂੰ ਇੱਕ ਨਵੀਂ ਦਿਸ਼ਾ ਵੱਲ ਸੇਧ ਦਿੱਤੀ। ਇਸ ਦਾ ਨਤੀਜਾ ਇਹ ਹੈ ਕਿ ਦੁਨੀਆ ਦੇ ਬਹੁਤ ਸਾਰੇ ਦੇਸ਼ਾਂ ਨੇ ਆਪਣੀਆਂ ਆਰਥਿਕਤਾਵਾਂ ਨੂੰ ਪਰਮਾਣੂ ਹਥਿਆਰਾਂ ਦੇ ਵਿਕਾਸ ਤੇ ਵਪਾਰ ਦੇ ਮੂਲ ਸੰਸਾਰਕ ਮੁੱਦਿਆਂ ਤੋਂ ਹਟ ਕੇ ਸ਼ਾਂਤ ਕਰਨ ਲਈ ਸਮਰਪਿਤ ਕੀਤਾ ਹੈ। ਇਸ ਤਰ੍ਹਾਂ ਹੀਰੋਸ਼ੀਮਾ ਡੇਅ ਸਾਨੂੰ ਯਾਦ ਦਿਵਾਉਂਦਾ ਹੈ ਕਿ ਪਰਮਾਣੂ ਹਥਿਆਰਾਂ ਦਾ ਉਪਯੋਗ ਸਿਰਫ਼ ਤਬਾਹੀ ਅਤੇ ਬਰਬਾਦੀ ਹੀ ਲਿਆਉਂਦਾ ਹੈ। ਇਹ ਦਿਨ ਸਾਨੂੰ ਸਿਖਾਉਂਦਾ ਹੈ ਕਿ ਵਿਸ਼ਵ ਸ਼ਾਂਤੀ, ਸਹਿਯੋਗ ਅਤੇ ਅਹਿੰਸਾ ਦੇ ਸਿਧਾਂਤਾਂ ਨੂੰ ਮਾਨਤਾ ਦੇਣ ਦੀ ਮਹੱਤਤਾ ਹੈ, ਤਾਂ ਜੋ ਅਗਲੀਆਂ ਪੀੜ੍ਹੀਆਂ ਨੂੰ ਪਰਮਾਣੂ ਹਮਲਿਆਂ ਦੀਆਂ ਤਬਾਹਕਾਰੀ ਲਹਿਰਾਂ ਦਾ ਸਾਹਮਣਾ ਨਾ ਕਰਨਾ ਪਵੇ।

# ਸੰਪਰਕ : 70098-07121

6-AUG-PAGE-5.qxd 8/5/2025 10:27 PM Page 1



# ਸੀਵਰੇਜ ਦੇ ਗੰਦੇ ਪਾਣੀ ਤੋਂ ਦੁਖੀ ਦੁਕਾਨਦਾਰਾਂ ਨਗਰ ਕੌਂਸਲ ਨੂੰ ਠੋਕਿਆ ਜਿੰਦਾ, ਕੀਤੀ ਨਾਅਰੇਬਾਜ਼ੀ



**ਬਠਿੰਡਾ (ਪਰਵਿੰਦਰ ਜੀਤ ਸਿੰਘ)**
ਪਿਛਲੇ ਪੰਜ ਦਿਨਾਂ ਤੋਂ ਬੱਸ ਅੱਡਾ ਤੇ ਬੱਸ ਅੱਡੇ ਨਾਲ ਲੱਗਦਾ ਬਾਜ਼ਾਰ ਸੀਵਰੇਜ ਦੇ ਗੰਦੇ ਪਾਣੀ ਨਾਲ ਡੁੱਬਿਆ ਹੋਣ ਕਰਕੇ ਅੱਜ ਦੁਖੀ ਹੋਏ ਦੁਕਾਨਦਾਰਾਂ ਨੇ ਨਗਰ ਕੌਂਸਲ ਮੌੜ ਨੂੰ ਤਾਲਾ ਲਗਾ ਕੇ ਬਾਹਰ ਧਰਨਾ ਲੱਗਾ ਦਿੱਤਾ ਤੇ ਨਗਰ ਕੌਂਸਲ ਮੌੜ, ਹਲਕਾ ਵਿਧਾਇਕ ਤੇ ਸੀਵਰੇਜ ਬੋਰਡ ਖਿਲਾਫ ਭਰਵੀ ਨਾਅਰੇਬਾਜ਼ੀ ਕੀਤੀ। ਬੱਸ ਅੱਡੇ ਦੇ ਨਾਲ ਲੱਗਦੇ ਬਾਜ਼ਾਰ ਦੇ ਦੁਕਾਨਦਾਰ ਰਜੀਵ ਜਿੰਦਲ, ਸੰਜੀਵ ਜਿੰਦਲ, ਬੀਰੂ ਗਰਗ, ਜੱਸੀ ਗਾਰਮੈਂਟ, ਹੈਪੀ ਚੁੰਨੀਆਂ ਵਾਲਾ, ਪ੍ਰੇਮ ਬਾਂਸਲ, ਸਤੀਸ਼ ਮਿੱਤਲ, ਜੀਵਨ ਸ਼ਰਮਾ ਤੇ ਦੀਪੂ ਆਦਿ ਨੇ ਕਿਹਾ ਕਿ ਸੀਵਰੇਜ ਵਿਭਾਗ ਤੇ ਨਗਰ ਕੌਂਸਲ ਨੇ ਮਿਲ ਕੇ ਸਾਰੇ ਸ਼ਹਿਰ ਦਾ ਸੀਵਰੇਜ ਦਾ ਗੰਦਾ ਪਾਣੀ ਬੱਸ ਅੱਡਾ ਤੇ ਉਸ ਨਾਲ ਲੱਗਦੇ ਬਾਜ਼ਾਰ ਵਿੱਚ ਕੱਢ ਦਿੱਤਾ, ਜਿਸ ਕਾਰਨ ਬੱਸ ਅੱਡੇ ਤੇ ਉਸ ਨਾਲ ਲੱਗਦੇ ਬਾਜ਼ਾਰ ਵਿੱਚ ਆਵਾਜਾਈ ਬੰਦ ਹੋ ਗਈ। ਉਨ੍ਹਾਂ ਦੱਸਿਆ ਕਿ ਬੱਸ ਅੱਡੇ ਤੋਂ ਟਰੱਕ ਯੂਨੀਅਨ ਸੜਕ ਉੱਪਰ ਸੀਵਰੇਜ ਦਾ ਇੱਕ ਡੱਗ ਹੈ, ਜਿਸ ਦਾ ਪਿਛਲੇ 20 ਦਿਨਾਂ ਤੋਂ ਢੱਕਣ ਟੁੱਟਿਆ ਹੋਇਆ। ਦੁਕਾਨਦਾਰਾਂ ਵੱਲੋਂ ਸੀਵਰੇਜ ਵਿਭਾਗ ਦੇ ਮੁਲਾਜ਼ਮਾਂ ਨੂੰ ਡੱਗ ਵਾਲਾ ਢੱਕਣ ਵੀ ਲਿਆ ਕੇ ਦੇ ਦਿੱਤਾ ਗਿਆ, ਪ੍ਰੰਤੂ ਉਨ੍ਹਾਂ ਵੱਲੋਂ ਅੱਜ ਤੱਕ ਉਹ ਢੱਕਣ ਡੱਗ ਉੱਪਰ ਨਹੀਂ ਲਗਾਇਆ ਗਿਆ ਅਤੇ ਸਾਰੇ ਸ਼ਹਿਰ ਦਾ ਸੀਵਰੇਜ ਦਾ ਗੰਦਾ ਪਾਣੀ ਉਸ ਡੱਗ ਰਾਹੀਂ ਬੱਸ ਅੱਡੇ ਤੇ ਉਸ ਨਾਲ ਲੱਗਦੇ ਬਾਜ਼ਾਰ ਵਿੱਚ ਆ ਰਿਹਾ ਹੈ।

ਦੁਕਾਨਦਾਰਾਂ ਨੇ ਦੱਸਿਆ ਕਿ 9 ਅਗਸਤ ਦੀ ਰੱਖੜੀ ਹੈ ਤੇ ਉਹ ਬਹੁਤ ਜ਼ਿਆਦਾ ਸਟਾਕ ਰੱਖੜੀਆਂ ਦਾ ਲਿਆ ਕੇ ਬੈਠੇ ਹਨ, ਪਰ ਬਾਜ਼ਾਰ ਵਿੱਚ ਕੋਈ ਵੀ ਗਾਹਕ ਨਹੀਂ ਆ ਰਿਹਾ, ਕਿਉਂਕਿ ਬਾਜ਼ਾਰ ਅੰਦਰ 1 ਤੋਂ 2 ਫੁੱਟ ਤੱਕ ਗੰਦਾ ਪਾਣੀ ਖੜ੍ਹਾ ਹੈ, ਜਿਸ ਕਾਰਨ ਉਨ੍ਹਾਂ ਨੂੰ ਭਾਰੀ ਆਰਥਿਕ ਨੁਕਸਾਨ ਉਠਾਉਣਾ ਪਵੇਗਾ। ਉਨ੍ਹਾਂ ਦੱਸਿਆ ਕਿ ਇਸ ਬਾਜ਼ਾਰ ਦੇ ਦੁਕਾਨਦਾਰਾਂ ਦਾ ਕਾਰੋਬਾਰ ਬੱਸਾਂ 'ਤੇ ਨਿਰਭਰ ਹੈ, ਜੇਕਰ ਬੱਸਾਂ ਵਿੱਚੋਂ ਉੱਤਰੀਆਂ ਸਵਾਰੀਆਂ ਇਸ ਬਾਜ਼ਾਰ ਵਿੱਚ ਦੀ ਟੱਪਣਗੀਆਂ ਤਾਂ ਉਨ੍ਹਾਂ ਦਾ ਕਾਰੋਬਾਰ ਚੱਲੇਗਾ। ਬਾਜ਼ਾਰ ਵਿੱਚ ਖੜ੍ਹੇ ਗੰਦੇ ਪਾਣੀ ਕਰਕੇ ਸਵਾਰੀਆਂ ਬਾਹਰੋਂ ਬਾਹਰ ਚਲੀਆਂ ਜਾਂਦੀਆਂ ਹਨ, ਜਿਸ ਦਾ ਨੁਕਸਾਨ ਬੱਸ ਅੱਡੇ ਤੇ ਉਸ ਨਾਲ ਲੱਗਦੇ ਬਾਜ਼ਾਰ ਦੇ ਦੁਕਾਨਦਾਰਾਂ ਨੂੰ ਭੁਗਤਣਾ ਪੈ ਰਿਹਾ ਹੈ। ਉਨ੍ਹਾਂ ਕਿਹਾ ਜਦੋਂ ਤੱਕ ਨਗਰ ਕੌਂਸਲ ਤੇ ਸੀਵਰੇਜ ਵਿਭਾਗ ਉਨ੍ਹਾਂ ਦਾ ਮਸਲਾ ਹੱਲ ਨਹੀਂ ਕਰਦਾ, ਉਨਾ ਚਿਰ ਤੱਕ ਨਾ ਤਾਂ ਉਹ ਨਗਰ ਕੌਂਸਲ ਦੇ ਗੇਟ ਦਾ ਤਾਲਾ ਖੋਲ੍ਹਣਗੇ ਤੇ ਨਾ ਹੀ ਉਥੋਂ ਉਹ ਆਪਣੇ ਘਰਾਂ ਨੂੰ ਜਾਣਗੇ ਅਤੇ ਧਰਨੇ ਦੇ ਬੈਠੇ ਰਹਿਣਗੇ। ਇਸ ਮਾਮਲੇ ਨੂੰ ਲੈ ਕੇ ਕਾਰਜ ਸਾਧਕ ਅਫਸਰ ਸੁਨੀਲ ਵਰਮਾ ਦਾ ਕਹਿਣਾ ਹੈ ਕਿ ਸੀਵਰੇਜ ਵਿਭਾਗ ਦਾ ਕੰਮ ਇੱਕ ਸਾਈਟ ਤੋਂ ਚੱਲ ਰਹਾ ਹੈ, ਜਦ ਕਿ ਉਨ੍ਹਾਂ ਵੱਲੋਂ ਉੱਚ ਅਧਿਕਾਰੀਆਂ ਦੇ ਧਿਆਨ ਵਿੱਚ ਲਿਆਂਦਾ ਗਿਆ ਸੀ ਕਿ ਵਿਭਾਗ ਦਾ ਕੰਮ 2 ਸਾਈਟਾਂ ਤੋਂ ਕਰਵਾਇਆ ਜਾਵੇ ਤਾਂ ਜੋ ਮੰਡੀ ਦਾ ਮਸਲਾ ਜਲਦੀ ਹੱਲ ਹੋ ਸਕੇ। ਉਨ੍ਹਾਂ ਨੂੰ ਉਮੀਦ ਹੈਕਿ 15 ਅਗਸਤ ਤੋਂ ਪਹਿਲਾਂ ਸੀਵਰੇਜ ਚੱਲ ਪਵੇਗਾ।

# ਰੰਗਲਾ ਪੰਜਾਬ ਬਣਾਉਣ ਲਈ ਨੌਜਵਾਨਾਂ ਨੂੰ ਨਸ਼ਾ-ਮੁਕਤ ਕਰਨਾ ਜ਼ਰੂਰੀ : ਦੀਪਾਂਸ਼ੂ ਸਨੌਰ

**ਸਨੌਰ/ਪਟਿਆਲਾ (ਅਗਸਤ (ਰਾਜਿੰਦਰ ਸਿੰਘ ਬਿੰਦ)**-ਆਮ ਆਦਮੀ ਪਾਰਟੀ ਦੇ ਯੂਥ ਵਿੰਗ ਦੇ ਆਗੂ ਤੇ ਵਿਧਾਇਕ ਹਰਮੀਤ ਪਠਾਣ ਮਾਜਰਾ ਦੇ ਨਜ਼ਦੀਕੀ ਸਾਥੀ ਦੀਪਾਂਸ਼ੂ ਸਨੌਰ ਨੇ ਕਿਹਾ ਕਿ ਪੰਜਾਬ ਦੇ ਨੌਜਵਾਨ ਸੂਬੇ ਦੇ ਭਵਿੱਖ ਦੀ ਨੀਂਹ ਹਨ ਅਤੇ ਪੰਜਾਬ ਦਾ ਵਿਕਾਸ ਤੇ ਤਰੱਕੀ ਸਾਡੇ ਨੌਜਵਾਨਾਂ ਦੀ ਸ਼ਕਤੀ ਤੇ ਸਮਰੱਥਾ 'ਤੇ ਨਿਰਭਰ ਕਰਦੀ ਹੈ। ਇਨ੍ਹਾਂ ਆਗੂਆਂ ਨੇ ਕਿਹਾ ਕਿ ਅੱਜ ਸਾਡਾ ਪੰਜਾਬ ਬੇਰੁਜ਼ਗਾਰੀ, ਨਸ਼ਿਆਂ ਤੇ ਸਿੱਖਿਆ ਪ੍ਰਣਾਲੀ ਵਿੱਚ ਸੁਧਾਰ ਵਰਗੀਆਂ ਗੰਭੀਰ ਚੁਣੌਤੀਆਂ ਦਾ ਸਾਹਮਣਾ ਕਰ ਰਿਹਾ ਹੈ। ਇਹ ਉਹ ਮੁੱਦੇ ਹਨ, ਜੋ ਸਿੱਧੇ ਤੌਰ 'ਤੇ ਸਾਡੇ ਨੌਜਵਾਨਾਂ ਦੇ ਭਵਿੱਖ ਤੇ ਸੁਪਨਿਆਂ ਨੂੰ ਪ੍ਰਭਾਵਿਤ ਕਰਦੇ ਹਨ। ਇਸ ਮੌਕੇ ਨੌਜਵਾਨ ਆਗੂ ਨੇ ਕਿਹਾ ਕਿ ਆਮ ਆਦਮੀ ਪਾਰਟੀ ਦਾ ਮੁੱਖ ਉਦੇਸ਼ ਸਿਰਫ ਸੱਤਾ ਪ੍ਰਾਪਤ ਕਰਨਾ ਨਹੀਂ, ਸਗੋਂ ਇੱਕ ਖੁਸ਼ਹਾਲ ਤੇ ਪ੍ਰਗਤੀਸ਼ੀਲ ਪੰਜਾਬ ਦੀ ਸਿਰਜਣਾ ਕਰਨਾ ਹੈ। ਉਨ੍ਹਾਂ ਕਿਹਾ ਕਿ ਸਾਡੀ ਸਰਕਾਰ ਸਿੱਖਿਆ ਦੇ ਖੇਤਰ ਵਿੱਚ ਕ੍ਰਾਂਤੀਕਾਰੀ ਬਦਲਾਅ ਲਿਆ ਰਹੀ ਹੈ ਅਤੇ ਸਰਕਾਰੀ ਸਕੂਲਾਂ ਨੂੰ ਨਮੂਨੇ ਦੇ ਸਕੂਲਾਂ ਵਿੱਚ ਤਬਦੀਲ ਕੀਤਾ ਜਾ ਰਿਹਾ ਹੈ ਤਾਂ ਜੋ ਹਰ ਬੱਚੇ ਨੂੰ ਬਿਨਾਂ ਕਿਸੇ ਭੇਦਭਾਵ ਦੇ ਮਿਆਰੀ ਸਿੱਖਿਆ ਮਿਲ ਸਕੇ। ਇਸ ਦੇ ਨਾਲ ਹੀ, ਪੰਜਾਬ ਸਰਕਾਰ ਨੌਜਵਾਨਾਂ ਲਈ ਰੁਜ਼ਗਾਰ ਦੇ ਨਵੇਂ ਮੌਕੇ ਪੈਦਾ ਕਰਨ ਲਈ ਵਚਨਬੱਧ ਹੈ। ਉਨ੍ਹਾਂ ਕਿਹਾ ਕਿ 'ਆਪ' ਸਰਕਾਰ ਨਸ਼ਾ ਤਸਕਰਾਂ ਵਿਰੁੱਧ ਸਖ਼ਤ ਕਾਰਵਾਈ ਕਰ ਰਹੀ



ਹੈ ਤੇ ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ ਵਿੱਚੋਂ ਬਾਹਰ ਕੱਢਣ ਲਈ ਮੁੜ ਵਸੇਬਾ ਪ੍ਰੋਗਰਾਮਾਂ ਨੂੰ ਮਜ਼ਬੂਤ ਕੀਤਾ ਜਾ ਰਿਹਾ ਹੈ। ਉਨ੍ਹਾ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਦੀ ਦਲਦਲ 'ਚੋਂ ਕੱਢ ਕੇ ਰੰਗਲਾ ਪੰਜਾਬ ਬਣਾਉਣ ਲਈ ਖੇਡਾਂ ਵੱਲ ਉਤਸ਼ਾਹਤ ਕੀਤਾ ਜਾਵੇਗਾ। ਇਸ ਮੌਕੇ ਯੂਥ ਵਿੰਗ ਦੇ ਨਵ-ਨਿਯੁਕਤ ਜ਼ਿਲ੍ਹਾ ਪ੍ਰਧਾਨ ਅਮਰਦੀਪ ਸੰਘੇੜਾ ਨੇ ਕਿਹਾ ਕਿ ਨੌਜੁਆਨਾਂ ਲਈ ਸਰਕਾਰ ਦੀਆਂ ਸਕੀਮਾਂ ਨੂੰ ਲਾਗੂ ਕਰਵਾਉਣ ਲਈ ਉਹ ਆਪਣਾ ਪੂਰਾ ਜ਼ੋਰ ਲਗਾ ਦੇਣਗ। ਇਸ ਮੌਕੇ ਯੂਥ ਆਗੂ ਲਵਪ੍ਰੀਤ ਸਿੰਘ, ਨਵਦੀਪ ਸਿੰਘ, ਰੁਪਿੰਦਰ ਸਿੰਘ ਰੂਪੀ ਕੱਕੇਪੁਰ, ਸ਼ੈਲੀ ਖਰੌੜ, ਭਿੰਦਰ ਸੋਹੀ ਤੇ ਹੋਰ ਆਗੂ ਮੌਜੂਦ ਸਨ।

# ਫਾਸ਼ੀ ਹਮਲਿਆਂ ਵਿਰੋਧੀ ਫਰੰਟ ਵੱਲੋਂ ਮੋਦੀ ਦੀ ਤਾਨਾਸ਼ਾਹੀ ਖਿਲਾਫ ਕਨਵੈਨਸ਼ਨ



**ਲੁਧਿਆਣਾ (ਰੈਕਟਰ ਕਥੂਰੀਆ)**-ਫਾਸ਼ੀ ਹਮਲਿਆਂ ਵਿਰੋਧੀ ਫਰੰਟ ਪੰਜਾਬ ਦੇ ਸੱਦੇ 'ਤੇ ਸਾਰੇ ਜ਼ਿਲ੍ਹਿਆਂ 'ਚ ਕੀਤੀਆਂ ਜਾ ਰਹੀਆਂ ਕਨਵੈਨਸ਼ਨਾਂ ਦੀ ਲੜੀ ਤਹਿਤ ਮੰਗਲਵਾਰ ਸ਼ਹੀਦ ਕਰਨੈਲ ਸਿੰਘ ਈਸੜੂ ਭਵਨ ਲੁਧਿਆਣਾ ਵਿਖੇ ਜ਼ਿਲ੍ਹਾ ਪੱਧਰੀ ਕਨਵੈਨਸ਼ਨ ਕੀਤੀ ਗਈ।ਦੇਸ਼ ਭਰ 'ਚ ਭਾਜਪਾ ਹਕੂਮਤ ਵੱਲੋਂ ਆਮ ਕਿਰਤੀ ਵਰਗ ਨੂੰ ਅਪਣੇ ਹਿੱਤਾਂ ਲਈ ਲੜਨ ਤੋਂ ਵਰਜਣ ਲਈ ਜਿੱਥੇ ਇੱਕ ਪਾਸੇ ਕਾਲੇ ਕਨੂੰਨਾਂ ਰਾਹੀ ਦਬਾਇਆ ਜਾ ਰਿਹਾ ਹੈ ਤੇ ਦੂਜੇ ਬੰਨੇ ਸੰਵਿਧਾਨਕ ਸੰਸਥਾਵਾਂ ਨੂੰ ਹੱਥ ਠੋਕਾ ਬਣਾ ਕੇ ਹਰ ਵਿਰੋਧੀ ਅਵਾਜ਼ ਨੂੰ ਕੁਚਲਿਆ ਜਾ ਰਿਹਾ ਹੈ।ਮੋਦੀ ਹਕੂਮਤ ਵੱਲੋਂ ਦੇਸ਼ 'ਚ ਅਣਐਲਾਨੀ ਐਮਰਜੈਂਸੀ ਰਾਹੀਂ ਦੇਸ਼ ਨੂੰ ਪੁਲਸ ਰਾਜ 'ਚ ਬਦਲ ਦਿੱਤਾ ਗਿਆ ਹੈ।ਦੇਸ਼ ਦੇ ਮੱਧ ਭਾਰਤ ਦੇ ਸੂਬਿਆਂ 'ਚ ਨਕਸਲਵਾਦ ਨੂੰ ਮਾਰਚ 2026 ਤੱਕ ਖਤਮ ਕਰਨ ਦੇ ਅਮਿਤਸ਼ਾਹ ਦੇ ਐਲਾਨ ਨੇ ਸਾਰੇ ਕਨੂੰਨਾਂ ਨੂੰ ਮਜ਼ਾਕ ਬਣਾ ਦਿੱਤਾ ਹੈ। ਮਾਓਵਾਦੀਆਂ ਤੇ ਆਦਿਵਾਸੀਆਂ ਦੇ ਝੂਠੇ ਪੁਲਸ ਮੁਕਾਬਲੇ ਬਣਾਏ ਜਾ ਰਹੇ ਹਨ।ਕਸ਼ਮੀਰ ਤੇ ਮਣੀਪੁਰ 'ਚ ਜਮਹੂਰੀਅਤ ਸ਼ਰੇਆਮ ਕੁਚਲ ਦਿੱਤੀ ਗਈ ਹੈ।ਇਹ ਵਿਚਾਰ ਕਨਵੈਨਸ਼ਨ ਦੌਰਾਨ ਬੋਲਦਿਆਂ ਖੱਬੇ ਪੱਖੀ ਸੰਗਠਨਾਂ ਦੇ ਵੱਖ ਵੱਖ ਬੁਲਾਰਿਆਂ ਨੇ ਪੇਸ਼ ਕੀਤੇ।ਉਨ੍ਹਾਂ ਕਿਹਾ ਕਿ ਦੇਸ਼ ਦੇ ਅਠਾਰਾਂ ਕਰੋੜ ਮੁਸਲਮਾਨ ਤੇ ਹੋਰ ਧਾਰਮਿਕ ਘੱਟ ਗਿਣਤੀਆਂ ਦੇਸ਼ 'ਚੋਂ ਬਾਹਰ ਕੱਢਣ ਲਈ ਮੰਨੂਵਾਦੀਆਂ ਵੱਲੋਂ ਦੇਸ਼ ਨੂੰ ਫਿਰਕੂ ਜ਼ਹਿਰ ਦੀ ਭੱਠੀ 'ਚ ਝੋਕਿਆ ਜਾ ਰਿਹਾ ਹੈ।ਦੇਸ਼ ਦੇ ਫੈਡਰਲ ਢਾਂਚੇ ਨੂੰ ਤਬਾਹ ਕਰਕੇ ਸਿੱਖਿਆ, ਇਤਿਹਾਸ, ਗਿਆਨ ਦਾ ਭਗਵਾਂਕਰਨ ਕੀਤਾ ਜਾ ਰਿਹਾ ਹੈ।ਦੇਸ਼ ਦਾ ਸੰਵਿਧਾਨ ਬਦਲਿਆ ਜਾ ਰਿਹਾ ਹੈ। ਬਿਹਾਰ 'ਚ ਮੋਦੀ ਹਕੂਮਤ ਵੱਲੋਂ ਨਾਗਰਿਕਤਾ ਸੋਧ ਕਨੂੰਨ ਰਾਹੀਂ 65 ਲੱਖ ਵੋਟਰਾਂ ਵਿਸ਼ੇਸ਼ ਕਰ ਮੁਸਲਮਾਨਾਂ ਤੋਂ ਵੋਟ ਦਾ ਹੱਕ ਖੋਹ ਲਿਆ ਗਿਆ ਹੈ।ਬੁਲਾਰਿਆਂ ਨੇ ਕਿਹਾ ਕਿ ਦੇਸ਼ 'ਚ ਮੋਦੀ ਵੱਲੋਂ ਲਿਆਂਦੀ ਗਈ ਤਾਨਾਸ਼ਾਹੀ ਦਾ ਅਸਲ ਮਕਸਦ ਲੋਕ ਸੰਘਰਸ਼ਾਂ ਨੂੰ ਦਬਾ ਕੇ ਸਾਮਰਾਜੀ ਨੀਤੀਆਂ ਲਾਗੂ ਕਰਨ ਲਈ ਰਾਹ ਪੱਧਰਾ ਕਰਨਾ ਹੈ।ਬੁਲਾਰਿਆਂ 'ਚ ਸੀਪੀਆਈ ਵੱਲੋਂ ਡਾ. ਰਜਿੰਦਰਪਾਲ ਸਿੰਘ ਔਲਖ, ਆਰ ਐੱਮ ਪੀ ਆਈ ਵੱਲੋਂ ਪ੍ਰੋ. ਜੈਪਾਲ ਸਿੰਘ, ਇਨਕਲਾਬੀ ਕੇਂਦਰ ਪੰਜਾਬ ਵੱਲੋਂ ਕੰਵਲਜੀਤ ਖੰਨਾ, ਸੀ ਪੀ ਆਈ (ਐਮਐੱਲ) ਲਿਬਰੇਸ਼ਨ ਵੱਲੋਂ ਸੁਖਦਰਸ਼ਨ ਨੱਤ, ਸੀਪੀਆਈ (ਐਮਐੱਲ) ਨਿਊ ਡੈਮੋਕਰੇਸੀ ਵੱਲੋਂ ਸਾਧੂ ਸਿੰਘ ਅੱਚਰਵਾਲ ਨੇ ਵਿਚਾਰ ਚਰਚਾ 'ਚ ਭਾਗ ਲਿਆ।ਇਸ ਸਮੇਂ ਮੰਚ ਸੰਚਾਲਕ ਕਾ. ਜਗਦੀਸ਼ ਚੰਦਰ ਵੱਲੋਂ ਕਨਵੈਨਸ਼ਨ 'ਚ ਤਿੰਨ ਮਤੇ, ਜਿਨ੍ਹਾਂ 'ਚ ਗਾਜਾ 'ਚ ਇਜ਼ਰਾਈਲ ਤੇ ਅਮਰੀਕਾ ਵੱਲੋਂ ਫਲੀਸਤੀਨੀਆਂ ਦੀ ਨਸਲਕੁਸ਼ੀ ਬੰਦ ਕਰਨ, ਭੁੱਖਮਰੀ ਨੂੰ ਹਥਿਆਰ ਨਾ ਬਣਾਉਣ ਤੇ ਫੌਜੀ ਜੰਗਬੰਦੀ ਕਰਨ ਦੀ ਮੰਗ ਕੀਤੀ ਗਈ। ਲੈਂਡ ਪੂਲਿੰਗ ਪਾਲਸੀ ਤੁਰਤ ਰੱਦ ਕਰਨ ਦੀ ਪੰਜਾਬ ਸਰਕਾਰ ਤੋਂ ਮੰਗ ਕੀਤੀ ਗਈ।

ਮੋਦੀ ਹਕੂਮਤ ਵੱਲੋ ਲਾਗੂ ਕੀਤੇ ਚਾਰ ਕਿਰਤ ਕੋਡ ਰੱਦ ਕਰਨ ਤੇ ਪੁਰਾਣੇ ਕਿਰਤ ਕਨੂੰਨ ਬਹਾਲ ਕਰਨ ਦੀ ਮੰਗ ਕੀਤੀ ਗਈ।ਸ਼ੁਰੂ 'ਚ ਰਾਮ ਸਿੰਘ ਹਠੂਰ, ਮਨਿੰਦਰ ਸਿੰਘ ਭਾਟੀਆ, ਬੀਬੀ ਰਵਿਤਾ, ਤਹਿਸੀਲਦਾਰ ਸਿੰਘ, ਗੁਰਦੀਪ ਕਲਸੀ ਨੇ ਗੀਤ ਤੇ ਨਜ਼ਮਾਂ ਪੇਸ਼ ਕਰਕੇ ਇਨਕਲਾਬੀ ਰੰਗ ਬੰਨ੍ਹਿਆ।ਇਸ ਸਮੇਂ ਕਾ. ਵਿਜੇ ਕੁਮਾਰ, ਕੇਵਲ ਸਿੰਘ ਬਨਵੈਤ, ਇੰਦਰਜੀਤ ਸਿੰਘ ਧਾਲੀਵਾਲ, ਅਵਤਾਰ ਸਿੰਘ ਰਸੂਲਪੁਰ, ਮਦਨ ਸਿੰਘ, ਚਮਕੌਰ ਸਿੰਘ ਬਰਮੀ, ਡਾ. ਗੁਰਚਰਨ ਸਿੰਘ ਰਾਏਕੋਟ ਆਦਿ ਹਾਜ਼ਰ ਸਨ।

## ਕਾਤਰਾਂ

### ਰਾਜ ਬਖਸ਼ ਜੋਸਨ ਨਮਿਤ ਅੰਤਿਮ ਅਰਦਾਸ ਭਲਕੇ



**ਜਲਾਲਾਬਾਦ (ਜੀਤ ਕੁਮਾਰ)**-ਰਾਜ ਬਖਸ਼ ਜੋਸਨ ਵਾਸੀ ਸਿਮਰਿਆਂ ਵਾਲਾ, ਜੋਕਿ ਬੀਤੇ ਦਿਨ ਆਪਣੀ ਸੰਸਾਰਿਕ ਯਾਤਰਾ ਸੰਪੂਰਨ ਕਰਦੇ ਹੋਏ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਹਨ। ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਪਾਠ ਦਾ ਭੋਗ ਤੇ ਅੰਤਿਮ ਅਰਦਾਸ 7 ਅਗਸਤ ਵੀਰਵਾਰ ਨੂੰ ਦੁਪਹਿਰ 12.00 ਵਜੇ ਤੋਂ 1.00 ਵਜੇ ਤੱਕ ਉਨ੍ਹਾਂ ਦੇ ਨਿਵਾਸ ਸਥਾਨ ਪਿੰਡ ਸਿਮਰਿਆ ਵਾਲਾ ਵਿਖੇ ਹੋਵੇਗੀ।

### ਵਰਲਡ ਯੂਨੀਵਰਸਿਟੀ ਵਿਖੇ ਕੈਂਪ ਭਲਕੇ

**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫਤਿਹਗੜ੍ਹ ਸਾਹਿਬ ਦੇ ਫਿਜਿਓਥਰੈਪੀ ਵਿਭਾਗ ਵਿਖੇ 7 ਅਗਸਤ ਨੂੰ ਮਨੀਪਾਲ ਹਸਪਤਾਲ ਦੇ ਸਹਿਯੋਗ ਨਾਲ ਹੈਲਥ ਅਵੇਅਰਨੈੱਸ ਪ੍ਰੋਗਰਾਮ ਦੇ ਨਾਲ ਆਰਥੋਪੈਡਿਕਸ (ਹੱਡੀਆਂ ਦੇ ਰੋਗਾਂ) ਦਾ ਜਾਂਚ ਕੈਂਪ ਮਨੀਪਾਲ ਹਸਪਤਾਲ ਦੇ ਆਰਥੋਪੈਡਿਕਸ ਵਿਭਾਗ ਦੇ ਮੁਖੀ ਡਾਕਟਰ ਪਰਮਜੀਤ ਸਿੰਘ ਚਾਹਲ ਦੀ ਅਗਵਾਈ ਵਿੱਚ ਅਤੇ ਫਿਜਿਓਥਰੈਪੀ ਦੇ ਮਰੀਜ਼ਾਂ ਲਈ ਵਿਭਾਗ ਦੀ ਮੁਖੀ ਡਾਕਟਰ ਸੁਪ੍ਰੀਤ ਬਿੰਦਰਾ ਦੀ ਅਗਵਾਈ ਵਿੱਚ ਲਗਾਇਆ ਜਾਵੇਗਾ। ਇਹ ਜਾਣਕਾਰੀ ਦਿੰਦਿਆਂ ਯੂਨਿਵਰਸਿਟੀ ਦੇ ਡੀਨ ਮੈਡੀਕਲ ਵਿਭਾਗ ਡਾਕਟਰ ਪੰਕਜਪ੍ਰੀਤ ਸਿੰਘ ਨੇ ਦੱਸਿਆ ਕਿ ਇਸ ਸਮਾਰੋਹ ਦੇ ਸਪੈਸ਼ਲ ਗੈਸਟ ਵਜੋਂ ਯੂਨਿਵਰਸਿਟੀ ਦੇ ਵਾਇਸ ਚਾਂਸਲਰ ਪ੍ਰੋ. ਡਾਕਟਰ ਪ੍ਰਿਤਪਾਲ ਸਿੰਘ ਅਪਣੇ ਵਿਚਾਰ ਪੇਸ਼ ਕਰਨਗੇ। ਉਨ੍ਹਾਂ ਲੋੜਵੰਦ ਸੰਗਤਾਂ ਨੂੰ ਇਸ ਸਮਾਰੋਹ ਤੇ ਦੋਵੇਂ ਕੈਂਪਾਂ ਦਾ ਲਾਭ ਲੈਣ ਦੀ ਬੇਨਤੀ ਕੀਤੀ।

### ਸਬਸਿਡੀ 'ਤੇ ਲਏ ਖੇਤੀਬਾੜੀ ਸੰਦਾਂ ਨੂੰ ਖੁਰਦ-ਬੁਰਦ ਕਰਨ ਦੇ ਦੋਸ਼ 'ਚ ਪਰਚਾ ਦਰਜ

**ਜਲਾਲਾਬਾਦ (ਜੀਤ ਕੁਮਾਰ)** : ਥਾਣਾ ਸਿਟੀ ਜਲਾਲਾਬਾਦ ਦੀ ਪੁਲਸ ਵੱਲੋਂ ਪਿੰਡ ਝੁੱਗੇ ਫੰਗੀਆ 'ਚ ਸਬਸਿਡੀ 'ਤੇ ਮਿਲੇ ਖੇਤੀਬਾੜੀ ਦੇ ਸੰਦਾਂ ਨੂੰ ਖੁਰਦ ਬੁਰਦ ਕਰਨ ਦੇ ਦੋਸ਼ ਵਿੱਚ ਸਾਬਕਾ ਸਰਪੰਚ ਵਿਰੁੱਧ ਮੁਕੱਦਮਾ ਦਰਜ ਕੀਤਾ ਗਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਜਾਂਚ ਅਧਿਕਾਰੀ ਹੌਲਦਾਰ ਅਮਨਦੀਪ ਸਿੰਘ ਨੇ ਦੱਸਿਆ ਕਿ ਸ਼ਿਕਾਇਤਕਰਤਾ ਗੁਰਚਰਨ ਸਿੰਘ ਪੁੱਤਰ ਰਤਨ ਸਿੰਘ ਵਾਸੀ ਝੁਗੇ ਫੰਗੀਆ ਵੱਲੋਂ ਸੁਭਾਸ਼ ਸਿੰਘ ਸਾਬਕਾ ਸਰਪੰਚ ਖਿਲਾਫ ਇੱਕ ਦਰਖਾਸਤ ਦਿੱਤੀ ਗਈ ਸੀ, ਜਿਸ ਵਿੱਚ ਸ਼ਿਕਾਇਤਕਰਤਾ ਨੇ ਦੱਸਿਆ ਕਿ ਸੁਭਾਸ਼ ਸਿੰਘ ਸਾਬਕਾ ਸਰਪੰਚ ਵੱਲੋਂ ਖੇਤੀਬਾੜੀ ਦੇ ਸੰਦਾਂ ਸਬੰਧੀ ਸਰਕਾਰ ਪਾਸੋਂ ਸਬਸਿਡੀ ਹਾਸਲ ਕਰਕੇ ਇਨ੍ਹਾਂ ਸੰਦਾਂ ਨੂੰ ਖੁਦ ਹੀ ਖੁਰਦ-ਬੁਰਦ ਕਰਕੇ ਠੱਗੀ ਮਾਰੀ ਗਈ ਹੈ। ਇਸ ਦਰਖਾਸਤ ਦੀ ਅਪਰੂਵਲ ਐੱਸ.ਐੱਸ.ਪੀ. ਫਾਜ਼ਿਲਕਾ ਵੱਲੋਂ ਥਾਣਾ ਸਿਟੀ ਜਲਾਲਾਬਾਦ ਵਿਖੇ ਪੁੱਜੇ, ਜਿਸ ਦੇ ਬਾਅਦ ਥਾਣਾ ਸਿਟੀ ਜਲਾਲਾਬਾਦ ਵਿਖੇ ਸ਼ਿਕਾਇਤਕਰਤਾ ਗੁਰਚਰਨ ਸਿੰਘ ਦੇ ਬਿਆਨਾਂ ਦੇ ਅਧਾਰ 'ਤੇ ਸਾਬਕਾ ਸਰਪੰਚ ਸੁਭਾਸ਼ ਸਿੰਘ ਪੁੱਤਰ ਸੁੰਦਰ ਸਿੰਘ ਵਾਸੀ ਝੁੱਗੇ ਫੰਗੀਆਂ ਵਿਰੁੱਧ ਪਰਚਾ ਦਰਜ ਕੀਤਾ ਗਿਆ ਹੈ।

# ਮਾਛੀਵਾੜਾ ਪੁਲਸ ਦੀ ਸੁਪਾਰੀ ਕਿੱਲਰ ਸ਼ੂਟਰ ਨਾਲ ਹੋਈ ਮੁੱਠਭੇੜ, ਥਾਣਾ ਮੁਖੀ ਦਾ ਰਿਵਾਲਵਰ ਖੋਹ ਕੇ ਭੱਜਣ ਦੀ ਕੋਸ਼ਿਸ਼



ਜਾਇਜ਼ਾ ਲੈਂਦੇ ਹੋਏ ਐੱਸ.ਪੀ. (ਡੀ) ਪਵਨਜੀਤ ਤੇ ਹੋਰ ਪੁਲਸ ਅਧਿਕਾਰੀ, ਇਲਾਜ ਅਧੀਨ ਜ਼ਖ਼ਮੀ ਸ਼ੂਟਰ ਸਲੀਮ।

**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਮਾਛੀਵਾੜਾ ਪੁਲਸ ਨਾਲ ਦੇਰ ਰਾਤ ਕਰੀਬ 11 ਵਜੇ ਨੇੜਲੇ ਪਿੰਡ ਚੱਕ ਲੋਹਟ ਵਿਖੇ ਨੌਜਵਾਨ ਜਸਪ੍ਰੀਤ ਸਿੰਘ ਨੂੰ ਗੋਲੀਆਂ ਮਾਰ ਕੇ ਜ਼ਖ਼ਮੀ ਕਰਨ ਵਾਲੇ ਸੁਪਾਰੀ ਕਿੱਲਰ ਸ਼ੂਟਰ ਸਲੀਮ ਦੀ ਮੁੱਠਭੇੜ ਹੋ ਗਈ, ਜਿਸ ਦੌਰਾਨ ਉਹ ਜ਼ਖ਼ਮੀ ਹੋ ਗਿਆ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਐੱਸ. ਪੀ. (ਡੀ) ਪਵਨਜੀਤ ਨੇ ਦੱਸਿਆ ਕਿ ਲੰਘੀ 27 ਜੁਲਾਈ ਨੂੰ ਚੱਕ ਲੋਹਟ ਦੇ ਨੌਜਵਾਨ ਜਸਪ੍ਰੀਤ ਸਿੰਘ ਨੂੰ ਕੁਝ ਨਕਾਬਪੋਸ਼ਾਂ ਨੇ ਗੋਲੀਆਂ ਮਾਰ ਕੇ ਜ਼ਖ਼ਮੀ ਕੀਤਾ ਸੀ, ਜਿਸ ਮਾਮਲੇ ਵਿੱਚ ਪੁਲਸ ਵੱਲੋਂ ਕੁਝ ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਇਨ੍ਹਾਂ ਗ੍ਰਿਫ਼ਤਾਰ ਮੁਲਜ਼ਮਾਂ 'ਚੋਂ ਇੱਕ ਮੁਲਜ਼ਮ ਸਲੀਮ ਵਾਸੀ ਰੁੜਕਾ ਨੂੰ ਜਦੋਂ ਬੇਟ ਖੇਤਰ ਦੇ ਪਿੰਡ ਖਾਨਪੁਰ ਦੇ ਜੰਗਲ ਵਿੱਚ ਹਥਿਆਰਾਂ ਦੀ ਬਰਾਮਦਗੀ ਲਈ ਲਿਆਂਦਾ ਗਿਆ ਤਾਂ ਉੱਥੇ ਇਸ ਨੇ ਜ਼ਮੀਨ ਹੇਠਾਂ ਦੱਬਿਆ ਰਿਵਾਲਵਰ ਤੇ ਕਾਰਤੂਸ ਕੱਢਿਆ ਤਾਂ ਇਸ ਦੌਰਾਨ ਸਲੀਮ ਨੇ ਥਾਣਾ ਮੁਖੀ ਹਰਵਿੰਦਰ ਸਿੰਘ ਦਾ ਰਿਵਾਲਵਰ ਖੋਹ ਕੇ ਭੱਜਣ ਦੀ ਕੋਸ਼ਿਸ਼ ਕੀਤੀ। ਥਾਣਾ ਮੁਖੀ ਤੇ ਹੋਰ ਪੁਲਸ ਪਾਰਟੀ ਵੱਲੋਂ ਮੌਕੇ 'ਤੇ ਮੁਸ਼ਤੈਦੀ ਵਰਤਦਿਆਂ ਇਸ ਸ਼ੂਟਰ ਦੀ ਲੱਤ ਵਿੱਚ ਗੋਲੀ ਮਾਰੀ ਅਤੇ ਉਸ ਨੂੰ ਭੱਜਦਿਆਂ ਗ੍ਰਿਫ਼ਤਾਰ ਕਰ ਲਿਆ। ਐੱਸ.ਪੀ. (ਡੀ) ਪਵਨਜੀਤ ਨੇ ਦੱਸਿਆ ਕਿ ਮੁਲਜ਼ਮ ਸਲੀਮ ਤੋਂ ਇੱਥੇ ਛੁਪਾ ਕੇ ਰੱਖਿਆ ਰਿਵਾਲਵਰ ਤੇ ਮੈਗਜ਼ੀਨ, ਜਿਸ ਨਾਲ ਜਸਪ੍ਰੀਤ ਸਿੰਘ ਨੂੰ ਗੋਲੀਆਂ ਮਾਰ ਕੇ ਜ਼ਖ਼ਮੀ ਕੀਤਾ ਸੀ, ਉਹ ਵੀ ਬਰਾਮਦ ਕਰ ਲਿਆ। ਐੱਸ.ਪੀ. (ਡੀ) ਪਵਨਜੀਤ ਨੇ ਦੱਸਿਆ ਕਿ ਪੁਲਸ ਵੱਲੋਂ ਬੜੀ ਬਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਮੁੱਢਲੀ ਜਾਂਚ ਦੌਰਾਨ ਇਹ ਸਾਹਮਣੇ ਆਇਆ ਕਿ ਜਸਪ੍ਰੀਤ ਸਿੰਘ ਦਾ ਵਿਦੇਸ਼ ਤੋਂ ਇਨ੍ਹਾਂ ਸ਼ੂਟਰਾਂ ਨੂੰ ਸੁਪਾਰੀ ਦੇ ਕੇ ਕਤਲ ਕਰਨ ਦੀ ਕੋਸ਼ਿਸ਼ ਕੀਤੀ ਗਈ, ਜਿਸ ਦੌਰਾਨ ਉਹ ਜ਼ਖ਼ਮੀ ਹੋ ਗਿਆ, ਜੋ ਕਿ ਹਸਪਤਾਲ ਵਿੱਚ ਇਲਾਜ ਅਧੀਨ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਸ਼ਾਰਪ ਸ਼ੂਟਰਾਂ 'ਤੇ ਪਹਿਲਾਂ ਵੀ ਕਈ ਮਾਮਲੇ ਦਰਜ ਹਨ। ਐੱਸ.ਪੀ. (ਡੀ) ਨੇ ਦੱਸਿਆ ਕਿ ਜਸਪ੍ਰੀਤ ਸਿੰਘ ਦਾ ਵਿਦੇਸ਼ ਤੋਂ ਸ਼ੂਟਰਾਂ ਨੂੰ ਸੁਪਾਰੀ ਦੇ ਕੇ ਕਤਲ ਕਰਵਾਉਣ ਦੀ ਕੋਸ਼ਿਸ਼ ਕਿਉਂ ਕੀਤੀ, ਇਸ ਦੀ ਜਾਂਚ ਕੀਤੀ ਜਾ ਰਹੀ ਹੈ। ਮੁੱਠਭੇੜ ਵਿੱਚ ਜ਼ਖ਼ਮੀ ਹੋਏ ਸਲੀਮ ਨੂੰ ਇਲਾਜ ਲਈ ਸਮਰਾਲਾ ਹਸਪਤਾਲ ਵਿਖੇ ਦਾਖਲ ਕਰਵਾਇਆ ਗਿਆ ਹੈ। ਇਸ ਮੌਕੇ ਡੀ.ਐੱਸ.ਪੀ. ਸਮਰਾਲਾ ਤਰਲੋਚਨ ਸਿੰਘ ਵੀ ਮੌਜੂਦ ਸਨ।

# ਪਾਵਰਕਾਮ ਪੈਨਸ਼ਨਰਜ਼ 11 ਨੂੰ ਫੂਕਣਗੇ ਮੈਨੇਜਮੈਂਟ ਤੇ ਸਰਕਾਰ ਦਾ ਪੁਤਲਾ

**ਸਮਰਾਲਾ (ਸੁਰਜੀਤ ਸਿੰਘ)**-ਪਾਵਰਕਾਮ ਪੈਨਸ਼ਨਰਜ਼ ਐਸੋਸੀਏਸ਼ਨ ਮੰਡਲ ਸਮਰਾਲਾ ਦੀ ਐਮਰਜੈਂਸੀ ਮੀਟਿੰਗ ਸਕਿੰਦਰ ਸਿੰਘ ਮੰਡਲ ਪ੍ਰਧਾਨ ਦੀ ਪ੍ਰਧਾਨਗੀ ਹੇਠ ਕੀਤੀ ਗਈ, ਜਿਸ ਵਿੱਚ ਸਟੇਟ ਬਾਡੀ ਵੱਲੋਂ ਵਿੱਢੇ ਗਏ ਸੰਘਰਸ਼ ਦੇ ਸਬੰਧ ਵਿੱਚ ਤਹਿਸੀਲ ਪੱਧਰ ਤੇ ਜ਼ਿਲ੍ਹਾ ਪੱਧਰ ਦੇ ਧਰਨੇ ਦਿੱਤੇ ਜਾ ਰਹੇ ਹਨ।ਪੰਜਾਬ ਸਰਕਾਰ ਪੈਨਸ਼ਨਰਾਂ ਦੀਆਂ ਮੰਗਾਂ ਸਬੰਧੀ ਵਾਰ ਵਾਰ ਮੀਟਿੰਗਾਂ ਲਈ ਸਮਾਂ ਦੇ ਕੇ ਮੁੱਕਰ ਰਹੀ ਹੈ।ਇਸ ਲਈ ਮੀਟਿੰਗ ਦੌਰਾਨ ਫੈਸਲਾ ਕੀਤਾ ਗਿਆ ਕਿ 11 ਅਗਸਤ ਨੂੰ ਸਵੇਰੇ ਸਥਾਨਕ ਬਿਜਲੀ ਕੰਪਲੇਂਟ ਸੈਂਟਰ ਵਿਖੇ ਵਿਸ਼ਾਲ ਇਕੱਠ ਕੀਤਾ ਜਾ ਰਿਹਾ ਹੈ।ਇਸ ਉਪਰੰਤ ਐੱਸ ਡੀ ਐੱਮ ਦਫਤਰ ਤੱਕ ਰੋਸ ਮਾਰਚ ਕੀਤਾ ਜਾਵੇਗਾ ਤੇ ਪੰਜਾਬ ਸਰਕਾਰ/ਪਾਵਰਕਾਮ ਮੈਨੇਜਮੈਂਟ ਦੇ ਪੁਤਲੇ ਫੂਕੇ ਜਾਣਗੇ। ਇਸ ਵਿਸ਼ਾਲ ਇਕੱਠ ਵਿੱਚ ਭਰਾਤਰੀ ਜਥੇਬੰਦੀਆਂ ਵੀ ਸ਼ਾਮਲ ਹੋਣਗੀਆਂ।ਮੰਡਲ ਪ੍ਰਧਾਨ ਸਕਿੰਦਰ ਸਿੰਘ ਨੇ ਸਮੂਹ ਪੈਨਸ਼ਨਰਾਂ ਖਾਸ ਕਰਕੇ ਔਰਤਾਂ ਨੂੰ ਅਪੀਲ ਕੀਤੀ ਕਿ ਉਹ ਇਸ ਧਰਨੇ ਵਿੱਚ ਸ਼ਾਮਲ ਹੋਣ। ਮੀਟਿੰਗ ਉਪਰੰਤ ਵਧੀਕ ਨਿਗਰਾਨ ਇੰਜੀ: ਸਮਰਾਲਾ ਨਾਲ ਪੈਨਸ਼ਨਰਾਂ ਦੇ ਲੀਵ ਇੰਨਕੈਸ਼ਮੈਂਟ ਸਮੇਤ ਹੋਰ ਬਕਾਇਆਂ ਸਬੰਧੀ ਮੁਲਾਕਾਤ ਕੀਤੀ ਗਈ।ਉਨ੍ਹਾਂ ਵੱਲੋਂ ਯਕੀਨ ਦਿਵਾਇਆ ਗਿਆ ਕਿ ਕੁੱਲ 140 ਕੇਸਾਂ ਵਿੱਚੋਂ ਤਕਰੀਬਨ 100 ਕੇਸਾਂ ਦਾ ਬਕਾਇਆ 10 ਤੱਕ ਪੈਨਸ਼ਨਰਾਂ ਦੇ ਖਾਤਿਆਂ ਵਿੱਚ ਪਾ ਦਿੱਤਾ ਜਾਵੇਗਾ ਅਤੇ ਬਕਾਇਆ ਕੇਸਾਂ ਦਾ ਜਲਦ ਹੀ ਨਿਪਟਾਰਾ ਕਰ ਦਿੱਤਾ ਜਾਵੇਗਾ।ਮੰਡਲ ਪ੍ਰਧਾਨ ਸਕਿੰਦਰ ਸਿੰਘ ਵੱਲੋਂ ਵਧੀਕ ਨਿਗਰਾਨ ਇੰਜੀ: ਵੱਲੋਂ ਪੈਨਸ਼ਨਰਾਂ ਦੇ ਬਕਾਇਆਂ ਦੇ ਨਿਪਟਾਰੇ ਤੇ ਪੈਂਡਿੰਗ ਕੰਮ ਜਲਦੀ ਨੇਪਰੇ ਚਾੜ੍ਹਨ ਲਈ ਦਿਵਾਏ ਵਿਸ਼ਵਾਸ ਦੀ ਪ੍ਰਸੰਸਾ ਕੀਤੀ ਗਈ ਤੇ ਐਮਰਜੈਂਸੀ ਸੱਦੀ ਮੀਟਿੰਗ ਵਿੱਚ ਅਹੁਦੇਦਾਰਾਂ ਦਾ ਪਹੁੰਚਣ ਲਈ ਧੰਨਵਾਦ ਕੀਤਾ ਗਿਆ।

# ਟਿੱਪਰ ਚਾਲਕਾਂ ਨੇ ਡਿਪਟੀ ਸਪੀਕਰ ਨੂੰ ਮੰਗਾਂ ਸਬੰਧੀ ਸੌਂਪਿਆ ਮੰਗ ਪੱਤਰ

- ਜੈ ਕਿਸ਼ਨ ਰੋੜੀ ਨੇ ਸਮੱਸਿਆਵਾਂ ਦੇ ਹੱਲ ਸਬੰਧੀ ਦਿੱਤਾ ਭਰੋਸਾ
- ਰੋਸ ਧਰਨਾ ਰਹੇਗਾ ਜਾਰੀ, ਪਰ ਟਿੱਪਰਾਂ ਦੀ ਹੜਤਾਲ ਖੋਲ੍ਹੀ : ਆਗੂ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਟਿੱਪਰ ਚਾਲਕਾਂ ਵੱਲੋਂ ਆਪਣੀਆਂ ਮੰਗਾਂ ਨੂੰ ਲੈ ਕੇ ਪਿਛਲੇ 5 ਦਿਨਾਂ ਤੋਂ ਲਗਾਤਾਰ ਹੜਤਾਲ ਕੀਤੀ ਹੋਈ ਸੀ ਅਤੇ ਅੱਜ ਉਨ੍ਹਾਂ ਨੇ ਡਿਪਟੀ ਸਪੀਕਰ ਜੈ ਕਿਸ਼ਨ ਰੋੜੀ ਨੂੰ ਮੰਗ ਪੱਤਰ ਦਿੱਤਾ। ਟਿੱਪਰ ਚਾਲਕਾਂ ਦੀਆਂ ਮੰਗਾਂ ਸਬੰਧੀ ਜੈ ਕਿਸ਼ਨ ਰੋੜੀ ਅੱਜ ਵਿਸ਼ੇਸ਼ ਤੌਰ 'ਤੇ ਧਰਨੇ ਵਾਲੀ ਥਾਂ 'ਤੇ ਪਹੁੰਚੇ, ਜਿਨ੍ਹਾਂ ਟਿੱਪਰ ਚਾਲਕਾਂ ਦੀਆਂ ਸਮੱਸਿਆਵਾਂ ਸੁਣੀਆਂ। ਇਸ ਮੌਕੇ ਟਿੱਪਰ ਯੂਨੀਅਨ ਦੇ ਆਗੂ ਅਸ਼ਵਨੀ ਤੇ ਹੋਰਨਾਂ ਨੇ ਡਿਪਟੀ ਸਪੀਕਰ ਜੈ ਕਿਸ਼ਨ ਰੋੜੀ ਨੂੰ ਮੰਗ ਪੱਤਰ ਦਿੰਦਿਆਂ ਕਿਹਾ ਕਿ ਟਿੱਪਰ ਚਾਲਕਾਂ ਨੂੰ 'ਐੱਮ', 'ਕਿਊ' ਤੇ 'ਐਕਸ' ਫਾਰਮ 'ਤੇ ਛੋਟ ਦਿੱਤੀ ਜਾਵੇ, ਭਾਰਤ ਸਰਕਾਰ ਦੇ 'ਇੱਕ ਦੇਸ਼ ਇੱਕ ਟੈਕਸ' ਤਹਿਤ ਗੁਆਂਢੀ ਰਾਜਾਂ ਤੋਂ ਜੀਐੱਸਟੀ ਬਿੱਲਾਂ ਉੱਪਰ ਢੋਆ ਢੁਆਈ ਦੀ ਇਜਾਜ਼ਤ ਦਿੱਤੀ ਜਾਵੇ, 2 ਲੱਖ ਦੇ ਚਲਾਨ ਬੰਦ ਕੀਤੇ ਜਾਣ, ਕਰੈਸ਼ਰਾਂ 'ਤੇ ਕਿਸੇ ਵੀ ਵੱਧ ਤਿਆਰ ਕੀਤੇ ਮਾਲ ਉੱਪਰ 6 ਰੁਪਏ ਰਾਇਲਟੀ ਭਰਾ ਲਈ ਜਾਂਦੀ ਹੈ, ਪਰ ਸਮੱਗਰੀ ਸਰਕਾਰ ਵੱਲੋਂ ਕਾਨੂੰਨੀ ਬਣਾ ਕੇ ਦਿੱਤੀ ਜਾਂਦੀ ਹੈ, ਜੇਕਰ ਫਿਰ ਵੀ ਕਿਸੇ ਵੀ ਗੈਰ-ਕਾਨੂੰਨੀ ਸਮੱਗਰੀ ਦੀ ਖੋਜ ਹੋਵੇ ਤਾਂ ਸਜ਼ਾ ਕਰੈਸ਼ਰਾਂ 'ਤੇ ਲਗਾਈ ਜਾਣੀ ਚਾਹੀਦੀ ਹੈ ਨਾ ਕਿ ਆਵਾਜਾਈ ਮਾਲਕਾਂ 'ਤੇ ਆਦਿ ਸ਼ਾਮਲ ਹਨ। ਇਸ ਮੌਕੇ ਜੈ ਕਿਸ਼ਨ ਰੋੜੀ ਨੇ ਸਾਰੀਆਂ ਸਮੱਸਿਆਵਾਂ ਨੂੰ ਧਿਆਨ ਨਾਲ ਸੁਣਦਿਆਂ ਕਿਹਾ ਕਿ ਉਹ ਇਸ ਸਬੰਧੀ ਮਾਈਨਿੰਗ ਮੰਤਰੀ ਤੇ ਹੋਰ ਵਿਭਾਗ ਦੇ ਉੱਚ ਅਧਿਕਾਰੀਆਂ ਨਾਲ ਰਾਬਤਾ ਕਾਇਮ ਕਰ ਜਲਦ ਤੋਂ ਜਲਦ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਕਰਵਾਉਣਗੇ। ਇਸ ਤੋਂ ਇਲਾਵਾ ਯੂਨੀਅਨ ਆਗੂ ਅਸ਼ਵਨੀ ਨੇ ਦੱਸਿਆ ਕਿ ਡਿਪਟੀ ਸਪੀਕਰ ਜੈ ਕਿਸ਼ਨ ਰੋੜੀ ਨੇ ਸਾਨੂੰ ਵਿਸ਼ਵਾਸ ਦਿਵਾਇਆ ਹੈ ਕਿ ਕੁਝ ਹੀ ਦਿਨਾਂ ਅੰਦਰ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਹੱਲ ਹੋ ਜਾਵੇਗਾ, ਜਿਸ ਤੋਂ ਬਾਅਦ ਹੜਤਾਲ ਨੂੰ ਖੋਲ੍ਹ ਦਿੱਤਾ ਗਿਆ ਹੈ ਅਤੇ ਟਿੱਪਰ ਹੁਣ ਖਣਿਜ ਪਦਾਰਥਾਂ ਦੀ ਢੋਆ ਢੁਆਈ ਕਰਨਗੇ। ਉਨ੍ਹਾਂ ਕਿਹਾ ਕਿ ਫਿਲਹਾਲ ਗੜ੍ਹਸ਼ੰਕਰ ਵਿਖੇ ਜੋ ਮੰਗਾਂ ਸਬੰਧੀ ਧਰਨਾ ਲਗਾਇਆ ਹੈ, ਉਹ ਜਾਰੀ ਰਹੇਗਾ।

# ਭਗਤਾ ਬਲਾਕ ਖਤਮ ਕੀਤੇ ਜਾਣ ਦੇ ਵਿਰੋਧ 'ਚ ਕਿਸਾਨ ਜਥੇਬੰਦੀਆਂ ਵੀ ਨਿੱਤਰੀਆਂ



ਕਿਸਾਨ ਆਗੂ ਮੀਟਿੰਗ ਤੋਂ ਬਾਅਦ ਤਸਵੀਰ ਕਰਾਉਂਦੇ ਹੋਏ।

**ਬਠਿੰਡਾ (ਰਾਜੀਵ ਗੋਇਲ)**-ਪੰਜਾਬ ਸਰਕਾਰ ਬਲਾਕ ਭਗਤਾ ਭਾਈ ਕਾ ਨੂੰ ਖਤਮ ਕੀਤੇ ਜਾ ਰਹੇ ਫੈਸਲੇ ਦੇ ਵਿਰੋਧ ਵਿੱਚ ਭਾਰਤੀ ਕਿਸਾਨ ਯੂਨੀਅਨ ਖੋਸਾ, ਕ੍ਰਾਂਤੀਕਾਰੀ, ਉਗਰਾਹਾਂ ਤੇ ਲੱਖੋਵਾਲ ਯੂਨੀਅਨ ਦੇ ਸਾਰੇ ਹੀ ਅਹੁਦੇਦਾਰ ਅਤੇ ਕਿਸਾਨ ਵੀਰਾਂ ਨੇ ਅਹਿਮ ਮੀਟਿੰਗ ਕੀਤੀ। ਪੰਜਾਬ ਸਰਕਾਰ ਵੱਲੋਂ ਭਗਤਾ ਬਲਾਕ ਨੂੰ ਖਤਮ ਕਰਕੇ ਫੂਲ ਨਾਲ ਜੋੜਨ ਦਾ ਫੈਸਲਾ ਬਲਾਕ ਦੇ ਸਮੂਹ ਲੋਕਾਂ ਲਈ ਆਪ ਸਰਕਾਰ ਦਾ ਸਭ ਤੋਂ ਵੱਡਾ ਝਟਕਾ ਹੈ। ਇਹ ਫੈਸਲਾ ਲੋਕਾਂ ਨੂੰ ਸਹੂਲਤ ਦੇਣ ਦੀ ਥਾਂ ਉਨ੍ਹਾਂ ਤੋਂ ਪਹਿਲਾਂ ਮਿਲੀਆਂ ਸਹੂਲਤਾਂ ਖੋਹਣ ਵਾਲਾ ਹੈ। ਇਸ ਫੈਸਲੇ ਨਾਲ ਹਰ ਵਰਗ ਦੇ ਆਮ ਪਬਲਿਕ ਦੀ ਖੱਜਲ ਖੁਆਰੀ ਵਧਦੀ ਨਜ਼ਰ ਆ ਰਹੀ ਹੈ। ਭਗਤਾ ਭਾਈ ਕਾ ਬਲਾਕ ਦਫਤਰ ਨੇੜਲੇ 27 ਪਿੰਡਾਂ ਲਈ ਸਰਕਾਰੀ ਯੋਜਨਾ ਦੀ ਜੀਵਨ ਰੇਖਾ ਸੀ, ਜਿਵੇਂ ਨਰੇਗਾ ਸਗਨ ਸਕੀਮ, ਬੁਢੇਪਾ ਪੈਨਸ਼ਨ, ਵਰਗੀਆਂ ਸੇਵਾਵਾਂ ਲੋਕਾਂ ਦੇ ਦਰਵਾਜ਼ੇ ਤੋਂ ਮਿਲਦੀਆਂ ਸਨ। ਇਹ ਦਫਤਰ ਫੂਲ ਨਾਲ ਜੋੜਿਆ ਜਾਂਦਾ ਹੈ ਤਾਂ ਲੋਕਾਂ ਨੂੰ 30-35 ਕਿਲੋਮੀਟਰ ਦਾ ਸਫਰ ਤੈਅ ਕਰਨਾ ਪਵੇਗਾ। ਪਹਿਲਾਂ ਹੀ ਮਹਿੰਗਾਈ ਦੀ ਮਾਰ ਚੱਲ ਰਹੇ ਲੋਕਾਂ ਲਈ ਇਹ ਨਵਾਂ ਫੈਸਲਾ ਨੁਕਸਾਨਦੇਹ ਸਾਬਤ ਹੋਵੇਗਾ। ਜਥੇਬੰਦੀਆਂ ਨੇ ਫੈਸਲਾ ਕੀਤਾ ਕਿ ਜੇਕਰ ਸਰਕਾਰ ਇਸ ਫੈਸਲੇ ਨੂੰ ਵਾਪਸ ਨਹੀਂ ਲੈਂਦੀ ਤਾਂ ਆਉਣ ਵਾਲੀ ਅੱਠ ਤਰੀਕ ਨੂੰ ਭਗਤਾ ਭਾਈਕਾ ਬਲਾਕ ਵਿੱਚ ਵੱਡਾ ਇਕੱਠ ਰੱਖ ਕੇ ਧਰਨਾ ਦਿੱਤਾ ਜਾਵੇਗਾ।

# ਅਨੁਸੂਚਿਤ ਜਾਤੀਆਂ ਦੀ ਭਲਾਈ ਲਈ ਸਰਕਾਰ ਵਚਨਬੱਧ : ਗੁਰਪ੍ਰੀਤ ਸਿੰਘ

## ਐੱਸ ਸੀ ਕਮਿਸ਼ਨ ਮੈਂਬਰ ਨੇ ਮਹਾਲਮ ਵਿਖੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**
ਪੰਜਾਬ ਵਿੱਚ ਅਨੁਸੂਚਿਤ ਜਾਤੀਆਂ (ਐੱਸ ਸੀ) ਦੀ ਭਲਾਈ ਨੂੰ ਯਕੀਨੀ ਬਣਾਉਣ ਲਈ ਸਰਕਾਰ ਦੀ ਵਚਨਬੱਧਤਾ ਨੂੰ ਦੁਹਰਾਉਂਦੇ ਹੋਏ ਐੱਸ ਸੀ ਕਮਿਸ਼ਨ ਪੰਜਾਬ ਦੇ ਮੈਂਬਰ ਗੁਰਪ੍ਰੀਤ ਸਿੰਘ ਇੱਟਾਂਵਾਲੀ ਨੇ ਫਿਰੋਜ਼ਪੁਰ ਜ਼ਿਲ੍ਹੇ ਦੇ ਪਿੰਡ ਮਹਾਲਮ ਦਾ ਦੌਰਾ ਕੀਤਾ। ਇਸ ਦੌਰੇ ਦਾ ਮੁੱਖ ਉਦੇਸ਼ ਪਿੰਡ ਵਾਸੀਆਂ ਦੀਆਂ ਸਮੱਸਿਆਵਾਂ ਨੂੰ ਸਿੱਧੇ ਤੌਰ 'ਤੇ ਸੁਣਨਾ ਤੇ ਉਨ੍ਹਾਂ ਦੇ ਹੱਲ ਲਈ ਤੁਰੰਤ ਕਦਮ ਚੁੱਕਣਾ ਸੀ। ਇੱਟਾਂਵਾਲੀ ਨੇ ਆਪਣੇ ਸੰਬੋਧਨ ਵਿੱਚ ਸਪੱਸ਼ਟ ਕੀਤਾ ਕਿ ਸਰਕਾਰ ਦਾ ਮੁੱਖ ਮਕਸਦ ਸਮਾਜ ਦੇ ਸਾਰੇ ਵਰਗਾਂ ਨੂੰ ਬਰਾਬਰੀ ਦੇ ਮੌਕੇ ਪ੍ਰਦਾਨ ਕਰਨਾ ਹੈ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਵੀ ਗਰੀਬ ਜਾਂ ਐੱਸ ਸੀ ਭਾਈਚਾਰੇ ਦੇ ਵਿਅਕਤੀ ਨਾਲ ਧੱਕੇਸ਼ਾਹੀ ਹੁੰਦੀ ਹੈ, ਤਾਂ ਇਸ ਨੂੰ ਬਿਲਕੁਲ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਅਜਿਹੇ ਮਾਮਲਿਆਂ ਵਿੱਚ ਕਾਨੂੰਨ ਅਨੁਸਾਰ ਸਖ਼ਤ ਕਾਰਵਾਈ ਕੀਤੀ ਜਾਵੇਗੀ, ਤਾਂ ਜੋ ਕਿਸੇ ਨੂੰ ਵੀ ਕਮਜ਼ੋਰ ਵਰਗ ਦੇ ਲੋਕਾਂ ਨੂੰ ਪ੍ਰੇਸ਼ਾਨ ਕਰਨ ਦੀ ਹਿੰਮਤ ਨਾ ਹੋਵੇ। ਉਨ੍ਹਾਂ ਪਿੰਡ ਵਾਸੀਆਂ ਨੂੰ ਭਰੋਸਾ ਦਿੱਤਾ ਕਿ ਉਹ ਨਾ ਸਿਰਫ਼ ਉਨ੍ਹਾਂ ਦੀਆਂ ਮੁਸ਼ਕਲਾਂ ਸੁਣਨ ਲਈ ਆਏ ਹਨ, ਸਗੋਂ ਇਹ ਵੀ ਯਕੀਨੀ ਬਣਾਉਣਗੇ ਕਿ ਉਨ੍ਹਾਂ ਦਾ ਜਲਦ ਤੇ ਨਿਆਂਪੂਰਨ ਹੱਲ ਹੋਵੇ। ਇਸ ਦੌਰੇ ਦੌਰਾਨ ਇੱਟਾਂਵਾਲੀ ਦਾ ਗੁਰਪ੍ਰੀਤ ਸਿੰਘ ਮਹਾਲਮ ਤੇ ਡਾ. ਅੰਬੇਡਕਰ ਸੈਨਾ ਪੰਜਾਬ ਦੇ ਮੈਂਬਰਾਂ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਇਸ ਮੀਟਿੰਗ ਵਿੱਚ ਪਿੰਡ ਵਾਸੀਆਂ ਨੇ ਕਈ ਸਮੱਸਿਆਵਾਂ ਉਨ੍ਹਾਂ ਦੇ ਸਾਹਮਣੇ ਰੱਖੀਆਂ, ਜਿਨ੍ਹਾਂ ਵਿੱਚ ਸਰਕਾਰੀ ਯੋਜਨਾਵਾਂ ਦੇ ਲਾਭ ਨਾ ਮਿਲਣਾ, ਬੁਨਿਆਦੀ ਢਾਂਚੇ ਦੀ ਘਾਟ ਅਤੇ ਸਮਾਜਿਕ ਵਿਤਕਰੇ ਨਾਲ ਸਬੰਧਤ ਮੁੱਦੇ ਸ਼ਾਮਲ ਸਨ। ਕਮਿਸ਼ਨ ਮੈਂਬਰ ਨੇ ਹਰੇਕ ਮਸਲੇ ਨੂੰ ਬੜੇ ਧਿਆਨ ਨਾਲ ਸੁਣਿਆ ਤੇ ਅਧਿਕਾਰੀਆਂ ਨੂੰ ਤੁਰੰਤ ਕਾਰਵਾਈ ਕਰਨ ਦੇ ਨਿਰਦੇਸ਼ ਦਿੱਤੇ। ਇੱਟਾਂਵਾਲੀ ਨੇ ਕਿਹਾ ਕਿ ਐੱਸ ਸੀ ਭਾਈਚਾਰੇ ਦੀਆਂ ਮੰਗਾਂ ਨੂੰ ਪਹਿਲ ਦੇ ਅਧਾਰ 'ਤੇ ਸਰਕਾਰ ਸਾਹਮਣੇ ਪੇਸ਼ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਉਹ ਇਨ੍ਹਾਂ ਮੁੱਦਿਆਂ ਨੂੰ ਸਿੱਧੇ ਤੌਰ 'ਤੇ ਉੱਚ ਅਧਿਕਾਰੀਆਂ ਤੇ ਸਰਕਾਰ ਤੱਕ ਪਹੁੰਚਾਵਾਂਗਾ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਨਿਆਂ ਦੇਣ ਵਿੱਚ ਕੋਈ ਦੇਰੀ ਨਾ ਹੋਵੇ। ਇਸ ਮੌਕੇ ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਅਧਿਕਾਰਾਂ ਪ੍ਰਤੀ ਜਾਗਰੂਕ ਰਹਿਣ ਤੇ ਕਿਸੇ ਵੀ ਕਿਸਮ ਦੀ ਬੇਇਨਸਾਫੀ ਦੀ ਸੂਰਤ ਵਿੱਚ ਕਮਿਸ਼ਨ ਨਾਲ ਸੰਪਰਕ ਕਰਨ ਤੋਂ ਨਾ ਝਿਜਕਣ। ਉਨ੍ਹਾਂ ਨੇ ਭਰੋਸਾ ਦਿਵਾਇਆ ਕਿ ਕਮਿਸ਼ਨ ਹਰ ਸਮੇਂ ਉਨ੍ਹਾਂ ਦੀ ਮਦਦ ਲਈ ਤਿਆਰ ਹੈ। ਇਸ ਮੌਕੇ ਇੱਟਾਂਵਾਲੀ ਦੇ ਨਾਲ ਗੁਰਪ੍ਰੀਤ ਸਿੰਘ ਮਹਾਲਮ, ਪ੍ਰਧਾਨ ਸੋਨੂੰ ਨਾਹਰ, ਸੁਰਿੰਦਰ ਕਲਿਆਣ, ਗੁਰਜੀਤ ਸਿੰਘ ਸਰਪੰਚ, ਰੇਸ਼ਮ ਭੱਟੀ, ਹਰਜਿੰਦਰ ਸਿੰਘ ਫਿਰੋਜ਼ਸ਼ਾਹ, ਸਰਵਣ ਸਿੰਘ ਸਰਪੰਚ ਮਹਾਲਮ, ਬਲਵਿੰਦਰ ਸਿੰਘ, ਬਲਦੇਵ ਸਿੰਘ, ਪ੍ਰੀਤਮ ਸਿੰਘ ਆਦਿ ਸਮੇਤ ਕਈ ਪਤਵੰਤੇ ਸੱਜਣ ਹਾਜ਼ਰ ਸਨ।


# ਸ਼ੇਰੇ ਪੰਜਾਬ ਕਿਸਾਨ ਯੂਨੀਅਨ ਨੇ ਪ੍ਰਧਾਨ ਮੰਤਰੀ ਤੇ ਮੁੱਖ ਮੰਤਰੀ ਦਾ ਪੁਤਲਾ ਫੂਕਿਆ



**ਬੱਧਨੀ ਕਲਾਂ (ਲਵਲੀ ਕੁਮਾਰ)**
ਸ਼ੇਰੇ ਪੰਜਾਬ ਕਿਸਾਨ ਯੂਨੀਅਨ ਵੱਲੋਂ ਕੌਮੀ ਇਨਸਾਫ਼ ਮੋਰਚੇ ਦੇ ਸੱਦੇ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਤੇ ਮੁੱਖ ਮੰਤਰੀ ਭਗਵੰਤ ਮਾਨ ਦਾ ਪੁਤਲਾ ਫੂਕਿਆ ਗਿਆ। ਉਨ੍ਹਾਂ ਕਿਹਾ ਕਿ ਇੱਕ ਪਾਸੇ ਸਰਕਾਰਾਂ ਢੰਡੋਰਾ ਪਿੱਟਦੀਆਂ ਹਨ ਕਿ ਭਾਰਤੀ ਲੋਕਤੰਤਰ ਦੇਸ਼ ਦੇ ਪ੍ਰਧਾਨ ਮੰਤਰੀ ਬਾਹਰਲੇ ਮੁਲਕਾਂ ਦੀ ਵਿੱਚ ਸਫ਼ਰ ਕਰਕੇ ਪੰਜਾਬ ਦੀਆਂ ਸਿਫਤਾਂ ਕਰਦੇ ਥੱਕਦੇ ਨਹੀਂ, ਪਰ ਸਰਕਾਰਾਂ ਵੱਲੋਂ ਹਰ ਰੋਜ਼ ਲੋਕਤੰਤਰ ਦੀਆਂ ਧੱਜੀਆਂ ਉਡਾਈਆ ਜਾਂ ਰਹੀਆਂ ਹਨ। ਉਨ੍ਹਾਂ ਕਿਹਾ ਕਿ 30 ਸਾਲਾਂ ਤੋਂ ਬੰਦੀ ਸਿੰਘਾਂ ਨੂੰ ਜੇਲ੍ਹਾਂ ਵਿੱਚ ਗੈਰ-ਕਾਨੂੰਨੀ ਰੱਖਿਆ ਗਿਆ ਹੈ, ਕਾਨੂੰਨ ਮੁਤਾਬਿਕ ਜਿੰਨੀਆਂ ਉਨ੍ਹਾਂ ਨੂੰ ਸਜ਼ਾਵਾਂ ਹੋਈਆਂ, ਉਸ ਤੋਂ ਵੀ ਦੁੱਗਣੀ ਤਿੱਗਣੀ ਸਜ਼ਾ ਕੱਟ ਚੁੱਕੇ ਹਨ, ਪਰ ਅਜੇ ਤੱਕ ਉਨ੍ਹਾਂ ਨੂੰ ਰਿਹਾਅ ਨਹੀਂ ਕੀਤਾ ਜਾ ਰਿਹਾ ਹੈ। ਆਗੂਆਂ ਨੇ ਕਿਹਾ ਤਿ ਚਹੇਤੇ ਰਾਮ ਰਹੀਮ ਵਰਗਿਆਂ ਨੂੰ ਥੋੜ੍ਹੇ ਦਿਨਾਂ ਬਾਅਦ ਪੈਰੋਲ ਮਿਲ ਜਾਂਦੀ ਹੈਂ, ਕਿਉਂਕਿ ਵੋਟਾਂ ਖਾਤਰ ਸਰਕਾਰਾਂ ਕਿਸੇ ਵੀ ਹੱਦ ਤੱਕ ਡਿੱਗ ਜਾਂਦੀਆਂ ਹਨ। ਸ਼ੇਰੇ ਪੰਜਾਬ ਕਿਸਾਨ ਯੂਨੀਅਨ ਮੰਗ ਕਰਦੀ ਹੈ ਕਿ ਬੰਦੀ ਸਿੰਘਾਂ ਨੂੰ ਜਲਦੀ ਤੋਂ ਜਲਦੀ ਰਿਹਾਅ ਕੀਤਾ ਜਾਵੇ।ਇਸ ਮੌਕੇ ਸ਼ੇਰੇ ਪੰਜਾਬ ਕਿਸਾਨ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਆਤਮਾ ਸਿੰਘ ਧੂੜਕੋਟ, ਮੁੱਖ ਬੁਲਾਰਾ ਹਰਜਿੰਦਰ ਸਿੰਘ ਗਿੱਲ, ਬਲਾਕ ਪ੍ਰਧਾਨ ਇਕਬਾਲ ਸਿੰਘ ਰਣਸੀਂਹ, ਰੇਸ਼ਮ ਪ੍ਰਧਾਨ, ਇਕਾਈ ਪ੍ਰਧਾਨ ਲਾਲਾ, ਫੌਜੀ ਬੁਰਜ ਹਮੀਰਾ ਮੀਤ ਪ੍ਰਧਾਨ, ਗੁਰਮੇਲ ਸਿੰਘ ਆਦਿ ਹਾਜ਼ਰ ਸਨ।

# ਆਂਗਣਵਾੜੀ ਵਰਕਰਾਂ/ਹੈਲਪਰਾਂ ਨਾਲ ਧੱਕੇਸ਼ਾਹੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ : ਸਰੋਜ ਛੱਪੜੀਵਾਲਾ

- ਮਾਮਲਾ ਜਲਾਲਾਬਾਦ ਰਠੌੜਾਂ ਵਾਲੇ ਮੁਹੱਲੇ 'ਚ ਚੱਲ ਰਹੇ ਆਂਗਣਵਾੜੀ ਸੈਂਟਰ ਦੀ ਛੱਤ ਪੁੱਟਣ ਦਾ



**ਜਲਾਲਾਬਾਦ (ਜੀਤ ਕੁਮਾਰ)**
ਆਲ ਇੰਡੀਆ ਆਂਗਣਵਾੜੀ ਵਰਕਰਜ਼/ਹੈਲਪਰ ਯੂਨੀਅਨ ਪੰਜਾਬ (ਏਟਕ) ਦੇ ਸੂਬਾ ਪ੍ਰਧਾਨ ਸਰੋਜ ਛਪੜੀਵਾਲਾ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਜਲਾਲਾਬਾਦ ਰਠੌੜਾਂ ਵਾਲੇ ਮੁਹੱਲੇ ਵਿੱਚ 16 ਸਾਲਾਂ ਤੋਂ ਬਾਬਾ ਬਚਿੱਤਰ ਸਿੰਘ ਧਰਮਸ਼ਾਲਾ ਵਿੱਚ ਆਂਗਣਵਾੜੀ ਸੈਂਟਰ ਚੱਲ ਰਹੇ ਹਨ, ਪਰ 1 ਅਗਸਤ 2025 ਨੂੰ ਇੱਕ ਵਿਅਕਤੀ ਆਪਣੇ ਆਪ ਨੂੰ ਠੇਕੇਦਾਰ ਦੱਸਦਾ ਹੋਇਆ ਉਸ ਦੀਆਂ ਛੱਤਾਂ ਪੁੱਟਣ ਲੱਗ ਗਿਆ। ਆਂਗਣਵਾੜੀ ਵਰਕਰਾਂ ਦੇ ਪੁੱਛਣ 'ਤੇ ਉਸ ਨੇ ਕਿਹਾ ਕਿ ਇੱਥੇ ਮੁਹੱਲਾ ਕਲੀਨਿਕ ਬਣਨ ਜਾ ਰਿਹਾ ਹੈ ਤੇ ਆਪਣਾ ਸਾਮਾਨ ਚੁੱਕ ਲਵੋ। ਆਂਗਣਵਾੜੀ ਵਰਕਰਾਂ/ਹੈਲਪਰਾਂ ਨੇ ਕਿਹਾ ਕਿ 16 ਸਾਲ ਤੋਂ ਇੱਥੇ ਛੋਟੇ-ਛੋਟੇ ਬੱਚਿਆਂ ਨੂੰ ਲੈ ਕੇ ਪੜ੍ਹਾਉਂਦੇ ਹਨ ਤੇ ਲਾਭਪਾਤਰੀਆਂ ਨੂੰ ਲਾਭ ਦਿੱਤਾ ਜਾਂਦਾ ਹੈ, ਪਰ ਠੇਕੇਦਾਰ ਨੇ ਉਨ੍ਹਾਂ ਦੀ ਇੱਕ ਵੀ ਗੱਲ ਨਹੀਂ ਸੁਣੀ ਤੇ ਛੱਤਾਂ ਪੁੱਟ ਦਿੱਤੀਆਂ, ਜਿਸ ਸਬੰਧੀ ਜਥੇਬੰਦੀ ਦਾ ਡੈਪੂਟੇਸ਼ਨ ਬੀਤੇ ਦਿਨ 4 ਅਗਸਤ 2025 ਨੂੰ ਐੱਸ ਡੀ ਐੱਮ ਜਲਾਲਾਬਾਦ ਨੂੰ ਮਿਲਣ ਗਿਆ, ਪਰ ਉਸ ਸਮੇਂ ਐੱਸ ਡੀ ਐੱਮ ਸਾਹਿਬ ਆਪਣੇ ਦਫਤਰ ਨਹੀਂ ਸਨ ਅਤੇ ਯੂਨੀਅਨ ਵੱਲੋਂ ਮੰਗ-ਪੱਤਰ ਸੁਪਰਡੈਂਟ ਨੂੰ ਦਿੱਤਾ ਗਿਆ। ਉਨ੍ਹਾਂ ਨੂੰ ਕਿਹਾ ਕਿ ਸਾਡੇ ਨਾਲ ਐੱਸ ਡੀ ਐੱਮ ਸਾਹਿਬ ਬੈਠ ਕੇ ਗੱਲਬਾਤ ਕਰਨ। ਇਸ ਦੇ ਇਲਾਵਾ ਯੂਨੀਅਨ ਨੇ ਇੱਕ ਮੰਗ ਪੱਤਰ ਨਗਰ ਕੌਂਸਲ ਕਮੇਟੀ ਦੇ ਈ ਓ ਨੂੰ ਵੀ ਦਿੱਤਾ। ਸੂਬਾ ਆਗੂ ਸਰੋਜ ਛੱਪੜੀਵਾਲਾ ਨੇ ਕਿਹਾ ਕਿ ਐੱਸ ਡੀ ਐੱਮ ਨੇ ਗੱਲਬਾਤ ਕਰਨ ਦੇ ਬਜਾਏ ਠੇਕੇਦਾਰ ਨੂੰ ਫੋਨ ਨੰਬਰ ਦਿੱਤਾ। ਠੇਕੇਦਾਰ ਨੇ ਉਨ੍ਹਾਂ ਨੂੰ ਧਮਕੀਆਂ ਦਿੰਦਿਆਂ ਹੋਏ ਕਿਹਾ ਕਿ ਵਰਕਰਾਂ ਨੂੰ ਕਹੋ ਕਿ ਅੰਦਰੋਂ ਸਾਮਾਨ ਬਾਹਰ ਕੱਢ ਲੈਣ। ਜਿਸ 'ਤੇ ਉਨ੍ਹਾਂ ਕਿਹਾ ਕਿ ਮੈਂ ਤੁਹਾਨੂੰ ਨਹੀਂ ਜਾਣਦੀ, ਆਂਗਣਵਾੜੀ ਸੈਂਟਰਾਂ ਦੇ ਸਰਕਾਰੀ ਸਾਮਾਨ ਦੀ ਕੋਈ ਵੀ ਟੁੱਟ-ਭੰਨ ਜਾਂ ਚੋਰੀ ਹੋਈ ਤਾਂ ਤੁਸੀਂ ਜ਼ਿੰਮੇਵਾਰ ਹੋਵੋਗੇ। ਉਨ੍ਹਾਂ ਕਿਹਾ ਕਿ ਅਸੀਂ ਐੱਸ ਡੀ ਐੱਮ ਸਾਹਿਬ ਨੂੰ ਮੰਗ ਪੱਤਰ ਦਿੱਤਾ ਹੈ, ਉਹ ਹੀ ਸਾਡੇ ਨਾਲ ਗੱਲਬਾਤ ਕਰਨਗੇ। ਠੇਕੇਦਾਰ ਦਾ ਜਵਾਬ ਸੀ ਕਿ ਐੱਸ ਡੀ ਐੱਮ ਨੇ ਮੈਨੂੰ ਤੁਹਾਡਾ ਫੋਨ ਨੰਬਰ ਦਿੱਤਾ ਹੈ, ਜੇ ਤੁਸੀਂ ਸਾਮਾਨ ਨਹੀਂ ਕੱਢੋਗੇ ਤਾਂ ਐੱਸ ਡੀ ਐੱਮ ਨੇ ਕਿਹਾ ਹੈ ਕਿ ਚੁੱਕ ਕੇ ਕਿਸੇ ਹੋਰ ਕਮਰੇ ਵਿੱਚ ਰੱਖ ਦਿਓ। ਇਸ ਤੋਂ ਬਾਅਦ ਮੈਂ ਦੋ ਵਾਰ ਐੱਸ ਡੀ ਐੱਮ ਸਾਹਿਬ ਨੂੰ ਫੋਨ ਕਰਕੇ ਗੱਲ ਕਰਨ ਦੀ ਕੋਸ਼ਿਸ਼ ਕੀਤੀ, ਪਰ ਉਨ੍ਹਾਂ ਨੇ ਮੇਰਾ ਫੋਨ ਨਹੀਂ ਚੁੱਕਿਆ। ਸੂਬਾ ਪ੍ਰਧਾਨ ਸ੍ਰੀਮਤੀ ਸਰੋਜ ਛੱਪੜੀਵਾਲਾ ਨੇ ਜਲਾਲਾਬਾਦ ਐੱਸ ਡੀ ਐੱਮ ਨੂੰ ਚੇਤਾਵਨੀ ਦਿੰਦਿਆਂ ਹੋਇਆ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਵਿੱਚ ਐੱਸ ਡੀ ਐੱਮ ਦਾ ਕੰਮ ਵੀ ਠੇਕੇਦਾਰ ਕਰਨਗੇ। ਉਨ੍ਹਾ ਕਿਹਾ ਕਿ ਜਥੇਬੰਦੀ ਉਜਾੜਾ ਕਦੇ ਵੀ ਪਸੰਦ ਨਹੀਂ ਕਰੇਗੀ ਤੇ ਮੁਹੱਲਾ ਕਲੀਨਿਕ ਬਣਾਉਣਾ ਹੈ ਤਾਂ ਤੁਸੀਂ ਆਪਣੀ ਬਿਲਡਿੰਗ ਬਣਾਓ, ਨਾ ਕਿ 16 ਸਾਲਾਂ ਤੋਂ ਬੈਠੇ ਆਂਗਣਵਾੜੀ ਵਰਕਰਾਂ-ਹੈਲਪਰਾਂ ਤੇ ਛੋਟੇ ਛੋਟੇ ਬੱਚਿਆਂ ਨੂੰ ਉਜਾੜ ਕੇ ਮੁਹੱਲਾ ਕਲੀਨਿਕ ਬਣਾਓਗੇ। ਉਨ੍ਹਾਂ ਕਿਹਾ ਕਿ ਜੇ ਐੱਸਡੀਐੱਮ ਸਾਹਿਬ ਨੇ ਪੁੱਟੀਆਂ ਹੋਈਆਂ ਛੱਤਾਂ ਦੁਬਾਰਾ ਨਾ ਬਣਵਾਈਆਂ ਤਾਂ ਜਥੇਬੰਦੀ ਸੰਘਰਸ਼ ਕਰੇਗੀ, ਜਿਸ ਦੇ ਨਿਕਲਣ ਵਾਲੇ ਨਤੀਜਿਆਂ ਦਾ ਜ਼ਿੰਮੇਵਾਰ ਐੱਸ.ਡੀ.ਐੱਮ. ਜਲਾਲਾਬਾਦ ਹੋਣਗੇ।

# ਬੀਬੀ ਗੁਲਾਬ ਕੌਰ ਸ਼ਤਾਬਦੀ ਨੂੰ ਸਮਰਪਤ ਸ਼ਹੀਦ ਸੁਰਜੀਤ ਸਿੰਘ ਹਮੀਦੀ ਯਾਦਗਾਰੀ ਸਮਾਗਮ



**ਮਹਿਲ ਕਲਾਂ (ਬਲਵਿੰਦਰ ਵਜੀਦਕੇ, ਪ੍ਰਦੀਪ ਲੋਹਗੜ੍ਹ)**-ਪਿੰਡ ਹਮੀਦੀ ਵਿਖੇ ਭਾਕਿਯੂ (ਉਗਰਾਹਾਂ) ਬਲਾਕ ਕਮੇਟੀ ਦੀ ਅਗਵਾਈ ਹੇਠ ਸ਼ਹੀਦ ਸੁਰਜੀਤ ਸਿੰਘ ਹਮੀਦੀ ਦੀ ਯਾਦ 'ਚ ਵਿਸ਼ਾਲ ਯਾਦਗਾਰੀ ਸਮਾਗਮ ਕਰਵਾਇਆ ਗਿਆ। ਇਹ ਸਮਾਗਮ ਗਦਰ ਲਹਿਰ ਦੀ ਵਿਰਾਂਗਣ ਬੀਬੀ ਗੁਲਾਬ ਕੌਰ ਸ਼ਤਾਬਦੀ ਨੂੰ ਸਮਰਪਤ ਸੀ।ਜਥੇਬੰਦੀ ਦੇ ਜ਼ਿਲ੍ਹਾ ਪ੍ਰਧਾਨ ਚਮਕੌਰ ਸਿੰਘ ਨੈਣੇਵਾਲ ਨੇ ਕਿਹਾ ਕਿ 2010 ਵਿੱਚ ਮਾਨਸਾ ਦੇ ਪਿੰਡ ਗੋਬਿੰਦਪੁਰਾ 'ਚ 850 ਏਕੜ ਜ਼ਮੀਨ ਜਬਰੀ ਤਰੀਕੇ ਨਾਲ ਅਕਵਾਇਰ ਕੀਤੀ ਗਈ ਸੀ। ਇਨ੍ਹਾਂ ਵਿੱਚੋਂ 166 ਏਕੜ ਜ਼ਮੀਨ ਵਾਪਸ ਲੈਣ ਲਈ ਸ਼ਹੀਦ ਸੁਰਜੀਤ ਸਿੰਘ ਹਮੀਦੀ ਨੇ ਆਪਣੀ ਜਾਨ ਦੀ ਬਾਜ਼ੀ ਤੱਕ ਲਾ ਦਿੱਤੀ ਸੀ। ਪਰ ਅਫਸੋਸ ਕਿ ਅੱਜ ਤੱਕ ਉਸ ਜ਼ਮੀਨ 'ਤੇ ਕੋਈ ਪ੍ਰਾਜੈਕਟ ਨਹੀਂ ਲਾਇਆ ਗਿਆ।ਆਗੂਆਂ ਨੇ ਕਿਹਾ ਕਿ ਸਮੇਂ ਦੇ ਹਾਕਮ ਪੰਜਾਬ ਦੀਆਂ ਜ਼ਮੀਨਾਂ ਨੂੰ ਕਾਰਪੋਰੇਟ ਘਰਾਣਿਆਂ ਨੂੰ ਸੌਂਪਣ ਦੀ ਸਾਜ਼ਿਸ਼ ਵਿੱਚ ਲੱਗੇ ਹੋਏ ਹਨ।ਪੰਜਾਬ 'ਚ 6500 ਏਕੜ ਜ਼ਮੀਨ ਦੀ ਨਿਸ਼ਾਨਦੇਹੀ ਕਰਕੇ ਕਿਸਾਨਾਂ ਨੂੰ ਬਿਨਾਂ ਮੁਆਵਜ਼ੇ ਉਜਾੜਨ ਦੀਆਂ ਕੋਸ਼ਿਸ਼ਾਂ ਚੱਲ ਰਹੀਆਂ ਹਨ। ਕਿਸਾਨ ਆਗੂਆਂ ਨੇ ਕਿਹਾ ਕਿ ਇਹ ਜ਼ਮੀਨਾਂ ਲੈਂਡ ਬੈਂਕਾਂ ਰਾਹੀਂ ਆਖਰਕਾਰ ਨਿੱਜੀ ਕੰਪਨੀਆਂ ਨੂੰ ਹੀ ਦਿੱਤੀਆਂ ਜਾਣਗੀਆਂ।ਇਸ ਧੱਕੇਸ਼ਾਹੀ ਖਿਲਾਫ ਅੱਜ ਵੀ ਲਾਮਬੰਦੀ ਨੂੰ ਤੇਜ਼ ਕਰਕੇ ਤਿੱਖੇ ਸੰਘਰਸ਼ ਦੀ ਲੋੜ ਹੈ।ਇਸ ਮੌਕੇ ਚੇਤਨ ਕਲਾ ਮੰਚ ਬਰਨਾਲਾ ਵੱਲੋਂ ਪੇਸ਼ ਦੇਸ਼ ਨੂੰ ਚੱਲੋ ਨਾਟਕ ਅਤੇ ਕੋਰੀਓਗ੍ਰਾਫੀਆਂ ਨੇ ਅਮਿਟ ਛਾਪ ਛੱਡੀ।ਕਿਸਾਨ ਆਗੂਆਂ ਨੇ ਵਿਸ਼ਾਲ ਇਕੱਠ ਵਿਚ ਐਲਾਨ ਕੀਤਾ ਕਿ ਕਿਸੇ ਵੀ ਕਿਸਾਨ ਦੀ ਜ਼ਮੀਨ ਉਸ ਦੀ ਇਜਾਜ਼ਤ ਤੋਂ ਬਿਨਾਂ ਅਕਵਾਇਰ ਨਹੀਂ ਹੋਣ ਦਿਆਂਗੇ ਭਾਵੇਂ ਵੱਡੀ ਤੋਂ ਵੱਡੀ ਕੁਰਬਾਨੀ ਕਿਉਂ ਨਾ ਦੇਣੀ ਪਵੇ।ਇਸ ਮੌਕੇ ਜਰਨੈਲ ਸਿੰਘ ਬਦਰਾ, ਬੁੱਕਣ ਸਿੰਘ ਸੱਦੋਵਾਲ, ਮਾਸਟਰ ਹਰਨੇਕ ਸਿੰਘ, ਜੱਜ ਸਿੰਘ ਗਹਿਲ, ਰਾਮ ਸਿੰਘ ਸੰਘੇੜਾ, ਕੁਲਜੀਤ ਸਿੰਘ ਵਜੀਦਕੇ, ਮਾਨ ਸਿੰਘ ਗੁਰਮ, ਬੂਟਾ ਸਿੰਘ ਗੰਡੇਵਾਲ, ਗੁਰਚਰਨ ਸਿੰਘ ਭਦੌੜ, ਜਗਤਾਰ ਸਿੰਘ ਢਿਲਵਾਂ, ਕਮਲਜੀਤ ਕੌਰ ਜ਼ਿਲ੍ਹਾ ਕਨਵੀਨਰ, ਸੁਖਦੇਵ ਕੌਰ ਠੁੱਲੀਵਾਲ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਕਿਸਾਨ ਹਾਜ਼ਰ ਸਨ।

# ਐੱਸ ਸੀ/ਬੀ ਸੀ ਅਧਿਆਪਕ ਯੂਨੀਅਨ ਦੀ ਸੂਬਾ ਪੱਧਰੀ ਮੀਟਿੰਗ



**ਮਾਨਸਾ/ਬੁਢਲਾਡਾ (ਆਤਮਾ ਸਿੰਘ ਪਮਾਰ/ਅਸ਼ੋਕ ਲਾਕੜਾ)**
ਐੱਸ ਸੀ/ਬੀ ਸੀ ਅਧਿਆਪਕ ਯੂਨੀਅਨ ਦੇ ਜ਼ਿਲ੍ਹਾ ਪ੍ਰਧਾਨ ਵਿਜੈ ਕੁਮਾਰ ਬੁਢਲਾਡਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਜਥੇਬੰਦੀ ਦੀ ਸੂਬਾ ਪੱਧਰੀ ਮੀਟਿੰਗ ਸੂਬਾਈ ਪ੍ਰਧਾਨ ਸ੍. ਕ੍ਰਿਸ਼ਨ ਸਿੰਘ ਦੁੱਗਾਂ ਦੀ ਅਗਵਾਈ 'ਚ ਡਾ. ਭੀਮ ਰਾਓ ਅੰਬੇਡਕਰ ਭਵਨ ਮੁੱਲਾਂਪੁਰ ਵਿਖੇ ਹੋਈ। ਮੀਟਿੰਗ ਵਿੱਚ ਸੂਬੇ ਦੇ ਜ਼ਿੰਮੇਵਾਰ ਅਹੁਦੇਦਾਰ, ਜ਼ਿਲ੍ਹਾ ਪ੍ਰਧਾਨ ਤੇ ਵੱਖ-ਵੱਖ ਬਲਾਕਾਂ ਤੋਂ ਵੱਡੀ ਗਿਣਤੀ ਵਿੱਚ ਅਧਿਆਪਕ ਹਾਜ਼ਰ ਸਨ। ਜਨਰਲ ਸਕੱਤਰ ਲਛਮਣ ਸਿੰਘ ਨਬੀਪੁਰ ਵੱਲੋਂ ਮੀਟਿੰਗ ਦਾ ਅਜੰਡਾ ਪੇਸ਼ ਕੀਤਾ ਗਿਆ, ਜਿਸ 'ਤੇ ਪਹਿਲਾਂ ਸੂਬਾ ਪ੍ਰਧਾਨ ਕ੍ਰਿਸ਼ਨ ਸਿੰਘ ਦੁੱਗਾਂ ਨੇ ਅਜੰਡੇ ਦੇ ਸਾਰੇ ਨੁਕਤਿਆਂ ਦੀ ਵਿਸਥਾਰਤ ਜਾਣਕਾਰੀ ਦਿੱਤੀ। ਬਲਵਿੰਦਰ ਸਿੰਘ ਲਤਾਲਾ ਸਕੱਤਰ ਜਨਰਲ ਪੰਜਾਬ ਨੇ ਜਥੇਬੰਦੀ ਵੱਲੋਂ ਪਿਛਲੇ ਸਮੇਂ 'ਚ ਕੀਤੇ ਕੰਮਾਂ ਤੇ ਅਜੰਡੇ 'ਤੇ ਗੱਲ ਕਰਦਿਆਂ ਜਥੇਬੰਦਕ ਮਜ਼ਬੂਤੀ ਦਾ ਸੱਦਾ ਦਿੱਤਾ। ਜਨਰਲ ਸਕੱਤਰ ਲਛਮਣ ਸਿੰਘ ਨਬੀਪੁਰ ਨੇ ਕਿਹਾ ਕਿ ਅਗਸਤ ਮਹੀਨੇ ਵਿੱਚ ਜਥੇਬੰਦੀ ਦੀ ਮੈਂਬਰਸ਼ਿਪ ਸ਼ੁਰੂ ਕਰਨ ਤੇ ਹਰ ਬਲਾਕ 'ਚ ਵੱਧ ਤੋਂ ਵੱਧ ਅਧਿਆਪਕਾਂ ਦੀ ਮੈਂਬਰਸ਼ਿਪ ਕਰਨ ਉਪਰੰਤ ਬਲਾਕ ਕਮੇਟੀਆਂ ਦੀ ਚੋਣ ਕੀਤੀ ਜਾਵੇ। ਉਨ੍ਹਾਂ ਐੱਸ ਸੀ/ਬੀ ਸੀ ਮੁਲਾਜ਼ਮ ਤੇ ਲੋਕ ਏਕਤਾ ਫਰੰਟ ਪੰਜਾਬ ਨੂੰ ਮੁੜ ਗਤੀਸ਼ੀਲ ਕਰਨ ਦਾ ਸੁਝਾਅ ਵੀ ਪੇਸ਼ ਕੀਤਾ। ਸੀਨੀਅਰ ਮੀਤ ਪ੍ਰਧਾਨ ਪਰਵਿੰਦਰ ਭਾਰਤੀ ਨੇ ਕਿਹਾ ਕਿ ਸਰਕਾਰ ਨੇ 2364 ਈ ਟੀਟੀ ਭਰਤੀ, 5994 ਭਰਤੀ ਪੂਰੀ ਨਾ ਕਰਕੇ ਤੇ ਐੱਸ.ਸੀ. ਉਮੀਦਵਾਰਾਂ ਨੂੰ ਨਿਯੁਕਤੀ ਪੱਤਰ ਨਾ ਦੇ ਕੇ ਉਨ੍ਹਾਂ ਨਾਲ ਵੱਡਾ ਧੱਕਾ ਤੇ ਧ੍ਰੋਹ ਕਮਾਇਆ ਹੈ। ਇਸ ਤੋਂ ਇਲਾਵਾ ਸੀਨੀਅਰ ਮੀਤ ਪ੍ਰਧਾਨ ਵੀਰ ਸਿੰਘ ਮੋਗਾ, ਵਿੱਤ ਸਕੱਤਰ ਗੁਰਪ੍ਰੀਤ ਸਿੰਘ ਗੁਰੂ, ਦੇਸ ਰਾਜ ਜਲੰਧਰ, ਹਰਪਾਲ ਸਿੰਘ ਤਰਨਤਾਰਨ, ਵਿਜੇ ਕੁਮਾਰ ਬੁਢਲਾਡਾ, ਬਲਦੇਵ ਸਿੰਘ ਲੈਕਚਰਾਰ, ਕੁਲਵਿੰਦਰ ਸਿੰਘ ਬਿੱਟੂ, ਹਰਦੀਪ ਸਿੰਘ ਤੂਰ, ਦਰਸ਼ਨ ਸਿੰਘ ਡਾਂਗੋ, ਦੀਪਕ ਕੁਮਾਰ ਜਲੰਧਰ, ਬਲਬੀਰ ਸਿੰਘ ਤਰਨ ਤਾਰਨ, ਰਣਜੀਤ ਸਿੰਘ ਹਠੂਰ, ਕੰਵਲਜੀਤ ਭਵਾਨੀਗੜ੍ਹ, ਹਰਜਿੰਦਰ ਸਿੰਘ ਪੁਰਾਣੇ ਵਾਲਾ, ਹਰਵਿੰਦਰ ਸਿੰਘ ਮਾਰਸ਼ਲ, ਲਾਲ ਸਿੰਘ ਪਟਿਆਲਾ ਨੇ ਵੀ ਸੰਬੋਧਨ ਕੀਤਾ। ਮੀਟਿੰਗ ਨੂੰ ਵਿਰਾਮ ਦਿੰਦਿਆਂ ਕ੍ਰਿਸ਼ਨ ਸਿੰਘ ਦੁੱਗਾਂ ਸੂਬਾ ਪ੍ਰਧਾਨ ਨੇ ਕਿਹਾ ਕਿ ਜੇਕਰ ਯੂਨੀਅਨ ਵੱਲੋਂ ਭੇਜੇ ਗਏ ਅਜੰਡੇ ਤੇ ਸਮਾਜਿਕ ਨਿਆਂ ਅਧਿਕਾਰਤਾ ਤੇ ਘੱਟ ਗਿਣਤੀ ਵਿਭਾਗ ਦੇ ਮੰਤਰੀ ਬਲਜੀਤ ਕੌਰ ਵੱਲੋਂ ਜਥੇਬੰਦੀ ਨੂੰ ਹਫਤੇ 'ਚ ਮੀਟਿੰਗ ਦਾ ਸਮਾਂ ਨਾ ਦਿੱਤਾ ਤਾਂ ਪੂਰੇ ਪੰਜਾਬ 'ਚ ਜ਼ਿਲ੍ਹਾ ਹੈੱਡ ਕੁਆਰਟਰਾਂ 'ਤੇ ਮੰਤਰੀ ਵਿਰੁੱਧ ਅਰਥੀ ਫੂਕ ਮੁਜ਼ਾਹਰੇ ਕੀਤੇ ਜਾਣਗੇ। ਲੈਕ. ਭੁਪਿੰਦਰ ਸਿੰਘ ਚੰਗਣ ਸਾਬਕਾ ਜ਼ਿਲ੍ਹਾ ਪ੍ਰਧਾਨ ਲੁਧਿਆਣਾ ਨੇ ਸੂਬਾ ਕਮੇਟੀ ਤੇ ਅਧਿਆਪਕ ਸਾਥੀਆਂ ਦਾ ਧੰਨਵਾਦ ਕੀਤਾ।

## 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਵੱਖ-ਵੱਖ ਵਾਰਡਾਂ 'ਚ ਸੈਮੀਨਾਰ



**ਸਮਾਣਾ (ਗੁਰਪਿਆਰ ਸਿੰਘ ਬੱਲ, ਇਕਬਾਲ ਸਿੰਘ ਬੱਲ)**-ਪੰਜਾਬ ਸਰਕਾਰ ਦੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਸਥਾਨਕ ਵਾਰਡ ਨੰ. 20 'ਚ ਐੱਸ ਸੀ ਵਿੰਗ ਦੇ ਹਲਕਾ ਇੰਚਾਰਜ ਸੁਰਜੀਤ ਸਿੰਘ ਦਈਆ ਤੇ ਵਾਰਡ ਨੰ. 8 'ਚ ਰਮਨਦੀਪ ਰੈਮੀ ਸ਼ਰਮਾ ਦੀ ਅਗਵਾਈ ਹੇਠ ਜਾਗਰੂਕਤਾ ਸੈਮੀਨਾਰ ਕਰਵਾਏ ਗਏ।ਇਸ ਮੌਕੇ ਹਲਕਾ ਵਿਧਾਇਕ ਚੇਤਨ ਸਿੰਘ ਜੌੜਾਮਾਜਰਾ ਨੇ ਸ਼ਿਰਕਤ ਕੀਤੀ ਤੇ ਉਨ੍ਹਾਂ ਸੰਬੋਧਨ ਕਰਦਿਆਂ ਕਿਹਾ ਕਿ ਸੂਬੇ ਨੂੰ ਰੰਗਲਾ ਪੰਜਾਬ ਬਣਾਉਣ ਤੇ ਨਸ਼ਿਆਂ ਦੀ ਅਲਾਮਤ ਨੂੰ ਜੜ੍ਹ ਤੋਂ ਖ਼ਤਮ ਕਰਨ ਲਈ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ ਨਸ਼ਿਆਂ ਖ਼ਿਲਾਫ਼ ਛੇੜੀ ਫ਼ੈਸਲਾਕੁਨ ਜੰਗ ਤਹਿਤ ਅਸੀਂ ਹਰ ਪਿੰਡ ਤੇ ਹਰ ਵਾਰਡ 'ਚ ਜਾ ਰਹੇ ਹਾਂ।ਉਨ੍ਹਾਂ ਲੋਕਾਂ ਨੂੰ ਨਸ਼ਿਆਂ ਵਿਰੁੱਧ ਲਾਮਬੰਦ ਕਰਦਿਆਂ ਸਹੁੰ ਵੀ ਚੁਕਵਾਈ।ਇਸ ਮੌਕੇ ਸ੍ਰੀ ਦਈਆ ਤੇ ਰਮਨਦੀਪ ਸ਼ਰਮਾ ਨੇ ਸਮੂਹ ਲੋਕਾਂ ਨੂੰ ਨਸ਼ਿਆਂ ਵਿਰੁੱਧ ਛੇੜੀ ਇਸ ਲੜਾਈ 'ਚ ਸ਼ਾਮਲ ਹੋਣ ਦਾ ਸੱਦਾ ਦਿੰਦਿਆਂ ਕਿਹਾ ਕਿ ਜਦ ਇਹ ਲੜਾਈ ਲੋਕ ਲਹਿਰ ਬਣ ਗਈ ਤਾਂ ਸੂਬੇ 'ਚੋਂ ਨਸ਼ਾ ਖ਼ਤਮ ਹੁੰਦਿਆਂ ਦੇਰ ਨਹੀਂ ਲੱਗੇਗੀ।ਇਸ ਮੌਕੇ ਗੁਰਦੇਵ ਸਿੰਘ ਟਿਵਾਣਾ, ਗੋਪਾਲ ਕ੍ਰਿਸ਼ਨ, ਪਾਰਸ ਸ਼ਰਮਾ, ਕੁਲਦੀਪ ਸਿੰਘ ਵਿਰਕ, ਕੁਲਬੀਰ ਸਿੰਘ ਸਿਗਲਾ, ਰਵੀ ਰੰਧਾਵਾ, ਨਿਸ਼ਾਨ ਚੀਮਾ, ਅਮਿਤ ਧਾਲੀਵਾਲ, ਦੇਵੀਨ ਸ਼ਰਮਾ, ਮੰਗਤ ਸ਼ਰਮਾ, ਪ੍ਰਿੰਸ ਸ਼ਰਮਾ, ਸੰਦੀਪ ਸਿੰਘ, ਜਸਵਿੰਦਰ ਸਿੰਘ, ਈ ਓ ਸਾਹਿਬ ਸਮਾਣਾ, ਹੈਲਥ ਵਿਭਾਗ ਸਮਾਣਾ, ਐੱਸ ਐੱਚ ਓ ਸਮਾਣਾ, ਸੰਜੇ ਸਿੰਗਲਾ, ਤਰੁਨ ਗਰਗ ਤੇ ਯੋਗੀ ਸਮਾਣਾ ਆਦਿ ਹਾਜ਼ਰ ਸਨ।

## ਕਿੱਕ ਬਾਕਸਿੰਗ 'ਚ ਦਿਲਨਾਜ਼, ਜੋਤੀ ਤੇ ਜੇਜਲ ਨੇ ਜਿੱਤੇ ਮੈਡਲ




**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-22ਵੀਂ ਜੂਨੀਅਰ ਲੜਕੇ ਤੇ ਲੜਕੀਆਂ ਕਿੱਕ ਬਾਕਸਿੰਗ ਚੈਂਪੀਅਨਸ਼ਿਪ 1 ਤੋਂ 3 ਅਗਸਤ ਤੱਕ ਐੱਸਬੀਐੱਸ ਨਗਰ ਵਿਖੇ ਹੋਈ, ਜਿਸ ਚੈਂਪੀਅਨਸ਼ਿਪ ਵਿੱਚ ਪੰਜਾਬ ਮਾਰਸ਼ਲ ਆਰਟਸ ਅਕੈਡਮੀ ਦੀਆਂ ਤਿੰਨ ਲੜਕੀਆਂ, ਵਿਦਿਆਰਥਣਾਂ ਨੇ ਹਿੱਸਾ ਲਿਆ ਤੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਦਿਲਨਾਜ਼ ਪ੍ਰੀਤ ਕੌਰ ਨੇ ਸੋਨੇ ਦਾ ਮੈਡਲ, ਜੋਤੀ ਕੁਮਾਰੀ ਨੇ ਚਾਂਦੀ ਦਾ ਮੈਡਲ ਤੇ ਜੇਜਲ ਪ੍ਰੀਤ ਕੌਰ ਨੇ ਤਾਂਬੇ ਦਾ ਮੈਡਲ ਜਿੱਤਿਆ।ਇਹ ਜਾਣਕਾਰੀ ਦਿੰਦਿਆਂ ਕੋਚ ਕੁਸਮ ਪ੍ਰੀਤ ਕੌਰ ਨੇ ਦੱਸਿਆ ਕਿ ਦਿਲਨਾਜ਼ ਪ੍ਰੀਤ ਕੌਰ ਨੂੰ ਚੇਨਈ ਵਿਖੇ ਹੋਣ ਵਾਲੀ ਨੈਸ਼ਨਲ ਚੈਂਪੀਅਨਸ਼ਿਪ ਲਈ ਚੁਣਿਆ ਗਿਆ ਹੈ।

## ਸ/ਡ ਸਿਟੀ/ਦਿਹਾਤੀ ਮੂਨਕ ਤੇ ਬੰਗਾ ਟੀ ਐੱਸ ਯੂ ਦੀ ਚੋਣ



**ਮੂਨਕ (ਰਾਜਪਾਲ ਸਿੰਗਲਾ)**-ਬੀਤੇ ਦਿਨੀਂ ਸ/ਡ ਸਿਟੀ/ਦਿਹਾਤੀ ਮੂਨਕ ਤੇ ਬੰਗਾ ਟੀ ਐੱਸ ਯੂ ਦੀ ਚੋਣ ਸਬੰਧੀ ਮੀਟਿੰਗ ਰੱਖੀ ਗਈ, ਜਿਸ ਵਿੱਚ ਸਾਰੇ ਸਾਥੀਆਂ ਦੀ ਸਰਬਸੰਮਤੀ ਨਾਲ ਸ/ਡ ਸਿਟੀ ਮੂਨਕ, ਦਿਹਾਤੀ ਬੰਗਾ ਦੀ ਚੋਣ ਹੋਈ।ਸਿਟੀ ਮੂਨਕ ਸ/ਡ ਪ੍ਰਧਾਨ ਸੁਰੇਸ਼ ਕੁਮਾਰ ਮੀਤ ਪ੍ਰਧਾਨ, ਗੋਬਿੰਦ ਸਿੰਘ ਬੇਦੀ, ਸਕੱਤਰ ਸੁਦਾਗਰ ਸਿੰਘ, ਸਹਾਇਕ ਸਕੱਤਰ ਹਰਜੀਤ ਸਿੰਘ, ਖਜ਼ਾਨਚੀ ਮਨਦੀਪ ਸਿੰਘ ਦਿਹਾਤੀ ਬੰਗਾ, ਪ੍ਰਧਾਨ ਸੁਖਵਿੰਦਰ ਸ਼ਰਮਾ, ਮੀਤ ਪ੍ਰਧਾਨ ਬੂਟਾ ਸਿੰਘ, ਸਕੱਤਰ ਰਾਮਦਿਆਲ ਸਿੰਘ, ਸਹਾਇਕ ਸਕੱਤਰ ਰਮਨਦੀਪ ਸਿੰਘ, ਖਜ਼ਾਨਚੀ ਬੀਰਬਲ ਸਿੰਘ ਨੇ ਸਾਰੇ ਸਾਥੀਆਂ ਨੂੰ ਮੁਬਾਰਕਾਂ ਦਿੱਤੀਆਂ।ਨਵੀਂ ਚੁਣੀ ਗਈ ਕਮੇਟੀ ਵੱਲੋਂ ਵਿਸ਼ਵਾਸ ਦਿੱਤਾ ਗਿਆ ਕਿ ਅਸੀਂ ਤਨਦੇਹੀ ਨਾਲ ਆਪਣੀ ਜ਼ਿੰਮੇਵਾਰੀ ਨਿਭਾਵਾਂਗੇ।ਸਾਰੇ ਸਾਥੀ, ਜੋ ਵੀ ਸੰਘਰਸ਼ ਪ੍ਰੋਗਰਾਮ ਆਵੇਗਾ, ਉਸ ਨੂੰ ਪੂਰੀ ਤਨਦੇਹੀ ਨਾਲ ਨਿਭਾਉਣਗੇ।ਚੋਣ ਕਰਵਾਉਣ ਲਈ ਪਹੁੰਚੀ ਸਮੂਹ ਲੀਡਰਸ਼ਿਪ 'ਚ ਗੁਰਮੇਲ ਸਿੰਘ ਡਵੀਜ਼ਨ ਪ੍ਰਧਾਨ, ਸੁਰੇਸ਼ ਕੁਮਾਰ ਪ੍ਰਧਾਨ ਸ/ਡ ਮੂਨਕ, ਸੁਖਵਿੰਦਰ ਸ਼ਰਮਾ (ਜੋਨੀ), ਪ੍ਰਧਾਨ ਸ/ਡ ਬੰਗਾ, ਮਨਦੀਪ ਸਿੰਘ, ਨਰੇਸ਼ ਕੁਮਾਰ, ਸੁੱਖਵਿੰਦਰ ਸਿੰਘ ਤੇ ਹੋਰ ਸਾਥੀ ਸ਼ਾਮਲ ਸਨ।

## ਐੱਲ.ਡੀ.ਆਰ. ਸਕੂਲ ਨੇ ਜ਼ੋਨ ਖੇਡਾਂ 'ਚ ਮਾਰੀਆਂ ਮੱਲਾਂ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ, ਪੂਜਾ)**-ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ ਜ਼ੋਨ ਲੈਵਲ ਦੇ ਮੁਕਾਬਲੇ ਕਰਵਾਏ ਗਏ, ਜਿਨ੍ਹਾਂ ਵਿੱਚੋਂ ਐੱਲ.ਡੀ.ਆਰ. ਕੌਨਵੈਂਟ ਸਕੂਲ ਦੇ ਵਿਦਿਆਰਥੀਆਂ ਨੇ ਵੱਖ-ਵੱਖ ਖੇਡਾਂ ਵਿੱਚ ਪੁਜ਼ੀਸ਼ਨਾਂ ਹਾਸਲ ਕੀਤੀਆਂ। ਇਨ੍ਹਾਂ ਮੁਕਾਬਲਿਆਂ ਦੌਰਾਨ ਅੰਡਰ-14 ਅਤੇ ਅੰਡਰ-17 ਰੱਸਾਕਸੀ ਵਿੱਚ ਕੁੜੀਆਂ ਨੇ ਪਹਿਲਾ ਸਥਾਨ ਹਾਸਲ ਕੀਤਾ।ਇਸੇ ਤਰ੍ਹਾਂ ਖੋ-ਖੋ ਮੁਕਾਬਲਿਆਂ ਵਿੱਚ ਅੰਡਰ-17 ਅਤੇ ਅੰਡਰ-14 ਵਿੱਚ ਕੁੜੀਆਂ ਨੇ ਪਹਿਲਾ ਸਥਾਨ ਹਾਸਲ ਕੀਤਾ।ਇਸ ਮੌਕੇ ਜ਼ੋਨ ਦੇ ਪ੍ਰਧਾਨ ਪ੍ਰਿੰਸੀਪਲ ਮੈਡਮ ਰਿੰਪੀ ਸਕੂਲ ਦੇ ਚੇਅਰਮੈਨ ਅਜੇ ਅਰੋੜਾ ਤੇ ਸਕੂਲ ਪ੍ਰਿੰਸੀਪਲ ਮੈਡਮ ਗੁੰਜਨ ਵੱਲੋਂ ਪੀ.ਟੀ.ਆਈ. ਟੀਚਰ, ਗੁਰਜਿੰਦਰ ਸਿੰਘ, ਡੀ.ਪੀ.ਈ. ਗੁਰਪ੍ਰੀਤ ਸਿੰਘ, ਸਟਾਫ ਤੇ ਸਮੂਹ ਵਿਦਿਆਰਥੀਆਂ ਨੂੰ ਭਵਿੱਖ ਵਿੱਚ ਇਸੇ ਤਰ੍ਹਾਂ ਤਰੱਕੀਆਂ ਕਰਨ ਦੀ ਪ੍ਰੇਰਨਾ ਦਿੱਤੀ।

## ਡੀ ਐੱਮ ਗਰੁੱਪ ਕਰਾੜਵਾਲਾ ਨੇ ਜ਼ੋਨਲ ਖੇਡਾਂ 'ਚ ਮੈਡਲ ਜਿੱਤੇ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਡੀ ਐੱਮ ਗਰੁੱਪ ਕਰਾੜਵਾਲਾ ਨੇ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ ਪੰਜਾਬ ਸਕੂਲ ਜ਼ੋਨਲ ਖੇਡਾਂ ਵਿੱਚ ਮੈਡਲ ਜਿੱਤ ਕੇ ਆਪਣਾ ਦਬਦਬਾ ਕਾਇਮ ਰੱਖਿਆ।ਇਸ ਸੰਬੰਧੀ ਸੰਸਥਾ ਦੇ ਚੇਅਰਮੈਨ ਇੰਜੀ. ਅਵਤਾਰ ਸਿੰਘ ਢਿੱਲੋਂ ਨੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਫੁੱਟਬਾਲ ਦੀਆਂ ਤਿੰਨ ਟੀਮਾਂ, ਜਿਸ ਤਰ੍ਹਾਂ ਕਿ ਅੰਡਰ-14, ਅੰਡਰ-17, ਅੰਡਰ-19 (ਲੜਕੀਆਂ) ਨੇ ਪਹਿਲਾ ਸਥਾਨ, ਚੈੱਸ ਵਿੱਚ ਅੰਡਰ-19 ਲੜਕੀਆਂ ਤੇ ਟਗ ਆਫ ਵਾਰ ਵਿੱਚ ਅੰਡਰ-14 ਲੜਕਿਆਂ ਨੇ ਵੀ ਪਹਿਲਾ ਸਥਾਨ ਹਾਸਲ ਕੀਤਾ।ਇਸ ਤੋਂ ਇਲਾਵਾ ਦੂਸਰੇ ਸਥਾਨ 'ਤੇ ਰਹਿਣ ਵਾਲੀਆਂ ਟੀਮਾਂ ਜਿਵੇਂ ਕਿ ਅੰਡਰ-14, ਅੰਡਰ-17 ਫੁੱਟਬਾਲ ਲੜਕੇ ਤੇ ਟਗ ਆਫ ਵਾਰ ਅੰਡਰ-19 ਲੜਕੇ ਤੇ ਅੰਡਰ-19 ਫੁੱਟਬਾਲ ਲੜਕਿਆਂ ਦੀ ਟੀਮ ਨੇ ਵੀ ਤੀਸਰਾ ਸਥਾਨ ਹਾਸਲ ਕੀਤਾ।ਚੇਅਰਮੈਨ ਇੰਜੀ. ਢਿੱਲੋਂ ਨੇ ਸੰਸਥਾ ਦੇ ਕੋਚ ਸਾਹਿਬਾਨਾਂ, ਸੰਬੰਧਤ ਅਧਿਆਪਕਾਂ, ਖਿਡਾਰੀਆਂ ਤੇ ਉਨ੍ਹਾਂ ਦੇ ਮਾਤਾ-ਪਿਤਾ ਦੇ ਯੋਗਦਾਨ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਸਿੱਖਿਆ ਦੇ ਨਾਲ-ਨਾਲ ਖੇਡਾਂ ਦਾ ਯੋਗਦਾਨ ਵੀ ਇੱਕ ਸਿੱਕੇ ਦੇ ਦੋ ਪਾਸਿਆਂ ਦੀ ਤਰ੍ਹਾਂ ਵਿਦਿਆਰਥੀ ਜੀਵਨ ਵਿੱਚ ਆਪਣੀ ਖਾਸ ਭੂਮਿਕਾ ਨਿਭਾਉਂਦੇ ਹਨ।

## ਤੀਆਂ ਦੇ ਤਿਉਹਾਰ 'ਚ ਔਰਤਾਂ ਨੇ ਕੱਤਿਆ ਚਰਖਾ ਤੇ ਪਾਇਆ ਗਿੱਧਾ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਨੇੜਲੇ ਪਿੰਡ ਪੂਨੀਆਂ ਵਿਖੇ ਤੀਆਂ ਦਾ ਤਿਉਹਾਰ ਮਨਾਇਆ ਗਿਆ, ਜਿਸ ਦਾ ਉਦਘਾਟਨ ਬਲਜਿੰਦਰ ਸਿੰਘ ਸਰਪੰਚ, ਬਹਾਦਰ ਸਿੰਘ, ਬਲਵਿੰਦਰ ਸਿੰਘ (ਦੋਵੇਂ ਸਾਬਕਾ ਸਰਪੰਚ) ਨੇ ਸੰਯੁਕਤ ਰੂਪ ਵਿੱਚ ਰਿਬਨ ਕੱਟ ਕੇ ਕੀਤਾ। ਇਸ ਮੌਕੇ ਔਰਤਾਂ ਵੱਲੋਂ ਪੰਜਾਬੀ ਸੱਭਿਆਚਾਰ ਦੇ ਅਲੋਪ ਹੁੰਦੇ ਜਾ ਰਹੇ ਵਿਰਸੇ ਚਰਖੇ ਕੱਤਣੇ, ਪੱਖੀਆਂ, ਫੁਲਕਾਰੀ ਤੇ ਚਾਦਰ ਦੀ ਕਢਾਈ, ਪੀਂਘਾਂ ਝੂਟੀਆਂ। ਇਸ ਮੌਕੇ ਹੋਰਨਾਂ ਤੋਂ ਇਲਾਵਾ ਗੁਰਤੇਜਪਾਲ ਸਿੰਘ ਪੰਚ, ਜਗਪਾਲ ਸਿੰਘ ਪੰਚ, ਸਰਬਜੀਤ ਕੌਰ ਪੰਚ, ਬਲਵਿੰਦਰ ਸਿੰਘ, ਮਨਜੀਤ ਸਿੰਘ ਪ੍ਰਧਾਨ ਯੁਵਕ ਸੇਵਾਵਾਂ ਕਲੱਬ, ਪਰਦੀਪ ਸਿੰਘ, ਸਰਬਜੀਤ ਸਿੰਘ, ਪਰਮਿੰਦਰ ਸਿੰਘ, ਕੁਲਵਿੰਦਰ ਸਿੰਘ, ਹਰਸਪ੍ਰੀਤ ਸਿੰਘ, ਸੰਦੀਪ ਸਿੰਘ, ਜਗਦੀਪ ਸਿੰਘ, ਸੁਖਵਿੰਦਰ ਸਿੰਘ, ਮੇਜਰ ਸਿੰਘ, ਰਾਜੂ ਕੋਟੀਆ, ਮੀਕਾ ਕੋਟੀਆ, ਜਗਤਾਰ ਸਿੰਘ ਪ੍ਰਧਾਨ ਕੋਆਪ੍ਰੇਟਿਵ ਸੋਸਾਇਟੀ, ਪਰਮਜੀਤ ਕੌਰ, ਮਨਜੀਤ ਕੌਰ, ਗੁਰਮੀਤ ਕੌਰ, ਮਨਪ੍ਰੀਤ ਕੌਰ, ਗੁਰਪ੍ਰੀਤ ਕੌਰ ਹਾਜ਼ਰ ਸਨ।

## ਜੈ ਜਗਦੰਬੇ ਕਲੱਬ ਵੱਲੋਂ ਮਾਤਾ ਜਵਾਲਾ ਜੀ ਵਿਖੇ ਭੰਡਾਰਾ



**ਜਗਰਾਉਂ (ਸੰਜੀਵ ਅਰੋੜਾ)**-ਜੈ ਜਗਦੰਬੇ ਕਲੱਬ ਲਾਜਪਤ ਰਾਏ ਰੋਡ ਜਗਰਾਉਂ ਵੱਲੋਂ ਸਾਲਾਨਾ 31ਵਾਂ ਚਾਰ ਰੋਜ਼ਾ ਭੰਡਾਰਾ ਜਵਾਲਾ ਮੁਖੀ (ਹਿਮਾਚਲ ਪ੍ਰਦੇਸ਼) ਵਿਖੇ ਲਗਾਇਆ ਗਿਆ। ਇਸ ਸਮੇਂ ਕਲੱਬ ਦੇ ਪ੍ਰਧਾਨ ਕਾਲਪਨਿਕ ਬਾਂਸਲ ਤੇ ਚੇਅਰਮੈਨ ਵਿਨੈ ਕੱਕੜ ਨੇ ਦੱਸਿਆ ਕਿ ਕਲੱਬ ਵੱਲੋਂ ਸ਼ਹਿਰ ਵਾਸੀਆਂ ਦੇ ਸਹਿਯੋਗ ਨਾਲ ਜਵਾਲਾ ਮੁਖੀ ਹਿਮਾਚਲ ਪ੍ਰਦੇਸ਼ 'ਚ ਮਾਤਾ ਜਵਾਲਾ ਦੇਵੀ ਜੀ ਸਥਿਤ ਗੀਤਾ ਭਵਨ ਵਿਖੇ ਸਾਵਣ ਦੇ ਨਰਾਤਿਆਂ ਮੌਕੇ ਵਿਸ਼ਾਲ 4 ਰੋਜ਼ਾ ਭੰਡਾਰਾ ਲਗਾਇਆ ਗਿਆ, ਜਿਸ ਵਿੱਚ ਦੇਸ਼-ਵਿਦੇਸ਼ ਤੋਂ ਮਾਤਾ ਜਵਾਲਾ ਦੇਵੀ ਜੀ ਦੇ ਦਰਸ਼ਨਾਂ ਨੂੰ ਆਉਣ ਵਾਲੀਆਂ ਸੰਗਤਾਂ ਦੀ ਸਹੂਲਤ ਲਈ ਕਲੱਬ ਵੱਲੋਂ ਇਸ ਵਿਸ਼ਾਲ ਭੰਡਾਰੇ ਵਿੱਚ ਦਰਜ਼ਨਾਂ ਤਰ੍ਹਾਂ ਦੇ ਸਵਾਦਿਸ਼ਟ ਭੋਜਨ ਬਣਾ ਕੇ ਸ਼ਰਧਾ ਨਾਲ ਵਰਤਾਏ ਗਏ। ਇਸ ਮੌਕੇ ਕਲੱਬ ਦੇ ਆਗੂ ਸੁਨੀਲ ਪਾਸੀ, ਸਾਬਕਾ ਕੌਂਸਲਰ ਕਰਮਜੀਤ ਸਿੰਘ ਕੈਂਥ, ਸੰਜੀਵ ਕਲਸੀ, ਗੋਪਾਲ ਕ੍ਰਿਸ਼ਨ ਕਲਸੀ, ਗੁਰਲਾਲ ਸਿੰਘ ਲਾਲੀ, ਵਿੱਕੀ ਬਾਵਾ, ਗਗਨਦੀਪ ਗੁਪਤਾ, ਕੁਲਵੰਤ ਰਾਏ ਕਲਸੀ, ਪੰਕਜ ਹਾਂਡਾ, ਬਲਜਿੰਦਰ ਸਿੰਘ ਤੇ ਉਦੇ ਕੁਮਾਰ ਆਦਿ ਹਾਜ਼ਰ ਸਨ।

## ਪੈਨਸ਼ਨਰਾਂ ਵੱਲੋਂ ਹੱਕੀ ਮੰਗਾਂ ਨੂੰ ਲਾਗੂ ਨਾ ਕੀਤੇ ਜਾਣ ਦੇ ਰੋਸ ਵਜੋਂ ਨਾਅਰੇਬਾਜ਼ੀ

### 8 ਨੂੰ ਬਰਨਾਲਾ ਵਿਖੇ ਦਿੱਤਾ ਜਾਵੇਗਾ ਰੋਸ ਧਰਨਾ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪਾਵਰਕਾਮ ਐਂਡ ਟ੍ਰਾਂਸਕੋ ਪੈਨਸ਼ਨ ਯੂਨੀਅਨ ਪੰਜਾਬ (ਰਜਿ.) ਮਹਿਲ ਕਲਾਂ ਅਤੇ ਠੁੱਲੀਵਾਲ ਯੂਨਿਟ ਦੀ ਅਹਿਮ ਮੀਟਿੰਗ ਇੰਜੀਨੀਅਰ ਕੇਵਲ ਸਿੰਘ ਧਾਲੀਵਾਲ ਦੀ ਅਗਵਾਈ ਹੇਠ ਇਥੇ ਹੋਈ। ਇਸ ਮੌਕੇ ਪੈਨਸ਼ਨਰਾਂ ਵੱਲੋਂ ਪੰਜਾਬ ਸਰਕਾਰ ਵਿਰੁੱਧ ਨਾਅਰੇਬਾਜ਼ੀ ਕਰਦਿਆਂ ਹੱਕੀ ਮੰਗਾਂ ਨੂੰ ਤੁਰੰਤ ਲਾਗੂ ਕਰਨ ਦੀ ਮੰਗ ਕੀਤੀ ਗਈ। ਸੰਬੋਧਨ ਕਰਦਿਆਂ ਯੂਨੀਅਨ ਦੇ ਸੂਬਾ ਵਿੱਤ ਸਕੱਤਰ ਸੁਖਜੰਟ ਸਿੰਘ ਬਰਨਾਲਾ ਨੇ ਕਿਹਾ ਕਿ ਭਗਵੰਤ ਮਾਨ ਸਰਕਾਰ ਨੇ ਪਿਛਲੇ ਸਾਢੇ ਤਿੰਨ ਸਾਲਾਂ ਵਿੱਚ ਕਈ ਵਾਰ ਜਥੇਬੰਦੀ ਨਾਲ ਮੀਟਿੰਗਾਂ ਰਾਹੀ ਗੱਲਬਾਤ ਕਰਨ ਦੇ ਵਾਅਦੇ ਕੀਤੇ। ਪਰ ਕਿਸੇ ਵੀ ਮੀਟਿੰਗ ਨੂੰ ਅਮਲ ਵਿਚ ਨਹੀਂ ਲਿਆ। ਜਦ ਕਿ ਇਹ ਸਰਕਾਰ ਦੀ ਪੈਨਸ਼ਨਰਾਂ ਪ੍ਰਤੀ ਅਣਦੇਖੀ ਨੂੰ ਦਰਸਾਉਂਦਾ ਹੈ। ਉਨ੍ਹਾਂ ਕਿਹਾ ਕਿ 11% ਡੀ.ਏ. ਦੀ ਬਕਾਇਆ ਰਹਿੰਦੀ ਕਿਸ਼ਤ, ਮਹੀਨਾਵਾਰ 200 ਰੁਪਏ ਕਟੌਤੀ ਰੱਦ ਕਰਨ ਅਤੇ ਹੋਰ ਮੰਨੀਆਂ ਹੋਈਆਂ ਮੰਗਾਂ ਨੂੰ ਲਾਗੂ ਨਾ ਕਰਕੇ ਪੈਨਸ਼ਨਰ ਮਾਰੂ ਹੋਣ ਦਾ ਸਬੂਤ ਦਿੱਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਨੇ ਮੰਨੀਆਂ ਮੰਗਾਂ ਲਾਗੂ ਨਾ ਕੀਤੀਆਂ ਤਾਂ ਜਥੇਬੰਦੀ ਵੱਲੋਂ ਤਿੱਖੇ ਸੰਘਰਸ਼ ਦਾ ਬਿਗੁਲ ਵਜਾਇਆ ਜਾਵੇਗਾ। ਜਿਸ ਦੀ ਜ਼ਿੰਮੇਵਾਰੀ ਸਰਕਾਰ ਤੇ ਸੰਬੰਧਤ ਵਿਭਾਗ ਸਿਰ ਹੋਵੇਗੀ। ਆਗੂਆਂ ਨੇ ਦੱਸਿਆ ਕਿ ਸੂਬਾ ਕਮੇਟੀ ਦੇ ਸੱਦੇ ਉੱਤੇ ਹੈਡਕੁਆਰਟਰਾਂ ਤੇ ਧਰਨੇ ਦੇਣ ਦੇ ਪ੍ਰੋਗਰਾਮ ਤਹਿਤ 8 ਅਗਸਤ ਨੂੰ ਬਰਨਾਲਾ ਵਿਖੇ ਦਿੱਤੇ ਜਾਣ ਵਾਲੇ ਧਰਨੇ ਦੀ ਤਿਆਰੀ ਸਬੰਧੀ ਵਰਕਰਾਂ ਅਤੇ ਆਗੂਆਂ ਦੀਆਂ ਡਿਊਟੀਆਂ ਵੰਡ ਕੇ ਜ਼ਿੰਮੇਵਾਰੀ ਸੌਂਪੀ ਗਈ। ਇਸ ਤੋਂ ਇਲਾਵਾ 11, 12 ਅਤੇ 13 ਅਗਸਤ ਨੂੰ ਪਾਵਰਕਾਮ ਦੀਆਂ ਸਬ ਡਵੀਜ਼ਨਾਂ ਅੱਗੇ ਦਿੱਤੇ ਜਾਣ ਵਾਲੇ ਤਿੰਨ ਰੋਜ਼ਾ ਧਰਨਿਆਂ ਵਿੱਚ ਜਥੇਬੰਦੀ ਪੂਰੀ ਹਮਾਇਤ ਦੇਵੇਗੀ। ਉਨ੍ਹਾਂ ਸਮੂਹ ਵਰਕਰਾਂ ਨੂੰ ਕਾਫ਼ਲੇ ਬਣਾ ਕੇ ਧਰਨੇ 'ਚ ਸ਼ਾਮਲ ਹੋਣ ਦੀ ਅਪੀਲ ਕੀਤੀ ਗਈ। ਇਸ ਮੌਕੇ ਸਾਥੀ ਪਰਮ ਸਿੰਘ ਕਲਾਂ, ਸਾਧੂ ਸਿੰਘ ਬਰੀ, ਸਿਆਮ ਸਿੰਘ ਖੇੜੀ, ਦਰਸ਼ਨ ਸਿੰਘ ਜੱਹਲਾਂ, ਮਲਕੀਤ ਸਿੰਘ ਸਰੌਂ, ਕਿੱਕਰ ਸਿੰਘ ਛੀਨੀਵਾਲ, ਸ਼ਿੰਗਾਰਾ ਸਿੰਘ ਕੁਰੜ, ਸ਼ਮਸ਼ੇਰ ਸਿੰਘ ਹਮੀਦੀ, ਜੰਗਾ ਸਿੰਘ ਛਾਪਾ, ਦਰਬਾਰਾ ਸਿੰਘ ਹਮੀਦੀ, ਅਵਤਾਰ ਸਿੰਘ ਕੁਰੜ, ਜਗਮੇਲ ਸਿੰਘ ਨੇ ਪੰਜਾਬ ਸਰਕਾਰ ਪਾਸੋਂ ਮੰਗ ਕੀਤੀ ਕਿ ਸਮੂਹ ਪੈਨਸ਼ਨਰਾਂ ਦੀਆਂ ਲੰਮੇ ਸਮੇਂ ਤੋਂ ਲਮਕਦੀਆਂ ਹੱਕੀ ਜਾਇਜ਼ ਮੰਗਾਂ ਲਾਗੂ ਕੀਤੀਆਂ।

## ਦੇਸ਼ ਭਗਤ ਗਲੋਬਲ ਸਕੂਲ ਵੱਲੋਂ 'ਦਿ ਡੀ ਬੀ ਜੀ ਐੱਸ ਹੈਰਾਲਡ' ਦੀ ਸ਼ੁਰੂਆਤ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰ ਪਾਲ/ਪੂਜਾ)**-ਦੇਸ਼ ਭਗਤ ਕੈਂਪਸ ਸ੍ਰੀ ਮੁਕਤਸਰ ਸਾਹਿਬ ਦੇ ਚੇਅਰਮੈਨ ਤੇ ਦੇਸ਼ ਭਗਤ ਯੂਨੀਵਰਸਿਟੀ ਦੇ ਚਾਂਸਲਰ ਡਾਕਟਰ ਜ਼ੋਰਾ ਸਿੰਘ ਤੇ ਪ੍ਰੋ ਚਾਂਸਲਰ ਡਾਕਟਰ ਤੇਜਿੰਦਰ ਕੌਰ ਦੀ ਸਰਪ੍ਰਸਤੀ ਹੇਠ ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ ਤੇ ਵਾਈਸ ਪ੍ਰਿੰਸੀਪਲ ਡਾਕਟਰ ਪਰਮਪ੍ਰੀਤ ਕੌਰ ਦੀ ਯੋਗ ਅਗਵਾਈ ਹੇਠ ਦੇਸ਼ ਭਗਤ ਗਲੋਬਲ ਸਕੂਲ ਦੇ ਮਾਸਿਕ ਸਕੂਲੀ ਅਖ਼ਬਾਰ 'ਦਿ ਡੀਬੀਜੀਐੱਸ ਹੈਰਾਲਡ' ਦੀ ਸ਼ੁਰੂਆਤ ਡਾਕਟਰ ਜ਼ੋਰਾ ਸਿੰਘ ਤੇ ਡਾਕਟਰ ਤੇਜਿੰਦਰ ਕੌਰ ਨੇ ਰਿਬਨ ਕੱਟ ਕੇ ਕੀਤੀ। ਡਾਕਟਰ ਜ਼ੋਰਾ ਸਿੰਘ ਨੇ ਕਿਹਾ ਕਿ ਸਿੱਖਿਆ ਸਿਰਫ ਕਿਤਾਬੀ ਗਿਆਨ ਤੱਕ ਸੀਮਤ ਨਹੀਂ ਹੁੰਦੀ, ਬਲਕਿ ਇਹ ਵਿਦਿਆਰਥੀਆਂ ਵਿੱਚ ਪ੍ਰਗਟਾਵੇ ਦੀ ਯੋਗਤਾ, ਲੀਡਰਸ਼ਿਪ ਤੇ ਰਚਨਾਤਮਕ ਸੋਚ ਨੂੰ ਵੀ ਉਤਸ਼ਾਹਤ ਕਰਦੀ ਹੈ।ਇਨ੍ਹਾਂ ਗੁਣਾਂ ਨੂੰ ਉਭਾਰਨ ਦੀ ਕੋਸ਼ਿਸ਼ ਵਜੋਂ ਦੇਸ਼ ਭਗਤ ਗਲੋਬਲ ਸਕੂਲ ਵੱਲੋਂ ਇੱਕ ਨਵੀਂ ਸ਼ੁਰੂਆਤ ਦੌਰਾਨ ਇੱਕ ਮਾਸਿਕ ਸਕੂਲ ਅਖ਼ਬਾਰ 'ਦਿ ਡੀਬੀਜੀਐੱਸ ਹੈਰਾਲਡ' ਦੀ ਰੂਪ ਰੇਖਾ ਪੇਸ਼ ਕੀਤੀ ਗਈ ਹੈ।ਇਹ ਅਖ਼ਬਾਰ ਹਰ ਮਹੀਨੇ ਜਾਰੀ ਕੀਤਾ ਜਾਵੇਗਾ ਤੇ ਇਨ੍ਹਾਂ ਵਿੱਚ ਵਿਦਿਆਰਥੀਆਂ ਦੀਆਂ ਲਿਖੀਆਂ ਰਚਨਾਵਾਂ, ਲੇਖ, ਕਵਿਤਾਵਾਂ, ਇੰਟਰਵਿਊ, ਸਕੂਲ ਦੀਆਂ ਅੰਦਰੂਨੀ ਤੇ ਬਾਹਰੀ ਗਤੀਵਿਧੀਆਂ ਅਤੇ ਤਾਜ਼ਾ ਸਮਾਜਿਕ ਮੁੱਦਿਆਂ 'ਤੇ ਵਿਚਾਰ ਸ਼ਾਮਲ ਹੋਣਗੇ। ਡਾਕਟਰ ਤੇਜਿੰਦਰ ਕੌਰ ਨੇ ਅਖ਼ਬਾਰ ਦੇ ਮੁੱਖ ਲੱਛਣਾਂ 'ਤੇ ਚਾਨਣਾ ਪਾਉਂਦਿਆਂ ਕਿਹਾ ਕਿ ਇਹ ਅਖ਼ਬਾਰ ਵਿਦਿਆਰਥੀਆਂ ਦੀ ਪੱਤਰਕਾਰਿਤਾ ਨੂੰ ਉਤਸ਼ਾਹਤ ਕਰੇਗਾ, ਵਿਦਿਆਰਥੀਆਂ ਦੀ ਭਾਸ਼ਾ ਤੇ ਲਿਖਣੀ ਦੀ ਕਲਾ ਦਾ ਵਿਕਾਸ ਕਰੇਗਾ, ਸਕੂਲ ਦੀਆਂ ਪ੍ਰਤੀ ਮਹੀਨਾ ਹੋਣ ਵਾਲੀਆਂ ਸਭ ਗਤੀਵਿਧੀਆਂ ਦਾ ਦਸਤਾਵੇਜ਼ ਬਣੇਗਾ, ਵਿਦਿਆਰਥੀਆਂ ਨੂੰ ਸੋਚਣ, ਲਿਖਣ ਤੇ ਆਤਮ-ਅਭਿਵਿਅਕਤੀ ਦੇ ਮੌਕੇ ਪ੍ਰਦਾਨ ਕਰੇਗਾ, ਭਾਸ਼ਾ ਨੂੰ ਉਤਸ਼ਾਹ ਤੇ ਮਜ਼ਬੂਤੀ ਦੇਵੇਗਾ।ਸਕੂਲ ਪ੍ਰਿੰਸੀਪਲ ਡਾਕਟਰ ਸੰਜੀਵ ਜਿੰਦਲ ਨੇ ਕਿਹਾ ਕਿ ਇਹ ਅਖ਼ਬਾਰ ਸਾਡੇ ਸਕੂਲ ਦੀ ਸਾਂਝੀ ਆਵਾਜ਼ ਹੋਵੇਗਾ।ਇਸ ਮਾਹਵਾਰ ਅਖ਼ਬਾਰ ਦੀ ਸੰਪਾਦਕੀ ਟੀਮ ਵਿੱਚ ਵਿਦਿਆਰਥੀਆਂ ਦੇ ਨਾਲ ਨਾਲ ਅਧਿਆਪਕ ਵੀ ਸ਼ਾਮਲ ਹੋਣਗੇ, ਜੋ ਮਾਰਗਦਰਸ਼ਨ ਦੇਣਗੇ।ਅੱਜ ਅਖ਼ਬਾਰ ਦਾ ਪਹਿਲਾ ਅੰਕ ਜਾਰੀ ਕੀਤਾ ਗਿਆ।ਵਾਈਸ ਪ੍ਰਿੰਸੀਪਲ ਡਾਕਟਰ ਪਰਮਪ੍ਰੀਤ ਕੌਰ ਨੇ ਕਿਹਾ ਕਿ ਅਸੀਂ ਉਮੀਦ ਕਰਦੇ ਹਾਂ ਕਿ ਇਹ ਨਵੀਂ ਪਹਿਲ ਸਿੱਖਿਆ ਦੇ ਸੰਚਾਰ ਦੇ ਖੇਤਰ ਵਿੱਚ ਇੱਕ ਸਰਾਹੁਣਯੋਗ ਕਦਮ ਬਣੇਗਾ।

## ਚੋਰੀ ਦੀ ਵਾਰਦਾਤ ਨੂੰ ਅੰਜਾਮ ਦੇਣ ਵਾਲੇ 2 ਦੋਸ਼ੀ ਕਾਬੂ

**ਫਰੀਦਕੋਟ (ਗੁਰਪ੍ਰੀਤ ਸਿੰਘ ਬੇਦੀ)**-ਥਾਣਾ ਸਦਰ ਵੱਲੋਂ ਚੋਰੀ ਦੀ ਵਾਰਦਾਤ ਨੂੰ ਅੰਜਾਮ ਦੇਣ ਵਾਲੇ 02 ਦੋਸ਼ੀਆਂ ਨੂੰ ਚੋਰੀ ਦੇ ਸਮਾਨ ਸਮੇਤ ਕਾਬੂ ਕੀਤਾ ਗਿਆ ਹੈ।ਇਹ ਜਾਣਕਾਰੀ ਸ੍ਰੀ ਤਰਲੋਚਨ ਸਿੰਘ ਡੀ ਐਸ ਪੀ (ਸ ਡ) ਫਰੀਦਕੋਟ ਵੱਲੋਂ ਦਿੱਤੀ ਗਈ।ਗ੍ਰਿਫ਼ਤਾਰ ਦੋਸ਼ੀਆਂ ਦੀ ਪਛਾਣ ਅੰਮ੍ਰਿਤਪਾਲ ਸਿੰਘ ਉਰਫ ਲੱਕੀ ਵਾਸੀ ਪਿਪਲੀ, ਬਲਵੰਤ ਸਿੰਘ ਉਰਫ ਲੱਬਾ ਪੁੱਤਰ ਰਾਜ ਸਿੰਘ ਵਾਸੀ ਨਵੀਂ ਪਿਪਲੀ ਵਜੋਂ ਹੋਈ ਹੈ।ਇਹ ਦੋਨੋਂ ਦੋਸ਼ੀਆਨ ਪਿੰਡ ਪਿੱਪਲੀ ਤੇ ਨਵੀਂ ਪਿੱਪਲੀ ਨਾਲ ਸਬੰਧਤ ਹਨ।ਪੁਲਸ ਪਾਰਟੀ ਵੱਲੋਂ ਇਨ੍ਹਾਂ ਪਾਸੋਂ ਚੋਰੀ ਕੀਤੀ ਗਈ 01 ਐਲ.ਈ.ਡੀ ਵੀ ਬਰਾਮਦ ਕੀਤੀ ਗਈ ਹੈ।ਉਨ੍ਹਾਂ ਦੱਸਿਆ ਕਿ ਸ:ਥ: ਚਮਕੌਰ ਸਿੰਘ ਪੁਲਸ ਪਾਰਟੀ ਸਮੇਤ ਸ਼ੱਕੀ ਪੁਰਸ਼ਾਂ ਦੀ ਚੈਕਿੰਗ ਦੇ ਸਬੰਧ ਵਿੱਚ ਬਾਹੱਦ ਪਿੰਡ ਪਿੱਪਲੀ ਪਰ ਮੌਜੂਦ ਸੀ ਤਾਂ ਉਨ੍ਹਾਂ ਨੂੰ ਇਤਲਾਹ ਮਿਲੀ ਕਿ ਇਨ੍ਹਾਂ ਦੋਸ਼ੀਆਂ ਨੇ ਚੋਰੀ ਦੀ ਵਾਰਦਾਤ ਨੂੰ ਅੰਜਾਮ ਦਿੱਤਾ ਹੈ।ਪੁਲਸ ਪਾਰਟੀ ਵੱਲੋਂ ਤੁਰੰਤ ਕਾਰਵਾਈ ਕਰਦੇ ਹੋਏ ਚੋਰੀ ਦੀ ਵਾਰਦਾਤ ਨੂੰ ਅੰਜਾਮ ਦੇਣ ਵਾਲੇ 02 ਦੋਸ਼ੀਆਂ ਨੂੰ ਚੋਰੀ ਦੇ ਸਮਾਨ ਸਮੇਤ ਕਾਬੂ ਕੀਤਾ ਗਿਆ ਹੈ।

## ਚੇਅਰਮੈਨ ਪਨਗ੍ਰੇਨ ਵੱਲੋਂ ਸੋਸ਼ਲ ਮੀਡੀਆ 'ਤੇ ਵਾਇਰਲ ਵੀਡੀਓ 'ਤੇ ਫ਼ੌਰੀ ਕਾਰਵਾਈ



**ਮਾਲੇਰਕੋਟਲਾ (ਅਸਰਫ ਪਰਿਹਾਰ)** ਪੰਜਾਬ 'ਚ ਖੇਤੀਬਾੜੀ ਪੈਦਾਵਾਰ ਦੀ ਸੰਭਾਲ ਤੇ ਸਟੋਰੇਜ ਸੰਬੰਧੀ ਮੁੱਦਿਆਂ ਨੂੰ ਗੰਭੀਰਤਾ ਨਾਲ ਲੈਂਦਿਆਂ, ਚੇਅਰਮੈਨ ਪਨਗ੍ਰੇਨ ਡਾ. ਤੇਜਪਾਲ ਸਿੰਘ ਨੇ ਮਾਹੋਰਾਣਾ ਤੋਂ ਭੂੱਲਰਾਂ ਰੋਡ ਵਿਖੇ ਪਨਗ੍ਰੇਨ ਖਰੀਦ ਏਜੰਸੀ ਵੱਲੋਂ ਖਰੀਦੀ ਗਈ ਕਣਕ ਦੇ ਸਟੋਰੇਜ ਸੰਬੰਧੀ ਸਾਰੇ ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਇੱਕ ਵੀਡੀਓ 'ਤੇ ਤੁਰੰਤ ਕਾਰਵਾਈ ਕਰਦਿਆਂ ਪਿਛਲੇ ਦਿਨੀਂ ਦੇਰ ਸ਼ਾਮ ਮੌਕੇ 'ਤੇ ਪਹੁੰਚ ਕੇ ਸ਼ੈਲਰ ਦਾ ਦੌਰਾ ਕੀਤਾ।ਇਸ ਮੌਕੇ ਇੰਸਪੈਕਟਰ ਫੂਡ ਸਪਲਾਈ ਸ੍ਰੀ ਰਸਮਿੰਦਰ ਸਿੰਘ ਵੀ ਮੌਜੂਦ ਸਨ।ਇੰਸਪੈਕਟਰ ਫੂਡ ਸਪਲਾਈ ਸ਼੍ਰੀ ਰਸਮਿੰਦਰ ਸਿੰਘ ਨੇ ਚੇਅਰਮੈਨ ਨੂੰ ਜਾਣੂ ਕਰਾਇਆ ਕਿ ਐਫ.ਸੀ.ਆਈ ਦੀ ਸਪੈਸ਼ਲ ਲੱਗਣ ਕਾਰਨ ਅਨਾਜ ਦੀ ਚੁਕਵਾਈ ਸਬੰਧਤ ਵਿਭਾਗ ਦੇ ਅਧਿਕਾਰੀਆਂ ਦੀ ਦੇਖ-ਰੇਖ ਵਿੱਚ ਕਰਾਈ ਜਾ ਰਹੀ ਹੈ।ਮੌਸਮ ਦੇ ਅਸਰ ਨਾਲ ਖਰਾਬ ਹੋਈਆਂ ਕਣਕ ਦੀਆਂ ਬੋਰੀਆਂ ਨੂੰ ਪਹਿਲਾਂ ਹੀ ਅਲੱਗ ਕਰਾ ਦਿੱਤਾ ਗਿਆ ਹੈ, ਜਿਸ ਨੂੰ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਅਪਗ੍ਰੇਡ ਕਰ ਦਿੱਤਾ ਜਾਵੇਗਾ ਤਾਂ ਜੁ ਭਵਿੱਖ ਵਿੱਚ ਅਨਾਜ ਰੱਖਿਆ ਨੂੰ ਯਕੀਨੀ ਬਣਾਇਆ ਜਾ ਸਕੇ।

ਖਰੀਦ ਏਜੰਸੀ ਵੱਲੋਂ ਸੰਭਾਲੀ ਗਈ ਕਣਕ ਦੇ ਸਟੋਰੇਜ ਦੀ ਵਿਸਥਾਰ ਨਾਲ ਸਮੀਖਿਆ ਕਰਦਿਆਂ ਹਦਾਇਤਾਂ ਜਾਰੀ ਕੀਤੀਆਂ ਕਿ ਸੰਭਾਲ ਤੇ ਸਟੋਰੇਜ ਪ੍ਰਬੰਧਾਂ ਨੂੰ ਹੋਰ ਮਜ਼ਬੂਤ ਬਣਾਇਆ ਜਾਵੇ।ਉਨ੍ਹਾਂ ਕਿਹਾ ਕਿ ਕਿਸਾਨੀ ਪੈਦਾਵਾਰ ਦੀ ਰੱਖਿਆ ਸਾਡੀ ਪਹਿਲੀ ਤਰਜੀਹ ਹੈ।ਅਨਾਜ ਨੂੰ ਕਿਸੇ ਵੀ ਹਾਲਾਤ 'ਚ ਖਰਾਬ ਨਹੀਂ ਹੋਣ ਦਿੱਤਾ ਜਾ ਸਕਦਾ।ਉਨ੍ਹਾਂ ਦੁਹਰਾਇਆ ਕਿ ਸੂਬੇ ਦੇ ਖਰੀਦ ਏਜੰਸੀਆਂ ਦੇ ਅਧਿਕਾਰੀ ਗੁਦਾਮਾਂ ਸਮੇਤ ਮੌਸਮ ਦੌਰਾਨ ਕਣਕ ਦੀ ਰੱਖ-ਰਖਾਅ ਲਈ ਪੂਰੀ ਤਿਆਰੀ ਰੱਖਣ। ਡਾ. ਤੇਜਪਾਲ ਸਿੰਘ ਨੇ ਕਿਹਾ ਕਿ ਇਹ ਸਿਰਫ ਇਕ ਦੌਰਾ ਨਹੀਂ ਸੀ, ਸਗੋਂ ਇੱਕ ਸੰਕਲਪ ਸੀ। ਕਣਕ ਦੀ ਹਰ ਬੋਰੀ ਸੁਰੱਖਿਅਤ ਰਹੇ, ਕਿਸਾਨ ਦੀ ਮਿਹਨਤ ਖਰਾਬ ਨਾ ਜਾਵੇ ਤੇ ਅਨਾਜ ਦਾ ਦਾਣਾ ਲੋੜਵੰਦ ਤੱਕ ਸੁਰੱਖਿਅਤ ਪੁੱਜੇ ਤੇ ਹਰ ਸੰਭਾਵੀ ਚੁਣੌਤੀ ਦਾ ਤੁਰੰਤ ਅਤੇ ਪ੍ਰਭਾਵਸ਼ਾਲੀ ਹੱਲ ਲੱਭਿਆ ਜਾਵੇ।

## ਕਿਸਾਨ ਮਜ਼ਦੂਰ ਜਥੇਬੰਦੀ ਵੱਲੋਂ ਮੋਟਰਸਾਈਕਲ ਮਾਰਚ 11 ਨੂੰ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਜ਼ਿਲ੍ਹਾ ਫਿਰੋਜ਼ਪੁਰ ਦੇ ਕੋਰ ਕਮੇਟੀ ਮੈਂਬਰਾਂ ਦੀ ਮੀਟਿੰਗ ਜ਼ਿਲ੍ਹਾ ਆਗੂ ਸੁਖਦੇਵ ਸਿੰਘ ਆਸਿਫ਼ ਵਾਲਾ ਦੇ ਗ੍ਰਹਿ ਵਿਖੇ ਜ਼ਿਲ੍ਹਾ ਪ੍ਰਧਾਨ ਇੰਦਰਜੀਤ ਸਿੰਘ ਬਾਠ ਦੀ ਪ੍ਰਧਾਨਗੀ ਹੇਠ ਹੋਈ।ਮੀਟਿੰਗ ਵਿੱਚ ਪਹੁੰਚੇ ਸੂਬਾ ਪ੍ਰਧਾਨ ਸੁਖਵਿੰਦਰ ਸਿੰਘ ਸਭਰਾ ਨੇ ਲੈਂਡ ਪੂਲਿੰਗ ਪਾਲਿਸੀ ਦੇ ਵਿਰੋਧ ਵਿੱਚ 11 ਅਗਸਤ ਨੂੰ ਜ਼ਿਲ੍ਹੇ ਭਰ ਵਿੱਚ ਮੋਟਰਸਾਈਕਲ ਮਾਰਚ ਕਰਕੇ ਲੋਕਾਂ ਨੂੰ ਇਸ ਉਜਾੜੇ ਵਿਰੁੱਧ ਸੰਘਰਸ਼ ਦੇ ਮੈਦਾਨ ਵਿੱਚ ਆ ਕੇ ਪੰਜਾਬ ਦੀਆਂ ਜ਼ਮੀਨਾਂ ਨੂੰ ਕਾਰਪੋਰੇਟ ਘਰਾਣਿਆਂ ਤੋਂ ਬਚਾਉਣ ਲਈ ਲਾਮਬੰਦ ਕਰਦਿਆਂ ਲਹੂ ਵੀਟਵੇਂ ਘੋਲ ਲੜਨ ਲਈ ਤਿਆਰ ਹੋਣਾ ਪਵੇਗਾ ਤੇ 20 ਅਗਸਤ ਨੂੰ ਜਲੰਧਰ ਵਿਖੇ ਪੁੱਡਾ ਦਫ਼ਤਰ ਵਿਖੇ ਹੋ ਰਹੀ ਜ਼ਮੀਨਾਂ ਬਚਾਉਣ ਲਈ ਮਹਾਂ ਰੈਲੀ ਵਿੱਚ ਜ਼ਿਲ੍ਹਾ ਫਿਰੋਜ਼ਪੁਰ ਤੋਂ ਹਜ਼ਾਰਾਂ ਦੀ ਗਿਣਤੀ ਵਿੱਚ ਕਿਸਾਨ ਮਜ਼ਦੂਰਾਂ ਦੀ ਸ਼ਮੂਲੀਅਤ ਕਰਵਾਈ ਜਾਵੇਗੀ।


**Capital Small Finance Bank Ltd.**
HO:- MIDAS Corporate Park, 3rd Floor, 37, G.T. Road, Jalandhar-144001, Punjab, India

**ਕਬਜ਼ਾ ਨੋਟਿਸ (ਅਚੱਲ ਜਾਇਦਾਦ ਵਾਸਤੇ)**

ਜਦੋਂ ਕਿ ਨਿਮਨਹਸਤਾਖਰੀ ਨੇ ਕੈਪੀਟਲ ਸਮਾਲ ਫਾਇਨਾਂਸ ਬੈਂਕ ਲਿਮਿਟਡ (ਪਹਿਲਾਂ ਕੈਪੀਟਲ ਲੋਕਲ ਏਰੀਆ ਬੈਂਕ ਲਿਮਿਟਡ) ਜਿਸ ਦਾ ਰਜਿਸਟਰਡ ਦਫ਼ਤਰ ਮਿਡਾਸ ਕਾਰਪੋਰੇਟ ਪਾਰਕ, ਤੀਜੀ ਮੰਜ਼ਲ, 37 ਜੀ ਟੀ ਰੋਡ ਜਲੰਧਰ ਵਿਖੇ ਹੈ, ਜਿਸ ਦੀਆਂ ਅਨੇਕਾਂ ਬ੍ਰਾਂਚਾਂ 'ਚੋਂ ਇੱਕ ਬ੍ਰਾਂਚ ਮਾਲ ਰੋਡ, ਅੰਮ੍ਰਿਤਸਰ ਵਿਖੇ ਹੈ, ਦੇ ਅਧਿਕਾਰਤ ਅਫ਼ਸਰ ਵਜੋਂ ਸਕਿਊਰਿਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਊਰਿਟੀ ਇੰਟਰੈਸਟ ਐਕਟ, 2002 ਅਤੇ ਸਕਿਊਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਤਹਿਤ ਕਰਜ਼ਦਾਰ/ਸਹਿ-ਕਰਜ਼ਦਾਰ (1) ਮੈਸ. ਵੀ ਐੱਸ ਬੀ ਐਕਸਪੋਰਟਸ ਰਾਹੀਂ, ਇਸ ਦੇ ਮਾਲਕ ਗੁਰਸੱਜਣ ਬੇਦੀ ਪੁੱਤਰ ਸ੍ਰੀ ਇਕਬਾਲ ਸਿੰਘ, ਦੁਕਾਨ ਨੰ. 5, ਪਹਿਲੀ ਮੰਜ਼ਲ, ਸਾਹਮਣੇ ਰੇਲਵੇ ਵਰਕਸ਼ਾਪ, ਪੁਤਲੀਘਰ, ਅੰਮ੍ਰਿਤਸਰ (2) ਮੈਸ: ਬੇਦੀ ਐਕਸਪੋਰਟਸ ਰਾਹੀਂ ਇਸ ਦੀ ਮਾਲਕ ਸ੍ਰੀਮਤੀ ਬਲਬੀਰ ਕੌਰ ਪਤਨੀ ਇਕਬਾਲ ਸਿੰਘ ਬੇਦੀ ਦੁਕਾਨ ਨੰ. 5 ਪਹਿਲੀ ਮੰਜ਼ਲ, ਪੁਤਲੀਘਰ, ਸਾਹਮਣੇ ਰੇਲਵੇ ਵਰਕਸ਼ਾਪ, ਪੁਤਲੀਘਰ, ਅੰਮ੍ਰਿਤਸਰ (3) ਸ੍ਰੀਮਤੀ ਪ੍ਰਿਆਦਰਸ਼ਨੀ ਪਤਨੀ ਗੁਰਸੱਜਣ ਬੇਦੀ, ਵੇਲਿੰਗਟਨ ਹਾਈਟਸ, ਫਲੈਟ ਨੰ. ਈ-0702, 117-118, ਐੱਸ ਏ ਐੱਸ ਨਗਰ, ਮੋਹਾਲੀ (4) ਸ੍ਰੀ ਕਸ਼ਮੀਰ ਸਿੰਘ ਪੁੱਤਰ ਠਾਕਰ ਦਾਸ ਵਾਸੀ ਗੋਲਡਨ ਐਵੇਨਿਊ, ਹਰਗੋਬਿੰਦਪੁਰਾ, ਨੇੜੇ ਰੇਲਵੇ ਫਾਟਕ, ਛੇਹਰਟਾ, ਅੰਮ੍ਰਿਤਸਰ, ਪੰਜਾਬ-143105 (5) ਗੁਰਸੱਜਣ ਬੇਦੀ ਪੁੱਤਰ ਸ੍ਰੀ ਇਕਬਾਲ ਸਿੰਘ ਬੇਦੀ ਦੁਕਾਨ ਨੰ. 5, ਪਹਿਲੀ ਮੰਜ਼ਲ, ਸਾਹਮਣੇ ਰੇਲਵੇ ਵਰਕਸ਼ਾਪ, ਪੁਤਲੀਘਰ, ਅੰਮ੍ਰਿਤਸਰ (6) ਸ੍ਰੀਮਤੀ ਬਲਬੀਰ ਕੌਰ ਪਤਨੀ ਇਕਬਾਲ ਸਿੰਘ ਬੇਦੀ ਦੁਕਾਨ ਨੰ.5, ਪਹਿਲੀ ਮੰਜ਼ਲ, ਪੁਤਲੀਘਰ, ਸਾਹਮਣੇ ਰੇਲਵੇ ਵਰਕਸ਼ਾਪ, ਪੁਤਲੀਘਰ, ਅੰਮ੍ਰਿਤਸਰ ਨੂੰ ਕਰਜ਼ਾ ਖਾਤਾ ਨੰ. 031300000014 ਅਤੇ 031300000013 'ਚ ਨੋਟਿਸਾਂ 'ਚ ਦਰਸਾਈ ਰਕਮ ਰੁਪਏ 17,82, 56, 064 (ਸਤਾਰਾਂ ਕਰੋੜ ਬਿਆਸੀ ਲੱਖ ਛਪੰਜਾ ਹਜ਼ਾਰ ਚੌਂਹਠ ਰੁਪਏ ਕੇਵਲ) 01-09-2019 ਤੱਕ ਗਣਨਾ ਕੀਤੇ ਵਿਆਜ ਨਾਲ, ਸਮੇਤ 02-09-2019 ਤੋਂ ਇਕਰਾਰਨਾਮੇ ਦੀ ਦਰ ਨਾਲ ਭਵਿੱਖੀ ਵਿਆਜ, ਮਨਫੀ ਅਗਲੀਆਂ ਵਸੂਲੀਆਂ (ਸੈਕਸ਼ਨ 13 (2) ਅਧੀਨ ਨੋਟਿਸ ਅਨੁਸਾਰ) ਸਮੇਤ ਉਸ ਉਪਰ ਲਾਗਤ, ਖਰਚੇ, ਚਾਰਜਿਜ਼ ਨੋਟਿਸ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਮੋੜਨ ਦਾ ਸੱਦਾ ਦਿੰਦਾ ਡਿਮਾਂਡ ਨੋਟਿਸ ਮਿਤੀ 09-09-2019 ਨੂੰ ਜਾਰੀ ਕੀਤਾ ਸੀ।

ਕਰਜ਼ਦਾਰ ਰਕਮ ਵਾਪਸ ਮੋੜਨ 'ਚ ਅਸਫਲ ਰਹੇ ਹਨ। ਕਰਜ਼ਦਾਰਾਂ ਅਤੇ ਗਰੰਟਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਗਿਆ ਹੈ ਕਿ ਨਿਮਨਹਸਤਾਖਰੀ ਨੇ ਉਕਤ ਐਕਟ ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (4) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਈ ਜਾਇਦਾਦ ਦਾ 1 ਅਗਸਤ 2025 ਨੂੰ ਭੌਤਿਕ ਕਬਜ਼ਾ ਹਾਸਲ ਕਰ ਲਿਆ ਹੈ।

ਕਰਜ਼ਦਾਰ, ਗਰੰਟਰ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਇਸ ਜਾਇਦਾਦ ਸੰਬੰਧੀ ਸੌਦੇਬਾਜ਼ੀ ਨਾ ਕੀਤੇ ਜਾਣ ਸੰਬੰਧੀ ਸੁਚੇਤ ਕੀਤਾ ਜਾਂਦਾ ਹੈ ਅਤੇ ਜਾਇਦਾਦ ਸੰਬੰਧੀ ਸੌਦੇਬਾਜ਼ੀ ਬੈਂਕ ਦੀ ਰਕਮ ਰੁਪਏ 17,82,56,064/- (ਸਤਰਾਂ ਕਰੋੜ ਬਿਆਸੀ ਲੱਖ ਛਪੰਜਾ ਹਜ਼ਾਰ ਚੌਂਹਠ ਰੁਪਏ), 01-09-2019 ਤੱਕ ਗਣਨਾ ਕੀਤੇ ਵਿਆਜ ਨਾਲ, ਸਮੇਤ 02-09-2019 ਤੋਂ ਇਕਰਾਰਨਾਮੇ ਦੀ ਦਰ 'ਤੇ ਭਵਿੱਖੀ ਵਿਆਜ, ਮਨਫੀ ਅਗਲੀਆਂ ਵਸੂਲੀਆਂ (ਸੈਕਸ਼ਨ 13 (2) ਤਹਿਤ ਨੋਟਿਸ ਅਨੁਸਾਰ) ਸਮੇਤ ਉਸ ਉਪਰ ਲਾਗਤ, ਖਰਚੇ, ਚਾਰਜਿਜ਼ (ਮਨਫੀ ਇੱਕ ਤੋਂ ਬਾਅਦ ਪ੍ਰਭਾਵਤ ਵਸੂਲੀ ਜੇਕਰ ਕੋਈ ਹੈ) ਵਸੂਲ ਕੀਤੇ ਜਾਣਗੇ।

**ਅਚੱਲ ਜਾਇਦਾਦ ਦਾ ਵੇਰਵਾ**

ਬੈਨਾਮਾ ਨੰ. 787 ਮਿਤੀ 08-05-2015 ਅਨੁਸਾਰ ਗੁਰਸੱਜਣ ਬੇਦੀ ਪੁੱਤਰ ਇਕਬਾਲ ਸਿੰਘ ਦੇ ਨਾਂਅ 'ਤੇ ਵਪਾਰਕ ਜਾਇਦਾਦ ਰਕਬਾ 617.78 ਵਰਗ ਫੁੱਟ, 406, ਸੰਨੀ ਇਨਕਲੇਵ, ਨੇੜੇ ਕੇ ਐੱਫ ਸੀ ਖਰੜ, ਮੋਹਾਲੀ ਦਾ ਉਚਿਤ ਗਿਰਵੀਨਾਮਾ।

ਮਿਤੀ : 01-08-2025, ਸਥਾਨ : ਖਰੜ (ਪੰਜਾਬ) (ਅਧਿਕਾਰਤ ਅਫਸਰ)


## ਫ਼ਰੀਦਕੋਟ 'ਚ ਹੋਵੇਗਾ ਰਾਜ ਪੱਧਰੀ ਆਜ਼ਾਦੀ ਦਿਵਸ ਸਮਾਗਮ : ਡੀ ਸੀ

### ਮੁੱਖ ਮੰਤਰੀ ਭਗਵੰਤ ਸਿੰਘ ਮਾਨ ਲਹਿਰਾਉਣਗੇ ਰਾਸ਼ਟਰੀ ਝੰਡਾ



**ਫ਼ਰੀਦਕੋਟ (ਐਲਿਗਜੈਂਡਰ ਡਿਸੂਜਾ)**

15 ਅਗਸਤ ਨੂੰ ਸੁਤੰਤਰਤਾ ਦਿਵਸ ਸਬੰਧੀ ਰਾਜ ਪੱਧਰੀ ਸਮਾਗਮ ਨਹਿਰੂ ਸਟੇਡੀਅਮ ਵਿਖੇ ਮਨਾਇਆ ਜਾਵੇਗਾ, ਜਿਸ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨਗੇ ਤੇ ਰਾਸ਼ਟਰੀ ਝੰਡਾ ਲਹਿਰਾਉਣ ਦੇ ਰਸਮ ਅਦਾ ਕਰਨਗੇ।ਇਹ ਜਾਣਕਾਰੀ ਡਿਪਟੀ ਕਮਿਸ਼ਨਰ ਮੈਡਮ ਪੂਨਮਦੀਪ ਕੌਰ ਨੇ ਸਮਾਗਮ ਸਬੰਧੀ ਕੀਤੀਆਂ ਜਾ ਰਹੀਆਂ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਕੀਤੀ ਰੀਵਿਊ ਮੀਟਿੰਗ ਦੌਰਾਨ ਦਿੱਤੀ।ਸਮਾਗਮ ਸਬੰਧੀ ਤਿਆਰੀ ਦੀ ਜਾਣਕਾਰੀ ਲੈਂਦਿਆਂ ਡਿਪਟੀ ਕਮਿਸ਼ਨਰ ਮੈਡਮ ਪੂਨਮਦੀਪ ਕੌਰ ਨੇ ਸਮੂਹ ਵਿਭਾਗਾਂ ਦੇ ਅਧਿਕਾਰੀਆਂ ਨੂੰ ਆਪਣੀਆਂ ਡਿਊਟੀਆਂ ਇਮਾਨਦਾਰੀ, ਸਮਰਪਣ ਤੇ ਜ਼ਿੰਮੇਵਾਰੀ ਨਾਲ ਨਿਭਾਉਣ ਦੀ ਹਦਾਇਤ ਕੀਤੀ।ਉਨ੍ਹਾਂ ਦੱਸਿਆ ਕਿ ਸਮਾਰੋਹ ਦੌਰਾਨ ਪੰਜਾਬ ਪੁਲਸ, ਬੀ.ਐਸ.ਐਫ. ਤੇ ਐਨ.ਸੀ.ਸੀ. ਵੱਲੋਂ ਸ਼ਾਨਦਾਰ ਮਾਰਚ ਪਾਸਟ ਕੀਤਾ ਜਾਵੇਗਾ ਤੇ ਵੱਖ-ਵੱਖ ਸਕੂਲਾਂ ਦੇ ਬੱਚੇ ਦੇਸ਼ ਭਗਤੀ ਭਰਪੂਰ ਗੀਤ, ਨਾਚ ਆਦਿ ਰਾਹੀਂ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕਰਨਗੇ।ਉਨ੍ਹਾਂ ਕਿਹਾ ਕਿ ਇਸ ਦਿਨ ਆਜ਼ਾਦੀ ਦੇ ਜਸ਼ਨਾਂ ਨੂੰ ਤਾਜ਼ਾ ਕਰਨ ਦੇ ਨਾਲ-ਨਾਲ ਆਜ਼ਾਦੀ ਦੇ ਸੰਗਰਾਮ ਵਿੱਚ ਆਪਣੀਆਂ ਜਾਨਾਂ ਕੁਰਬਾਨ ਕਰਨ ਵਾਲੇ ਮਹਾਨ ਸ਼ਹੀਦਾਂ, ਆਜ਼ਾਦੀ ਘੁਲਾਟੀਆ ਨੂੰ ਯਾਦ ਕਰਕੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਜਾਣਗੇ।ਉਨ੍ਹਾਂ ਅੱਗੇ ਦੱਸਿਆ ਕਿ ਇਸ ਦਿਨ ਵੱਖ-ਵੱਖ ਵਿਭਾਗਾਂ ਵੱਲੋਂ ਆਪਣੇ ਵਿਭਾਗ ਦੇ ਕੰਮਾਂ/ਵਿਕਾਸ ਨੂੰ ਦਰਸਾਉਂਦੀਆਂ ਮਨਮੋਹਕ ਝਾਕੀਆਂ ਜਿਨ੍ਹਾਂ ਵਿੱਚ ਬੇਟੀ ਬਚਾਓ ਬੇਟੀ ਪੜ੍ਹਾਓ, ਪੈਨਸ਼ਨ ਸਕੀਮ, ਫ਼ਸਲੀ ਵਿਭਿੰਨਤਾ, ਬਾਗਬਾਨੀ, ਸਕੂਲ ਆਫ਼ ਐਮੀਨੈਂਸ, ਸਕੂਲ ਆਫ਼ ਹੈਪੀਨੈਂਸ, ਡੇਅਰੀ ਵਿਭਾਗ, ਉਦਯੋਗ, ਮਾਰਕਫੈਡ, ਪੁਲਿਸ, ਮਗਨਰੇਗਾ, ਖੇਡ ਵਿਭਾਗ ਆਦਿ ਵੱਲੋਂ ਝਾਕੀਆਂ ਦੀ ਪੇਸ਼ਕਾਰੀ ਕੀਤੀ ਜਾਵੇਗੀ।

ਉਨ੍ਹਾਂ ਦੱਸਿਆ ਕਿ ਇਸ ਦਿਨ ਵਧੀਆ ਸੇਵਾ ਕਰਨ ਵਾਲੇ ਅਧਿਕਾਰੀ, ਕਰਮਚਾਰੀ, ਵਿਦਿਆਰਥੀ, ਖਿਡਾਰੀ, ਅਧਿਆਪਕ, ਸੁਤੰਤਰਤਾ ਸੰਗਰਾਮੀਆਂ ਅਤੇ ਹੋਰ ਵਿਅਕਤੀਆਂ ਨੂੰ ਇਨਾਮ ਤੇ ਸਨਮਾਨ ਦਿੱਤੇ ਜਾਣਗੇ।ਮੀਟਿੰਗ ਦੌਰਾਨ ਡਿਪਟੀ ਕਮਿਸ਼ਨਰ ਨੇ ਪੁਲਿਸ ਵਿਭਾਗ ਨੂੰ ਨਿਰਦੇਸ਼ ਦਿੱਤੇ ਕਿ ਟੈਰਫਿਕ, ਪਾਰਕਿੰਗ, ਐਮਰਜੈਂਸੀ ਸੇਵਾਵਾਂ, ਐਬੂਲੈਂਸ ਤੇ ਮੈਡੀਕਲ ਸਹੂਲਤਾਂ ਲਈ ਮੁਕੰਮਲ ਯੋਜਨਾ ਬਣਾਈ ਜਾਵੇ।ਵਿਸ਼ੇਸ਼ ਟ੍ਰੈਫਿਕ ਰੂਟ ਤੈਅ ਕੀਤੇ ਜਾਣਗੇ, ਮੋਬਾਇਲ ਪੁਲਿਸ ਪਾਰਟੀਆਂ ਤਾਇਨਾਤ ਕੀਤੀਆਂ ਜਾਣ ਤੇ ਲੋਕਾਂ ਦੀ ਸਹੂਲਤ ਲਈ ਪਾਰਕਿੰਗ ਥਾਵਾਂ ਨੂੰ ਨਿਸਚਿਤ ਕੀਤਾ ਜਾਵੇ।

## ਅੱਖਾਂ ਦਾਨ ਮਹਾ ਦਾਨ ਕੈਂਪ 10 ਨੂੰ

**ਜਗਰਾਉਂ (ਅਮਿਤ ਖੰਨਾ)**-ਸਵ: ਸ੍ਰੀ ਅਮਿਤ ਅਰੋੜਾ ਦੀ ਨਿੱਘੀ ਅਤੇ ਮਿੱਠੀ ਯਾਦ ਵਿੱਚ ਕਰ ਭਲਾ ਹੋ ਭਲਾ ਸੁਸਾਇਟੀ ਜਗਰਾਉਂ ਵੱਲੋਂ ਪੁਨਰ ਜੋਤ ਆਈ ਬੈਂਕ ਲੁਧਿਆਣਾ ਦੇ ਸਹਿਯੋਗ ਨਾਲ ਅੱਖਾਂ ਦਾਨ-ਮਹਾਂਦਾਨ ਦੇ ਫਾਰਮ ਭਰਨ ਸਬੰਧੀ ਕੈਂਪ 10 ਅਗਸਤ ਨੂੰ ਸਵੇਰੇ 11 ਵਜੇ ਤੋਂ ਲੈ ਕੇ 2 ਵਜੇ ਤੱਕ ਅਰੋੜਾ ਪ੍ਰੋਪਰਟੀ ਐਡਵਾਈਜ਼ਰ ਸਾਹਮਣੇ ਰੇਲਵੇ ਸਟੇਸ਼ਨ ਵਿਖੇ ਲੱਗ ਰਿਹਾ ਹੈ।

## ਯਾਦਵਿੰਦਰ ਕਲੌਲੀ ਦੀ ਪੁਸਤਕ 'ਅਹਿਸਾਸਾਂ ਦੀ ਗੰਢ' ਕੀਤੀ ਲੋਕ ਅਰਪਣ

**ਰਾਜਪੁਰਾ (ਰਮੇਸ਼ ਕਟਾਰੀਆ)**-ਲੋਕ ਸਾਹਿਤ ਸੰਗਮ (ਰਜਿ:) ਦੀ ਸਾਹਿਤਕ ਬੈਠਕ ਡਾ ਗੁਰਵਿੰਦਰ ਅਮਨ ਦੀ ਪ੍ਰਧਾਨਗੀ ਹੇਠ ਰੋਟਰੀ ਭਵਨ ਵਿਖੇ ਹੋਈ, ਜਿਸ ਵਿਚ ਨੌਜਵਾਨ ਸ਼ਾਇਰ ਯਾਦਵਿੰਦਰ ਸਿੰਘ ਕਲੌਲੀ ਦੀ ਪਲੇਠੀ ਪੁਸਤਕ 'ਅਹਿਸਾਸਾਂ ਦੀ ਗੰਢ' ਦਾ ਲੋਕ ਅਰਪਣ ਕੀਤਾ।ਸਮਾਗਮ ਵਿਚ ਮੁਖ ਮਹਿਮਾਨ ਪ੍ਰਸਿੱਧ ਸ਼ਾਇਰ ਡਾ ਅਮਰਜੀਤ ਕੌਂਕੇ ਤੇ ਵਿਸ਼ੇਸ਼ ਮਹਿਮਾਨ ਅਵਤਾਰਜੀਤ ਅਟਵਾਲ ਤੇ ਇੰਜ ਸਤਨਾਮ ਮੱਟੂ ਸਨ।

ਇਸ ਮੌਕੇ ਕਵੀ ਦਰਬਾਰ ਵੀ ਕਰਾਇਆ, ਜਿਸ ਦਾ ਆਗਾਜ਼ ਲੋਕ ਕਵੀ ਕਰਮ ਸਿੰਘ ਹਕੀਰ ਨੇ 'ਨਹੀਂ ਕਿਸੇ ਨੂੰ ਮਿਲਦਾ ਸਦੀਆਂ ਤੱਕ ਰਹਿਣ ਲਈ' ਸੁਣਾ ਕੇ ਵਾਹ ਵਾਹ ਖੱਟੀ।ਸੁਰਿੰਦਰ ਸਿੰਘ ਸੋਹਣਾ ਰਾਜੇਮਾਜਰੀਆ ਨੇ ਸਾਉਣ ਦੇ ਮਹੀਨੇ ਨੂੰ ਸਮਰਪਤ ਗੀਤ 'ਸਾਉਣ ਦਾ ਮਹੀਨਾ ਆਜਾ ਬੂੰਦਾਂ ਪੈਂਦੀਆਂ' ਸੁਣਾ ਕੇ ਮਾਹੌਲ ਸਿਰਜਿਆ।ਤਾਰਾ ਸਿੰਘ ਮਾਠਿਅੜਾਂ, ਰਣਜੀਤ ਸਿੰਘ ਫ਼ਤਹਿਗੜ੍ਹ ਸਾਹਿਬ ,ਰਵਿੰਦਰ ਕ੍ਰਿਸ਼ਨ ਦੀਆਂ ਰਚਨਾਵਾਂ ਨੇ ਚੰਗਾ ਰੰਗ ਬੰਨਿਆ। ਬੁਲੰਦ ਆਵਾਜ਼ ਦੀ ਮਾਲਿਕ ਸੁਰਿੰਦਰ ਕੌਰ ਬਾੜਾ ਨੇ ਗੀਤ ਸੁਣਾਕੇ ਸਮਾਂ ਬੰਨਿਆ ਸੁਨੀਤਾ ਦੇਸਰਾਜ ,ਨਵਨੀਤ ਕੌਰ ਤੇ ਮਨਜੀਤ ਸਿੰਘ ਨਾਗਰਾ ਨੇ ਗੀਤ ਸੁਣਾਕੇ ਸ਼ਰੋਸ਼ਾਰ ਕੀਤਾ। ਗੁਰਪ੍ਰੀਤ ਕੌਰ, ਗੁਰਦਰਸ਼ਨ ਗੁਸੀਲ, ਮੰਗਤ ਖਾਨ ਤੇ ਗੁਰਚਰਨ ਭੱਟੀ ਦੀਆਂ ਗ਼ਜ਼ਲਾਂ ਨੇ ਸ਼ਰੋਤੇ ਕੀਲ ਦਿੱਤੇ।ਹਰਪਾਲ ਸਿੰਘ ਪਾਲ ਦੀ ਕਵਿਤਾ ਗੁਰਪ੍ਰੀਤ ਕੌਰ ਤੇ ਗਗਨਪ੍ਰੀਤ ਸਿੰਘ ਨੇ ਤਰੰਨਮ ਵਿਚ ਗੀਤ ਸੁਣਾਏ। ਕੁਲਵੰਤ ਜੱਸਲ ਤੇ ਬਲਵਿੰਦਰ ਸਿੰਘ ਨੇ ਹਾਜ਼ਰੀ ਲਵਾਈ।ਕਿਤਾਬ ਬਾਰੇ ਇੰਜ ਸਤਨਾਮ ਮੱਟੂ ਨੇ ਕਿਹਾ ਕਿ ਯਾਦਵਿੰਦਰ ਕਲੌਲੀ ਨੇ ਪਲੇਠੀ ਪੁਸਤਕ ਨਾਲ ਸਾਹਿਤਕ ਸਫ਼ਰ ਸ਼ੁਰੂ ਕੀਤਾ ਹੈ।ਅਵਤਾਰਜੀਤ ਅਟਵਾਲ ਨੇ ਕਿਤਾਬ ਦੀ ਵਧਾਈ ਦਿਤੀ ਤੇ ਗੀਤ ਸੁਣਾਇਆ।ਡਾ ਅਮਰਜੀਤ ਕੌਂਕੇ ਨੇ ਕਿਹਾ ਕਿ ਸਾਹਿਤ ਸਿਰਜਣਵਾਲਾ ਆਮ ਬੰਦਾ ਨੀ ਹੋ ਸਕਦਾ।ਸਹਿਤ ਸਿਰਜਣਾ ਇਕ ਅਬਾਦਤ ਹੈ ਇਕ ਸਾਧਨਾ ਹੈ।

## ਖੇਡ ਸਟੇਡੀਅਮ ਮਾਧੋਪੁਰ 'ਚ ਮਨਾਇਆ ਜਾਵੇਗਾ ਜ਼ਿਲ੍ਹਾ ਪੱਧਰੀ ਸੁਤੰਤਰਤਾ ਦਿਵਸ ਸਮਾਰੋਹ

**ਫ਼ਤਹਿਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)** ਜ਼ਿਲ੍ਹਾ ਪੱਧਰੀ ਸੁਤੰਤਰਤਾ ਦਿਵਸ ਨੂੰ ਮਨਾਉਣ ਲਈ ਵੱਖ-ਵੱਖ ਸਰਕਾਰੀ ਵਿਭਾਗਾਂ ਵੱਲੋਂ ਕੀਤੀਆਂ ਜਾ ਰਹੀਆਂ ਤਿਆਰੀਆਂ ਦਾ ਮੁੱਢਲਾ ਜਾਇਜ਼ਾ ਲੈਣ ਲਈ ਵਧੀਕ ਡਿਪਟੀ ਕਮਿਸ਼ਨਰ ਹਰਪ੍ਰੀਤ ਸਿੰਘ ਨੇ ਬੱਚਤ ਭਵਨ 'ਚ ਸਮੀਖਿਆ ਮੀਟਿੰਗ ਕੀਤੀ।ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪੱਧਰੀ ਸੁਤੰਤਰਤਾ ਦਿਵਸ, ਖੇਡ ਸਟੇਡੀਅਮ ਮਾਧੋਪੁਰ ਵਿਖੇ ਪੂਰੇ ਉਤਸ਼ਾਹ ਤੇ ਜੋਸ਼ੋ ਖਰੋਸ਼ ਨਾਲ ਮਨਾਇਆ ਜਾਵੇਗਾ। ਉਨ੍ਹਾਂ ਹਦਾਇਤ ਕੀਤੀ ਕਿ ਸਬੰਧਤ ਵਿਭਾਗ ਨੂੰ ਸੌਂਪੀ ਗਈ ਹਰ ਜ਼ਿੰਮੇਵਾਰੀ ਨੂੰ ਪੂਰੀ ਤਨਦੇਹੀ ਨਾਲ ਸਮੇਂ ਸਿਰ ਨੇਪਰੇ ਚੜ੍ਹਾਉਣ।ਵਧੀਕ ਡਿਪਟੀ ਕਮਿਸ਼ਨਰ ਵੱਲੋਂ ਮੀਟਿੰਗ ਦੌਰਾਨ ਮਾਰਚ ਪਾਸਟ ਦੀ ਤਿਆਰੀ, ਸੱਭਿਆਚਾਰਕ ਵੰਨਗੀਆਂ ਦੀ ਤਿਆਰੀ, ਸਟੇਡੀਅਮ ਤੇ ਸ਼ਹਿਰ ਵਿੱਚ ਸਾਫ਼ ਸਫ਼ਾਈ ਨੂੰ ਯਕੀਨੀ ਬਣਾਉਣ, ਸੁੱਰਖਿਆ ਵਿਵਸਥਾ, ਵਾਹਨਾਂ ਦੀ ਪਾਰਕਿੰਗ, ਸੁਖਾਵੀਂ ਆਵਾਜਾਈ, ਦਰਸ਼ਕਾਂ ਦੇ ਬੈਠਣ ਦੀ ਵਿਵਸਥਾ, ਪੀਣ ਵਾਲੇ ਸਾਫ਼ ਪਾਣੀ ਦੇ ਪ੍ਰਬੰਧਾਂ, ਮੈਡੀਕਲ ਸਹੂਲਤਾਂ ਆਦਿ ਸਮੇਤ ਹੋਰ ਪ੍ਰਬੰਧਾਂ ਬਾਰੇ ਵਿਸਤ੍ਰਿਤ ਜਾਇਜ਼ਾ ਲਿਆ ਤੇ ਅਧਿਕਾਰੀਆਂ ਨੂੰ ਦਿਸ਼ਾ ਨਿਰਦੇਸ਼ ਜਾਰੀ ਕੀਤੇ।

## ਜੀ ਬੀ ਇੰਟਰਨੈਸ਼ਨਲ ਦੇ ਵਿਦਿਆਰਥੀਆਂ ਦੀ ਕੌਮੀ ਖੇਡਾਂ ਲਈ ਚੋਣ

### ਚੇਅਰਮੈਨ ਸੰਦੀਪ ਬਾਂਸਲ ਨੇ ਹੋਣਹਾਰ ਵਿਦਿਆਰਥੀਆਂ ਨੂੰ ਦਿੱਤੀ ਵਧਾਈ




**ਨਾਭਾ (ਵਰਿੰਦਰ ਵਰਮਾ)**-ਨਾਭਾ ਸਥਿਤ ਜੀ ਬੀ ਇੰਟਰਨੈਸ਼ਨਲ ਸਕੂਲ ਦੇ ਐਥਲੀਟ ਵਿਦਿਆਰਥੀਆਂ (ਲੜਕੇ ਤੇ ਲੜਕੀਆਂ) ਨੇ 1 ਅਗਸਤ 2025 ਤੋਂ 3 ਅਗਸਤ 2025 ਤੱਕ ਸੁਸ਼ੀਲਾ ਦੇਵੀ ਪਬਲਿਕ ਸਕੂਲ ਪਟਿਆਲਾ ਵਿੱਚ ਕਰਵਾਈ ਗਈ ਸੀ.ਬੀ.ਐੱਸ.ਈ. ਕਲੱਸਟਰ ਐਥਲੈਟਿਕਸ ਮੀਟ 2025-26 ਵਿੱਚ ਭਾਗ ਲਿਆ।ਹਾਈ ਜੰਪ ਮੁਕਾਬਲੇ ਵਿੱਚ ਜੈਨਬ ਤੇ ਹਰਗੁਨਦੀਪ ਕੌਰ ਨੇ ਸੋਨ, ਸਮਰਪ੍ਰਤਾਪ ਸਿੰਘ ਨੇ ਚਾਂਦੀ ਤਮਗਾ ਅਤੇ ਰਮਨੀਤ ਕੌਰ ਨੇ ਲੌਂਗ ਜੰਪ ਤੇ ਟ੍ਰਿਪਲ ਜੰਪ 'ਚ ਸੋਨ ਤਮਗੇ ਜਿੱਤੇ, ਜਦਕਿ ਗੁਰਸ਼ਾਨ ਸਿੰਘ ਨੇ 600 ਮੀਟਰ ਦੌੜ ਮੁਕਾਬਲੇ 'ਚ ਚਾਂਦੀ ਦਾ ਤਮਗਾ ਜਿੱਤ ਕੇ ਸੀ.ਬੀ.ਐੱਸ.ਈ. ਨੈਸ਼ਨਲ ਐਥਲੈਟਿਕਸ ਮੁਕਾਬਲੇ ਲਈ ਆਪਣੀ ਚੋਣ ਪੱਕੀ ਕੀਤੀ।ਇਸ ਦੌਰਾਨ ਵੱਖ-ਵੱਖ ਸਕੂਲਾਂ ਦੇ ਐਥਲੀਟ ਵਿਦਿਆਰਥੀਆਂ ਨੇ ਵੱਖ-ਵੱਖ ਮੁਕਾਬਲਿਆਂ ਵਿੱਚ ਹਿੱਸਾ ਲਿਆ, ਜਿੱਥੇ ਜੀ ਬੀ ਇੰਟਰਨੈਸ਼ਨਲ ਸਕੂਲ ਨਾਭਾ ਦੇ ਵਿਦਿਆਰਥੀਆਂ ਨੇ ਕੁੱਲ 4 ਸੋਨ, 12 ਚਾਂਦੀ ਤੇ 15 ਕਾਂਸੀ ਦੇ ਤਮਗੇ ਜਿੱਤ ਕੇ ਸ਼ਾਨਦਾਰ ਪ੍ਰਦਰਸ਼ਨ ਕੀਤਾ।ਉਮਰ ਗਰੁੱਪ ਅੰਡਰ-14 ਦੇ 4×400 ਮੀਟਰ ਰੀਲੇਅ ਮੁਕਾਬਲੇ ਵਿੱਚ ਆਰੋਹੀ ਕੁਮਾਰੀ, ਅੰਗਦ ਤੇ ਮਹਿਕ ਨੇ ਕਾਂਸੀ ਤਮਗਾ ਜਿੱਤਿਆ।ਜੈਸਮੀਨ ਕੌਰ ਨੇ 4×400 ਮੀਟਰ ਰੀਲੇਅ ਤੇ 400 ਮੀਟਰ ਦੌੜ ਦੋਹਾਂ ਵਿੱਚ ਕਾਂਸੀ ਤਮਗੇ ਜਿੱਤੇ।ਸ਼ਾਟਪੁੱਟ ਮੁਕਾਬਲੇ ਵਿੱਚ ਪਾਰਿਸ਼ ਗੁਪਤਾ ਨੇ ਵੀ ਕਾਂਸੀ ਤਮਗਾ ਜਿੱਤਿਆ।

ਇਸ ਤੋਂ ਇਲਾਵਾ ਅੰਡਰ-17 ਸ਼੍ਰੇਣੀ ਵਿੱਚ 4×100 ਮੀਟਰ ਤੇ 4×400 ਮੀਟਰ ਰੀਲੇਅ ਦੌੜਾਂ ਵਿੱਚ ਹਰਸੀਰਤ ਕੌਰ ਤੇ ਹਰਨੂਰ ਕੌਰ ਨੇ ਚਾਂਦੀ ਦੇ ਤਮਗੇ ਜਿੱਤੇ।ਸਾਨਵੀ ਸ਼ਰਮਾ, ਹਰਗੁਨਦੀਪ ਕੌਰ ਤੇ ਦ੍ਰਿਸ਼ਿਕਾ ਨੇ ਵੀ ਰੀਲੇਅ ਮੁਕਾਬਲਿਆਂ ਵਿੱਚ ਚਾਂਦੀ ਦੇ ਤਮਗੇ ਪ੍ਰਾਪਤ ਕਰਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ।ਇਸੇ ਵਰਗ ਵਿੱਚ ਦ੍ਰਿਸ਼ਿਕਾ ਨੇ ਸ਼ਾਟਪੁੱਟ ਵਿੱਚ ਕਾਂਸੀ, ਹਰਗੁਨਦੀਪ ਕੌਰ ਨੇ ਲਾਂਗ ਜੰਪ ਵਿੱਚ ਚਾਂਦੀ, ਸਾਨਵੀ ਸ਼ਰਮਾ ਨੇ 400 ਮੀਟਰ ਦੌੜ 'ਚ ਕਾਂਸੀ ਤੇ ਹਰਸੀਰਤ ਕੌਰ ਨੇ 100 ਮੀਟਰ ਦੌੜ 'ਚ ਕਾਂਸੀ ਤਮਗਾ ਜਿੱਤੇ। ਅੰਡਰ-19 ਸ਼੍ਰੇਣੀ ਵਿੱਚ 4×400 ਮੀਟਰ ਰੀਲੇਅ ਰੇਸ ਵਿੱਚ ਰਮਨੀਤ ਕੌਰ, ਏਕਨੂਰ ਕੌਰ, ਗੁਰਜੋਤ ਕੌਰ ਤੇ ਮੁਸਕਾਨ ਨੇ ਕਾਂਸੀ ਤਮਗੇ ਜਿੱਤੇ।ਸਭ ਤੋਂ ਖਾਸ ਗੱਲ ਇਹ ਹੈ ਕਿ ਅੰਡਰ-14 ਮੁੰਡਿਆਂ ਤੇ ਅੰਦਰ-17 ਕੁੜੀਆਂ ਦੀ ਟੀਮ ਨੇ ਰਨਰਅੱਪ ਟ੍ਰਾਫੀਆਂ ਜਿੱਤ ਕੇ ਸਕੂਲ ਨੂੰ ਮਾਣ ਦੁਆਇਆ।ਸਕੂਲ ਦੇ ਚੇਅਰਮੈਨ ਸੰਦੀਪ ਬਾਂਸਲ ਨੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਤੇ ਭਵਿੱਖ ਵਿੱਚ ਹੋਰ ਵਧੀਆ ਪ੍ਰਦਰਸ਼ਨ ਦੀ ਉਮੀਦ ਜਤਾਈ।ਸਕੂਲ ਦੀ ਪ੍ਰਿੰਸੀਪਲ ਡਾ. ਇੰਦਰਜੀਤ ਪਾਲ ਕੌਰ ਗਰੇਵਾਲ ਨੇ ਕਿਹਾ ਕਿ ਖੇਡਾਂ ਵਿੱਚ ਮਿਲ ਰਹੀ ਲਗਾਤਾਰ ਸਫਲਤਾ ਜੀ ਬੀ ਦੇ ਵਿਦਿਆਰਥੀਆਂ ਨੂੰ ਸਖ਼ਤ ਮਿਹਨਤ ਕਰਨਾ ਸਿਖਾ ਰਹੀ ਹੈ।


**asREC (India) Limited**
Regd. Office: 201/202A, Building No. 2, Solitaire Corporate Park, Andheri Ghatkopar Lind Road, Chakala, Andheri (E), Mumbai – 400093. Branch Office-402, 4th floor, APRA Tower, SCO-130-131-132, Feroze Gandhi Market Ludhiana, Punjab-141001, Ph. No. 0161-4625488

**ਕਬਜ਼ੇ ਦੇ ਨਾਲ ਚਿਤਾਵਨੀ ਨੋਟਿਸ (ਅਚੱਲ ਜਾਇਦਾਦ ਵਾਸਤੇ)**

ਜਦੋਂਕਿ ਇਲਾਹਾਬਾਦ ਬੈਂਕ (ਹੁਣ ਇੰਡੀਅਨ ਬੈਂਕ) ਦੇ ਅਧਿਕਾਰਤ ਅਫ਼ਸਰ ਨੇ ਦਾ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਈਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈਸਟ ਐਕਟ, 2002 (ਸਰਫੇਸੀ ਐਕਟ) ਅਤੇ ਸਕਿਉਰਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 3 ਨਾਲ ਪੜ੍ਹੇ ਜਾਂਦੇ ਸੈਕਸ਼ਨ 13(2) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ 01.07.2013 ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਮੈਸ: ਜਤਿੰਦਰ ਗੰਭੀਰ ਹਸਪਤਾਲ (ਇਸ ਤੋਂ ਬਾਅਦ "ਕਰਜ਼ਦਾਰਾਂ" ਵਜੋਂ ਹਵਾਲਾ) ਅਤੇ ਗਰੰਟਰ ਡਾ. ਜਤਿੰਦਰ ਗੰਭੀਰ ਅਤੇ ਡਾ. ਅਰਵਿੰਦਰ ਸਿੰਘ ਨੂੰ 30.06.2013 ਨੂੰ ਨੋਟਿਸ 'ਚ ਦਰਸਾਈ ਰਕਮ ਰੁ. 7,21,09,517.00/- ਸਮੇਤ ਇਸ ਉਪਰ ਭਵਿੱਖੀ ਵਿਆਜ, ਡਿਮਾਂਡ ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਮੋੜਨ ਦਾ ਸੱਦਾ ਦਿੱਤਾ ਸੀ। ਨਾਲ ਹੀ ਇਲਾਹਾਬਾਦ ਬੈਂਕ (ਹੁਣ ਇੰਡੀਅਨ ਬੈਂਕ) ਦੇ ਅਧਿਕਾਰਤ ਅਫ਼ਸਰ ਵੱਲੋਂ ਉਪਰੋਕਤ ਡਿਮਾਂਡ ਨੋਟਿਸ ਮਿਤੀ 01.07.2013 'ਚ ਦਰਸਾਏ ਬਕਾਏ ਦੀ ਵਸੂਲੀ ਲਈ ਹੇਠਾਂ ਦਰਸਾਏ ਅਚੱਲ ਸਕਿਓਰਡ ਐੱਸਟਸ ਦਾ 05.09.2013 ਨੂੰ ਸੰਕੇਤਕ ਕਬਜ਼ਾ ਲੈਣ 'ਤੇ ਕਬਜ਼ਾ ਨੋਟਿਸ ਜਾਰੀ ਕੀਤਾ ਗਿਆ ਸੀ।

ਪਹਿਲਾਂ ਇਲਾਹਾਬਾਦ ਬੈਂਕ (ਹੁਣ ਇੰਡੀਅਨ ਬੈਂਕ) ਵੱਲੋਂ ਮਿਤੀ 27.02.2018 ਨੂੰ ਕੀਤੇ ਗਏ ਇਕਰਾਰਨਾਮੇ ਦੀ ਪਾਲਣਾ 'ਚ ਐਸਰੈਕ (ਇੰਡੀਆ) ਲਿਮਟਿਡ ਪੀ ਐੱਸ-10/2017-2018 ਟਰੱਸਟ ਦੇ ਟਰੱਸਟੀ ਵਜੋਂ ਇਲਾਹਾਬਾਦ ਬੈਂਕ (ਹੁਣ ਇੰਡੀਅਨ ਬੈਂਕ) ਦੀ ਜਗ੍ਹਾ ਉਕਤ ਕਰਜ਼ਦਾਰਾਂ ਦਾ ਸਕਿਉਰਟਡ ਕ੍ਰੈਡੀਟਰ ਬਣ ਗਿਆ ਹੈ ਅਤੇ ਸਰਫੇਸੀ ਐਕਟ ਦੇ ਸੈਕਸ਼ਨ 5 ਰਾਹੀਂ ਬਕਾਇਆ ਵਸੂਲੀ ਲਈ ਸਕਿਓਰਡ ਐੱਸਟਸ ਨੂੰ ਲਾਗੂ ਕਰਨ ਲਈ ਕਾਨੂੰਨਨ ਸਮਰੱਥ ਹੈ।

ਇਸ ਲਈ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਐਸਰੈਕ ਇੰਡੀਆ ਲਿਮਟਿਡ ਦੇ ਨਿਮਨਹਸਤਾਖਰੀ ਅਧਿਕਾਰਤ ਅਫ਼ਸਰ ਨੇ ਹੇਠਾਂ ਦਰਸਾਏ ਅਚੱਲ ਸਕਿਓਰਡ ਐੱਸਟਸ ਦਾ ਸੰਕੇਤਕ ਕਬਜ਼ਾ ਹਾਸਲ ਕਰ ਲਿਆ ਹੈ ਅਤੇ 05.09.2013 ਤੋਂ ਜਾਰੀ/ਪ੍ਰਭਾਵਿਤ ਮੰਨਿਆ ਜਾਂਦਾ ਹੈ।

ਕਰਜ਼ਦਾਰਾਂ/ਗਰੰਟਰਾਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਹੇਠਾਂ ਦਰਸਾਏ ਅਚੱਲ ਸਕਿਓਰਡ ਐੱਸਟਸ ਸੰਬੰਧੀ ਸੌਦੇਬਾਜ਼ੀ ਨਾ ਕੀਤੇ ਜਾਣ ਲਈ ਸੁਚੇਤ ਕੀਤਾ ਜਾਂਦਾ ਹੈ ਅਤੇ ਇਸ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਐਸਰੈਕ (ਇੰਡੀਆ) ਲਿਮਟਿਡ ਦੀ ਰਕਮ 30.06.2025 ਨੂੰ ਰੁ. 25,92,12,880.00/- ਸਮੇਤ ਇਸ ਉਪਰ ਕਰਜ਼ਾ ਵਸੂਲੀ ਟ੍ਰਿਬਿਉਨਲ-III, ਚੰਡੀਗੜ੍ਹ ਵੱਲੋਂ ਮਿਤੀ 12.07.2017 ਨੂੰ ਜਾਰੀ ਵਸੂਲੀ ਸਰਟੀਫਿਕੇਟ ਅਨੁਸਾਰ ਲਾਗੂ ਕਰ ਤੇ ਭਵਿੱਖੀ ਵਿਆਜ, ਲਾਗਤਾਂ, ਚਾਰਜਿਜ਼ ਆਦਿ ਲਈ ਵਿਸ਼ੇਸ਼ ਚਾਰਜ ਦਾ ਵਿਸ਼ਾ ਹੋਵੇਗਾ।

ਇਲਾਹਾਬਾਦ ਬੈਂਕ (ਹੁਣ ਇੰਡੀਅਨ ਬੈਂਕ) ਵੱਲੋਂ ਸੇਰਸਾਈ ਨਾਲ ਰਹਿਣ ਲੈਣ-ਦੇਣ ਦੀ ਰਜਿਸਟ੍ਰੇਸ਼ਨ ਕਰ ਲਈ ਗਈ ਹੈ ਅਤੇ ਸਰਫੇਸੀ ਐਕਟ 2002 ਦੇ ਚੈਪਟਰ IV- ਏ ਦੀਆਂ ਵਿਵਸਥਾਵਾਂ ਅਨੁਸਾਰ ਐਸਰੈਕ (ਇੰਡੀਆ) ਵੱਲੋਂ ਸੋਧੀ ਗਈ ਹੈ।

**ਅਚੱਲ ਸਕਿਓਰਡ ਐੱਸਟਸ ਦਾ ਵੇਰਵਾ :**

ਬੈਨਾਮਾ ਵਸੀਕਾ ਨੰ. 13140 ਮਿਤੀ 07.10.2003 ਅਨੁਸਾਰ ਡਾ. ਸ੍ਰੀਮਤੀ ਜਤਿੰਦਰ ਗੰਭੀਰ ਪਤਨੀ ਡਾ. ਅਰਵਿੰਦਰਪਾਲ ਸਿੰਘ ਦੇ ਨਾਂਅ 'ਤੇ ਜਾਇਦਾਦ ਪਲਾਟ ਨੰ. 23-ਸੀ, ਰਕਬਾ 445 ਵਰਗ ਗਜ਼, ਖਸਰਾ ਨੰ. 67//17, ਖਾਤਾ ਨੰ. 1823/1956, ਜਮ੍ਹਾਂਬੰਦੀ ਸਾਲ 2000-2001, ਪਿੰਡ ਸੁਨੇਤ, ਹਦਬਸਤ ਨੰ. 159, ਅਬਾਦੀ ਸ਼ਹੀਦ ਭਗਤ ਸਿੰਘ ਨਗਰ, ਤਹਿਸੀਲ ਤੇ ਜ਼ਿਲ੍ਹਾ ਲੁਧਿਆਣਾ। ਹੱਦਾਂ : ਪੂਰਬ : ਸੜਕ 35'0", ਪੱਛਮ : ਪਲਾਟ ਨੰ. 24-ਸੀ 35'-0", ਉੱਤਰ : ਪਲਾਟ ਨੰ. 22-ਸੀ 115', ਦੱਖਣ : ਸੜਕ 100' ਚੌੜੀ 115'-0"

ਅਧਿਕਾਰਤ ਅਫਸਰ
ਐਸਰੈਕ ਇੰਡੀਆ ਲਿਮਟਿਡ
ਟਰੱਸਟ ਦੇ ਟਰੱਸਟੀ ਦੀ ਹੈਸੀਅਤ 'ਚ

ਮਿਤੀ : 06.08.2025 ਸਥਾਨ : ਲੁਧਿਆਣਾ (ਪੰਜਾਬ) ਐਸਰੈਕ-ਪੀ ਐੱਸ 10/2017-2018 ਟਰੱਸਟ



ੴ ਸ੍ਰੀ ਵਾਹਿਗੁਰੂ ਜੀ ਕੀ ਫ਼ਤਹਿ
**Punjab & Sind Bank**
(A Govt. of India Undertaking)
B/O:- Model Town, Model Town, Ludhiana, Punjab-141002. E-mail: L0293@psb.co.in

**ਰਹਿਣ ਕੀਤੀ ਜਾਇਦਾਦ ਦੇ ਪੁਨਰਗ੍ਰਹਿਣ ਲਈ ਜਨਤਕ ਨੋਟਿਸ**

ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 (6) ਦੀਆਂ ਵਿਵਸਥਾਵਾਂ ਨਾਲ ਪੜ੍ਹੇ ਜਾਂਦੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ, 2002 ("ਸਰਫੇਸੀ ਐਕਟ") ਦੇ ਸੈਕਸ਼ਨ 13 (8) ਅਧੀਨ ਤੁਹਾਨੂੰ ਪੁਨਰਗ੍ਰਹਿਣ ਲਈ ਮਿਲੇ ਅਧਿਕਾਰ ਸੰਬੰਧੀ ਨੋਟਿਸ ਮਿਤੀ : 30.07.2025

ਨਿਮਨਹਸਤਾਖਰੀ ਨੇ ਅਧਿਕਾਰਤ ਅਫਸਰ ਵਜੋਂ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ, 2002 ਦੇ ਸੈਕਸ਼ਨ 13 (4) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੇਠਾਂ ਦਰਸਾਏ ਕਰਜ਼ਦਾਰ ਅਤੇ ਗਰੰਟਰ ਕੋਲੋਂ ਬੈਂਕ ਦੇ ਬਕਾਏ ਵਸੂਲਣ ਵਾਸਤੇ ਜਾਇਦਾਦਾਂ/ਐੱਸਟਸ ਨੂੰ "ਜਿਵੇਂ ਹੈ ਜਿੱਥੇ ਹੈ" ਅਤੇ "ਜਿਵੇਂ ਹੈ ਜੋ ਹੈ" ਦੇ ਅਧਾਰ ਅਤੇ "ਉਥੇ ਜੋ ਵੀ ਹੈ" ਦੇਅਧਾਰ 'ਤੇ ਈ-ਨਿਲਾਮੀ ਰਾਹੀਂ ਵੇਚਣ ਦਾ ਫੈਸਲਾ ਕੀਤਾ ਹੈ।

ਇਸ ਲਈ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼, 2002 ਦੇ ਰੂਲ 8 (6) ਨਾਲ ਪੜ੍ਹੇ ਜਾਂਦੇ ਸਕਿਉਰਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ 'ਚ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ, 2002 (2002 ਦਾ 54) ਦੇ ਸੈਕਸ਼ਨ 13 (8) ਤਹਿਤ ਇਸ ਜਨਤਕ ਨੋਟਿਸ ਦਰਸਾਏ ਕਰਜ਼ਦਾਰਾਂ/ਗਰੰਟਰਾਂ ਨੂੰ ਉਪਲੱਬਧ ਸਮੇਂ ਅੰਦਰ (ਜੋ ਕਿ 30 ਦਿਨ ਹੈ) ਸਕਿਓਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਦਿੱਤਾ ਗਿਆ ਹੈ। ਖਾਤੇ ਅਤੇ ਸਕਿਓਰਡ ਐੱਸਟਸ ਦਾ ਸਮੇਤ ਬਕਾਇਆ ਰਕਮ ਵੇਰਵਾ ਹੇਠਾਂ ਦਿੱਤਾ ਗਿਆ ਹੈ।

ਅਚੱਲ ਜਾਇਦਾਦ ਦੀ ਵਿਕਰੀ ਵਾਸਤੇ ਵਿਕਰੀ ਨੋਟਿਸ ਦਾ ਵੇਰਵਾ ਹੇਠ ਅਨੁਸਾਰ ਹੈ :-
ਈ ਨਿਲਾਮੀ ਮਿਤੀ ਤੇ ਸਮਾਂ : 26.09.2025 ਸਵੇਰ ਦੇ 11.00 ਵਜੇ ਤੋਂ ਸ਼ਾਮ ਦੇ 2.00 ਵਜੇ ਤੱਕ
ਨਿਰੀਖਣ ਦੀ ਮਿਤੀ 22.09.2025 ਦੁਪਹਿਰ 1.00 ਵਜੇ ਤੋਂ ਸ਼ਾਮ ਦੇ 4.00 ਵਜੇ ਤੱਕ
ਬੋਲੀ ਜਮ੍ਹਾਂ ਕਰਵਾਉਣ ਦੀ ਅੰਤਮ ਮਿਤੀ 25.09.2025 ਸ਼ਾਮ ਦੇ 4.00 ਵਜੇ ਤੱਕ

| ਕਰਜ਼ਦਾਰ/ਗਰੰਟਰ/ਜਾਇਦਾਦ ਦੇ ਮਾਲਕ ਦਾ ਨਾਂਅ | ਰਹਿਣ ਕੀਤੀਆਂ ਜਾਇਦਾਦਾਂ ਦਾ ਵੇਰਵਾ | ਰਾਖਵੀਂ ਕੀਮਤ / ਕਬਜ਼ੇ ਦੀ ਮਿਤੀ | ਡਿਮਾਂਡ ਨੋਟਿਸ ਦੀ ਮਿਤੀ ਅਤੇ ਬਕਾਇਆ ਰਕਮ ਇਸ ਉਪਰ ਭਵਿੱਖੀ ਵਿਆਜ ਅਤੇ ਹੋਰ ਖਰਚੇ |
|---|---|---|---|
| (ਕਰਜ਼ਦਾਰ/ਰਹਿਣਕਾਰ) (1) ਮੈਸ: ਮੱਕੜ ਸਟੀਲਜ਼ ਪ੍ਰਾਈ: ਲਿਮ: (CIN : U27310PB2009PTC033257) ਪਤਾ 1 :408 ਆਰ, ਮਾਡਲ ਟਾਊਨ, ਨੇੜੇ ਦੀਪ ਹਸਪਤਾਲ, ਲੁਧਿਆਣਾ, ਪਤਾ : 2 : ਨੇੜੇ ਬਾਬਾ ਜਾਹਰਬਲੀ ਲੱਖੋਵਾਲ ਗੱਦੋਵਾਲ ਰੋਡ, ਕੋਹਾੜਾ, ਲੁਧਿਆਣਾ, ਪੰਜਾਬ, ਪਤਾ : 3 ਗਲੀ ਨੰ. 2, ਅਮਰਪੁਰੀ ਡਾਬਾ ਗਿਆਸਪੁਰਾ ਰੋਡ, ਲੁਧਿਆਣਾ-141003 (2) (ਡਾਇਰੈਕਟਰ/ਗਰੰਟਰ) : ਸ੍ਰੀ ਅਜੇ ਕੁਮਾਰ ਪੁੱਤਰ ਸ੍ਰੀ ਰਵਿੰਦਰਪਾਲ ਵਾਸੀ ਮਕਾਨ ਨੰ. 408, ਆਰ ਮਾਡਲ ਟਾਊਨ, ਨੇੜੇ ਦੀਪ ਹਸਪਤਾਲ, ਲੁਧਿਆਣਾ-141012, ਦੂਜਾ ਪਤਾ : ਮਕਾਨ ਨੰ. ਡੀ-10, ਲੇਪਾਮ ਅਪਾਰਟਮੈਂਟ, ਬਸੰਤ ਸਿਟੀ, ਪੱਖੋਵਾਲ ਰੋਡ, ਲੁਧਿਆਣਾ-142022 (3) (ਡਾਇਰੈਕਟਰ/ਗਰੰਟਰ) : ਸ੍ਰੀ ਸੁਧਾਂਸ਼ੂ ਜਿੰਦਲ ਪੁੱਤਰ ਸ੍ਰੀ ਅਜੇ ਕੁਮਾਰ ਜਿੰਦਲ ਵਾਸੀ ਮਕਾਨ ਨੰ. 408-ਆਰ, ਮਾਡਲ ਟਾਊਨ, ਨੇੜੇ ਦੀਪ ਹਸਪਤਾਲ, ਲੁਧਿਆਣਾ-141012, ਦੂਜਾ ਪਤਾ : ਮਕਾਨ ਨੰ. ਡੀ-10, ਲੇਪਾਮ ਅਪਾਰਟਮੈਂਟ, ਬਸੰਤ ਸਿਟੀ, ਪੱਖੋਵਾਲ ਰੋਡ, ਲੁਧਿਆਣਾ-142022 (4) (ਡਾਇਰੈਕਟਰ/ਗਰੰਟਰ) : ਸ੍ਰੀਮਤੀ ਰੇਨੂ ਜਿੰਦਲ ਪਤਨੀ ਸ੍ਰੀ ਅਜੇ ਕੁਮਾਰ ਜਿੰਦਲ ਵਾਸੀ ਮਕਾਨ ਨੰ. 408-ਆਰ, ਮਾਡਲ ਟਾਊਨ, ਨੇੜੇ ਦੀਪ ਹਸਪਤਾਲ, ਲੁਧਿਆਣਾ-141012, ਦੂਜਾ ਪਤਾ : ਮਕਾਨ ਨੰ. ਡੀ-10, ਲੇਪਾਮ ਅਪਾਰਟਮੈਂਟ, ਬਸੰਤ ਸਿਟੀ, ਪੱਖੋਵਾਲ ਰੋਡ, ਲੁਧਿਆਣਾ-142022 | ਵਸੀਕਾ ਨੰ. 13610 ਮਿਤੀ 11.12.2009 ਅਨੁਸਾਰ ਸਬ-ਰਜਿਸਟਰਾਰ ਲੁਧਿਆਣਾ ਕੋਲ ਰਜਿਸਟਰਡ ਅਚੱਲ ਜਾਇਦਾਦ ਰਕਬਾ 9 ਕਨਾਲ, ਖਸਰਾ ਨੰ. 43//7/2/2, 8/2, 12/2-13/1-14/1, 17/2-18-19-20/1, ਖੱਤਾ ਨੰ. 194/2008, ਜਮ੍ਹਾਂਬੰਦੀ ਸਾਲ 2006-07, ਵਾਕਿਆ ਪਿੰਡ ਲੱਖੋਵਾਲ, ਹਦਬਸਤ ਨੰ. 190, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ। | Rs. 2,55,00,000/- / 20.05.2024 | 28.03.2023, ਰੁਪਏ 2,04,78, 967.52 (ਦੋ ਕਰੋੜ ਚਾਰ ਲੱਖ ਅਠੱਤਰ ਹਜ਼ਾਰ ਨੌ ਸੌ ਸਤਾਹਠ ਰੁਪਏ ਅਤੇ ਬਵੰਜਾ ਪੈਸੇ ਕੇਵਲ) 28.02.2023 ਤੱਕ ਵਿਆਜ ਸ਼ਾਮਲ ਸਮੇਤ 01.03.2023 ਤੋਂ ਲਾਗੂ ਭਵਿੱਖੀ ਵਿਆਜ ਜਮ੍ਹਾਂ 02% ਸਾਲਾਨਾ ਜੁਰਮਾਨਾ ਵਿਆਜ ਮਹੀਨੇ ਪਿੱਛੋਂ; ਰੁਪਏ 2,67,75,637.32/- (ਦੋ ਕਰੋੜ ਸਤਾਹਠ ਲੱਖ ਪਚੱਤਰ ਹਜ਼ਾਰ ਛੇ ਸੌ ਸੈਂਤੀ ਰੁਪਏ ਅਤੇ ਬੱਤੀ ਪੈਸੇ ਕੇਵਲ) 30.06.2025 ਨੂੰ |

ਮਿਤੀ : 05.08.2025 ਸਥਾਨ : ਲੁਧਿਆਣਾ ਅਧਿਕਾਰਤ ਅਫਸਰ

# ਅਮਰੀਕਾ ਭੇਜਣ ਦਾ ਝਾਂਸਾ ਦੇ ਕੇ 31 ਲੱਖ ਠੱਗੇ

ਫਿਰੋਜ਼ਪੁਰ, (ਅਸ਼ੋਕ ਸ਼ਰਮਾ) : ਫਿਰੋਜ਼ਪੁਰ ਵਿਖੇ ਇਕ ਨੌਜਵਾਨ ਨੂੰ ਅਮਰੀਕਾ ਭੇਜਣ ਦਾ ਝਾਂਸਾ ਦੇ ਕੇ ਉਸ ਨਾਲ 31 ਲੱਖ ਰੁਪਏ ਦੀ ਠੱਗੀ ਮਾਰਨ ਦੇ ਦੋਸ਼ ਵਿੱਚ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਨੇ ਇਕ ਵਿਅਕਤੀ ਖਿਲਾਫ 420, 120 ਆਈਪੀਸੀ ਤਹਿਤ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਥਾਣਾ ਸਿਟੀ ਫਿਰੋਜ਼ਪੁਰ ਪੁਲਸ ਦੇ ਸਹਾਇਕ ਥਾਣੇਦਾਰ ਭੁਪਿੰਦਰ ਸਿੰਘ ਨੇ ਦੱਸਿਆ ਕਿ ਇਕ ਪੜਤਾਲੀਆ ਮੁੱਤਲਕ ਦਰਖਾਸਤ ਯੂਆਈਡੀ ਨੰਬਰ 557049 ਮਿਤੀ 24 ਮਾਰਚ 2025 ਵੱਲੋਂ ਸੁਰਜੀਤ ਸਿੰਘ ਪੁੱਤਰ ਧਰਮ ਸਿੰਘ ਵਾਸੀ ਪਿੰਡ ਚੱਕ ਕੰਨੀਆਂ ਕਲਾਂ ਤਹਿਸੀਲ ਧਰਮਕੋਟ ਜ਼ਿਲ੍ਹਾ ਮੋਗਾ ਬਾਅਦ ਪੜਤਾਲ ਉੱਪ-ਕਪਤਾਨ (ਪੀਬੀਆਈ) ਸਪੈਸ਼ਲ ਕ੍ਰਾਇਮ ਫਿਰੋਜ਼ਪੁਰ, ਬਾਅਦ ਪੜਤਾਲ ਉਪ ਕਪਤਾਨ ਪੁਲਸ (ਸ਼ਹਿਰੀ) ਫਿਰੋਜ਼ਪੁਰ ਬਾਅਦ ਮਨਜ਼ੂਰੀ ਐੱਸ ਐੱਸ ਪੀ ਫਿਰੋਜ਼ਪੁਰ ਮੁਕੱਦਮਾ ਦਰਜ ਕਰਨ ਲਈ ਮੌਸੂਲ ਹੋਈ। ਦੋਸ਼ੀ ਪਵਨ ਕੁਮਾਰ ਪੁੱਤਰ ਰਮੇਸ਼ ਕੁਮਾਰ ਵਾਸੀ ਮਕਾਨ ਨੰਬਰ 50 ਰਸੀਲਾ ਨਗਰ ਬਸਤੀ ਦਾਨਿਸ਼ਮੰਦਾ ਜਲੰਧਰ ਨੇ ਦਰਖਾਸਤੀ ਸੁਰਜੀਤ ਸਿੰਘ ਨੂੰ ਅਮਰੀਕਾ ਭੇਜਣ ਦਾ ਝਾਂਸਾ ਦੇ ਕੇ 31 ਲੱਖ ਰੁਪਏ ਦੀ ਠੱਗੀ ਮਾਰੀ ਹੈ। ਸ਼ਿਕਾਇਤਕਰਤਾ ਵੱਲੋਂ ਮੌਸੂਲ ਹੋਈ ਦਰਖਾਸਤ ਦੇ ਆਧਾਰ 'ਤੇ ਦੋਸ਼ੀ ਪਵਨ ਕੁਮਾਰ ਪੁੱਤਰ ਰਮੇਸ਼ ਕੁਮਾਰ ਵਾਸੀ ਮਕਾਨ ਨੰਬਰ 50 ਰਸੀਲਾ ਨਗਰ ਬਸਤੀ ਦਾਨਿਸ਼ਮੰਦਾ ਜਲੰਧਰ ਖਿਲਾਫ ਮੁਕੱਦਮਾ ਦਰਜ ਰਜਿਸਟਰ ਕੀਤਾ ਗਿਆ ਹੈ।

## PUBLIC NOTICE

My client Jaswinder Singh Chohan S/o Mohan Singh lost his two original title deeds
1. Dated 19-10-1972 Vasika No. 1952 in the name of Avtar Singh S/o Narinjan Singh and Swarn Kaur w/o Narinjan Singh
2. Dated 14-12-1990 Vasika No. 11600 in the name of Avtar Singh S/o Narinjan Singh of area Kot Baba Deep Singh, S.W. Road, Bazar No. 4

Now they are going to take loan from UCO Bank Ram Bagh, Amritsar. If any one has objection please file within 15 days otherwise no consideration.
ANU GUPTA (Advocate)
9815805201

### ਗ੍ਰਾਮ ਪੰਚਾਇਤ ਉੱਗੋਕੇ, ਬਲਾਕ ਸ਼ਹਿਣਾ, (ਬਰਨਾਲਾ)

## ਪੁਰਾਣੇ ਸਰੀਏ ਦੀ ਬੋਲੀ

ਆਮ ਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਗ੍ਰਾਮ ਪੰਚਾਇਤ ਉੱਗੋਕੇ (ਬਲਾਕ ਸ਼ਹਿਣਾ) ਜ਼ਿਲ੍ਹਾ ਬਰਨਾਲਾ ਵੱਲੋਂ ਪੁਰਾਣਾ ਸਰੀਆ ਆਦਿ ਦੀ ਬੋਲੀ 12 ਅਗਸਤ 2025 ਦਿਨ ਮੰਗਲਵਾਰ ਨੂੰ ਪੰਚਾਇਤੀ ਲਾਇਬਰੇਰੀ ਉੱਗੋਕੇ ਵਿਖੇ ਸਵੇਰੇ 09:00 ਵਜੇ ਕੀਤੀ ਜਾਵੇਗੀ।
ਬੋਲੀ ਦੀਆਂ ਸ਼ਰਤਾਂ ਮੌਕੇ 'ਤੇ ਹੀ ਦੱਸੀਆਂ ਜਾਣਗੀਆਂ।
ਵੱਲੋਂ : ਸਰਪੰਚ ਗ੍ਰਾਮ ਪੰਚਾਇਤ ਉੱਗੋਕੇ,
ਮੋਬਾਇਲ : 77174-49797

## NOTICE TO APPEAR/ATTEND PROCEEDINGS OF DLM&SFC-LDH


Through this Publication This is for Constructive Notice for respondent **VISHAL INDUSTRIES, JASPAL BANGAR, INDUSTRIAL AREA-C, NEAR MAAN KANDA, LUDHIANA-141122** to appear in person or through Authorized representative before the **District level Micro & Small facilitation Council Ludhiana, District Industries Centre, Ludhiana dated 13-10-2025** A regarding claim reference petition submitted by **SURAJ CYCLES PRIVATE LIMITED, Flat No:-A3,STATION ROAD, Village/Town:- NEAR HARI RAM DHARAM KANDA, DHANDARI KALAN, LUDHIANA** U/s 18(1) of MSME Act 2006 bearing Reference no: **MSEFC/DIC/02/25/3378.** If respondent still fails or omits to appear as above then arbitration proceedings shall be conducted as per section 23 & 25 of Arbitration & Conciliation Act and award shall also be passed on the basis of evidence before it.
**Member Secretary cum General Manager, District Industries Centre, Industrial Estate, Ludhiana**
**Ph. No. 0161-2540695, E-mail:dicludhiana5@gmail.com, Ludhiana.msefc@gmail.com**

### ਦਫਤਰ ਜ਼ਿਲ੍ਹਾ ਮਾਲ ਅਫਸਰ ਕਮ ਕਾਲਾ, ਕਪੂਰਥਲਾ

## ਜਨਤਕ ਸੂਚਨਾ


ਇਸ ਇਸ਼ਤਿਹਾਰ ਰਾਹੀਂ ਆਮ ਲੋਕਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਨੈਸ਼ਨਲ ਹਾਈਵੇਅ ਅਥਾਰਟੀ ਆਫ ਇੰਡੀਆ ਵੱਲੋਂ ਹੁਸ਼ਿਆਰਪੁਰ ਫਗਵਾੜਾ ਵਾਇਡਨਿੰਗ ਸੰਬੰਧੀ ਪਿੰਡ ਬੀੜ ਢੰਡੋਲੀ, ਤਹਿਸੀਲ ਫਗਵਾੜਾ, ਜ਼ਿਲ੍ਹਾ ਕਪੂਰਥਲਾ ਵਿੱਚ ਜ਼ਮੀਨ ਅਧਿਗ੍ਰਹਿਣ ਕੀਤੀ ਜਾ ਰਹੀ ਹੈ।ਉਕਤ ਜ਼ਮੀਨ ਵਿੱਚ ਖਸਰਾ ਨੰਬਰ 1344/522/2,1345/522/1 ਰਕਬਾ 0.0430 ਹੈਕਟੇਅਰ ਅਤੇ 1346/523/1 ਰਕਬਾ 0.0025 ਹੈਕਟੇਅਰ ਰਕਬਾ ਐਕਵਾਇਰ ਕੀਤਾ ਜਾ ਰਿਹਾ ਹੈ।ਉਕਤ ਰਕਬੇ ਸੰਬੰਧੀ ਆਪਣਾ ਮਾਲਕੀ ਹੱਕ ਦੱਸਦਿਆਂ ਹੋਇਆਂ ਸੁੱਖਕਰਮਨ ਲੈਂਡ ਡਿਵੈਲਪਰਜ਼, ਜਲੰਧਰ ਬਜਰੀਆ ਪ੍ਰੋਪ. ਅਮਰਜੀਤ ਖਾਂਬਰਾ ਪੁੱਤਰ ਦਰਸ਼ਨ ਲਾਲ ਵਾਸੀ ਖਾਂਬਰਾ, ਤਹਿਸੀਲ ਜਲੰਧਰ ਬਣਦੇ ਮੁਆਵਜ਼ੇ ਦੀ ਮੰਗ ਕੀਤੀ ਗਈ ਹੈ।
ਜੇਕਰ ਉਕਤ ਰਕਮ ਸੁੱਖਕਰਮਨ ਲੈਂਡ ਡਿਵੈਲਪਰਜ਼, ਜਲੰਧਰ ਬਜਰੀਆ ਪ੍ਰੋਪ. ਅਮਰਜੀਤ ਖਾਂਬਰਾ ਪੁੱਤਰ ਦਰਸ਼ਨ ਲਾਲ ਵਾਸੀ ਖਾਂਬਰਾ, ਤਹਿਸੀਲ ਜਲੰਧਰ ਨੂੰ ਦੇਣ ਉਤੇ ਕਿਸੇ ਨੂੰ ਕੋਈ ਇਤਰਾਜ਼ ਹੈ ਜਾਂ ਉਕਤ ਨੰਬਰ ਖਸਰਾਨ ਦੀ ਮਾਲਕੀ ਸੰਬੰਧੀ ਕੋਈ ਉਜ਼ਰ ਹੈ ਤਾਂ ਇਸ ਇਸ਼ਤਿਹਾਰ ਦੇ ਛਪਣ ਦੀ ਮਿਤੀ ਤੋਂ 7 ਦਿਨਾਂ ਦੇ ਅੰਦਰ-ਅੰਦਰ ਨਿਮਨਹਸਤਾਖਰ ਦੇ ਦਫ਼ਤਰ ਕਮਰਾ ਨੰਬਰ 114 ਪਹਿਲੀ ਮੰਜ਼ਲ ਨਵੀਂ, ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਕਪੂਰਥਲਾ ਵਿੱਚ ਸਮੇਤ ਰਿਕਾਰਡ ਪੇਸ਼ ਕਰ ਸਕਦਾ ਹੈ।ਨਿਰਧਾਰਿਤ ਮਿਤੀ ਉਪਰੰਤ ਕਿਸੇ ਵੀ ਧਿਰ ਦਾ ਕੋਈ ਵੀ ਉਜ਼ਰ ਜਾਂ ਇਤਰਾਜ਼ ਨਹੀਂ ਸੁਣਿਆ ਜਾਵੇਗਾ ਅਤੇ ਮੁਆਵਜ਼ੇ ਦੀ ਵੰਡ ਸੁੱਖਕਰਮਨ ਲੈਂਡ ਡਿਵੈਲਪਰਜ਼, ਜਲੰਧਰ ਬਜਰੀਆ ਪ੍ਰੋਪ. ਅਮਰਜੀਤ ਖਾਂਬਰਾ ਪੁੱਤਰ ਦਰਸ਼ਨ ਲਾਲ ਵਾਸੀ ਖਾਂਬਰਾ, ਤਹਿਸੀਲ ਜਲੰਧਰ ਨੂੰ ਕਰ ਦਿੱਤੀ ਜਾਵੇਗੀ।ਅੱਜ ਮਿਤੀ 05/08/2025 ਨੂੰ ਮੋਹਰ ਹਸਤਾਖਰਾਂ ਨਾਲ ਜਾਰੀ ਹੋਇਆ।
ਸਹੀ/- ਜ਼ਿਲ੍ਹਾ ਮਾਲ ਅਫ਼ਸਰ ਕਮ ਕਾਲਾ, ਕਪੂਰਥਲਾ।
ਨੰਬਰ : 666/ ਐੱਨ.ਐੱਚ.ਏ.ਆਈ ਮਿਤੀ : 5/08/2025

## ਕੋਰਟ ਨੋਟਿਸ, ਜ਼ਿਲ੍ਹਾ ਮੈਰਿਜ ਅਫ਼ਸਰ, ਜਲੰਧਰ V/S ਆਮ ਜਨਤਾ



ਵਿਸ਼ਾ : ਵਿਆਹ ਯੋਗਤਾ ਸਰਟੀਫਿਕੇਟ ਜਾਰੀ ਕਰਨ ਬਾਰੇ।
ਬਿਨੈਕਾਰ ਦਾ ਨਾਮ : ਲਖਵਿੰਦਰ ਕੌਰ ਪਿਤਾ/ਪਤੀ ਦਾ ਨਾਮ : ਸੁਖਵਿੰਦਰ ਸਿੰਘ
ਪਤਾ: H.No.106, Mohan Vihar, Jalandhar,Tehsil-Jalandhar-1/ District - Jalandhar, Punjab.
ਉਪਰੋਕਤ ਪ੍ਰਾਰਥੀ ਨੇ ਵਿਆਹ ਯੋਗਤਾ ਸਰਟੀਫਿਕੇਟ ਜਾਰੀ ਕਰਨ ਲਈ ਸੇਵਾ ਕੇਂਦਰ ਵਿੱਚ ਬਿਨੈ ਪੱਤਰ ਦਿੱਤਾ ਹੈ। ਜਿਸ ਦੇ ਵੇਰਵੇ ਹੇਠ ਲਿਖੇ ਦਿੱਤੇ ਗਏ ਹਨ।
ਨਾਮ : ਨਵਨੀਤ ਕੌਰ ਪੱਕਾ ਪਤਾ: H.No.106, Mohan Vihar, Jalandhar, Jalandhar-1, Jalandhar, Punjab. ਵਿਦੇਸ਼ੀ ਪਤਾ : Starada Franceska 100 Chiesoula Pontevico bs 25026 Italy/ਸਤਾਰਦਾ ਫ੍ਰਾਂਸੀਕਾ 100 ਚੀਏਸਯੋਲਾ ਪੌਂਤੇਵਿਕੋ ਬੀ ਐਸ 25026 ਇਟਲੀ
ਉਮਰ/ਜਨਮ ਮਿਤੀ: 27-(22/05/1998)
ਬਿਨੈਕਾਰ ਨੇ ਕਿਹਾ ਹੈ ਕਿ ਉਸਦਾ ਭਾਰਤ ਵਿੱਚ ਕੋਈ ਵਿਆਹੁਤਾ ਸੰਬੰਧ ਨਹੀਂ ਹੈ।
ਆਮ ਲੋਕਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਜੇ ਉਪਰੋਕਤ ਸਰਟੀਫਿਕੇਟ ਜਾਰੀ ਕਰਨ ਬਾਰੇ ਕਿਸੇ ਵੀ ਵਿਅਕਤੀ ਨੂੰ ਕੋਈ ਇਤਰਾਜ਼ ਹੈ ਤਾਂ ਉਹ ਵਿਅਕਤੀ ਜਾਂ ਉਸਦੇ ਨੁਮਾਇੰਦੇ ਇਸ ਨੋਟਿਸ ਦੇ ਜਾਰੀ ਹੋਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਆਪਣੀ ਇਤਰਾਜ਼ (ਸ਼ਿਕਾਇਤ)ਪੇਸ਼ ਕਰ ਸਕਦੇ ਹਨ। ਉਸ ਤੋਂ ਬਾਅਦ ਕੋਈ ਇਤਰਾਜ਼ ਨਹੀਂ ਮੰਨਿਆ ਜਾਵੇਗਾ।
ਇਹ ਇਸ਼ਤਿਹਾਰ ਮੇਰੇ ਦਸਤਖ਼ਤਾਂ ਹੇਠ ਅਦਾਲਤੀ ਮੋਹਰ ਨਾਲ ਮਿਤੀ 05.08.2025 ਨੂੰ ਜਾਰੀ ਹੋਇਆ।
ਨੰਬਰ 70/ਨੰਬਰ/ਰੀਡਰ ਮਿਤੀ 05-08-2025 ਜ਼ਿਲ੍ਹਾ ਮੈਰਿਜ ਅਫ਼ਸਰ,ਜਲੰਧਰ,ਪੰਜਾਬ,ਭਾਰਤ

## ਕੋਰਟ ਨੋਟਿਸ, ਜ਼ਿਲ੍ਹਾ ਮੈਰਿਜ ਅਫ਼ਸਰ, ਜਲੰਧਰ V/S ਆਮ ਜਨਤਾ



ਵਿਸ਼ਾ : ਵਿਆਹ ਯੋਗਤਾ ਸਰਟੀਫਿਕੇਟ ਜਾਰੀ ਕਰਨ ਬਾਰੇ।
ਬਿਨੈਕਾਰ ਦਾ ਨਾਮ : ਹੁਸਨ ਲਾਲ ਕੌਲਧਾਰ ਪਿਤਾ/ਪਤੀ ਦਾ ਨਾਮ :ਨਸੀਬ ਚੰਦ ਕੌਲਧਾਰ
ਪਤਾ: Vpo Nawan Pind Jattan Tehsil Nakodar Jalandhar, Village - Nawan Pind Jattan/Tehsil-Nakodar/ District Jalandhar, Punjab
ਉਪਰੋਕਤ ਪ੍ਰਾਰਥੀ ਨੇ ਵਿਆਹ ਯੋਗਤਾ ਸਰਟੀਫਿਕੇਟ ਜਾਰੀ ਕਰਨ ਲਈ ਸੇਵਾ ਕੇਂਦਰ ਵਿੱਚ ਆਪਣੇ ਪੁੱਤਰ ਦੇ ਲਈ ਬਿਨੈ ਪੱਤਰ ਦਿੱਤਾ ਹੈ। ਜਿਸ ਦੇ ਵੇਰਵੇ ਹੇਠ ਲਿਖੇ ਦਿੱਤੇ ਗਏ ਹਨ।
ਨਾਮ : ਨਿਤਿਨ ਕੁਮਾਰ ਕੌਲਧਾਰ ਪੱਕਾ ਪਤਾ: Vpo Nawan Pind Jattan Tehsil Nakodar Jalandhar, Nawan Pind Jattan, Nakodar, Jalandhar, Punjab ਵਿਦੇਸ਼ੀ ਪਤਾ : Avenida James Gilman N 6, 2 Esquerdo Sacavem 2685-068/ ਅਵੇਨੀਡਾ ਜੇਮਜ ਗਿਲਮੈਨ ਐਨ 6 2 ਐਸਕੁਰਡੋ ਸਕਾਵੇਮ 2685-068
ਉਮਰ/ਜਨਮ ਮਿਤੀ: 29-(05/08/1995)
ਬਿਨੈਕਾਰ ਨੇ ਕਿਹਾ ਹੈ ਕਿ ਉਸਦਾ ਭਾਰਤ ਵਿੱਚ ਕੋਈ ਵਿਆਹੁਤਾ ਸੰਬੰਧ ਨਹੀਂ ਹੈ।
ਆਮ ਲੋਕਾਂ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਜੇ ਉਪਰੋਕਤ ਸਰਟੀਫਿਕੇਟ ਜਾਰੀ ਕਰਨ ਬਾਰੇ ਕਿਸੇ ਵੀ ਵਿਅਕਤੀ ਨੂੰ ਕੋਈ ਇਤਰਾਜ਼ ਹੈ ਤਾਂ ਉਹ ਵਿਅਕਤੀ ਜਾਂ ਉਸਦੇ ਨੁਮਾਇੰਦੇ ਇਸ ਨੋਟਿਸ ਦੇ ਜਾਰੀ ਹੋਣ ਤੋਂ 30 ਦਿਨਾਂ ਦੇ ਅੰਦਰ-ਅੰਦਰ ਆਪਣੀ ਇਤਰਾਜ਼ (ਸ਼ਿਕਾਇਤ)ਪੇਸ਼ ਕਰ ਸਕਦੇ ਹਨ। ਉਸ ਤੋਂ ਬਾਅਦ ਕੋਈ ਇਤਰਾਜ਼ ਨਹੀਂ ਮੰਨਿਆ ਜਾਵੇਗਾ।
ਇਹ ਇਸ਼ਤਿਹਾਰ ਮੇਰੇ ਦਸਤਖ਼ਤਾਂ ਹੇਠ ਅਦਾਲਤੀ ਮੋਹਰ ਨਾਲ ਮਿਤੀ 04.08.2025 ਨੂੰ ਜਾਰੀ ਹੋਇਆ।
ਨੰਬਰ 69/ਨੰਬਰ/ਰੀਡਰ ਮਿਤੀ 04-08-2025 ਜ਼ਿਲ੍ਹਾ ਮੈਰਿਜ ਅਫ਼ਸਰ,ਜਲੰਧਰ,ਪੰਜਾਬ,ਭਾਰਤ

## St. Soldier Law College

invites online applications on (stsoldierlawcollege@rediffmail.com) for post of **Principal** on **regular basis**. **(https://stsoldierlawcollege.in.)** Qualification and Grade as per UGC/BCI/Punjab Govt. /GNDU norms. Reservation Policy will be as per Punjab Govt. rules. Candidates must submit online application within 21 days from the date of publication of advertisement. A copy of the application alongwith a demand draft of Rs. 1180/- (non-refundable) in favour of **Registrar, Guru Nanak Dev University, Amritsar** may also be sent to **Dean, CDC, Guru Nanak Dev University, Amritsar** within stipulated time through Registered Post. Candidate must send the required documents alongwith the application as per the list available for Unaided Colleges in the CDC Portal on University website **(www.gndu.ac.in)**. Incomplete application (without the required documents) 'or' the application received after due date will not be entertained.
**Chairman**

**Publication** **No. 1872/2025**
**Office of the Labour Court,**
**New Administrative Building. 2nd Floor,**
**Govt. Colony, Bandra (E), Mumbai-51.**
**Date: 2/8/2025.**

**6th Labour Court, Mumbai**
**Dr. Shri. D. R. Pathan Judge**
**Application (ECA) No. 213/A-32/2025**

**Smt. Manpreet Kaur,**
**Vill: Daburji, Post : Thathi Khara,**
**Distt: Tarn Taran, State: Punjab, Pincode - 143401.**
**M/s. HCC HDC JV.**
**Hincon House, L.B.S. Marg.**
**Vikroli (W), Mumbai - 400 083.**

**NOTICE**

It is hereby informed that the above mentioned Applicant Mrs. Manpreet Kaur, residing at Vill: Daburji, Post: Thathi Khara, Distt: Tarn Taran, State: Punjab 143 401, her husband late. Mr. Kashmir Singh s/o Massa Singh while working with M/s. HCC HDC JV at Hincon House, L.B.S. Marg. Vikroli (W), Mumbai - 400 083, the Opp. Party met with an accident on 16/09/2024 and died due to the same. The applicants in the said matter are the Legal Heirs and have filed an application in this Court. M/s. HCC HDC JV at Hincon House, L.B.S. Marg, Vikroli (W), Mumbai - 400 083, the Opp. Party has deposited an amount of Rs. 10,00,000/- (Rupees Ten Lakh Only) as a compensation. The Applicants have filed an application in this court to get the deposited compensation amount.

Therefore, it is informed that, under this notice if any person/persons have any objection regarding the said compensation amount then information/objection should be given to this Court on and within 18/09/2025 after the Publication of this notice. The Information /Objection after this time shall not be considered. The concerned person should take care of this.

This notice is given by order and seal of the court.

By order : Assistant Registrar
Commissioner of Employees Compensation, Mumbai

AXIS BANK
**Retail Asset Centre:** AXIS Bank Ltd, 2nd Floor, Property # 7-E, Municipal 3903/1142/16, Malhar Road, Sarabha Nagar, Ludhiana -141001.
**Corporate Office:** 'Axis House', Block-B, Bombay Dyeing Mills Compound, Pandurang Budhkar Marg, Worli, Mumbai-400025.
**Registered Office:** 'Trishul', 3rd Floor, Oppsite Samartheswar Temple, Law Garden, Ellisbridge, Ahmedabad-380006.

## ਸਰਫੇਸੀ ਐਕਟ 2002 ਦੇ ਸੈਕਸ਼ਨ 13 (4) ਅਧੀਨ ਜਾਇਦਾਦ ਦੇ ਕਬਜ਼ੇ ਸੰਬੰਧੀ ਨੋਟਿਸ ਦੀ ਪ੍ਰਕਾਸ਼ਨਾ

ਇਸ ਦੁਆਰਾ ਨੋਟਿਸ ਦਿੱਤਾ ਜਾਂਦਾ ਹੈ ਕਿ ਸਕਿਉਰਟਾਈਜੇਸ਼ਨ ਐਂਡ ਰਿਕੰਸਟਰੱਕਸ਼ਨ ਆਫ ਫਾਇਨਾਂਸੀਅਲ ਐੱਸਟਸ ਐਂਡ ਇਨਫੋਰਸਮੈਂਟ ਆਫ ਸਕਿਉਰਟੀ ਇੰਟਰੈੱਸਟ ਐਕਟ 2002 (54 ਆਫ 2002) ਅਧੀਨ ਅਤੇ ਸਕਿਉਰਟੀ ਇੰਟਰੈੱਸਟ (ਇਨਫੋਰਸਮੈਂਟ) ਰੂਲਜ਼, 2002 ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹਰੇਕ ਖਾਤੇ ਅੱਗੇ ਵਰਨਣ ਮਿਤੀਆਂ ਨੂੰ ਡਿਮਾਂਡ ਨੋਟਿਸ ਜਾਰੀ ਕਰਕੇ ਕਰਜ਼ਦਾਰਾਂ ਨੂੰ ਦਰਸਾਏ ਨੋਟਿਸ ਦੇ ਪ੍ਰਾਪਤ ਹੋਣ ਦੀ ਮਿਤੀ ਤੋਂ 60 ਦਿਨਾਂ ਦੇ ਅੰਦਰ-ਅੰਦਰ ਰਾਸ਼ੀ ਮੋੜਨ ਦਾ ਸੱਦਾ ਦਿੱਤਾ ਗਿਆ ਸੀ।
ਕਰਜ਼ਦਾਰ ਰਾਸ਼ੀ ਮੋੜਨ 'ਚ ਨਾਕਾਮ ਰਹੇ ਹਨ। ਇਸ ਦੁਆਰਾ ਕਰਜ਼ਦਾਰ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਦਰਸਾਏ ਐਕਟ ਦੇ ਨਿਯਮ 9 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਹਰੇਕ ਖਾਤੇ ਅੱਗੇ ਦਰਸਾਈਆਂ ਮਿਤੀਆਂ ਨੂੰ ਹੇਠਾਂ ਵਰਨਣ ਜਾਇਦਾਦਾਂ ਦਾ ਕਬਜ਼ਾ ਪ੍ਰਾਪਤ ਕਰ ਲਿਆ ਹੈ। ਕਰਜ਼ਦਾਰ ਨੂੰ ਵਿਸ਼ੇਸ਼ ਕਰਕੇ ਅਤੇ ਆਮ ਜਨਤਾ ਜਨਤਾ ਨੂੰ ਜਾਇਦਾਦ ਬਾਰੇ ਕੋਈ ਵੀ ਸੌਦੇਬਾਜ਼ੀ ਨਾ ਕਰਨ ਲਈ ਸੁਚੇਤ ਕੀਤਾ ਜਾਂਦਾ ਹੈ ਅਤੇ ਜਾਇਦਾਦ ਬਾਰੇ ਕੋਈ ਵੀ ਸੌਦੇਬਾਜ਼ੀ ਹੇਠਾਂ ਖਾਤੇ ਅੱਗੇ ਦਰਸਾਈ ਬਕਾਇਆ ਨਿਕਲਦੀ ਰਾਸ਼ੀ ਅਤੇ ਇਸ ਉਪਰ ਬਣਦੇ ਵਿਆਜ ਲਈ ਐਕਸਿਸ ਬੈਂਕ ਲਿਮਟਿਡ ਦੀ ਦੇਣਦਾਰੀ ਦਾ ਵਿਸ਼ਾ ਹੋਵੇਗਾ।
ਉਪਲੱਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰਗ੍ਰਹਿਣ ਲਈ ਕਰਜ਼ਦਾਰ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

| ਲੜੀ ਨੰ. | ਕਰਜ਼ਦਾਰ ਅਤੇ ਸਹਿ-ਕਰਜ਼ਦਾਰ ਦਾ ਨਾਂਅ ਅਤੇ ਪਤਾ | ਰਹਿਣ ਕੀਤੀ ਜਾਇਦਾਦ ਦਾ ਵੇਰਵਾ | ਐੱਨ ਪੀ ਏ ਮਿਤੀ | ਡਿਮਾਂਡ ਨੋਟਿਸ ਦੀ ਮਿਤੀ | ਕਬਜ਼ੇ ਦੀ ਮਿਤੀ | ਡਿਮਾਂਡ ਨੋਟਿਸ ਦੀ ਰਾਸ਼ੀ (ਰੁਪਏ 'ਚ) |
|---|---|---|---|---|---|---|
| 1. | 1. ਸੁਰੇਸ਼ ਚੰਦ ਗੁਪਤਾ ਪੁੱਤਰ ਸ੍ਰੀ ਪੂਰਨ ਸਿੰਘ (ਕਰਜ਼ਦਾਰ/ਰਹਿਣਕਾਰ) ਅਤੇ 2. ਸ੍ਰੀਮਤੀ ਵੀਨਾ ਰਾਣੀ ਪਤਨੀ ਸੁਰੇਸ਼ ਚੰਦ ਗੁਪਤਾ (ਸਹਿ-ਕਰਜ਼ਦਾਰ) | ਬੈਨਾਮਾ ਨੰ. 2019-20/23/1/2312 ਮਿਤੀ 03.06.2019 ਅਨੁਸਾਰ ਸ੍ਰੀ ਸੁਰੇਸ਼ ਚੰਦ ਗੁਪਤਾ ਪੁੱਤਰ ਪੂਰਨ ਸਿੰਘ ਪੁੱਤਰ ਫੂਲ ਚੰਦ ਦੇ ਨਾਂਅ 'ਤੇ ਰਜਿਸਟਰਡ ਰਿਹਾਇਸ਼ੀ ਜਾਇਦਾਦ/ਮਕਾਨ ਜਾਇਦਾਦ 00 ਕਨਾਲ 06 ਮਰਲੇ 06 ਸਰਸਾਈ ਮੁਸਾਵੀ 200 ਮੁਰੱਬਾ ਵਰਗ ਗਜ਼, ਖਸਰਾ ਨੰ. 42//3/4 ਮਿਨ (0-6-6), ਖੱਤਾ ਨੰ. 346, ਖੇਵਟ ਨੰ. 156, ਜਮ੍ਹਾਂਬੰਦੀ ਸਾਲ 2014-2015, ਹਾਜੀ ਰਤਨ, ਬਠਿੰਡਾ, ਐੱਮ ਸੀ ਬੀ-ਜ਼ੈੱਡ 802786, ਮਕਾਨ ਨੰ. 24925, ਗਲੀ ਨੰ. 3/6, ਬਾਬਾ ਦੀਪ ਸਿੰਘ ਨਗਰ, ਬਠਿੰਡਾ ਅਤੇ ਤਹਿਸੀਲ ਤੇ ਜ਼ਿਲ੍ਹਾ ਬਠਿੰਡਾ, ਪੰਜਾਬ ਨਾਲ ਸੰਬੰਧਤ ਸਭ ਕੁਝ। ਹੱਦਾਂ (ਦਸਤਾਵੇਜ਼ਾਂ ਅਨੁਸਾਰ) ਪੂਰਬ : 30' ਫੁੱਟ ਗਲੀ 20' ਚੌੜੀ, ਪੱਛਮ : 30 ਫੁੱਟ ਗੁਆਂਢ, ਉੱਤਰ : 60 ਫੁੱਟ ਖਾਲੀ ਪਲਾਟ, ਦੱਖਣ : 60 ਫੁੱਟ ਗੁਆਂਢ। | 10 ਅਪ੍ਰੈਲ 2025 | 25 ਅਪ੍ਰੈਲ 2025 | 04 ਅਗਸਤ 2025 | ਰੁ. 23,12,793/- (ਤੇਈ ਲੱਖ ਬਾਰਾਂ ਹਜ਼ਾਰ ਸੱਤ ਸੌ ਤਰਿਆਨਵੇਂ ਰੁਪਏ ਕੇਵਲ) |

ਮਿਤੀ : 04.08.2025 ਸਹੀ/- (ਅਧਿਕਾਰਤ ਅਫ਼ਸਰ),
ਸਥਾਨ : ਲੁਧਿਆਣਾ ਐਕਸਿਸ ਬੈਂਕ ਲਿਮਟਿਡ

## COURT NOTICE

In The Court of
**Sh. Gurmeet Tiwana**
Additional District and Sessions Judge-IV Kapurthala
CRR/2/2025
CNR No.:- PBKP01-000137-2025
Next Date:-04-09-2025
Gurmeet Singh Vs.
Jain Overseas Travel Agency
Revision against order dated. 17.12.2024 passed by Sh. Suresh Kumar, Judicial Magistrate Ist Class, Kapurthala. COMI/12/2024, CNR No. PBKPC10004302024, U/s 406,420,465,467,468, 471, 506,120-B IPC.
Notice To: 3. Shivani
Councilor, Jain Overseas Travel Agency Mand Complex, Kapurthala Chowk, Jalandhar.
In above titled case, the respondant/accused could not be served. It is ordered that respondant/ accused should appear in person or through counsel on 04-09-2025 at 10.00 a.m.
For details logon to https://highcourtchd.gov.in/?mod=district_notice&district=Kapurthala
Additional District and Sessions Judge-IV, Kapurthala
Dated, this day of 05-08-2025

## COURT NOTICE

(U/o 5 Rule 20 CPC)
In The Court of Ms. Girish
Principal Judge Family Court, Malout
CNR No. PBSMF3-000513-2024
Next Date :- 26-08-2025
Anita Rani
Vs.
Ranjit Singh Alias Kla Dhillon
Publication Issued To :
Ranjit Singh Alias Kla Dhillon
Son : Joginder Singh
Dharam Nagri, Abohar
In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 26-08-2025 at 10:00 a.m.
For details logon to https://highcourtchd.gov.in/?mod=district_notice&district=mogacourt
Principal Judge Family Court Malout
Dated, this day of 05-08-2025

## COURT NOTICE

(U/o 5 Rule 20 CPC)
In The Court of
**Sh. Harjot Singh Gill**
Civil Judge Junior Division-3, Patiala
CS-2118-2023
CNR No. PBPT02-003415-2023
Next Date: 26-09-2025
Sunita Vs Lad Kaur
Publication Issued To:
1. Lad Kaur Daughter of Gurnam Singh Son of Harbans Singh Son of Inder Singh Resident of Village Alipur Araian, Patiala.
2. Jasvir Singh Son of Harbans Singh Son of Inder Singh Resident of Village Alipur Araian, Patiala.
3. Dayal Singh Son of Gurnam Singh Son of Harbans Singh R/o Gurmukh Singh Colony Patiala.

In above titled case, the defendant(s)/respondent(s) could not be served. It is ordered that defendant(s)/respondent(s) should appear in person or through counsel on 26-09-2025 at 10.00 a.m.
For details logon to https://highcourtchd.gov.in/?mod=district_notice&district=patiala
Civil Judge Junior Division - 3, Patiala
Dated, this day of 05-08-2025

## COURT NOTICE

(U/o 5 Rule 20 CPC)
In The Court of
Ms. Khushdeep Kaur
Civil Judge Junior Division - 4 Rajpura,
CNR No. PBPTA0-000403-2025
Next Date:- 10-09-2025
CS-278-2025
Sandeep Kumar
Vs.
Palwinder Singh
Suit for Permanent Injunction
Publication Issued To:
1. Palwinder Singh S/o Gurcharan Singh
2. Manjit Kaur W/o Gurcharan Singh

Both R/o Fauji Colony, Banur, Tehsil and District S.A.S. Nagar.
In above titled case, the defendant(s)/ respondent(s) could not be served. It is ordered that defendant(s)/ respondent(s) should appear in person or through counsel on 10-09-2025 at 10:00 a.m.
For details logon to https://highcourtchd.gov.in/?mod=district_notice&district=patiala
Civil Judge Junior Division - 4, Rajpura
Dated, this day of 05-08-2025




## Change of Name

We Mohit Singh Bhandari S/O Chandra Singh Bhandari, Jasneet Kaur W/O Mohit Singh Bhandari R/O H. No. 302 Block 4 Suncity Apartment, Sarjapur Junction Ibluru Outer Ring Road Bengaluru Karnataka Declare That I Have Adopted Jorawar Singh As Stated Above With Effect From 02-05-2025. Further I Have Changed The Name Of My Minor Adopted Son Jorawar Singh To Zoravarr Siingh. All Concerned May Please Note.

I, Mehtab Singh S/o Kuldeep Singh R/o Vill Lelian PO Preet Nagar Distt Amritsar have changed my name Muhtab Singh to Mehtab Singh. all concerned please note it.

I, Balwant Singh Mannan S/o Dalip Singh R/o Chabhal Road, Village Mannan Tehsil and District Tarn Taran have changed my name from Balwant Singh Mannan to Balwant Singh.

I, Harpreet Singh Masaun S/o Avtar Singh R/o H.No. 2, Gali No.5, Sant Avenue, G.T. Road, Amritsar have changed my name from Harpreet Singh Masaun to Harpreet Singh.

I Ramandeep W/o Jaspal Singh R/o Vill. Mandhiani PO Mohar Teh. Balachaur Distt. SBS Nagar Punjab Have Changed my name to Kaur Ramandeep. All please note.

I, Navjit Kumar S/o Kasturi Lal R/o H.No. 71/6, Bhargo Nagar, Jalandhar - 144003, Punjab have changed my name from Navjit Kumar to Navjeet Kumar.All Concerned Please Note.

I, Kripal Kaur W/o Gurcharan Singh R/o H.No.563, Street No. 10, Dashmesh Nagar, Dagana Road Distt. Hoshiarpur Punjab have changed my name from Kripal Kaur to Kirpal Kaur. Concerned note.

I, Parveen Kumar Mahajan S/o Brij Lal Mahajan,?.n?. ?O 197 Attari bazar Jalandhar has changed my name to Parveen Mahajan.

I, Meena Kumari D/o Brij Lal Mahajan,H.no. EO 197 Attari bazar Jalandhar has changed my name to Meena Mahajan.

I, Sawinder Kaur W/o Sardul Singh R/o VPO Jabbowal, Tehsil Baba Bakala, Distt. Amritsar, Punjab-143116 have changed my name from Sawinder Kaur to Savinder Kaur.

I, Vansh S/o Surjit Singh R/o VPO Fatahpur, Tehsil & Distt. Amritsar, Punjab-143009 have changed my name from Vansh to Vansh Singh.

I, Gulshan Kumar S/o Raj Kumr R/o Village Dewlanwala, P.O. Bhawanipur, Kapurthala, Punjab-144601 changed my name to Gulshan as Given name and Kumar as Surname.

I, Richa Kapoor W/o Rahul Malhotra, R/o H.No. EE-84, Bagh Karam Bakhsh, Jalandhar declare that I have changed my name from Richa Kapoor to Richa Malhotra after marriage.

I, Tadbir Singh S/O Jagjit Singh Sahota, R/o Ward Number 9 House Number B-22, MCH 330-A, Labh Nagar Dagana Road, Hoshiarpur, Punjab- 146001, I have changed the name of my minor daughter Ruhaniyat aged about 9 Years and She shall hereafter be known as Ruhaniyat Kaur.

I, Neelam Rani W/O Gurpreet Singh, R/o Adampur Doaba, Padhiana, Jalandhar, Punjab- 144030, I have changed the name of my minor daughter Chandni aged about 14 Years and She shall hereafter be known as Chandni Bhatia.

I, Soma Rani w/o Sudagar Lal r/o Vill. Daulatpur, Po. Raipur, Distt. Jalandhar, Punjab have changed my name to Given name as Soma & Surname as Rani. All Please Note.

I, Simran w/o Kunal Verma r/o H.No. 39 C, Ravinder Nagar, Jalandhar, Punjab have changed my name from Simran to Simran Verma. All Please Note.

I, Gurdeep Kaur w/o Sukhdev Singh r/o Vill. Chuhar, Po. Talwandi Salem, Nakodar, Distt.Jalandhar have changed the spelling of my name to Gurdip Kaur. All Please Note.

I, Summiter Kaur w/o Mehar Singh r/o VPO. Salempur, Distt. Hoshiarpur, Punjajb have changed my name to Samittar Kaur. All Please Note.

I, Sourav s/o Pawan Kumar r/o VPO. Sammipur, Distt. Jalandhar, Punjab have changed my name from Sourav to Sourav Lagah. All Please Note.

I, Baljinder Singh s/o Karnail Singh r/o W.Q-268, Moh. Chaeaam, Basti Sheikh, Po. Basti Guzan, Jalandhar have changed my name to Given name as Baljinder & Surname as Singh. All Please Note.

I, Manjit Kaur Thind w/o Guljinder Singh r/o Vill. Jhanduwala, Po. Paramjitpur, Kapurthala have changed my name to Manjit Kaur. All Please Note.

I, Gurpreet Singh s/o Dilbag Singh r/o VPO. Harchowal, Teh. Batala, Gurdaspur have changed my name to Singh Gurpreet (Surname as Singh) All Please Note.

I, Sarbjit Singh s/o Harjinder Singh Rekhi r/o Vill. Hardo Pharala, Po.Raipur, Jalandhar have changed my name to Sarbjeet Singh Rekhi. All Please Note.

I, Deepanshu s/o Anoop Lal r/o H.No. B-5/14, Saipur Kalan, Industrial Town, Jalandhar have changed my name to Deepanshu Lal. All Please Note.

I, hitherto known as Urmila Devi W/o Ramesh Chander Sareen R/o H.No. 675, Guru Nanak Pura East, Po. Chogitti, Jalandhar, Punjab-144009 have changed my name and shall hereafter be known as Urmil Sareen.

I, Bhawuk Handa S/o Surinder Kumar Handa R/o H.No. 5, Street No. 9, Shaheed Babu Labh Singh Nagar, Jalandhar City-144008 have changed my name from Bhawuk Handa to Bhawuk Kumar Handa.

## ਨਾਂਅ ਦੀ ਬਦਲੀ

ਮੈਂ, ਰਘਵੀਰ ਸਿੰਘ (RAGHVIR SINGH) ਪੁੱਤਰ ਪਿੰਡ ਤੇ ਡਾਕ ਧਨੌਰੀ, ਤਹਿਸੀਲ ਚਮਕੌਰ ਸਾਹਿਬ ਜ਼ਿਲ੍ਹਾ ਰੋਪੜ, ਪੰਜਾਬ, 140103 ਨੇ ਆਪਣਾ ਨਾਂ ਬਦਲ ਕੇ ਰਘਬੀਰ ਸਿੰਘ (RAGHBIR SINGH) ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

ਮੈਂ, ਅਸ਼ੋਕ ਸਿੰਘ ਜਸਰੋਟਿਆ ਪੁੱਤਰ ਮੇਜਰ ਸਿੰਘ ਵਾਸੀ 287, ਫੇਜ਼-1, ਹੈਵਨ ਸਿਟੀ, ਅੰਮ੍ਰਿਤਸਰ, ਪੰਜਾਬ ਨੇ ਆਪਣਾ ਨਾਂਅ ਅਸ਼ੋਕ ਸਿੰਘ ਜਸਰੋਟਿਆ ਤੋਂ ਬਦਲ ਕੇ ਅਸ਼ੋਕ ਸਿੰਘ ਰੱਖ ਲਿਆ ਹੈ। ਸੰਬੰਧਤ ਨੋਟ ਕਰਨ।

ਮੈਂ ਸ਼ੈਲਜਾ ਅਰੋੜਾ ਪਤਨੀ ਸ੍ਰੀ ਵਿਕਰਾਂਤ ਅਰੋੜਾ ਵਾਸੀ 15/66 ਨਿਊ ਗੋਲਡਨ ਐਵੀਨਿਊ, ਨੇੜੇ ਪੰਜ ਪੀਰ ਤਹਿਸੀਲ ਵਾ ਜ਼ਿਲ੍ਹਾ ਅੰਮ੍ਰਿਤਸਰ ਇਹ ਇਹ ਹਲਫਨਾਮਾ ਨੰ. PB57414486132244X ਨੰ ਬਿਆਨ ਕਰਦੀ ਹਾਂ ਕਿ ਸ਼ੈਲਜਾ ਅਤੇ ਸ਼ੈਲਜਾ ਅਰੋੜਾ ਦੋਵੇਂ ਮੇਰੇ ਹੀ ਨਾਮ ਹਨ।ਮੈਨੂੰ ਦੋਵੇਂ ਨਾਵਾਂ ਨਾਲ ਜਾਣਿਆ ਜਾਂਦਾ ਹੈ।ਸੰਬੰਧਤ ਕਿਰਪਾ ਕਰਕੇ ਨੋਟ ਕਰਨ।

ਮੈਂ ਵਿਕਰਾਂਤ ਅਰੋੜਾ ਪੁੱਤਰ ਸ੍ਰੀ ਸੋਹਿੰਦਰ ਅਰੋੜਾ ਵਾਸੀ 15/66 ਨਿਊ ਗੋਲਡਨ ਐਵੀਨਿਊ, ਨੇੜੇ ਪੰਜ ਪੀਰ ਤਹਿਸੀਲ ਵਾ ਜ਼ਿਲ੍ਹਾ ਅੰਮ੍ਰਿਤਸਰ ਇਹ ਹਲਫਨਾਮਾ ਨੰ. PB57429670449755X ਨੰ ਬਿਆਨ ਕਰਦਾ ਹਾਂ ਕਿ ਵਿਕਰਾਂਤ ਅਰੋੜਾ ਅਤੇ ਵਿਕਰਾਂਤ ਐਸ ਅਰੋੜਾ ਦੋਵੇਂ ਮੇਰੇ ਹੀ ਨਾਮ ਹਨ।ਮੈਨੂੰ ਦੋਵੇਂ ਨਾਵਾਂ ਨਾਲ ਜਾਣਿਆ ਜਾਂਦਾ ਹੈ।ਸੰਬੰਧਤ ਕਿਰਪਾ ਕਰਕੇ ਨੋਟ ਕਰਨ।

ਮੈਂ, ਕਾਰਤਿਕ ਪੁੱਤਰ ਅੰਮ੍ਰਿਤ ਕੁਮਾਰ ਵਾਸੀ ਪਿੰਡ ਧਰਮਪੁਰਾ, ਡਾਕਖਾਨਾ ਖਾਂਬਰਾ, ਜ਼ਿਲ੍ਹਾ ਜਲੰਧਰ ਨੇ ਆਪਣਾ ਨਾਮ ਕਾਰਤਿਕ ਤੋਂ ਬਦਲ ਕੇ ਕਾਰਤਿਕ ਅਹੀਰ, ਰੱਖ ਲਿਆ ਹੈ। ਸੰਬੰਧਿਤ ਨੋਟ ਕਰਨ।

## ਆਮ ਸੂਚਨਾ

ਸੁਖਵਿੰਦਰ ਕੌਰ ਪਤਨੀ ਜਸਵੀਰ ਸਿੰਘ ਪਿੰਡ ਦਾਊਮਾਜਰਾ H. No. 129, ਤਹਿਸੀਲ ਖਰੜ ਜ਼ਿਲ੍ਹਾ ਸਾਹਿਬਜਾਦਾ ਅਜੀਤ ਸਿੰਘ ਨਗਰ ਨੇ ਪਿੰਡ ਚੂਹੜਮਾਜਰਾ ਤਹਿਸੀਲ ਚਮਕੌਰ ਸਾਹਿਬ ਜ਼ਿਲ੍ਹਾ ਰੋਪੜ ਵਿਖੇ ਅਵਤਾਰ ਸਿੰਘ ਪੁੱਤਰ ਸ੍ਰੀ ਸੁਰਜਨ ਸਿੰਘ ਪਿੰਡ ਸੰਤੇਮਾਜਰਾ ਤਹਿਸੀਲ ਖਰੜ ਜ਼ਿਲ੍ਹਾ ਸਾਹਿਬਜਾਦਾ ਅਜੀਤ ਸਿੰਘ ਨਗਰ ਤੋਂ ਹਦ ਬਸਤ ਨੰਬਰ 307 ਖਸਰਾ ਨੰਬਰ 23/112/1 (1-12) ਜ਼ਮੀਨ ਵਿੱਚ ਚਲਦੀ ਮੋਟਰ ਖਾਤਾ ਨੰਬਰ AP11/146 C ਨਾਮ ਬਦਲੀ ਕਰਵਾਉਣ ਲਈ ਦਰਖਾਸਤ ਦਿੱਤੀ ਹੈ। ਜੇਕਰ ਕਿਸੇ ਨੂੰ ਕੋਈ ਨਾਮ ਬਦਲੀ ਕਰਨ ਵਿੱਚ ਇਤਰਾਜ਼ ਹੋਵੇ ਉਹ 30 ਦਿਨਾਂ ਦੇ ਅੰਦਰ ਅੰਦਰ ਲਿਖਤੀ ਰੂਪ ਵਿੱਚ ਪੁਖਤਾ ਸਬੂਤਾਂ ਨਾਲ ਉਪ ਮੰਡਲ ਅਫਸਰ PSPCL ਸ੍ਰੀ ਚਮਕੌਰ ਸਾਹਿਬ ਨੂੰ ਪੇਸ਼ ਕਰ ਸਕਦਾ ਹੈ।

ਪਿੰਡ ਕਮਾਲਪੁਰ ਅਫਗਾਨਾ ਵਿੱਚ ਚੱਲ ਰਹੇ ਟਿਊਬਵੈੱਲ ਕੁਨੈਕਸ਼ਨ AP-38-1038N ਜੋ ਕਿ ਗੋਪਾਲ ਸਿੰਘ ਪੁੱਤਰ ਪ੍ਰਤਾਪ ਸਿੰਘ ਦੇ ਨਾਮ ਤੇ ਹੈ, ਨੂੰ ਹੁਣ ਪਰਮਜੀਤ ਕੌਰ ਪਤਨੀ ਬਲਬੀਰ ਸਿੰਘ ਵਾਸੀ ਭਿਖਾਰੀਵਾਲ ਆਪਣੇ ਨਾਮ ਤੇ ਕਰਵਾ ਰਹੇ ਹਨ । ਇਤਰਾਜ ਕਰਤਾ 15 ਦਿਨਾਂ ਦੇ ਅੰਦਰ-ਅੰਦਰ ਆ ਕੇ ਆਪਣਾ ਇਤਰਾਜ਼ ਉੱਪ ਮੰਡਲ ਅਫਸਰ, ਜੌੜਾ ਛੱਤਰਾਂ ਨੂੰ ਪੇਸ਼ ਕਰ ਸਕਦਾ ਹੈ ।

ਪਿੰਡ ਕਮਾਲਪੁਰ ਅਫਗਾਨਾ ਵਿੱਚ ਚੱਲ ਰਹੇ ਟਿਊਬਵੈੱਲ ਕੁਨੈਕਸ਼ਨ AP-38-1282N ਜੋ ਕਿ ਗੋਪਾਲ ਸਿੰਘ ਪੁੱਤਰ ਪ੍ਰਤਾਪ ਸਿੰਘ ਦੇ ਨਾਮ ਤੇ ਹੈ, ਨੂੰ ਹੁਣ ਗੁਰਸ਼ਰਨ ਕੌਰ ਪਤਨੀ ਹਰਮਨਪ੍ਰੀਤ ਸਿੰਘ ਵਾਸੀ ਭਿਖਾਰੀਵਾਲ ਆਪਣੇ ਨਾਮ ਤੇ ਕਰਵਾ ਰਹੇ ਹਨ । ਇਤਰਾਜ ਕਰਤਾ 15 ਦਿਨਾਂ ਦੇ ਅੰਦਰ-ਅੰਦਰ ਆ ਕੇ ਆਪਣਾ ਇਤਰਾਜ਼ ਉੱਪ ਮੰਡਲ ਅਫਸਰ, ਜੌੜਾ ਛੱਤਰਾਂ ਨੂੰ ਪੇਸ਼ ਕਰ ਸਕਦਾ ਹੈ ।

ਮੈਂ ਸੁਦੇਸ਼ ਰਾਣੀ ਪੁੱਤਰੀ ਸਾਈਂ ਦਾਸ ਪਿੰਡ ਖਿਆਲਾ ਬੁਲੰਦਾ ਪਤਨੀ ਰੱਘਾ ਰਾਮ ਪਿੰਡ ਵਾਹਟੀਵਾਲ, ਤਹਿਸੀਲ ਦਸੂਹਾ, ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦੀ ਹਾਂ ਕਿ ਪਿੰਡ ਖਿਆਲਾ ਬੁਲੰਦਾ ਹੱਦ ਬਸਤ ਨੰਬਰ 49 ਵਿਚ ਮੇਰੀ ਜ਼ਮੀਨ ਹੈ। ਮਾਲਕੀ ਖਾਨੇ ਵਿਚ ਮੇਰਾ ਨਾਂਅ ਊਸ਼ਾ ਰਾਣੀ ਲਿਖਿਆ ਹੈ। ਆਧਾਰ ਕਾਰਡ ਮੁਤਾਬਿਕ ਮੇਰਾ ਨਾਂਅ ਸੁਦੇਸ਼ ਰਾਣੀ ਸਹੀ ਲਿਖਿਆ ਹੋਇਆ ਹੈ। ਇਸ ਲਈ ਮਹਿਕਮਾ ਮਾਲ ਵਿਭਾਗ ਖਿਆਲਾ ਬੁਲੰਦਾ ਹੱਦ ਬਸਤ ਨੰਬਰ 49 ਵਿਚ ਮੇਰਾ ਨਾਂਅ ਸੁਦੇਸ਼ ਰਾਣੀ ਕੀਤਾ ਜਾਵੇ।

ਮੈਂ, ਹਰਜੀਤ ਕੌਰ ਪਤਨੀ ਸੰਦੀਪ ਸਿੰਘ ਵਾਸੀ ਪਿੰਡ ਚੱਕ ਪੱਤੀ ਬਾਲੂ ਬਹਾਦਰ ਤਹਿ. ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ ਸੂਚਿਤ ਕਰਦੀ ਹਾਂ ਕਿ ਮੇਰੀ ਲੜਕੀ ਪੁਨੀਤ ਕੌਰ ਦੇ ਸਕੂਲ ਸਰਟੀਫਿਕੇਟ ਵਿਚ ਮੇਰੀ ਮਾਤਾ ਦਾ ਨਾਂਅ ਅੰਗਰੇਜ਼ੀ ਵਿਚ Harjeet Kaur ਲਿਖਿਆ ਗਿਆ ਹੈ, ਜੋ ਕਿ ਗਲਤ ਹੈ। ਮੇਰੇ ਆਧਾਰ ਕਾਰਡ, ਪੈਨ ਕਾਰਡ, ਸਕੂਲ ਸਰਟੀਫਿਕੇਟ ਵਿਚ ਮੇਰਾ ਨਾਂਅ ਅੰਗਰੇਜ਼ੀ ਵਿਚ Harjit Kaur ਹੈ, ਜੋ ਕਿ ਬਿਲਕੁਲ ਸਹੀ ਵਾ ਦਰੁਸਤ ਹੈ। ਮੇਰੀ ਬੇਟੀ ਪੁਨੀਤ ਕੌਰ ਦੇ ਸਕੂਲ ਸਰਟੀਫਿਕੇਟ ਵਿਚ ਮੇਰਾ ਨਾਂਅ Harjit Kaur ਸਹੀ ਕੀਤਾ ਜਾਵੇ।

ਟਿਊਬਵੈੱਲ ਕੁਨੈਕਸ਼ਨ ਖਾਤਾ ਨੰ: XII AP02/1232-X (C.A. No. 3004470737), 12.50 ਬੀ ਐੱਚ ਪੀ, ਜੋ ਕਿ ਰਵਿੰਦਰ ਸਿੰਘ ਉਰਫ ਰਵੀਇੰਦਰ ਸਿੰਘ ਪੁੱਤਰ ਸ੍ਰੀ ਰਣਜੀਤ ਸਿੰਘ ਵਾਸੀ ਪਿੰਡ ਮਨਸੂਰਵਾਲ, ਜ਼ਿਲ੍ਹਾ ਕਪੂਰਥਲਾ ਦੇ ਨਾਂਅ 'ਤੇ ਚੱਲ ਰਿਹਾ ਹੈ। ਇਹ ਕੁਨੈਕਸ਼ਨ ਪਿੰਡ ਸੁਖਾਣੀ, ਜ਼ਿਲ੍ਹਾ ਕਪੂਰਥਲਾ ਵਿਚ ਮੌਜੂਦ ਹੈ। ਇਹ ਕੁਨੈਕਸ਼ਨ ਪਰਮਜੀਤ ਕੌਰ ਜੋਸਨ ਪਤਨੀ ਸ੍ਰੀ ਸੁਰਿੰਦਰ ਸਿੰਘ ਵਾਸੀ ਪਿੰਡ ਸਿੱਧੂਪੁਰ, ਸ਼ਾਹਕੋਟ ਜ਼ਿਲ੍ਹਾ ਜਲੰਧਰ ਨੇ ਆਪਣੇ ਨਾਂਅ 'ਤੇ ਕਰਵਾਉਣ ਲਈ ਦਰਖਾਸਤ ਇਸ ਦਫ਼ਤਰ ਵਿਖੇ ਪੇਸ਼ ਕੀਤੀ ਹੈ। ਇਸ ਸੰਬੰਧੀ ਜੇਕਰ ਕਿਸੇ ਨੂੰ ਕੋਈ ਇਤਰਾਜ਼ ਹੋਵੇ ਤਾਂ ਆਪਣਾ ਇਤਰਾਜ਼ਨਾਮਾ ਇਸ ਨੋਟਿਸ ਦੇ ਜਾਰੀ ਹੋਣ ਤੋਂ 15 ਦਿਨਾਂ ਦੇ ਅੰਦਰ-ਅੰਦਰ ਨਿਮਨਹਸਤਾਖਰਕਰਤਾ ਨੂੰ ਇਸ ਦਫ਼ਤਰ ਵਿਚ ਜਮ੍ਹਾਂ ਕਰਵਾਓ। ਸਹਾਇਕ ਕਾਰਜਕਾਰੀ ਇੰਜੀ. (ਵੰਡ), ਉਪ ਮੰਡਲ ਕਾਲਾ ਸੰਘਿਆਂ।

ਮੈਂ, ਮਹਿੰਦਰ ਕੌਰ ਪਤਨੀ ਪ੍ਰੇਮ ਸਿੰਘ ਵਾਸੀ ਪਿੰਡ ਰੰਗੀਲਪੁਰ, ਡਾਕਖਾਨਾ ਜੈਤੋਂ ਸਰਜਾ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦੀ ਹਾਂ ਕਿ ਮੈਂ ਆਪਣੇ ਪੁੱਤਰ ਮੰਗਲ ਸਿੰਘ ਅਤੇ ਨੂੰਹ ਪਵਨਦੀਪ ਕੌਰ ਨੂੰ ਕਹਿਣੇ ਤੋਂ ਬਾਹਰ ਹੋਣ ਕਾਰਨ ਮਿਤੀ 02-03-2020 ਨੂੰ ਬੇਦਖਲ ਕੀਤਾ ਸੀ। ਹੁਣ ਮੇਰਾ ਲੜਕਾ ਅਤੇ ਮੇਰੀ ਨੂੰਹ ਮੇਰੇ ਕਹਿਣੇ ਵਿੱਚ ਹਨ। ਇਸ ਲਈ ਮੈਂ ਆਪਣੀ ਬੇਦਖਲੀ ਵਾਪਿਸ ਲੈਂਦੀ ਹਾਂ। ਸੰਬੰਧਿਤ ਨੋਟ ਕਰਨ।

ਮੈਂ, ਤਰਸੇਮ ਸਿੰਘ ਪੁੱਤਰ ਜਗੀਰ ਸਿੰਘ ਵਾਸੀ ਪਿੰਡ ਬਾਸਰਕੇ, ਗੁਮਾਨਪੁਰਾ, ਅੰਮ੍ਰਿਤਸਰ, ਪੰਜਾਬ ਸੂਚਿਤ ਕਰਦਾ ਹਾਂ ਕਿ ਮੇਰੀ ਬੇਟੀ ਦੀ ਐੱਲ ਆਈ ਸੀ ਪਾਲਿਸੀ ਨੰ: 473447591 ਵਿਚ ਉਸ ਦਾ ਨਾਂਅ ਗਲਤੀ ਨਾਲ ਸਤਪ੍ਰੀਤ ਕੌਰ ਲਿਖਿਆ ਗਿਆ ਹੈ, ਜਦ ਕਿ ਉਸ ਦਾ ਸਹੀ ਨਾਂਅ ਸੁਪ੍ਰੀਤ ਕੌਰ ਹੈ ਅਤੇ ਮੇਰਾ ਨਾਂਅ ਵੀ ਗਲਤੀ ਨਾਲ Tarsem Singh ਲਿਖਿਆ ਗਿਆ ਹੈ, ਜਦ ਕਿ ਮੇਰਾ ਸਹੀ Tarseam Singh ਨਾਂਅ ਹੈ।

## ਬੇਦਖਲੀ ਨੋਟਿਸ

ਮੈਂ, ਹੁਸਨੈਣ ਪੁੱਤਰ ਮੁਹੰਮਦ ਈਸ਼ਾ ਵਾਸੀ ਅੱਟਾ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ, ਪੰਜਾਬ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅਖਤਰ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਇਸ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਮਹਿੰਦਰ ਸਿੰਘ ਪੁੱਤਰ ਸ੍ਰੀ ਮੇਹਰ ਸਿੰਘ ਵਾਸੀ ਪਿੰਡ ਡੱਲੇਵਾਲ, ਤਹਿਸੀਲ ਫਿਲੌਰ, ਜ਼ਿਲ੍ਹਾ ਜਲੰਧਰ, ਪੰਜਾਬ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਬਿਕਰਮ ਉਰਫ ਵਿੱਕੀ ਵਾ ਮੇਰੀ ਨੂੰਹ ਜਸਵੀਰ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਹ ਆਪਣੇ ਕੀਤੇ ਹੋਏ ਹਰੇਕ ਚੰਗੇ ਮਾੜੇ ਕੰਮ, ਲੈਣ ਦੇਣ ਅਤੇ ਨਫੇ ਨੁਕਸਾਨ ਦੇ ਖੁਦ ਜ਼ਿੰਮੇਵਾਰ ਹੋਣਗੇ। ਮੇਰੀ ਵਾ ਮੇਰੇ ਪਰਿਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਬਲਵੰਤ ਸਿੰਘ, ਪੁੱਤਰ ਝੂੰਮਣ ਸਿੰਘ ਵਾਸੀ ਪਿੰਡ ਡਡਵਿੰਡੀ, ਤਹਿ. ਸੁਲਤਾਨਪੁਰ ਲੋਧੀ, ਜ਼ਿਲ੍ਹਾ ਕਪੂਰਥਲਾ। ਇਹ ਕਿ ਮੇਰਾ ਲੜਕਾ ਰੋਹਨਜੋਤ ਸਿੰਘ ਅਤੇ ਉਸ ਦੀ ਪਤਨੀ ਰੀਨਾ, ਜੋ ਕਿ ਮੇਰੇ ਕਹਿਣੇਕਾਰ 'ਤੋਂ ਬਾਹਰ ਹਨ।ਮੇਰੇ ਅਤੇ ਮੇਰੇ ਪਰਿਵਾਰ ਨਾਲ ਬੁਰਾ ਵਿਹਾਰ ਕਰਦੇ ਹਨ। ਮੈਂ ਉਹਨਾਂ ਨੂੰ ਆਪਣੀ ਚੱਲ-ਅਚੱਲ ਜ਼ਮੀਨ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਉਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਹੀ ਜ਼ਿੰਮੇਵਾਰ ਹੋਵੇਗਾ ਅਤੇ ਮੇਰਾ ਛੋਟਾ ਲੜਕਾ ਪਰਮਵੀਰ ਸਿੰਘ ਅਤੇ ਮੇਰਾ ਪੋਤਾ ਜੋਰਾਵਰ ਸਿੰਘ ਮੇਰੀ ਦੇਖ-ਭਾਲ ਕਰਦੇ ਹਨ, ਉਹ ਮੇਰੀ ਜਾਇਦਾਦ ਦੇ ਮਾਲਕ ਹੋਣਗੇ।

ਮੈਂ, ਕ੍ਰਿਸ਼ਨ ਲਾਲ ਪੁੱਤਰ ਪ੍ਰੀਤਮ ਦਾਸ ਵਾਸੀ ਮਕਾਨ ਨੰਬਰ 16/1282 ਨਵੀਂ ਅਬਾਦੀ ਵੇਰਕਾ, ਤਹਿਸੀਲ ਵਾ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਅਰਜੁਨ ਕੁਮਾਰ (ਕੁਆਰਾ) ਮੇਰੇ ਕਹਿਣੇ ਤੋਂ ਬਾਹਰ ਹੈ ਤੇ ਮੇਰੇ ਨਾਲ ਲੜਾਈ-ਝਗੜਾ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਸ੍ਰੀਮਤੀ ਬਲਵਿੰਦਰ ਕੌਰ ਪਤਨੀ ਲੇਟ ਸੁਖਜਿੰਦਰ ਸਿੰਘ ਵਾਸੀ ਪਿੰਡ ਭੈਣੀ ਪਸਵਾਲ, ਡਾਕਖਾਨਾ ਜਾਗੋਵਾਲ ਬੇਟ, ਤਹਿਸੀਲ/ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਤੇਜਿੰਦਰ ਸਿੰਘ ਅਤੇ ਮੇਰੀ ਨੂੰਹ ਗੁਰਪ੍ਰੀਤ ਕੌਰ ਤੇ ਪੋਤਰਾ ਤੇਗਬੀਰ ਸਿੰਘ ਅਤੇ ਪੋਤਰੀ ਗੁਰਅਸੀਸ ਕੌਰ, ਜੋ ਮੇਰੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਜੋ ਇਹਨਾਂ ਨਾਲ ਲੈਣ-ਦੇਣ ਕਰੇਗਾ ਖੁਦ ਜ਼ਿੰਮੇਵਾਰ ਹੋਵੇਗਾ।

## ਬੇਦਖਲੀ ਨੋਟਿਸ

ਮੈਂ, ਸੰਦੀਪ ਕੁਮਾਰ ਗੁਰੂ ਪੁੱਤਰ ਜੋਗਿੰਦਰ ਪਾਲ ਗੁਰੂ ਵਾਸੀ ਮਕਾਨ ਨੰ. 25 ਪਿੰਡ ਰਾਮਗੜ੍ਹ, ਜ਼ਿਲ੍ਹਾ ਜਲੰਧਰ ਬਿਆਨ ਕਰਦਾ ਹਾ ਕਿ ਮੇਰਾ ਅਤੇ ਮੇਰੇ ਪਰਿਵਾਰ ਦਾ ਮੇਰੇ ਭਰਾ ਪਰਮਿੰਦਰ ਗੁਰੂ ਅਤੇ ਉਸਦੀ ਪਤਨੀ ਤਰੁਨਾ ਨਾਲ ਕੋਈ ਤਲੁਕ ਵਾਸਤਾ ਨਹੀਂ ਹੈ। ਇਹਨਾਂ ਨਾਲ ਲੈਣ ਦੇਣ ਕਰਨ ਵਾਲਾ ਅਤੇ ਵਰਤਾਅ ਕਰਨ ਵਾਲਾ ਖੁਦ ਜੁਮੇਵਾਰ ਹੋਵੇਗਾ। ਇਸ ਸੰਬੰਧੀ ਮੈ ਜਾਂ ਮੇਰਾ ਪਰਿਵਾਰ ਜੁਮੇਵਾਰ ਨਹੀਂ ਹੋਵੇਗਾ। ਸਾਰੇ ਸੰਬੰਧੀ ਨੋਟ ਕਰਨ।

ਮੈਂ, ਮਧੂ ਬਾਲਾ ਪਤਨੀ ਲੇਟ ਸ੍ਰੀ ਰਾਜ ਕੁਮਾਰ ਵਾਸੀ ਮਕਾਨ ਨੰ: 113, ਧੋਗੜੀ ਸੜਕ ਦੇ ਨੇੜੇ, ਨਿਊ ਹਰਗੋਬਿੰਦ ਨਗਰ, ਨੂਰਪੁਰ, ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਦੀਪਕ ਕੁਮਾਰ ਵਾ ਉਸ ਦੀ ਪਤਨੀ ਮਾਲਾ ਕੁਮਾਰੀ ਵਾ ਉਸ ਦਾ ਲੜਕਾ ਕੁਰਹਾਨ ਮੇਰੇ ਕਹਿਣੇ ਤੋਂ ਬਾਹਰ ਹਨ ਤੇ ਸਾਡੇ ਨਾਲ ਲੜਾਈ-ਝਗੜਾ ਅਤੇ ਆਪਣੀ ਮਨਮਰਜ਼ੀ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਅਸੀਂ, ਗੋਪਾਲ ਸਿੰਘ ਪੁੱਤਰ ਪ੍ਰਤਾਪ ਸਿੰਘ ਅਤੇ ਜਗਬੀਰ ਕੌਰ ਪਤਨੀ ਗੋਪਾਲ ਸਿੰਘ ਵਾਸੀ ਮਕਾਨ ਨੰ: 20/671, ਮਜੀਠਾ ਰੋਡ, ਨਹਿਰੂ ਕਾਲੋਨੀ, ਤਹਿ. ਵਾ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੇ ਹਾਂ ਕਿ ਸਾਡਾ ਲੜਕਾ ਹਰਮਨ ਸਿੰਘ (ਕੁਆਰਾ) ਸਾਡੇ ਕਹਿਣੇ ਤੋਂ ਬਾਹਰ ਹੈ ਤੇ ਸਾਡੇ ਨਾਲ ਲੜਾਈ-ਝਗੜਾ ਕਰਦਾ ਹੈ। ਅਸੀਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੇ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਰਾਜਬੀਰ ਕੌਰ ਵਿਧਵਾ ਲਖਬੀਰ ਸਿੰਘ ਵਾਸੀ ਪਿੰਡ ਖਹਿਰਾ, ਖੇੜਾ, ਲੱਧੇਵਾਲ, ਤਹਿਸੀਲ ਅਤੇ ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਸਿਮਰਨਜੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਅਤੇ ਮੈਨੂੰ ਤੰਗ-ਪ੍ਰੇਸ਼ਾਨ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਸਾਡੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਗੁਰਮੀਤ ਸਿੰਘ ਪੁੱਤਰ ਸੋਹਣ ਸਿੰਘ ਵਾਸੀ ਪਿੰਡ ਥਰੀਏਵਾਲ, ਡਾਕਖਾਨਾ ਮਰੜੀ ਕਲਾਂ, ਤਹਿਸੀਲ ਮਜੀਠਾ, ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਹਰਜੇਸ਼ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ, ਮੇਰੇ ਨਾਲ ਲੜਾਈ-ਝਗੜਾ, ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਇਸ ਨਾਲ ਕੋਈ ਤਲੁਕ-ਵਾਸਤਾ ਨਹੀਂ ਹੈ। ਮੇਰੀ ਤੇ ਮੇਰੇ ਪਰਵਾਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਜੋਗਿੰਦਰ ਕੌਰ ਵਿਧਵਾ ਸ੍ਰੀ ਬਸ਼ੀਰ ਮਸੀਹ ਵਾਸੀ ਮਕਾਨ ਨੰ: 951, ਐੱਫ. ਜੀ. ਸੀ. ਰੋਡ, ਸੰਜੇ ਗਾਂਧੀ ਕਾਲੋਨੀ, ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਮੇਜਰ ਅਤੇ ਉਸ ਦੀ ਪਤਨੀ ਰਾਜ ਮੇਰੇ ਕਹਿਣੇ ਵਿਚ ਨਹੀਂ ਹਨ। ਇਸ ਲਈ ਮੈਂ ਆਪਣੇ ਲੜਕੇ ਮੇਜਰ ਅਤੇ ਨੂੰਹ ਰਾਜ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਜੇਕਰ ਕੋਈ ਵੀ ਵਿਅਕਤੀ ਇਨ੍ਹਾਂ ਨਾਲ ਲੈਣ-ਦੇਣ ਕਰੇਗਾ ਤਾਂ ਉਹ ਇਸ ਦਾ ਆਪ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ।

ਮੈਂ, ਕਸ਼ਮੀਰ ਕੌਰ ਪਤਨੀ ਲਾਲ ਸਿੰਘ ਵਾਸੀ 6943-ਬੀ, ਵਰਿਆਮ ਸਿੰਘ ਕਾਲੋਨੀ, ਅੰਮ੍ਰਿਤਸਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਸਤਨਾਮ ਸਿੰਘ ਅਤੇ ਇਸ ਦੀ ਪਤਨੀ ਵੀਨਾ ਅਤੇ ਇਨ੍ਹਾਂ ਦਾ ਬੱਚਾ ਰਘੂ ਮੇਰੇ ਕਹਿਣੇ ਤੋਂ ਬਾਹਰ ਹਨ ਅਤੇ ਮੇਰੇ ਨਾਲ ਲੜਾਈ-ਝਗੜਾ ਕਰਦੇ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਗੁਰਮੀਤ ਸਿੰਘ ਪੁੱਤਰ ਨੱਥਾ ਸਿੰਘ ਵਾਸੀ ਪਿੰਡ ਰਾਣੀਪੁਰ ਰਾਜਪੂਤਾਂ, ਤਹਿਸੀਲ ਫਗਵਾੜਾ, ਜ਼ਿਲ੍ਹਾ ਕਪੂਰਥਲਾ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਸੁਰਜੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ ਤੇ ਸਾਡੇ ਨਾਲ ਲੜਾਈ-ਝਗੜਾ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਇਸ ਨਾਲ ਕੋਈ ਤਲੁਕ-ਵਾਸਤਾ ਨਹੀਂ ਹੈ। ਸੰਬੰਧਤ ਨੋਟ ਕਰਨ।

ਮੈਂ, ਸਤਨਾਮ ਸਿੰਘ ਪੁੱਤਰ ਕੁੰਨਣ ਸਿੰਘ ਵਾਸੀ ਭੰਗਵਾਂ, ਤਹਿਸੀਲ ਮਜੀਠਾ, ਜ਼ਿਲ੍ਹਾ ਅੰਮ੍ਰਿਤਸਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਹਰਪ੍ਰੀਤ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਚਰਨਜੀਤ ਕੌਰ ਪੁੱਤਰੀ ਪ੍ਰੀਤਮ ਸਿੰਘ ਵਾਸੀ ਵਾਰਡ ਨੰ: 28, ਕੋਠੇ ਪੱਤੀ ਮੁਹੱਬਤ ਕੀ, ਮੋਗਾ, ਤਹਿਸੀਲ ਤੇ ਜ਼ਿਲ੍ਹਾ ਮੋਗਾ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਅਰਸ਼ਦੀਪ ਸਿੰਘ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਤ ਨੋਟ ਕਰਨ।

ਮੈਂ, ਆਸ਼ਾ ਰਾਣੀ ਪਤਨੀ ਪਵਨ ਕੁਮਾਰ ਵਾਸੀ ਮਕਾਨ ਨੰਬਰ ਸੀ-255, ਸ਼ਿਵ ਇਨਕਲੇਵ, ਨੇੜੇ ਸ੍ਰੀ ਨਾਥ ਮਾਰਬਲ ਰਹਿਮਾਨਪੁਰ, ਪਿੰਡ ਕੁੱਕੜ, ਤਹਿਸੀਲ ਵਾ ਜ਼ਿਲ੍ਹਾ ਜਲੰਧਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਦੀਪਕ ਕੁਮਾਰ, ਉਸ ਦੀ ਪਤਨੀ ਵਨੀਤਾ ਤੇ ਉਨ੍ਹਾਂ ਦਾ ਲੜਕਾ ਕਵਿਸ਼ ਸਭਰਵਾਲ ਮੇਰੇ ਮੇਰੇ ਕਹਿਣੇ ਤੋਂ ਬਾਹਰ ਹਨ , ਮੇਰੇ ਨਾਲ ਮਾੜਾ ਵਤੀਰਾ ਕਰਦੇ ਹਨ । ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ ਭੂਸ਼ਣ ਕੁਮਾਰ ਢੰਡ ਪੁੱਤਰ ਉਗਰ ਸੈਨ ਵਾਸੀ ਰਵਾਰੀਆ ਮੁਹੱਲਾ ਧਨੌਲਾ, ਤਹਿਸੀਲ ਤੇ ਜ਼ਿਲ੍ਹਾ ਬਰਨਾਲਾ ਨੇ ਆਪਣਾ ਵਿਆਹੁਤਾ ਪੁੱਤਰ ਅਮਨਦੀਪ ਢੰਡ ਜੋ ਕਿ ਬੁਰੀ ਸੰਗਤ ਵਿਚ ਪੈਣ ਨਾਲ ਮੇਰੇ ਕਹਿਣੇ ਤੋਂ ਬਾਹਰ ਹੋਣ ਕਰਕੇ ਮੈਂ ਆਪਣੀ ਚੱਲ-ਅੱਚਲ ਜਾਇਦਾਦ ਵਿੱਚੋਂ ਬੇਦਖਲ ਕਰਦਾ ਹਾਂ।ਉਸ ਨਾਲ ਲੈਣ-ਦੇਣ ਕਰਨ ਵਾਲਾ ਵਿਅਕਤੀ ਨਫੇ-ਨੁਕਸਾਨ ਦਾ ਖੁਦ ਜਿੰਮੇਵਾਰ ਹੋਵੇਗਾ।ਸੰਬੰਧਤ ਨੋਟ ਕਰਨ।

ਮੈਂ, ਨਰੇਸ਼ ਕੁਮਾਰ ਪੁੱਤਰ ਰਾਮ ਸਰੂਪ ਵਾਸੀ ਪਿੰਡ ਬਸੀ ਵਜੀਦ, ਤਹਿਸੀਲ ਅਤੇ ਜ਼ਿਲ੍ਹਾ ਹੁਸ਼ਿਆਰਪੁਰ ਬਿਆਨ ਕਰਦਾ ਹਾਂ ਕਿ ਮੇਰਾ ਲੜਕਾ ਰਾਹੁਲ ਕੁਮਾਰ ਅਤੇ ਮੇਰੀ ਨੂੰਹ ਨੀਲਮ ਕੁਮਾਰੀ ਪਤਨੀ ਰਾਹੁਲ ਕੁਮਾਰ ਮੇਰੇ ਕਹਿਣੇ ਤੋਂ ਬਾਹਰ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਜਾਂ ਮੇਰੇ ਪਰਿਵਾਰਕ ਕਿਸੇ ਵੀ ਮੈਂਬਰ ਦੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ। ਸੰਬੰਧਿਤ ਨੋਟ ਕਰਨ।

ਮੈਂ, ਸਤਨਾਮ ਸਿੰਘ ਪੁੱਤਰ ਦਰਬਾਰਾ ਸਿੰਘ ਵਾਸੀ ਪਿੰਡ ਅੱਡਾ ਝਬਾਲ, ਤਹਿਸੀਲ ਤੇ ਜ਼ਿਲ੍ਹਾ ਤਰਨ ਤਾਰਨ ਬਿਆਨ ਕਰਦਾ ਹਾਂ ਕਿ ਮੇਰੀ ਲੜਕੀ ਰਵਜੋਤ ਕੌਰ ਮੇਰੇ ਕਹਿਣੇ ਤੋਂ ਬਾਹਰ ਹੈ। ਮੈਂ ਇਸ ਨੂੰ ਆਪਣੀ ਚੱਲ-ਅਚੱਲ ਜਾਇਦਾਦ ਵਿਚੋਂ ਬੇਦਖਲ ਕਰਦਾ ਹਾਂ। ਇਸ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰੀ ਕੋਈ ਜ਼ਿੰਮੇਵਾਰੀ ਨਹੀਂ ਹੋਵੇਗੀ।

ਮੈਂ, ਰਾਣੀ ਪਤਨੀ ਅਮਰੀਕ ਮਸੀਹ ਵਾਸੀ ਪਿੰਡ ਸ਼ਾਮਪੁਰ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਪਰਮਜੀਤ ਜੋ ਕਿ ਵਿਦੇਸ਼ ਵਿੱਚ ਦੁਬਈ ਵਿੱਚ ਰਹਿੰਦਾ ਹੈ ਅਤੇ ਨੂੰਹ ਪੂਜਾ ਪਤਨੀ ਪਰਮਜੀਤ ਜੋ ਕਿ ਮੈਨੂੰ ਤੰਗ ਪਰੇਸ਼ਾਨ ਕਰਦੀ ਹੈ ਅਤੇ ਮੇਰੇ ਕਹਿਣੇ ਤੋਂ ਬਾਹਰ ਹੈ। ਇਸ ਲਈ ਮੈਂ ਆਪਣੇ ਲੜਕੇ ਅਤੇ ਨੂੰਹ ਨੂੰ ਆਪਣੀ ਤਮਾਮ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰਦੀ ਹਾਂ। ਇਨ੍ਹਾਂ ਨਾਲ ਲੈਣ ਦੇਣ ਕਰਨ ਵਾਲਾ ਆਪਣੇ ਨਫੇ ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਿਤ ਨੋਟ ਕਰਨ।

## PUBLIC NOTICE

I, Kulwinder Kaur W/o Kuldeep Singh R/o Balachaur Adarsh Nagar, Near Bhadhi Road, District SBS Nagar, hereby declare that I and family members shall not be held responsible for any kind of act,deed and things done by my father Amarjit Singh with any one else.

I, Mani Singh S/o Amarjit Singh R/o H. No. 26, Street No. 2, Baldev Nagar, Near Kishanpura, Jalandhar hereby declare that I and family members shall not be held responsible for any kind of act, deed and things done by my father Amarjit Singh with any one else.

I, Jobanpreet Singh S/o Jagtar Singh R/o Village Halla, Tehsil/Distt. Gurdaspur, PIN-143521, Punjab, India, declare that my given name as Jobanpreet and my surname as Singh.

We, Amresh Kumar S/o Mishri Lal and Nirmala W/o Amresh Kumar, both R/o H.No. 5, Muhalla Guru Ram Das Nagar, Jalandhar, Punjab declare that our daughter Anjali is out of our control. We disinherit her from our moveable and immovable properties. We and our family shall not be held responsible for any of her acts, deeds and things. All please note.

## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਐੱਨ ਆਈ ਏ ਦੀ ਟੀਮ ਵੱਲੋਂ ਸ਼ਾਹਪੁਰ ਜਾਜਨ ਤੇ ਨਿਕੋਸਰਾਂ 'ਚ ਰੇਡ

### ਪੰਜ ਤੋਂ ਛੇ ਘੰਟੇ ਚੱਲੀ ਪੁਛਗਿੱਛ, ਘਰ 'ਚ ਚੱਪੇ-ਚੱਪੇ ਦੀ ਲਈ ਤਲਾਸ਼ੀ



ਡੇਰਾ ਬਾਬਾ ਨਾਨਕ (ਰਮੇਸ਼ ਸ਼ਰਮਾ)-ਕੇਂਦਰੀ ਜਾਂਚ ਏਜੰਸੀ (ਐੱਨਆਈਏ) ਟੀਮ ਵੱਲੋਂ ਸਵੇਰੇ ਤੜਕਸਾਰ ਅੰਮ੍ਰਿਤਸਰ ਗੁਰਦਾਸਪੁਰ ਵਿੱਚ 19 ਥਾਵਾਂ ਉਤੇ ਇਕੱਠਿਆਂ ਰੇਡ ਕੀਤੀ ਗਈ ਜਿਸ ਦੇ ਤਹਿਤ ਹਲਕਾ ਡੇਰਾ ਬਾਬਾ ਨਾਨਕ ਦੇ ਪਿੰਡ ਸ਼ਾਹਪੁਰ ਜਾਜਨ ਅਤੇ ਪਿੰਡ ਨਿਕੋਸਰਾਂ ਦੇ ਵਿੱਚ ਭਾਰੀ ਪੁਲਸ ਬਲ ਸਮੇਤ ਰੇਡ ਕੀਤੀ ਗਈ।ਇਸ ਮੌਕੇ ਐੱਨਆਈਏ ਦੇ ਅਧਿਕਾਰੀਆਂ ਵੱਲੋਂ ਪਿੰਡ ਸ਼ਾਹਪੁਰ ਜਾਜਨ ਦੇ ਨੌਜਵਾਨ ਰਾਹੁਲ ਕੁਮਾਰ ਪੁੱਤਰ ਮਿੰਟੂ ਅਤੇ ਪਿੰਡ ਨਿਕੋਸਰਾਂ ਦੇ ਬਲਰਾਜ ਸਿੰਘ ਉਰਫ ਹੈਪੀ ਪੁੱਤਰ ਬਲਜਿੰਦਰ ਸਿੰਘ ਦੇ ਘਰ ਕਰੀਬ ਪੰਜ ਤੋਂ ਛੇ ਘੰਟੇ ਤਲਾਸ਼ੀ ਲਈ ਗਈ ਤੇ ਉਥੇ ਹੀ ਰਾਹੁਲ ਕੁਮਾਰ ਕੋਲੋਂ ਲੰਬਾ ਸਮਾਂ ਪੁੱਛਗਿੱਛ ਕਰਨ ਦੇ ਨਾਲ ਉਸ ਦਾ ਮੋਬਾਇਲ ਵੀ ਖੰਗਾਲਿਆ ਗਿਆ।ਇਸ ਮੌਕੇ ਜਦ ਮੀਡੀਆ ਕਰਮੀਆਂ ਨੇ ਐੱਨਆਈਏ ਦੇ ਅਧਿਕਾਰੀਆਂ ਨਾਲ ਗੱਲਬਾਤ ਕਰਨੀ ਚਾਹੀ ਤਾਂ ਉਨ੍ਹਾਂ ਨੇ ਮੀਡੀਆ ਤੋਂ ਦੂਰੀ ਬਣਾਈ ਰੱਖੀ ਪਰ ਜਾਂਦੇ ਹੋਏ ਰਾਹੁਲ ਕੁਮਾਰ ਨੂੰ ਇੱਕ ਸੰਮਨ ਦਿੱਤਾ ਗਿਆ ਹੈ ਤੇ ਕੱਲ ਨੂੰ ਉਸ ਨੂੰ ਮੁੜ ਅੰਮ੍ਰਿਤਸਰ ਵਿਖੇ ਪੁਛਗਿੱਛ ਲਈ ਬੁਲਾਇਆ ਗਿਆ ਹੈ ਤੇ ਉਥੇ ਹੀ ਬਲਰਾਜ ਸਿੰਘ ਉਰਫ ਹੈਪੀ ਨਿਕੋਸਰਾਂ ਦੇ ਘਰ ਵਿੱਚ ਵੀ ਐੱਨਆਈਏ ਦੇ ਅਧਿਕਾਰੀਆਂ ਨੇ ਲੰਬਾ ਸਮਾਂ ਪੁੱਛਗਿੱਛ ਕੀਤੀ ਅਤੇ ਘਰ ਵਿੱਚ ਪਏ ਸਾਮਾਨ ਦੀ ਫੋਲਾ ਫਰਾਲੀ ਕੀਤੀ। ਉਸ ਦਾ ਮੋਬਾਇਲ ਕਬਜ਼ੇ ਵਿੱਚ ਲੈ ਕੇ ਉਸ ਨੂੰ 12 ਅਗਸਤ ਨੂੰ ਚੰਡੀਗੜ੍ਹ ਵਿਖੇ ਜਾਂਚ ਲਈ ਬੁਲਾਇਆ ਗਿਆ ਹੈ।ਰਾਹੁਲ ਕੁਮਾਰ ਅਤੇ ਉਸ ਦੀ ਮਾਤਾ ਸੁਸ਼ਮਾ ਨੇ ਦੱਸਿਆ ਕਿ ਅੱਜ ਸਵੇਰੇ ਤੜਕਸਾਰ ਐੱਨਆਈਏ ਦੀ ਟੀਮ ਨੇ ਸਾਡੇ ਘਰ ਰੇਡ ਕੀਤੀ।ਘਰ ਵਿੱਚੋਂ ਕੋਈ ਵੀ ਇਤਰਾਜ਼ਯੋਗ ਚੀਜ਼ ਨਹੀਂ ਮਿਲੀ। ਰਾਹੁਲ ਕੁਮਾਰ ਕੋਲੋਂ ਲੰਬਾ ਸਮਾਂ ਪੁੱਛਗਿੱਛ ਕੀਤੀ, ਉਸ ਦਾ ਮੋਬਾਇਲ ਨਾਲ ਲੈ ਕੇ ਗਏ ਹਨ ਤੇ ਕੱਲ ਨੂੰ ਅੰਮ੍ਰਿਤਸਰ ਵਿਖੇ ਮੁੜ ਪੁਛਗਿੱਛ ਲਈ ਬੁਲਾਇਆ ਗਿਆ ਹੈ।ਬਲਰਾਜ ਸਿੰਘ ਉਰਫ ਹੈਪੀ ਅਤੇ ਉਸਦੀ ਮਾਤਾ ਸੁਖਵਿੰਦਰ ਕੌਰ ਨੇ ਦੱਸਿਆ ਕਿ ਉਨ੍ਹਾਂ ਦੇ ਘਰ ਦੀ ਵੀ ਅਧਿਕਾਰੀਆਂ ਨੇ ਚੰਗੀ ਤਰ੍ਹਾਂ ਛਾਣਬੀਣ ਕੀਤੀ ਹੈ। ਬਲਰਾਜ ਸਿੰਘ ਦਾ ਮੋਬਾਇਲ ਫੋਨ ਵੀ ਉਨ੍ਹਾਂ ਕਬਜ਼ੇ ਵਿੱਚ ਲਿਆ ਹੈ। ਇਸ ਮੌਕੇ ਰਾਹੁਲ ਕੁਮਾਰ ਅਤੇ ਬਲਰਾਜ ਸਿੰਘ ਤੇ ਉਸਦੇ ਪਰਿਵਾਰਕ ਮੈਂਬਰਾਂ ਨੇ ਕਿਹਾ ਕਿ ਉਨ੍ਹਾਂ ਦਾ ਕਿਸੇ ਵੀ ਗਲਤ ਗਤੀਵਿਧੀ ਨਾਲ ਕੋਈ ਵੀ ਵਾਹ ਵਾਸਤਾ ਨਹੀਂ ਪਰ ਫਿਰ ਵੀ ਜਦੋਂ ਕੋਈ ਜਾਂਚ ਏਜੰਸੀ ਉਨ੍ਹਾਂ ਨੂੰ ਬੁਲਾਵੇਗੀ, ਉਹ ਜਾਂਚ ਵਿੱਚ ਪੂਰਾ ਸਹਿਯੋਗ ਦੇਣਗੇ।

# ਲਾਰੈਂਸ ਬਿਸ਼ਨੋਈ ਗੈਂਗ ਦੇ 2 ਗੁਰਗੇ ਪੁਲਸ ਮੁਕਾਬਲੇ ਬਾਅਦ ਕਾਬੂ



ਡੇਰਾਬੱਸੀ, (ਵਿਨੈ ਕੁਮਾਰ ਜੈਨ)-ਮੁੱਖ ਮੰਤਰੀ ਭਗਵੰਤ ਸਿੰਘ ਮਾਨ, ਡੀ.ਜੀ.ਪੀ. ਗੌਰਵ ਯਾਦਵ ਤੇ ਡੀ.ਆਈ.ਜੀ. ਰੋਪੜ ਰੇਂਜ ਹਰਚਰਨ ਸਿੰਘ ਭੁੱਲਰ ਦੇ ਨਿਰਦੇਸ਼ਾਂ 'ਤੇ ਸ਼ੁਰੂ ਕੀਤੀ ਗਈ ਸੰਗਠਿਤ ਅਪਰਾਧ ਅਤੇ ਗ਼ਿਆਨਕ ਅਤੇ ਲੋੜੀਂਦੇ ਅਪਰਾਧੀਆਂ ਵਿਰੁੱਧ ਚੱਲ ਰਹੀ ਮੁਹਿੰਮ ਦੌਰਾਨ, ਐੱਸ ਏ ਐੱਸ. ਨਗਰ ਪੁਲਸ ਨੇ ਐਂਟੀ-ਗੈਂਗਸਟਰ ਟਾਸਕ ਫੋਰਸ, ਪੰਜਾਬ ਨਾਲ ਸਾਂਝੇ ਆਪ੍ਰੇਸ਼ਨ 'ਚ ਡੇਰਾਬੱਸੀ ਵਿੱਚ ਗੁਲਾਬਗੜ੍ਹ ਰੋਡ 'ਤੇ ਇੱਕ ਸੰਖੇਪ ਮੁਕਾਬਲੇ ਤੋਂ ਬਾਅਦ ਲਾਰੈਂਸ ਬਿਸ਼ਨੋਈ ਗੈਂਗ ਦੇ ਦੋ ਕਾਰਕੁਨਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਹ ਜਾਣਕਾਰੀ ਐੱਸ ਏ ਐੱਸ ਨਗਰ ਦੇ ਐੱਸ ਐੱਸ ਪੀ ਹਰਮਨਦੀਪ ਸਿੰਘ ਹੰਸ ਨੇ ਦਿੱਤੀ। ਐੱਸ ਐੱਸ ਪੀ ਐੱਸ ਏ ਐੱਸ ਨਗਰ ਨੇ ਕਿਹਾ ਕਿ ਗ੍ਰਿਫ਼ਤਾਰ ਕੀਤੇ ਗਏ ਦੋਵੇ ਦੋਸ਼ੀਆਂ ਦੀ ਪਛਾਣ ਰਾਜਸਥਾਨ ਦੇ ਜ਼ਿਲ੍ਹਾ ਹਨੂੰਮਾਨਗੜ੍ਹ ਦੇ ਪਿੰਡ ਲੱਖਾਸਰ ਦੇ ਰਹਿਣ ਵਾਲੇ ਸੁਮਿਤ ਬਿਸ਼ਨੋਈ ਅਤੇ ਰਾਜਸਥਾਨ ਦੇ ਜ਼ਿਲ੍ਹਾ ਸੋਨੀਪਤ ਦੇ ਪਿੰਡ ਸਾਰਾਗਥਲ ਦੇ ਰਹਿਣ ਵਾਲੇ ਪੰਕਜ ਮਲਿਕ ਵਜੋਂ ਹੋਈ ਹੈ।18 ਮਈ 2025 ਨੂੰ ਰਾਜਸਥਾਨ ਦੇ ਹਨੂੰਮਾਨਗੜ੍ਹ ਜ਼ਿਲ੍ਹੇ ਦੇ ਪਿੰਡ ਲੱਖਾਸਰ ਵਿਖੇ ਮਹਾਂਵੀਰ ਸਿਹਾਗ ਦੇ ਸਨਸਨੀਖੇਜ਼ ਕਤਲ ਵਿੱਚ ਦੋਸ਼ੀ ਸੁਮਿਤ ਬਿਸ਼ਨੋਈ ਨੂੰ ਲੋੜੀਂਦਾ ਘੋਸ਼ਿਤ ਕੀਤਾ ਗਿਆ ਸੀ। ਇਸ ਸਬੰਧ 'ਚ ਐੱਫ ਆਈ ਥਾਣਾ ਗੋਲੂ ਵਾਲਾ ਜ਼ਿਲ੍ਹਾ ਹਨੂੰਮਾਨਗੜ੍ਹ ਵਿਖੇ ਦਰਜ ਕੀਤੀ ਗਈ ਸੀ ਅਤੇ ਇੰਸਪੈਕਟਰ ਜਨਰਲ (ਆਈ ਜੀ) ਬੀਕਾਨੇਰ ਰੇਂਜ ਨੇ ਉਸ ਦੀ ਗ੍ਰਿਫ਼ਤਾਰੀ ਲਈ ਜਾਣਕਾਰੀ ਦੇਣ ਵਾਲੇ ਨੂੰ 50,000 ਰੁਪਏ ਦੇ ਇਨਾਮ ਦਾ ਐਲਾਨ ਵੀ ਕੀਤਾ ਸੀ। ਸੂਚਨਾ ਮਿਲਣ 'ਤੇ ਕਾਰਵਾਈ ਕਰਦੇ ਹੋਏ ਪੰਜਾਬ ਅਤੇ ਐੱਸ ਏ ਐੱਸ ਨਗਰ ਪੁਲਸ ਦੀਆਂ ਸਾਂਝੀਆਂ ਟੀਮਾਂ ਨੇ ਉਸ ਨੂੰ ਉਸਦੇ ਸਾਥੀ ਪੰਕਜ ਸਮੇਤ ਗੁਲਾਬਗੜ੍ਹ ਰੋਡ, ਡੇਰਾਬੱਸੀ 'ਤੇ ਸਥਿਤ ਇੱਕ ਪੀ ਜੀ ਵਿੱਚ ਲੱਭ ਲਿਆ। ਜਦੋਂ ਟੀਮ ਨੇ ਦੋਸ਼ੀ ਨੂੰ ਫੜਨ ਦੀ ਕੋਸ਼ਿਸ਼ ਕੀਤੀ ਤਾਂ ਉਸਨੇ ਗੋਲੀਬਾਰੀ ਕਰ ਦਿੱਤੀ। ਜਵਾਬੀ ਗੋਲੀਬਾਰੀ ਵਿੱਚ, ਸੁਮਿਤ ਦੀ ਖੱਬੀ ਲੱਤ ਵਿੱਚ ਸੱਟ ਲੱਗ ਗਈ। ਐੱਸ ਐੱਸ ਪੀ ਨੇ ਕਿਹਾ ਕਿ ਦੋਸ਼ੀ ਤੋਂ ਇੱਕ 32 ਬੋਰ ਦਾ ਪਿਸਤੌਲ ਅਤੇ ਚਾਰ ਜ਼ਿੰਦਾ ਕਾਰਤੂਸ ਵੀ ਬਰਾਮਦ ਕੀਤੇ ਗਏ ਹਨ। ਐੱਸ ਐੱਸ ਪੀ ਨੇ ਅੱਗੇ ਕਿਹਾ ਕਿ ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਵਿਦੇਸ਼ੀ ਗੈਂਗਸਟਰ ਆਰਜ਼ੂ ਬਿਸ਼ਨੋਈ ਮੁਲਜ਼ਮਾਂ ਨੂੰ ਸੰਭਾਲ ਰਿਹਾ ਸੀ। ਆਰਜ਼ੂ ਦੇ ਨਿਰਦੇਸ਼ਾਂ 'ਤੇ, ਸੁਮਿਤ ਮਹਾਵੀਰ ਸਿਹਾਗ ਦੇ ਕਤਲ 'ਚ ਇੱਕ ਸ਼ੂਟਰ ਵਜੋਂ ਸ਼ਾਮਲ ਸੀ ਜਦੋਂ ਕਿ ਪੰਕਜ ਉਨ੍ਹਾਂ ਲਈ ਲੌਜਿਸਟਿਕਸ ਲੈ ਰਿਹਾ ਸੀ। ਉਹ ਪਿਛਲੇ ਕੁਝ ਦਿਨਾਂ ਤੋਂ ਪੀ ਜੀ ਵਿੱਚ ਵਿਸ਼ਾਲ ਦੀ ਇੱਕ ਜਾਅਲੀ ਆਈ ਡੀ 'ਤੇ ਰਹਿ ਰਹੇ ਸਨ। ਜ਼ਖ਼ਮੀ ਮੁਲਜ਼ਮ ਨੂੰ ਇਲਾਜ ਲਈ ਸਿਵਲ ਹਸਪਤਾਲ ਭੇਜ ਦਿੱਤਾ ਗਿਆ ਹੈ, ਹੋਰ ਜਾਂਚ ਜਾਰੀ ਹੈ।

# ਚੀਮਾ ਭਾਜਪਾ ਦੇ ਦੂਜੀ ਵਾਰ ਜ਼ਿਲ੍ਹਾ ਲੁਧਿਆਣਾ ਦੇ ਪ੍ਰਧਾਨ ਬਣੇ



ਦੋਰਾਹਾ (ਹਰਮਿੰਦਰ ਸੇਠ)-ਭਾਜਪਾ ਦੀ ਜ਼ਿਲ੍ਹਾ ਖੰਨਾ ਦੀ ਵਿਸ਼ੇਸ਼ ਮੀਟਿੰਗ ਹੋਈ, ਜਿਸ ਵਿੱਚ ਪੰਜਾਬ ਭਾਜਪਾ ਦੀ ਲੀਡਰਸ਼ਿਪ ਬਿਕਰਮਜੀਤ ਸਿੰਘ ਚੀਮਾ ਉਪ ਪ੍ਰਧਾਨ, ਸ੍ਰੀ ਜਤਿੰਦਰ ਮਿੱਤਲ ਉਪ ਪ੍ਰਧਾਨ, ਕਰਨਲ ਜੈਬੰਸ ਸਿੰਘ ਤੇ ਸਮੁੱਚੀ ਜ਼ਿਲ੍ਹਾ ਖੰਨਾ ਦੀ ਬੇ.ਜੇ.ਪੀ ਲੀਡਰਸ਼ਿਪ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਸਟੇਜ ਸੈਕਟਰੀ ਦੀ ਭੂਮਿਕਾ ਸੀਨੀਅਰ ਆਗੂ ਡਾ. ਆਸ਼ੀਸ਼ ਸੂਦ ਵੱਲੋਂ ਨਿਭਾਈ ਗਈ। ਵਿਸ਼ੇਸ਼ ਮੀਟਿੰਗ ਪਾਰਟੀ ਦੇ ਜ਼ਿਲ੍ਹਾ ਲੁਧਿਆਣਾ ਦੇ ਪ੍ਰਧਾਨ ਦਾ ਫ਼ੈਸਲਾ ਪੂਰੇ ਲੋਕਤੰਤਰਿਕ ਪ੍ਰਕਿਰਿਆ ਤੇ ਸਮੁੱਚੀ ਭਾਜਪਾ ਲੀਡਰਸ਼ਿਪ ਦੀ ਸਰਬਸੰਮਤੀ ਨਾਲ ਮੌਕੇ ਦੇ ਚੋਣ ਅਧਿਕਾਰੀ ਤੇ ਪਾਰਟੀ ਦੇ ਮੀਤ ਪ੍ਰਧਾਨ ਸ੍ਰੀ ਜਤਿੰਦਰ ਮਿੱਤਲ ਨੇ ਜ਼ਿਲ੍ਹਾ ਲੁਧਿਆਣਾ ਪ੍ਰਧਾਨਗੀ ਲਈ ਨਵੇਂ ਚੁਣੇ ਗਏ ਪ੍ਰਧਾਨ ਪ੍ਰੋ. ਭੁਪਿੰਦਰ ਸਿੰਘ ਚੀਮਾ ਦਾ ਨਾਂਅ ਮੀਟਿੰਗ ਦੇ ਭਰੇ ਹੋਏ ਹਾਲ ਵਿੱਚ ਸੰਬੋਧਤ ਕੀਤਾ। ਪਾਰਟੀ ਦੇ ਮੁੱਖ ਬੁਲਾਰੇ ਕਰਨਲ ਜੈ ਬੰਸ ਸਿੰਘ ਨੇ ਪਾਰਟੀ ਦੁਆਰਾ ਚੁਣੇ ਗਏ ਡੈਲੀਗੇਟਾਂ ਦੁਆਰਾ ਪ੍ਰਧਾਨ ਨੂੰ ਜੀ ਆਇਆਂ ਨੂੰ ਕਿਹਾ। ਪਾਰਟੀ ਦੇ ਪੰਜਾਬ ਦੇ ਮੀਤ ਪ੍ਰਧਾਨ ਬਿਕਰਮਜੀਤ ਸਿੰਘ ਚੀਮਾ ਨੇ ਸਮੁੱਚੀ ਭਾਜਪਾ ਲੀਡਰਸ਼ਿਪ ਦਾ ਧੰਨਵਾਦ ਕੀਤਾ। ਮੀਟਿੰਗ 'ਚ ਜ਼ਿਲ੍ਹਾ ਪ੍ਰਧਾਨ ਬਲਾਕ ਪ੍ਰਧਾਨ ਵੱਖ-ਵੱਖ ਮੰਡਲ ਪ੍ਰਧਾਨ ਯੁਵਾ ਮੋਰਚਾ ਐਸ ਸੀ ਵਿੰਗ ਓ.ਬੀ.ਸੀ ਵਿੰਗ ਕਿਸਾਨ ਮੋਰਚਾ ਵਿੰਗ ਤੋਂ ਬੀ.ਸੀ. ਸੈਲ ਦੇ ਆਗੂ ਮੌਜੂਦ ਰਹੇ। ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਨੂੰ ਇੱਕ ਬਦਲ ਵਜੋਂ ਵੇਖ ਰਹੇ ਹਨ।ਪੰਜਾਬ ਦੇ ਲੋਕਾਂ ਦਾ ਆਮ ਆਦਮੀ ਪਾਰਟੀ ਤੇ ਕਾਂਗਰਸ ਤੋਂ ਵਿਸ਼ਵਾਸ ਉੱਠ ਗਿਆ ਹੈ ਅਤੇ ਉਨ੍ਹਾਂ ਨੂੰ ਅਹਿਸਾਸ ਹੋ ਗਿਆ ਹੈ ਕਿ ਜੇਕਰ ਪੰਜਾਬ ਨੂੰ ਤਰੱਕੀ ਦੇ ਰਾਹ 'ਤੇ ਲਿਆਉਣਾ ਹੈ, ਤਾਂ ਪੰਜਾਬ ਵਿੱਚ ਭਾਜਪਾ ਨੂੰ ਸੱਤਾ ਵਿੱਚ ਲਿਆਉਣਾ ਪਵੇਗਾ।

# ਭਾਰਤ-ਅਮਰੀਕਾ ਵਪਾਰ ਵਾਰਤਾ ਖਿਲਾਫ ਵਿਸ਼ਾਲ ਇਕੱਤਰਤਾ



ਬੁਢਲਾਡਾ (ਅਸ਼ੋਕ ਲਾਕੜਾ)-ਲੋਕ ਮੋਰਚਾ ਪੰਜਾਬ ਵੱਲੋਂ ਬੁਢਲਾਡਾ ਵਿਖੇ ਭਾਰਤ-ਅਮਰੀਕਾ ਵਪਾਰਕ ਵਾਰਤਾ ਖਿਲਾਫ ਇਕੱਤਰਤਾ ਕੀਤੀ ਗਈ, ਜਿਸ 'ਚ ਕੇਂਦਰੀ ਸਰਕਾਰ ਵੱਲੋਂ ਦੇਸ਼ ਤੇ ਲੋਕਾਂ ਦੇ ਹਿੱਤਾਂ ਨੂੰ ਦਾਅ 'ਤੇ ਲਾ ਕੇ ਕੀਤੀ ਜਾ ਰਹੀ ਇਸ ਵਾਰਤਾ ਨੂੰ ਰੱਦ ਕਰਾਉਣ ਲਈ ਆਵਾਜ਼ ਉਠਾਉਣ ਦਾ ਸੱਦਾ ਦਿੱਤਾ ਗਿਆ। ਇਸ ਮੀਟਿੰਗ 'ਚ ਸੰਘਰਸ਼ਸ਼ੀਲ ਕਿਸਾਨਾਂ ਤੇ ਨੌਜਵਾਨਾਂ ਨੇ ਭਾਗ ਲਿਆ। ਜੋਗਿੰਦਰ ਦਿਆਲਪੁਰਾ, ਜਰਨੈਲ ਸਿੰਘ, ਮੇਜਰ ਸਿੰਘ, ਕਰਨੈਲ ਸਿੰਘ ਬੁਰਜ, ਲਾਲੀ ਭਾਦੜਾ ਨੇ ਸਰਗਰਮ ਹਿੱਸਾ ਪਾਇਆ। ਇਕੱਤਰਤਾ ਨੂੰ ਸੰਬੋਧਨ ਕਰਦਿਆਂ ਲੋਕ ਮੋਰਚਾ ਪੰਜਾਬ ਦੇ ਸੂਬਾ ਸਕੱਤਰ ਜਗਮੇਲ ਸਿੰਘ ਨੇ ਕਿਹਾ ਕਿ ਅਮਰੀਕਾ ਵੱਲੋਂ ਭਾਰਤੀ ਵਸਤਾਂ ਉੱਪਰ ਟੈਕਸ ਤੇ ਜੁਰਮਾਨਾ ਥੋਪੇ ਜਾਣ ਨੇ ਹੁਣ ਫੇਰ ਅਮਰੀਕਾ ਦੀ ਹਾਕਮੀ ਤੇ ਭਾਰਤੀ ਹਕੂਮਤ ਦੀ ਮਾਤਹਿਤੀ ਵਾਲੀ ਪੁਜ਼ੀਸ਼ਨ ਜੱਗ ਜ਼ਾਹਰ ਕਰ ਦਿੱਤੀ ਹੈ। ਸਾਮਰਾਜੀ ਸਰਗਣਾ ਟਰੰਪ ਸ਼ੁਰੂ ਤੋਂ ਹੀ ਭਾਰਤ ਉੱਤੇ ਅਮਰੀਕੀ ਵਸਤਾਂ ਲਈ ਆਪਣੀਆਂ ਦਰਾਮਦ ਡਿਊਟੀਆਂ ਘੱਟ ਕਰਨ ਲਈ ਦਬਾਅ ਪਾਉਂਦਾ ਆ ਰਿਹਾ ਹੈ। ਇਹ ਡਿਊਟੀਆਂ ਘਟਾਉਣ ਨਾਲ ਨਾ ਸਿਰਫ ਖੇਤੀ ਮਾਰਕੀਟ ਅਮਰੀਕੀ ਉਤਪਾਦਾਂ ਲਈ ਖੁੱਲ੍ਹ ਜਾਵੇਗੀ ਤੇ ਭਾਰਤੀ ਕਿਸਾਨ ਤਬਾਹ ਹੋਣਗੇ, ਸਗੋਂ ਇਸ ਸਮਝੌਤੇ ਰਾਹੀਂ ਭਾਰਤੀ ਸਨਅਤ ਉੱਤੇ ਵੀ ਬੇਹੱਦ ਮਾੜਾ ਪ੍ਰਭਾਵ ਪਵੇਗਾ ਅਤੇ ਭਾਰਤ ਦੀ ਘਰੇਲੂ ਤੇ ਛੋਟੀ ਸਨਅਤ ਅਮਰੀਕੀ ਵਸਤਾਂ ਦਾ ਮੁਕਾਬਲਾ ਨਹੀਂ ਕਰ ਸਕੇਗੀ। ਇਸ ਵਾਰਤਾ ਰਾਹੀਂ ਅਮਰੀਕਾ ਜੀ ਐੱਮ ਮੱਕੀ ਤੇ ਜੀ ਐੱਮ ਸੋਇਆਬੀਨ, ਜਿਨ੍ਹਾਂ ਦੀ ਵਰਤੋਂ ਦੀ ਭਾਰਤ ਵਿੱਚ ਮਨਾਹੀ ਹੈ, ਦੀ ਖਰੀਦ ਕਰਨ ਲਈ ਦਬਾਅ ਪਾ ਰਿਹਾ ਹੈ। ਈਥਾਨੌਲ, ਦੁੱਧ ਤੇ ਦੁੱਧ ਤੋਂ ਬਣੇ ਪਦਾਰਥ ਵੀ ਭਾਰਤ ਸਿਰ ਮੜ੍ਹ ਰਿਹਾ ਹੈ, ਜਿਸ ਦਾ ਮੱਕੀ ਤੇ ਗੰਨਾ ਉਤਪਾਦਕਾਂ ਤੇ ਖੰਡ ਮਿੱਲਾਂ 'ਤੇ ਮਾਰੂ ਅਸਰ ਪਏਗਾ। ਬੁਲਾਰੇ ਨੇ ਕਿਹਾ ਕਿ ਭਾਰਤ ਸਰਕਾਰ ਵੱਲੋਂ ਪਹਿਲਾਂ ਵੀ ਭਾਰਤੀ ਲੋਕਾਂ ਦੇ ਹਿੱਤਾਂ ਨੂੰ ਦਰਕਿਨਾਰ ਕਰਕੇ ਅਜਿਹੇ ਸਮਝੌਤਿਆਂ ਨੂੰ ਅੰਜਾਮ ਦਿੱਤਾ ਗਿਆ ਹੈ। ਆਗੂ ਨੇ ਪੰਜਾਬ ਅੰਦਰ ਕਿਸਾਨਾਂ ਦੇ ਸੰਘਰਸ਼ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ ਦਾ ਹੋਣਾ ਜ਼ਰੂਰੀ ਹੈ। ਰੈਲੀ ਦੇ ਅਖੀਰ 'ਤੇ ਬੋਲਦਿਆਂ ਸੂਬਾ ਸਕੱਤਰ ਨੇ ਲੋਕਾਂ ਨੂੰ ਸੱਦਾ ਦਿੱਤਾ ਕਿ ਭਾਰਤ ਅਮਰੀਕਾ ਵਾਰਤਾ ਨੂੰ ਸਿਰੇ ਚੜ੍ਹਨੋਂ ਰੋਕਣ ਲਈ ਭਾਰਤ ਸਰਕਾਰ 'ਤੇ ਦਬਾਅ ਪਾਉਣ ਹਿਤ ਆਵਾਜ਼ ਉਠਾਉਣੀ ਚਾਹੀਦੀ ਹੈ। ਉਥੇ ਨਾਲ ਹੀ ਪੰਜਾਬ ਸਰਕਾਰ ਵੱਲੋਂ ਲਿਆਂਦੀ ਲੈਂਡ ਪੂਲਿੰਗ ਸਕੀਮ ਵੀ ਵਾਪਸ ਕਰਾਉਣ ਲਈ ਜ਼ੋਰਦਾਰ ਜਥੇਬੰਦ ਵਿਰੋਧ ਹੋਣਾ ਚਾਹੀਦਾ ਹੈ। ਇਹ ਸਕੀਮ ਸਾਮਰਾਜੀ ਵਿਕਾਸ ਮਾਡਲ ਦਾ ਹਿੱਸਾ ਹੈ। ਇਹ ਬੇਘਰਿਆਂ ਨੂੰ ਸਸਤੇ ਘਰ ਦੇਣ ਦੀ ਸਕੀਮ ਨਹੀਂ, ਉਪਜਾਊ ਜ਼ਮੀਨਾਂ ਦੇਸੀ ਵਿਦੇਸ਼ੀ ਕਾਰਪੋਰੇਟਾਂ ਹਵਾਲੇ ਕਰਨ ਦੀ ਸਕੀਮ ਹੈ। ਸਟੇਜ ਸਕੱਤਰ ਦੀ ਜ਼ਿੰਮੇਵਾਰੀ ਗਗਨ ਮੂਨਕ ਨੇ ਨਿਭਾਈ।

6 Aug Page 8.qxd 8/5/2025 10:31 PM Page 1



## ਗੈਂਗਸਟਰ ਸਤੀਸ਼ ਬਿਸ਼ਨੋਈ ਪੁਲਸ ਮੁਕਾਬਲੇ ਦੌਰਾਨ ਜ਼ਖ਼ਮੀ



**ਡੇਰਾ ਬੱਸੀ (ਵਿਨੈ ਕੁਮਾਰ ਜੈਨ)**— ਮੰਗਲਵਾਰ ਨੂੰ ਡੇਰਾਬੱਸੀ ਵਿੱਚ ਰਾਜਸਥਾਨ ਦੇ ਇੱਕ ਵੱਡੇ ਗੈਂਗਸਟਰ ਸਤੀਸ਼ ਬਿਸ਼ਨੋਈ ਦਾ ਪੁਲਸ ਨਾਲ ਮੁਕਾਬਲਾ ਹੋਇਆ, ਜਿਸ ਵਿੱਚ ਉਹ ਜ਼ਖ਼ਮੀ ਹੋ ਗਿਆ ਅਤੇ ਉਸਨੂੰ ਸਿਵਲ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ। ਇਹ ਘਟਨਾ ਗੁਲਾਬਗੜ੍ਹ ਰੋਡ 'ਤੇ ਅਮਨ ਹੋਟਲ ਦੇ ਨੇੜੇ ਇੱਕ ਪੀਜੀ (ਪਲੇਸ ਟੂ ਸਟੇ) ਵਿੱਚ ਵਾਪਰੀ। ਪੁਲਸ ਅਨੁਸਾਰ, ਗੈਂਗਸਟਰ ਰਾਜਸਥਾਨ ਦਾ ਰਹਿਣ ਵਾਲਾ ਹੈ ਅਤੇ ਉਸਦੇ ਖਿਲਾਫ ਲੰਬੇ ਸਮੇਂ ਤੋਂ ਅਪਰਾਧਿਕ ਗਤੀਵਿਧੀਆਂ ਦੇ ਕਈ ਮਾਮਲੇ ਚੱਲ ਰਹੇ ਹਨ।ਪੁਲਸ ਨੂੰ ਜਾਣਕਾਰੀ ਮਿਲੀ ਸੀ ਕਿ ਗੈਂਗਸਟਰ ਡੇਰਾਬੱਸੀ ਵਿੱਚ ਕੋਈ ਵੱਡਾ ਅਪਰਾਧ ਕਰਨ ਆਇਆ ਹੈ। ਐਸ ਐਸ ਪੀ ਮੋਹਾਲੀ ਅਤੇ ਡੀ ਐਸ ਪੀ ਡੇਰਾਬੱਸੀ ਦੀ ਅਗਵਾਈ ਵਿੱਚ ਇੱਕ ਆਪ੍ਰੇਸ਼ਨ ਚਲਾਇਆ ਗਿਆ। ਪੁਲਸ ਟੀਮ ਨੇ ਗੈਂਗਸਟਰ ਨੂੰ ਫੜਨ ਲਈ ਘੇਰਾਬੰਦੀ ਕੀਤੀ ਅਤੇ ਜਿਵੇਂ ਹੀ ਗੈਂਗਸਟਰ ਨੇ ਭੱਜਣ ਦੀ ਕੋਸ਼ਿਸ਼ ਕੀਤੀ, ਪੁਲਸ ਨੇ ਉਸਦਾ ਪਿੱਛਾ ਕੀਤਾ। ਇਸ ਤੋਂ ਬਾਅਦ ਗੈਂਗਸਟਰ ਨੇ ਪੁਲਸ 'ਤੇ ਗੋਲੀਬਾਰੀ ਕੀਤੀ, ਜਿਸ 'ਤੇ ਪੁਲਸ ਨੇ ਸਵੈ-ਰੱਖਿਆ ਵਿੱਚ ਜਵਾਬੀ ਕਾਰਵਾਈ ਕੀਤੀ। ਇਸ ਮੁਕਾਬਲੇ ਵਿੱਚ ਗੈਂਗਸਟਰ ਨੂੰ ਗੋਲੀ ਮਾਰ ਦਿੱਤੀ ਗਈ, ਅਤੇ ਉਸਨੂੰ ਤੁਰੰਤ ਸਿਵਲ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ।ਜ਼ਖਮੀ ਗੈਂਗਸਟਰ ਦੀ ਹਾਲਤ ਫਿਲਹਾਲ ਸਥਿਰ ਦੱਸੀ ਜਾ ਰਹੀ ਹੈ।

## ਨਸ਼ਿਆਂ ਵਿਰੁੱਧ ਮੁਹਿੰਮ 'ਚ ਆਮ ਲੋਕਾਂ ਦੀ ਸ਼ਮੂਲੀਅਤ ਜ਼ਰੂਰੀ : ਟੀਨੂੰ



**ਅਲਾਵਲਪੁਰ (ਮਦਨ ਬੰਗੜ)**- ਪੰਜਾਬ ਸਰਕਾਰ ਵੱਲੋਂ ਚਲਾਈ ਗਈ ਨਸ਼ਿਆਂ ਖਿਲਾਫ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਸੰਬੰਧੀ ਕਸਬਾ ਅਲਾਵਲਪੁਰ ਵਿਖੇ ਇੱਕ ਵਿਸ਼ਾਲ ਮੀਟਿੰਗ ਆਯੋਜਿਤ ਕੀਤੀ।ਨਗਰ ਕੌਂਸਲ ਅਲਾਵਲਪੁਰ ਵੱਲੋਂ ਕਰਵਾਈ ਮੀਟਿੰਗ ਵਿੱਚ ਉਚੇਚੇ ਤੌਰ 'ਤੇ ਆਮ ਆਦਮੀ ਪਾਰਟੀ ਦੇ ਹਲਕਾ ਇੰਚਾਰਜ ਪਵਨ ਕੁਮਾਰ ਟੀਨੂੰ ਸਮੇਤ ਉਹਨਾਂ ਦੀ ਪੂਰੀ ਟੀਮ ਵੱਲੋਂ ਸ਼ਿਰਕਤ ਕੀਤੀ ਗਈ। ਮੀਟਿੰਗ ਦੌਰਾਨ ਵੱਖ-ਵੱਖ ਬੁਲਾਰਿਆਂ ਨੇ ਪੰਜਾਬ ਸਰਕਾਰ ਵੱਲੋਂ ਚਲਾਈ ਗਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨੂੰ ਇੱਕ ਕਾਮਯਾਬ ਮੁਹਿੰਮ ਦਾ ਰੂਪ ਦੇਣ ਲਈ ਲੋਕਾਂ ਨੂੰ ਹਿੱਸਾ ਪਾਉਣ ਦਾ ਹੋਕਾ ਦਿੱਤਾ। ਇਸ ਮੌਕੇ ਇਲਾਕੇ ਭਰ ਤੋਂ ਇਕੱਠੇ ਹੋਏ ਭਾਰੀ ਗਿਣਤੀ ਵਿੱਚ ਲੋਕਾਂ ਨੂੰ ਸੰਬੋਧਨ ਕਰਦਿਆਂ ਪਵਨ ਕੁਮਾਰ ਟੀਨੂੰ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਤੋਂ ਪੰਜਾਬ ਨੂੰ ਬਚਾਉਣ ਲਈ ਜੋ ਮੁਹਿੰਮ ਸ਼ੁਰੂ ਕੀਤੀ ਹੈ ਇਸ ਨੂੰ ਕਾਮਯਾਬ ਕਰਨ ਲਈ ਜਿੱਥੇ ਆਮ ਲੋਕਾਂ ਦੀ ਸ਼ਮੂਲੀਅਤ ਜ਼ਰੂਰੀ ਹੈ। ਉਥੇ ਹੀ ਸਕੂਲ ਵਿਦਿਆਰਥੀਆਂ ਵੱਲੋਂ ਵੀ ਇਸ ਵਿੱਚ ਯੋਗਦਾਨ ਪਾਇਆ ਜਾ ਸਕਦਾ ਹੈ। ਉਹਨਾਂ ਵੱਲੋਂ ਵਿਦਿਆਰਥੀਆਂ ਨੂੰ ਸੰਬੋਧਿਤ ਕਰਦਿਆਂ ਕਿਹਾ ਕਿ ਨਸ਼ਿਆਂ ਜਿਹੇ ਨਾਮੁਰਾਦ ਜ਼ਹਿਰ ਤੋਂ ਨੌਜਵਾਨ ਪੀੜੀ ਨੂੰ ਬਚਣਾ ਚਾਹੀਦਾ ਹੈ। ਉਹਨਾਂ ਕਿਹਾ ਕਿ ਨੌਜਵਾਨ ਚੰਗੀ ਪੜ੍ਹਾਈ ਗ੍ਰਹਿਣ ਕਰਨ ਅਤੇ ਆਪਣੀ ਸਿਹਤ ਨੂੰ ਫਿਟ ਰੱਖਣ ਲਈ ਵੱਖ-ਵੱਖ ਖੇਡਾਂ ਵਿੱਚ ਆਪਣਾ ਯੋਗਦਾਨ ਪਾ ਸਕਦੇ ਹਨ। ਇਸ ਮੌਕੇ ਤੇ ਉਹਨਾਂ ਨੇ ਕਸਬਾ ਅਲਾਵਲਪੁਰ ਦੇ ਨੌਜਵਾਨਾਂ ਨੂੰ ਖੇਡਾਂ ਵੱਲ ਆਉਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਤੇ ਉਹਨਾਂ ਨੇ ਕਸਬਾ ਅਲਾਵਲਪੁਰ ਦੇ ਨੌਜਵਾਨਾਂ ਲਈ ਜਿਮ ਤਿਆਰ ਕਰਨ ਲਈ ਪੰਜਾਬ ਸਰਕਾਰ ਵੱਲੋਂ 10 ਲੱਖ ਰੁਪਏ ਦੇਣ ਦੀ ਗਰਾਂਟ ਦੇਣ ਦਾ ਵਾਅਦਾ ਕੀਤਾ। ਇਸ ਮੌਕੇ ਤੇ ਹਾਜ਼ਰ ਸਮੂੰਹ ਲੋਕਾਂ ਵੱਲੋਂ ਨਸ਼ਾ ਮੁਕਤੀ ਲਈ ਇੱਕ ਜੁੱਟ ਹੋ ਕੇ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਕਾਮਯਾਬ ਕਰਨ ਦੀ ਸਹੁੰ ਚੁੱਕੀ ਗਈ। ਇਸ ਮੌਕੇ ਕੌਂਸਲਰ ਜਸਵੀਰ ਕੌਰ, ਕੌਂਸਲਰ ਰਚਨਾ, ਕੌਂਸਲਰ ਰਾਜ ਰਾਣੀ, ਨਗਰ ਕੌਂਸਲ ਕਾਰਜ ਸਾਧਕ ਅਧਿਕਾਰੀ ਰਾਮਜੀਤ, ਕਾਨੂੰਨਗੋ ਰਮਨ ਕੁਮਾਰ, ਸੀ ਐੱਚ ਨਿਰਮਲ ਬੈਂਸ , ਡਾ. ਹਨੀ ਸ਼ਰਮਾ, ਏ ਐੱਸ ਆਈ ਪਰਮਜੀਤ ਸਿੰਘ, ਅਕਾਊਂਟੈਂਟ ਹਰਸ਼ ਕੁਮਾਰ, ਨਵੀਨ ਰਾਣਾ, ਪਾਰੁਲ, ਸਾਬਕਾ ਕੌਂਸਲਰ ਰਾਮ ਰਤਨ ਪਪੀ, ਵਿਨੋਦ ਕਸ਼ਅਪ, ਸੰਜੀਵ ਮਿੱਟੂ ,ਤਰਲੋਚਨ, ਨੰਬਰਦਾਰ ਸੁਖਬੀਰ ਸਿੱਧੂ, ਪਰਮਜੀਤ ਪੱਪੀ, ਅਮਰਜੀਤ ਗੁੱਟੀ, ਅਸ਼ਵਨੀ ਸ਼ਰਮਾ, ਮਦਨ ਲਾਲ, ਪਵਨ ਖੋਸਲਾ, ਨਗਰ ਕੌਂਸਲ ਦਾ ਸਮੂਹ ਸਟਾਫ, ਡਿਜਕੋਟ ਖਾਲਸਾ ਸੀਨੀਅਰ ਸੈਕੰਡਰੀ ਸਕੂਲ ਦੇ ਵਿਦਿਆਰਥੀਆਂ ਤੋਂ ਇਲਾਵਾ ਇਲਾਕੇ ਭਰ ਤੋਂ ਭਾਰੀ ਗਿਣਤੀ ਵਿੱਚ ਪਤਵੰਤੇ ਹਾਜ਼ਰ ਸਨ।

## ਸੰਜੀਵਨ ਦੇ ਨਾਟਕ 'ਸੁੰਨਾ-ਵਿਹੜਾ' ਦਾ ਮੰਚਨ 9 ਨੂੰ



**ਚੰਡੀਗੜ੍ਹ (ਗੁਰਜੀਤ ਬਿੱਲਾ)**- ਉੱਤਰੀ ਖੇਤਰ ਸਭਿਆਚਾਰ ਕੇਂਦਰ, ਪਟਿਆਲਾ ਵੱਲੋਂ ਰੰਗਮੰਚ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਹਰ ਮਹੀਨੇ ਦੇ ਦੂਜੇ ਸ਼ਨੀਚਰਵਾਰ ਨੂੰ ਕਰਵਾਏ ਜਾਣ ਵਾਲੇ ਨਾਟਕ ਮੰਚਨ ਦਾ ਅਗਾਜ਼ ਪੰਛੂ ਪੰਜਾਬੀ ਖ਼ੁਸ਼ਹਾਲ ਕਿਸਾਨ ਪਰਵਾਰ ਦੇ ਬੇਔਲਾਦ ਜੋੜੇ ਦੀ ਮਾਨਸਿਕ ਅਤੇ ਸਮਾਜਿਕ ਸਥਿਤੀ/ਪਰਸਥਿਤੀ ਬਿਆਨਦੇ ਸੰਜੀਵਨ ਸਿੰਘ ਦੇ ਨਾਟਕ 'ਸੁੰਨਾ-ਵਿਹੜਾ' ਦਾ ਮੰਚਨ 9 ਅਗਸਤ ਨੂੰ ਸ਼ਾਮ 6.30 ਵਜੇ ਕਾਲੀਦਾਸ ਆਡੀਟੋਰੀਅਮ, ਭਾਸ਼ਾ ਭਵਨ, ਸ਼ੇਰਾਂ ਵਾਲਾ ਗੇਟ, ਪਟਿਆਲਾ ਵਿਖੇ ਕਾਰਵਾਏ ਜਾਣ ਵਾਲੇ ਨਾਟਕ ਦੀ ਰਹਿਰਸਲ ਸੈਕਟਰ 69 ਦੇ ਪੈਰਾਗਾਨ ਸੀਨੀਅਰ ਸੈਕੰਡਰੀ ਸਕੂਲ ਜ਼ੋਰ-ਸ਼ੋਰ ਨਾਲ ਚੱਲ ਰਹੀ ਹਨ।ਨਾਟਕ ਵਿਚ ਰੰਗਮੰਚ ਅਤੇ ਫਿਲਮਾਂ ਦੇ ਚਰਚਿੱਤ ਅਦਾਕਾਰਾਂ ਤੋਂ ਇਲਾਵਾ ਸਰਘੀ ਪਰਵਾਰ ਦੇ ਪੁਰਾਣੇ ਅਤੇ ਸਿਖਾਂਦਰੂ ਸਤਾਰਾਂ ਰੰਗਕਰਮੀਆਂ ਵੱਖ-ਵੱਖ ਕਿਰਦਾਰ ਅਦਾ ਕਰ ਰਹੇ ਹਨ। ਇਹ ਜਾਣਕਾਰੀ ਦਿੰਦਿਆਂ ਸਰਘੀ ਕਲਾ ਕੇਂਦਰ ਦੇ ਮੀਤ ਪ੍ਰਧਾਨ ਅਤੇ ਪ੍ਰਚਾਰ ਸਕੱਤਰ ਰੰਜੀਵਨ ਸਿੰਘ ਨੇ ਕਿਹਾ ਕਿ ਪੰਜਾਬੀ ਦੇ ਚਰਚਿੱਤ ਸ਼ਾਇਰ ਜਸਵਿੰਦਰ (ਜੋ ਅੱਜ ਕੱਲ ਸਰੀ (ਕੈਨੇਡਾ) ਰਹਿ ਰਹੇ ਹਨ) ਦੇ ਲਿਖੇ ਗੀਤਾਂ ਦਾ ਸੰਗੀਤ ਪ੍ਰਬੰਧਨ ਸਰਘੀ ਕਲਾ ਕੇਂਦਰ ਦੇ ਰੰਗਮੰਚ ਅਤੇ ਫਿਲਮਾਂ ਦੇ ਅਦਾਕਾਰ ਅਤੇ ਜਨਰਲ ਸਕੱਤਰ ਕੁੱਕੂ ਦੀਵਾਨ ਨੇ ਪੰਜਾਬੀ ਸ਼ਾਇਰਾ ਅਤੇ ਸਰਘੀ ਕਲਾ ਕੇਂਦਰ ਦੀ ਵਿੱਤ ਸਕੱਤਰ ਨਰਿੰਦਰ ਨਸਰੀਨ ਦੀਆਂ ਧੀਆਂ ਗੁੰਜਣਦੀਪ ਅਤੇ ਗੁਰਮਨਦੀਪ ਵੱਲੋਂ ਮੁਹਾਲੀ ਚਲਾਏ ਜਾ ਰਹੇ ਸੋਨੀਆਜ਼ ਸਟੂਡੀਓ ਵਿਚ ਕੀਤਾ।ਰੌਸ਼ਨੀ ਦੇ ਪ੍ਰਬੰਧਨ ਇਪਟਾ, ਪੰਜਾਬ ਦੀ ਮੀਤ ਪ੍ਰਧਾਨ ਨਾਟਕਰਮੀ ਡਾ. ਅਮਨ ਭੋਗਲ ਅਤੇ ਸੰਗੀਤ ਸੰਚਾਲਨ ਰਿਸ਼ਮਰਾਗ ਕਰ ਰਹੇ ਹਨ।

## ਡਾ. ਅੰਬੇਡਕਰ ਬੁਧਿਸਟ ਸੈਂਟਰ 'ਚ ਪੰਜਾਬ ਸਟੇਟ ਜੂਨੀਅਰ ਕਿੱਕ ਬਾਕਸਿੰਗ ਚੈਂਪੀਅਨਸ਼ਿਪ ਕਰਵਾਈ



**ਫਗਵਾੜਾ (ਜਸਵਿੰਦਰ ਢੱਡਾ)**- 22ਵੀਂ ਪੰਜਾਬ ਸਟੇਟ ਜੂਨੀਅਰ ਕਿੱਕ ਬਾਕਸਿੰਗ ਚੈਂਪੀਅਨਸ਼ਿਪ 25-26 ਡਾ. ਅੰਬੇਡਕਰ ਮੈਮੋਰੀਅਲ ਪਬਲਿਕ ਸਕੂਲ ਸਪੋਰਟਸ ਅਕੈਡਮੀ ਦੇ ਸਹਿਯੋਗ ਅਤੇ ਡਾ. ਅੰਬੇਡਕਰ ਬੁੱਧਿਸਟ ਰਿਸੋਰਸ ਸੈਂਟਰ ਮੈਨੇਜਿੰਗ ਕਮੇਟੀ ਦੇ ਪ੍ਰਧਾਨ ਕੁਲਦੀਪ ਰਾਮ ਭੱਟੀ ਦੀ ਪ੍ਰਧਾਨਗੀ ਹੇਠ ਡਾ. ਅੰਬੇਦਕਰ ਬੁੱਧਿਸਟ ਰਿਸੋਰਟ ਸੈਂਟਰ ਸੂੰਢ ਵਿਖੇ ਕਰਵਾਈ ਗਈ। ਕਿੱਕ ਬਾਕਸਿੰਗ ਚੈਂਪੀਅਨਸ਼ਿਪ ਮੁਕਾਬਲਿਆਂ ਦੀ ਸ਼ੁਰੂਆਤ ਭੰਤੇ ਪ੍ਰਗਿਆ ਦੀਪ ਅਤੇ ਹਰਜੀਤ ਸਿੰਘ ਰੰਧਾਵਾ ਡੀ.ਐਸ.ਪੀ.ਬੰਗਾ ਵਲੋਂ ਕਰਵਾਈ ਗਈ। ਇਨ੍ਹਾਂ ਮੁਕਾਬਲਿਆਂ ਵਿੱਚ 300 ਤੋਂ ਵੱਧ ਖਿਡਾਰੀਆਂ ਨੇ ਹਿੱਸਾ ਲਿਆ। ਖੇਡ ਮੁਕਾਬਲਿਆਂ ਵਿੱਚ ਪਹਿਲੇ ਨੰਬਰ 'ਤੇ ਜ਼ਿਲ੍ਹਾ ਐਸ.ਬੀ.ਐਸ.ਨਗਰ, ਦੂਸਰੇ 'ਤੇ ਮਾਨਸਾ ਤੇ ਤੀਸਰੇ ਸਥਾਨ 'ਤੇ ਜ਼ਿਲ੍ਹਾ ਪਟਿਆਲਾ ਦੇ ਖਿਡਾਰੀ ਰਹੇ। ਇਸ ਮੌਕੇ ਹਰਜੀਤ ਸਿੰਘ ਰੰਧਾਵਾ ਡੀ. ਐਸ.ਪੀ.ਬੰਗਾ ਨੇ ਖਿਡਾਰੀਆਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਪੜ੍ਹਾਈ ਦੇ ਨਾਲ ਨਾਲ ਖੇਡਾਂ ਖੇਡਣ ਵੱਲ ਵੀ ਧਿਆਨ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਜੇਕਰ ਖਿਡਾਰੀਆਂ ਨੂੰ ਖੇਡਣ ਲਈ ਜਾਂ ਪੜ੍ਹਾਈ ਲਈ ਕਿਸੇ ਵੀ ਤਰ੍ਹਾ ਦੀ ਕੋਈ ਲੋੜ ਹੋਵੇ ਤਾਂ ਮੈਨੂੰ ਦੱਸਣ।ਉਹਨਾਂ ਕਿੱਕ ਬਾਕਸਿੰਗ ਚੈਂਪੀਅਨਸ਼ਿਪ ਜੇਤੂ ਅਤੇ ਹਿੱਸਾ ਲੈਣ ਵਾਲੇ ਖਿਡਾਰੀਆਂ ਨੂੰ ਇਨਾਮਾਂ ਦੀ ਵੰਡ ਵੀ ਕੀਤੀ।ਇਨ੍ਹਾਂ ਮੁਕਾਬਲਿਆਂ 'ਚ ਨੈਸ਼ਨਲ ਕਿੱਕ ਬਾਕਸਿੰਗ ਖਿਡਾਰੀ ਹਰਸਿਮਰਨ ਸਿੰਘ ਲੌਂਗੀਆ ਜਿਸ ਨੇ ਹੁਣੇ ਹੀ ਗੋਲਡ ਮੈਡਲ ਜਿੱਤ ਕੇ ਲਿਆਂਦਾ ਹੈ ਅਤੇ ਕਿੱਕ ਬਾਕਸਿੰਗ ਨੈਸ਼ਨਲ ਖਿਡਾਰਨ ਮੁਸਕਾਨ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਇਹਨਾਂ ਨੈਸ਼ਨਲ ਪੱਧਰ ਦੇ ਖਿਡਾਰੀਆਂ ਨੂੰ ਹਰਜੀਤ ਸਿੰਘ ਰੰਧਾਵਾ ਡੀ. ਐਸ.ਪੀ.ਬੰਗਾ ਵੱਲੋਂ ਸਨਮਾਨਤ ਕੀਤਾ ਗਿਆ। ਇਹ ਚੈਂਪੀਅਨਸ਼ਿਪ ਨੂੰ ਸਫਲਤਾਪੂਰਵਕ ਨੇਪਰੇ ਚਾੜ੍ਹਨ ਲਈ ਕਮੇਟੀ ਦੇ ਪ੍ਰਧਾਨ ਕੁਲਦੀਪ ਭੱਟੀ, ਮਨਜੋਤ ਲੌਂਗੀਆ ਜਨਰਲ ਸਕੱਤਰ ਕਿੱਕ ਬਾਕਸਿੰਗ ਪੰਜਾਬ ਅਤੇ ਪ੍ਰਿੰਸੀਪਲ ਮਨਜੀਤ ਸਿੰਘ ਲੌਂਗੀਆ ਦਾ ਵਿਸ਼ੇਸ਼ ਯੋਗਦਾਨ ਰਿਹਾ। ਇਸ ਮੌਕੇ ਕਮੇਟੀ ਪ੍ਰਧਾਨ ਐਡਵੋਕੇਟ ਕੁਲਦੀਪ ਭੱਟੀ ਨੇ ਕਿਹਾ ਨੌਜਵਾਨਾਂ ਨੂੰ ਸਮਾਜਿਕ ਬੁਰਾਈਆਂ ਤੋਂ ਬਚਾਉਣ ਲਈ ਖੇਡਾਂ ਵੱਲ ਉਤਸ਼ਾਹਿਤ ਕਰਨਾ ਬਹੁਤ ਜ਼ਰੂਰੀ ਹੈ। ਉਨ੍ਹਾ ਕਿਹਾ ਕਿ ਡਾ.ਅੰਬੇਡਕਰ ਬੁੱਧਿਸਟ ਰਿਸੋਰਸ ਸੈਂਟਰ ਮੈਨੇਜਿੰਗ ਕਮੇਟੀ ਬੱਚਿਆਂ ਨੂੰ ਸਸਤੀ ਤੇ ਮਿਆਰੀ ਸਿੱਖਿਆ ਪ੍ਰਦਾਨ ਕਰ ਰਹੀ ਹੈ,ਉੱਥੇ ਹੀ ਵਿਦਿਆਰਥੀਆਂ ਨੂੰ ਖੇਡਾਂ ਵੱਲ ਉਤਸ਼ਾਹਿਤ ਕਰਨ ਲਈ ਵਿਸ਼ੇਸ਼ ਯਤਨ ਕਰ ਰਹੀ ਹੈ।ਐਡਵੋਕੇਟ ਭੱਟੀ ਨੇ ਡਾ.ਅੰਬੇਡਕਰ ਮੈਮੋਰੀਅਲ ਕਮੇਟੀ ਗ੍ਰੇਟ ਬ੍ਰਿਟੇਨ ਦੇ ਸਮੂਹ ਮੈਂਬਰਾਂ ਅਤੇ ਐਨ.ਆਰ.ਆਈਜ਼ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਜਿਨ੍ਹਾਂ ਦੇ ਸਹਿਯੋਗ ਨਾਲ ਇਹ ਸੈਂਟਰ ਚੱਲ ਰਿਹਾ ਹੈ। ਇਸ ਤੋਂ ਇਲਾਵਾ ਖਿਡਾਰੀਆਂ, ਕਿੱਕ ਬਾਕਸਿੰਗ ਪੰਜਾਬ ਦੇ ਜਨਰਲ ਸਕੱਤਰ ਮਨਜੋਤ ਲੌਂਗੀਆ, ਪ੍ਰਿੰਸੀਪਲ ਮਨਜੀਤ ਸਿੰਘ ਲੌਂਗੀਆ ਅਤੇ ਪ੍ਰਬੰਧਕਾਂ ਦਾ ਇਸ ਚੈਂਪੀਅਨਸ਼ਿਪ ਨੂੰ ਸਫ਼ਲਤਾਪੂਰਵਕ ਨੇਪਰੇ ਚਾੜ੍ਹਨ ਲਈ ਦਿੱਤੇ ਸਹਿਯੋਗ ਲਈ ਧੰਨਵਾਦ ਕੀਤਾ। ਇਸ ਮੌਕੇ ਰਾਕੇਸ਼ ਕੁਮਾਰ ਐਸ.ਐਚ.ਓ. ਬਹਿਰਾਮ, ਪ੍ਰਵੀਨ ਬੰਗਾ, ਪੀ.ਕੇ. ਸਰੋਆ ਐਡਵੋਕੇਟ, ਮਨਜੀਤ ਸਿੰਘ ਐਡਵੋਕੇਟ, ਮਨੀਸ਼ ਕੁਮਾਰ ਮਹਿਮੀ, ਅੰਜਲੀ ਵਾਇਸ ਪ੍ਰਿੰਸੀਪਲ, ਹਰਬਲਾਸ ਬਸਰ, ਮਹੇਸ਼ ਕੁਮਾਰ, ਅਮਰ ਚੰਦ ਅਟਾਰੀ, ਇੰਦਰਜੀਤ ਅਟਾਰੀ, ਤਰਲੋਕ ਚੰਦ ਅਟਾਰੀ, ਹਰਜਿੰਦਰ ਸਿੰਘ, ਸੁਰਿੰਦਰ ਸਿੰਘ, ਸੁਨੀਤਾ ਰਾਣੀ ਬੋਧੀ, ਮੱਖਣ ਚੌਹਾਨ, ਨਰਿੰਦਰ ਕੁਮਾਰ ਸਾਬਕਾ ਸਰਪੰਚ, ਚਰਨਜੀਤ ਸਿੰਘ ਨੰਬਰਦਾਰ ਸੱਲ੍ਹਾਂ ਤੋਂ ਇਲਾਵਾ ਹੋਰ ਵੀ ਪ੍ਰਮੁੱਖ ਸ਼ਖਸੀਅਤਾਂ ਹਾਜ਼ਰ ਸਨ।

## ਲੈਂਡ ਪੂਲਿੰਗ ਨੀਤੀ ਦੇ ਵਿਰੋਧ 'ਚ ਕੀਤਾ ਜਾਵੇਗਾ ਭਾਰੀ ਇਕੱਠ : ਖੁਣਖੁਣ, ਲਾਚੋਵਾਲ



**ਹੁਸ਼ਿਆਰਪੁਰ, ਮੇਹਟੀਆਣਾ (ਬਲਵੀਰ ਸਿੰਘ ਸੈਣੀ, ਜਗਤਾਰ ਸਿੰਘ ਭੁੰਗਰਨੀ)**- ਪੰਜਾਬ ਸਰਕਾਰ ਦੀ ਕਿਸਾਨ ਵਿਰੋਧੀ ਲੈਂਡ ਪੂਲਿੰਗ ਨੀਤੀ ਦਾ ਸਖਤ ਵਿਰੋਧ ਕਰਨ ਲਈ 12 ਅਗਸਤ ਦਿਨ ਮੰਗਲਵਾਰ ਨੂੰ ਅੱਡਾ ਲਾਜੋਵਾਲ ਵਿਖੇ ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਲਾਚੋਵਾਲ ਵੱਲੋਂ ਸਹਿਯੋਗੀ ਜਥੇਬੰਦੀਆਂ ਦੇ ਸਹਿਯੋਗ ਨਾਲ ਵੱਡਾ ਇਕੱਠ ਕੀਤਾ ਜਾਵੇਗਾ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਦੇ ਸਰਪ੍ਰਸਤ ਗੁਰਦੀਪ ਸਿੰਘ ਖੁਣ ਖੁਣ, ਪ੍ਰਧਾਨ ਪਰਮਿੰਦਰ ਸਿੰਘ ਲਾਚੋਵਾਲ ਨੇ ਅੱਡਾ ਲਾਚੋਵਾਲ ਵਿਖੇ ਜਥੇਬੰਦੀ ਦੀ ਇੱਕ ਵਿਸ਼ੇਸ਼ ਮੀਟਿੰਗ ਕਰਨ ਤੋਂ ਬਾਅਦ ਕੀਤਾ। ਇਸ ਸਮੇਂ ਖੁਣ ਖੁਣ ਤੇ ਲਾਚੋਵਾਲ ਨੇ ਸਾਂਝੇ ਤੌਰ ਤੇ ਕਿਹਾ ਕਿ ਪੰਜਾਬ ਸਰਕਾਰ ਦੀ ਲੈਂਡ ਪੂਲਿੰਗ ਨੀਤੀ ਦਾ ਡੱਟ ਕੇ ਵਿਰੋਧ ਕੀਤਾ ਜਾਵੇਗਾ। ਇਸ ਸਮੇਂ ਸਮੂਹ ਕਿਸਾਨ ਜਥੇਬੰਦੀਆਂ ਤੇ ਲੋਕਾਂ ਨੂੰ ਇਸ ਵਿੱਚ ਸ਼ਮੂਲੀਅਤ ਕਰਨ ਦਾ ਸੱਦਾ ਦਿੱਤਾ ਜਾਂਦਾ ਹੈ। ਇਸ ਸਮੇਂ ਕਾਰਜਕਾਰੀ ਪ੍ਰਧਾਨ ਹਰਪ੍ਰੀਤ ਸਿੰਘ ਲਾਲੀ, ਮਨਜੀਤ ਸਿੰਘ ਮੁਰਾਦਪੁਰ, ਅਕਬਰ ਸਿੰਘ ਬੂਰੇ ਜੱਟਾਂ, ਕਿਰਪਾਲ ਸਿੰਘ ਬਾਬਾ ਜੀ, ਬਲਦੇਵ ਸਿੰਘ ਅਸਲਪੁਰ, ਜਸਪਾਲ ਸਿੰਘ ਰਾਜਾਂ ਖੁਣ ਖੁਣ ਖ਼ੁਰਦ, ਜਗਤਾਰ ਸਿੰਘ ਲਾਚੋਵਾਲ, ਇੰਦਰਜੀਤ ਸਿੰਘ ਲਾਚੋਵਾਲ ਆਦਿ ਹਾਜ਼ਰ ਸਨ।

## 25ਵਾਂ ਸਮਾਗਮ ਗਦਰ ਲਹਿਰ ਦੀ ਮਹਾਨ ਸੰਗਰਾਮਣ ਬੀਬੀ ਗੁਲਾਬ ਕੌਰ ਦੀ ਸ਼ਤਾਬਦੀ ਨੂੰ ਸਮਰਪਤ

**ਰੂਪਨਗਰ (ਨਵਾਂ ਜ਼ਮਾਨਾ ਸਰਵਿਸ)**- ਗਦਰ ਫਾਊਡੇਸ਼ਨ ਯੂ ਐਸ ਏ ਵਲੋਂ ਕੈਲੇਫੋਰਨੀਆ ਦੇ ਸ਼ਹਿਰ ਏਲ ਗਰੋਵ (ਸੈਕਰਾਮੈਂਟੋ ) ਵਿਖੇ 25ਵਾਂ ਸਮਾਗਮ ਗਦਰ ਲਹਿਰ ਦੀ ਮਹਾਨ ਸੰਗਰਾਮਣ ਬੀਬੀ ਗੁਲਾਬ ਕੌਰ ਦੀ ਸ਼ਤਾਬਦੀ ਨੂੰ ਸਮਰਪਤ ਕੀਤਾ ਗਿਆ ।ਜਿਸ ਵਿਚ ਦੋ ਸੌ ਤੋਂ ਵੱਧ ਲੋਕਾਂ ਨੇ ਕੈਲੇਫੋਰਨੀਆ ਦੇ ਵੱਖ ਵੱਖ ਸ਼ਹਿਰਾਂ ਤੋਂ ਸ਼ਮੂਲੀਅਤ ਕੀਤੀ ।ਸਮਾਗਮ ਦੇ ਮੁੱਖ ਬੁਲਾਰਿਆਂ ਵਿਚ ਪਰਮਵੀਰ ਸਿੰਘ ਬਾਠ ,ਡਾਕਟਰ ਪ੍ਰਿਤਪਾਲ ਸਿੰਘ ਸੋਹੀ ,ਚਰਨ ਸਿੰਘ ਜੱਜ ਤੋਂ ਇਲਾਵਾ ਐਮ ਐਲ ਏ ਸੰਗਰੂਰ ਬੀਬਾ ਨਰਿੰਦਰ ਕੌਰ ਭਰਾਜ ,ਪੰਜਾਬ ਰੇਡੀਓ ਕੈਲੇਫੋਰਨੀਆ ਤੋਂ ਨਾਜ਼ਰ ਸਿੰਘ ਕੂਨਰ ,ਦਵਿੰਦਰ ਜਟਾਣਾ ,ਕਿਸਾਨ ਲੀਡਰ ਕਰਮਜੀਤ ਕੰਗ ਬੇਕਰਜਫੀਲਡ ,ਸਾਬਕਾ ਐਸ ਡੀ ਐਮ ਰੋਪੜ ਦਲਜੀਤ ਸ਼ਾਹੀ ਪ੍ਰਸਿੱਧ ਸੌਂਗੀ ਕਿੰਗ ਚਰਨਜੀਤ ਬਾਠ ,ਬਾਬੀ ਸਿੰਘ ਐਲਨ ਮੇਅਰ ਐਲਾਨ ਗਰੋਵ ਆਦਿ ਨੇ ਸ਼ਿਰਕਤ ਕੀਤੀ ।ਬੁਲਾਰਿਆਂ ਨੇ ਚਰਚਾ ਵਿੱਚ ਗਦਰੀਆਂ ਦੇ ਇਸ ਫੈਸਲੇ ਦੀ ਚਰਚਾ ਕੀਤੀ ਕਿ ਧਰਮ ਨਿੱਜੀ ਮਸਲਾ ਹੈ। ਮੀਟਿੰਗਾਂ ਵਿੱਚ ਬਹਿਸ ਦਾ ਮੁੱਦਾ ਨਹੀਂ ਹੋਵੇਗਾ ।ਉਹਨਾਂ ਕਿਹਾ ਗਦਰ ਲਹਿਰ ਵਿੱਚੋਂ ਤਿੰਨ ਲਹਿਰਾਂ ਉੱਠੀਆਂ ਜਿਹਨਾਂ ਵਿੱਚ ਬੱਬਰ ਅਕਾਲੀ ਲਹਿਰ ,INA ਸ਼ੁਬਾਸ਼ ਬੋਸ ਤੇ ਕਮਿਊਨਿਸਟ ਲਹਿਰ ਇਹੀ ਇਸ ਦੀ ਮਹਾਨ ਦੇਣ ਹੈ ।ਗਦਰ ਲਹਿਰ ਦੀ ਬੀਬੀ ਗੁਲਾਬ ਕੌਰ ਵੱਲੋਂ ਨਿਭਾਈ ਭੂਮਿਕਾ ਦੀ ਹਰ ਬੁਲਾਰੇ ਨੇ ਚਰਚਾ ਕੀਤੀ । ਗਦਰ ਲਹਿਰ ਤੇ ਆਜ਼ਾਦੀ ਸੰਗਰਾਮੀਏ ਸਰਾਭਾ ਤੇ ਭਗਤ ਸਿੰਘ ਦੇ ਗੀਤ ਗਾਏ ਗਏ ।ਜੋਤ ਰਣਜੀਤ ਨੇ ਸਟੇਜ ਦੀ ਕਾਰਵਾਈ ਬਾਖੂਬੀ ਨਿਭਾਉਂਦਿਆਂ ਸਰੋਤਿਆਂ ਨੂੰ ਸ਼ਾਇਰਾਨਾ ਅੰਦਾਜ਼ ਵਿਚ ਸੁਣਨ ਦਾ ਮਾਹੌਲ ਬੰਨ੍ਹਿਆ।

## 'ਆਪ' ਸਰਕਾਰ ਨੌਜਵਾਨਾਂ ਨੂੰ ਖੇਡਾਂ ਵੱਲ ਉਤਸ਼ਾਹਿਤ ਕਰਨ ਲਈ ਉਪਰਾਲੇ ਕਰ ਰਹੀ'



**ਕਾਲਾ ਸੰਘਿਆਂ (ਮਨਜੀਤ ਮਾਨ)**- ਹਲਕਾ ਕਪੂਰਥਲਾ ਦੇ ਪਿੰਡਾਂ ਅਤੇ ਵਾਰਡਾਂ 'ਚ ਯੂਥ ਕਲੱਬ ਬਣਾਉਣ ਅਤੇ ਪੰਜਾਬ ਦੀ ਜਵਾਨੀ ਨੂੰ ਨਸ਼ੇ ਤਿਆਗ ਕੇ ਖੇਡਾਂ ਵੱਲ ਧਿਆਨ ਦੇਣ ਲਈ ਸ. ਭਗਵੰਤ ਸਿੰਘ ਮਾਨ ਸਰਕਾਰ ਵੱਲੋਂ ਨੌਜਵਾਨ ਪੀੜ੍ਹੀ ਨੂੰ ਖੇਡਾਂ ਵੱਲ ਉਤਸ਼ਾਹਿਤ ਕਰਨ ਲਈ ਪੂਰੇ ਪੰਜਾਬ ਵਿੱਚ ਮੁਹਿੰਮ ਚਲਾਈ ਜਾ ਰਹੀ ਹੈ। ਇਥੇ ਹਲਕਾ ਕਪੂਰਥਲਾ ਦੇ ਯੂਥ ਪ੍ਰਧਾਨ ਐਡਵੋਕੇਟ ਅਰਮਾਨ ਥਿੰਦ ਅਤੇ ਉਪ ਪ੍ਰਧਾਨ ਪਵਨਪ੍ਰੀਤ ਸਿੰਘ ਸੰਘਾ ਵੱਲੋਂ ਨੌਜਵਾਨਾਂ ਨੂੰ ਉਤਸ਼ਾਹਿਤ ਕਰਨ ਲਈ ਮੀਟਿੰਗਾਂ ਕਰਕੇ ਯੂਥ ਕਲੱਬ ਬਣਾਉਣ ਦੀ ਟ੍ਰੇਨਿੰਗ ਦਿੱਤੀ ਗਈ। ਇਸ ਮੌਕੇ ਆਪ ਦੇ ਸੀਨੀਅਰ ਆਗੂ ਵੀ ਹਾਜ਼ਰ ਸਨ।

## ਬਲਬੀਰ ਸਿੱਧੂ ਨੇ 'ਆਪ' ਸਰਕਾਰ ਦੀ ਲੈਂਡ ਪੂਲਿੰਗ ਪਾਲਿਸੀ 'ਤੇ ਚੁੱਕੇ ਸਵਾਲ

**ਮੁਹਾਲੀ (ਗੁਰਜੀਤ ਬਿੱਲਾ)**- ਪੰਜਾਬ ਦੇ ਸਾਬਕਾ ਸਿਹਤ ਮੰਤਰੀ ਅਤੇ ਕਾਂਗਰਸ ਦੇ ਸੀਨੀਅਰ ਆਗੂ ਸ੍ਰੀ ਬਲਬੀਰ ਸਿੰਘ ਸਿੱਧੂ ਨੇ ਇੱਕ ਵਾਰ ਫਿਰ ਪੰਜਾਬ ਸਰਕਾਰ ਦੁਆਰਾ ਲਿਆਂਦੀ ਗਈ ਨਵੀਂ ਲੈਂਡ ਪੂਲਿੰਗ ਪਾਲਿਸੀ ਉੱਤੇ ਸਵਾਲ ਖੜ੍ਹੇ ਕੀਤੇ ਹਨ ਇੱਥੇ ਜਾਰੀ ਇੱਕ ਪ੍ਰੈੱਸ ਬਿਆਨ ਰਾਹੀਂ ਸ੍ਰੀ ਬਲਬੀਰ ਸਿੰਘ ਸਿੱਧੂ ਨੇ ਕਿਹਾ ਕਿ ਪੂਰੇ ਪੰਜਾਬ ਦੇ ਕਿਸਾਨਾਂ ਵੱਲੋਂ ਭਗਵੰਤ ਮਾਨ ਸਰਕਾਰ ਦੀ ਲੈਂਡ ਪੂਲਿੰਗ ਸਕੀਮ ਦਾ ਜ਼ਬਰਦਸਤ ਵਿਰੋਧ ਕੀਤੇ ਜਾਣ ਦੇ ਬਾਵਜੂਦ ਵੀ ਪੰਜਾਬ ਸਰਕਾਰ ਪਤਾ ਨਹੀਂ ਕਿਉਂ ਇਸ ਸਕੀਮ ਨੂੰ ਬਦਲਣਾ ਨਹੀਂ ਚਾਹੁੰਦੀ।ਸ੍ਰੀ ਸਿੱਧੂ ਨੇ ਕਿਹਾ ਕਿ ਦੇਖਿਆ ਜਾਵੇ ਤਾਂ ਪਿਛਲੀਆਂ ਪੰਜਾਬ ਸਰਕਾਰ ਨੇ ਲੰਘੇ ਢਾਈ ਦਹਾਕੇ ਵਿਚ ਰਿਹਾਇਸ਼ੀ ਅਤੇ ਸਨਅਤੀ ਪ੍ਰਾਜੈਕਟਾਂ ਲਈ ਕਰੀਬ 11 ਹਜ਼ਾਰ ਏਕੜ ਜ਼ਮੀਨ ਐਕੁਆਇਰ ਕੀਤੀ ਸੀ। ਪਰ ਮੌਜੂਦਾ ਆਪ ਸਰਕਾਰ ਨੇ ਹੁਣ ਲੈਂਡ ਪੂਲਿੰਗ ਨੀਤੀ ਤਹਿਤ 65,533 ਏਕੜ ਜ਼ਮੀਨ ਐਕੁਆਇਰ ਕਰਨ ਦੀ ਤਜਵੀਜ਼ ਘੜੀ ਹੈ।ਮਾਨ ਸਰਕਾਰ ਹੁਣ ਇੱਕੋ ਹੱਲੇ ਪੰਜਾਬ ਦੇ ਕਿਸਾਨਾਂ ਦੀ 66 ਹਜ਼ਾਰ ਏਕੜ ਦੇ ਕਰੀਬ ਜ਼ਮੀਨ ਐਕੁਆਇਰ ਕਰਨਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਹੁਣ ਸਵਾਲ ਇਹ ਉੱਠਦਾ ਹੈ ਕਿ ਜਦੋਂ ਪਿਛਲੀ ਸਰਕਾਰਾਂ ਲਗਭਗ 25 ਸਾਲਾਂ ਦੇ ਅੰਦਰ ਸਿਰਫ਼ 11 ਹਜ਼ਾਰ ਏਕੜ ਜ਼ਮੀਨ ਪੂਰੀ ਵਿਕਸਿਤ ਨਹੀਂ ਕਰ ਸਕੀਆਂ ਤਾਂ ਹੁਣ ਭਗਵੰਤ ਮਾਨ ਸਰਕਾਰ ਡੇਢ ਸਾਲਾਂ ਵਿਚ ਕਿਵੇਂ 66 ਹਜ਼ਾਰ ਏਕੜ ਜ਼ਮੀਨ ਨੂੰ ਰਿਹਾਇਸ਼ੀ ਅਤੇ ਸਨਅਤੀ ਪ੍ਰਾਜੈਕਟਾਂ ਲਈ ਵਿਕਸਿਤ ਕਰੇਗੀ। ਸ੍ਰੀ ਸਿੱਧੂ ਨੇ ਕਿਹਾ ਕਿ ਪੰਜਾਬ ਅੰਦਰ ਖੇਤੀਬਾੜੀ ਲਈ ਜਗ੍ਹਾ ਲਗਾਤਾਰ ਘਟਦੀ ਜਾ ਰਹੀ ਹੈ। ਸਰਕਾਰ ਦੁਆਰਾ ਧੜੱਲੇ ਨਾਲ ਜ਼ਮੀਨਾਂ ਐਕੁਆਇਰ ਕੀਤੇ ਜਾਣ ਕਾਰਨ ਛੋਟੇ ਕਿਸਾਨਾਂ ਨੂੰ ਸਭ ਤੋਂ ਜ਼ਿਆਦਾ ਮਾਰ ਝੱਲਣੀ ਪੈ ਰਹੀ ਹੈ ਕਿਉਂਕਿ ਜ਼ਮੀਨ ਐਕੁਆਇਰ ਹੋਣ ਤੋਂ ਬਾਅਦ ਉਨ੍ਹਾਂ ਨੂੰ ਬਹੁਤ ਹੀ ਘੱਟ ਮੁਆਵਜ਼ਾ ਮਿਲਦਾ ਹੈ ਅਤੇ ਉਸ ਮੁਆਵਜ਼ੇ ਦੀ ਰਾਸ਼ੀ ਨਾਲ ਅੱਗੇ ਵੀ ਜ਼ਮੀਨ ਬਹੁਤ ਘੱਟ ਅਤੇ ਸ਼ਹਿਰਾਂ ਤੋਂ ਦੂਰ ਮਿਲਣ ਕਾਰਨ ਉਨ੍ਹਾਂ ਦੀ ਆਮਦਨ ਬਹੁਤ ਹੀ ਘੱਟ ਰਹਿ ਜਾਂਦੀ ਹੈ।ਉਨ੍ਹਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਨੂੰ ਲੈਂਡ ਪੂਲਿੰਗ ਦੇ ਨਾਂਅ ਉੱਤੇ ਨਵੀਂ ਜ਼ਮੀਨ ਐਕੁਆਇਰ ਕਰ ਕੇ ਕਿਸਾਨਾਂ ਦਾ ਉਜਾੜਾ ਕਰਨ ਦੀ ਬਜਾਏ ਪਹਿਲਾਂ ਤੋਂ ਐਕੁਆਇਰ ਕੀਤੀ ਗਈ ਜ਼ਮੀਨ ਨੂੰ ਵਿਕਸਿਤ ਕਰਨਾ ਚਾਹੀਦਾ ਹੈ, ਜਿਸ ਦੇ ਮੁਕੰਮਲ ਹੋਣ ਤੋਂ ਬਾਅਦ ਹੀ ਕਿਸਾਨਾਂ ਦੀ ਸਹਿਮਤੀ ਨਾਲ ਹੋਰ ਜ਼ਮੀਨ ਐਕੁਆਇਰ ਕਰਨ ਦੀ ਗੱਲ ਸੋਚਣੀ ਚਾਹੀਦੀ ਹੈ।

## ਆਪੀ ਯੋਗਾ ਗਰੁੱਪ ਨੇ ਤੀਆਂ ਦਾ ਤਿਉਹਾਰ ਮਨਾਇਆ



**ਕਰਤਾਰਪੁਰ (ਹਰਮੇਸ਼ ਦੱਤ)**- ਆਪੀ ਚੈਰੀਟੇਬਲ ਹਸਪਤਾਲ ਕਰਤਾਰਪੁਰ ਵਿਖੇ ਯੋਗਾ ਗਰੁੱਪ ਦੁਆਰਾ ਮੈਡਮ ਸੁਮਨ ਲਤਾ ਕਲਹਣ ਦੀ ਯੋਗ ਅਗਵਾਈ ਹੇਠ ਤੀਆਂ ਦਾ ਤਿਉਹਾਰ ਧੂਮਧਾਮ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਯੋਗਾ ਗਰੁੱਪ ਦੀਆਂ ਮੁਟਿਆਰਾਂ ਨੇ ਤੀਜ ਹਰਿਆਲੀ ਸਮਾਗਮ ਵਿੱਚ ਉਤਸ਼ਾਹ ਨਾਲ ਹਿੱਸਾ ਲਿਆ। ਇਹ ਸਾਵਨ ਦੇ ਮਹੀਨੇ ਵਿੱਚ ਮਨਾਇਆ ਜਾਣ ਵਾਲਾ ਮਹੱਤਵਪੂਰਨ ਪੰਜਾਬੀ ਤਿਉਹਾਰ ਹੈ ਖਾਸ ਕਰਕੇ ਵਿਆਹੀਆਂ ਔਰਤਾਂ ਅਤੇ ਮੁਟਿਆਰਾਂ ਆਪਣੀ ਮਨਪਸੰਦ ਦਾ ਪਹਿਰਾਵਾ ਪਾਉਂਦੀਆਂ, ਪੀਂਘਾਂ ਝੂਟਦੀਆਂ, ਲੋਕ ਗੀਤ ਗਾਉਂਦੀਆਂ ਤੇ ਗਿੱਧਾ ਪਾਉਂਦੀਆਂ ਹਨ। ਮੈਡਮ ਸੁਮਨ ਲਤਾ ਕਲਹਣ ਨੇ ਕਿਹਾ ਕਿ ਅੱਜ ਪੰਜਾਬ ਵਿੱਚ ਅਲੋਪ ਹੋ ਰਹੇ ਵਿਰਸੇ ਨੂੰ ਬਚਾਉਣਾ ਸਮੇਂ ਦੀ ਲੋੜ ਹੈ। ਇਸ ਦੌਰਾਨ ਰੰਗ ਬਰੰਗੇ ਪੰਜਾਬੀ ਪਹਿਰਾਵੇ ਵਿੱਚ ਸਜੀਆਂ ਮੁਟਿਆਰਾਂ ਨੇ ਬੋਲੀਆਂ ਤੇ ਗਿੱਧਾ ਪੇਸ਼ ਕਰਕੇ ਮਨੋਰੰਜਨ ਕੀਤਾ। ਇਸ ਮੌਕੇ ਮੈਡਮ ਸੁਮਨ ਲਤਾ ਕਲਹਣ, ਮੈਡਮ ਸੁਸ਼ਮਾ, ਮੈਡਮ ਰਜਨੀ ਲਾਭਾ ਮਲੋਹਤਰਾ, ਰਵਿੰਦਰ ਕੌਰ, ਜਸਵੀਰ ਕੌਰ, ਸ਼ਰਨ ਅਰੋੜਾ, ਅੰਜੂ, ਮਨਿੰਦਰ, ਜੋਤੀ, ਰਮਨਦੀਪ ਬਲਜਿੰਦਰ, ਚਰਨਜੀਤ ਪਿੰਕੀ, ਗੀਨਾ, ਮੰਜੂ, ਮੀਨੂ ਗੁਪਤਾ, ਜਸਵਿੰਦਰ ਕੌਰ, ਰੇਣੂ, ਸਰਬਜੀਤ ਕੌਰ, ਹਰਪ੍ਰੀਤ ਕੌਰ ਅਤੇ ਆਪੀ ਚੈਰੀਟੇਬਲ ਹਸਪਤਾਲ ਦਾ ਸਟਾਫ ਹਾਜ਼ਰ ਸੀ।

## ਪਾਸਪੋਰਟ ਸੇਵਾ ਮੋਬਾਇਲ ਵੈਨ ਟੈਕਨੀਕਲ 'ਵਰਸਿਟੀ ਪਹੁੰਚੀ

**ਜਲੰਧਰ (ਸ਼ੈਲੀ ਐਲਬਰਟ, ਸੁਰਿੰਦਰ ਕੁਮਾਰ)**— ਨਾਗਰਿਕਾਂ ਦੀ ਸਹੂਲਤ ਲਈ ਇਕ ਪਹਿਲਕਦਮੀ ਤਹਿਤ ਖੇਤਰੀ ਪਾਸਪੋਰਟ ਦਫ਼ਤਰ ਜਲੰਧਰ ਵੱਲੋਂ ਆਈ.ਕੇ. ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ ਕਪੂਰਥਲਾ ਵਿਖੇ ਆਪਣੀ ਪਾਸਪੋਰਟ ਸੇਵਾ ਆਰ.ਪੀ.ਓ. ਮੋਬਾਇਲ ਵੈਨ ਤਾਇਨਾਤ ਕੀਤੀ ਜਾ ਰਹੀ ਹੈ ਤਾਂ ਜੋ ਯੂਨੀਵਰਸਿਟੀ ਦੇ ਵਿਦਿਆਰਥੀਆਂ, ਫੈਕਲਟੀ ਅਤੇ ਨੇੜਲੇ ਖੇਤਰਾਂ ਦੇ ਨਿਵਾਸੀਆਂ ਲਈ ਪਾਸਪੋਰਟ ਬਿਨੈ ਸੇਵਾਵਾਂ ਨੂੰ ਸੁਚਾਰੂ ਬਣਾਇਆ ਜਾ ਸਕੇ।ਖੇਤਰੀ ਪਾਸਪੋਰਟ ਅਧਿਕਾਰੀ ਯਸ਼ਪਾਲ ਨੇ ਦੱਸਿਆ ਕਿ ਮੋਬਾਇਲ ਵੈਨ 6 ਤੋਂ 8 ਅਗਸਤ, 2025 ਤੱਕ ਯੂਨੀਵਰਸਿਟੀ ਕੈਂਪਸ ਦੇ ਐਂਟਰੀ ਗੇਟ 'ਤੇ ਤਾਇਨਾਤ ਰਹੇਗੀ, ਜਿਸ ਨਾਲ ਨੇੜੇ ਰਹਿਣ ਵਾਲੇ ਲੋਕਾਂ ਨੂੰ ਪਾਸਪੋਰਟ ਦਫ਼ਤਰ ਜਾਣ ਤੋਂ ਬਿਨਾਂ ਹੀ ਪਾਸਪੋਰਟ ਨਾਲ ਸਬੰਧਤ ਸੇਵਾਵਾਂ ਪ੍ਰਾਪਤ ਕਰਨ ਵਿੱਚ ਸੁਵਿਧਾ ਹੋਵੇਗੀ।ਚਾਹਵਾਨ ਬਿਨੈਕਾਰ ਇਸ ਸਹੂਲਤ ਦਾ ਲਾਭ ਆਨਲਾਈਨ ਬਿਨੈ ਫਾਰਮ ਭਰ ਕੇ ਅਤੇ ਅਧਿਕਾਰਤ ਵੈੱਬਸਾਈਟ: www.passportindia.gov.in. ਰਾਹੀਂ ਅਪਾਇੰਟਮੈਂਟ ਬੁੱਕ ਕਰਕੇ ਲੈ ਸਕਦੇ ਹਨ। ਇਸ ਪਹਿਲ ਦਾ ਉਦੇਸ਼ ਪਾਸਪੋਰਟ ਸੇਵਾਵਾਂ ਨੂੰ ਲੋਕਾਂ ਖਾਸ ਕਰ ਵਿਦਿਆਰਥੀਆਂ ਅਤੇ ਫੈਕਲਟੀ ਮੈਂਬਰਾਂ ਦੀ ਪਹੁੰਚ ਨੇੜੇ ਲਿਆਉਣਾ ਹੈ, ਜਿਨ੍ਹਾਂ ਨੂੰ ਪਾਸਪੋਰਟ ਦਫ਼ਤਰ ਤੱਕ ਆਉਣ-ਜਾਣਾ ਮੁਸ਼ਕਲ ਲੱਗਦਾ ਹੈ। ਮੋਬਾਇਲ ਵੈਨ ਮੌਕੇ 'ਤੇ ਅਰਜ਼ੀਆਂ ਸਵੀਕਾਰ ਕਰੇਗੀ ਅਤੇ ਦਸਤਾਵੇਜ਼ ਸਬੰਧੀ ਪ੍ਰਕਿਰਿਆ ਨੂੰ ਸਰਲ ਬਣਾਏਗੀ।



## ਵਿਰਾਸਤੀ ਅੰਦਾਜ਼ 'ਚ ਮਨਾਇਆ ਤੀਆਂ ਦਾ ਤਿਉਹਾਰ

**ਮਾਹਿਲਪੁਰ (ਸ.ਫਰੀ)**- ਪਿੰਡ ਜੈਤਪੁਰ ਵਿਖੇ ਗੁਰੂ ਰਵਿਦਾਸ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਤਿੰਦਰ ਸਿੰਘ ਰਾਜੂ ਦੀ ਅਗਵਾਈ ਵਿੱਚ ਸਮੂਹ ਕਮੇਟੀ ਮੈਂਬਰ, ਨਗਰ ਦੇ ਸਹਿਯੋਗ ਨਾਲ ਵਿਰਾਸਤੀ ਅੰਦਾਜ਼ ਵਿਚ ਤੀਆਂ ਦਾ ਤਿਉਹਾਰ ਮਨਾਇਆ ਗਿਆ ਜਿਸ ਵਿੱਚ ਪਿੰਡ ਦੀਆਂ ਕੁੜੀਆਂ, ਔਰਤਾਂ ਤੇ ਬੱਚਿਆਂ ਨੇ ਬੜੇ ਉਤਸ਼ਾਹ ਨਾਲ ਭਾਗ ਲਿਆ ਅਤੇ ਵਿਰਾਸਤ ਨਾਲ ਸਬੰਧਤ ਬੋਲੀਆਂ, ਚਰਖਾ, ਮਧਾਣੀਆਂ, ਪੱਖੀਆਂ ਆਦਿ ਵੱਖਰੀਆਂ ਪੇਸ਼ਕਾਰੀਆਂ ਕੀਤੀਆਂ। ਸਮਾਗਮ ਨੂੰ ਸਫਲਤਾ ਪੂਰਵਕ ਨੇਪਰੇ ਚਾੜ੍ਹਨ ਵਿਚ ਬਲਜੀਤ ਕੌਰ, ਗਗਨਦੀਪ ਕੌਰ, ਕਿਰਪਾਲ ਕੌਰ, ਸਰਬਜੀਤ ਬੱਬੂ, ਸੋਨੀਆ, ਬਖਸ਼ੋ, ਸ਼ਸ਼ੀ, ਮਨੀ, ਰਾਜਰਾਣੀ, ਪੂਨਮ, ਪ੍ਰਿਅੰਕਾ ਅਮਨਦੀਪ, ਰਿੰਪੀ, ਹਰਮਨ, ਲਵਲੀ, ਪਰਮਜੀਤ, ਕਮਲੇਸ਼, ਜਗਦੀਸ਼ ਕੌਰ ਤੇ ਮਮਤਾ ਵੱਲੋਂ ਅਹਿਮ ਭੂਮਿਕਾ ਨਿਭਾਈ ਗਈ। ਇਸ ਮੌਕੇ ਪ੍ਰਧਾਨ ਜਤਿੰਦਰ ਸਿੰਘ ਰਾਜੂ ਨੇ ਕਿਹਾ ਕਿ ਨਵੀਂ ਪੀੜ੍ਹੀ ਵਿਚ ਅਲੋਪ ਹੁੰਦੀ ਜਾ ਰਹੀ ਵਿਰਾਸਤ ਨੂੰ ਦੇਖਦੇ ਹੋਏ ਇਸ ਤਰ੍ਹਾਂ ਦੇ ਪ੍ਰੋਗਰਾਮ ਮਨਾਉਣੇ ਅੱਜ ਦੇ ਸਮੇਂ ਦੀ ਮੁੱਖ ਲੋੜ ਬਣ ਗਈ ਹੈ।ਹੋਰਨਾਂ ਤੋਂ ਇਲਾਵਾ ਮਲਕੀਤ ਸਿੰਘ,ਪਰਮਜੀਤ ਸਿੰਘ,ਅਮਰੀਕ ਸਿੰਘ, ਦਿਲਬਾਗ ਸਿੰਘ,ਬਿੱਟੂ,ਅਵਤਾਰ ਸਿੰਘ,ਵਿਨੋਦ,ਸਨੀ ਆਦਿ ਹਾਜ਼ਰ ਸਨ।



## ਸਰਕਾਰ ਨੇ ਪੰਜਾਬ ਨੂੰ ਦੇਸ਼ ਦਾ ਸਭ ਤੋਂ ਸਾਫ-ਸੁਥਰਾ ਸੂਬਾ ਬਣਾਉਣ ਦੀ ਵਚਨਬੱਧਤਾ ਦੁਹਰਾਈ

**ਜਲੰਧਰ (ਸ਼ੈਲੀ ਐਲਬਰਟ)** ਪੰਜਾਬ ਸਰਕਾਰ ਵਲੋਂ ਸਫਾਈ ਪੱਖੋਂ ਸ਼ਹਿਰਾਂ ਅਤੇ ਪਿੰਡਾਂ ਦੀ ਨੁਹਾਰ ਬਦਲਣ ਲਈ ਕੀਤੇ ਜਾ ਰਹੇ ਜੀਅ ਤੋੜ ਯਤਨਾਂ ਤਹਿਤ ਜ਼ਿਲ੍ਹਾ ਪ੍ਰਸ਼ਾਸਨ ਜਲੰਧਰ ਨੇ ਖਾਲੀ ਪਲਾਟਾਂ ਵਿਚੋਂ ਕੂੜੇ ਦੇ ਢੇਰ ਚੁਕਵਾਉਣ ਲਈ ਜੋ ਮੁਹਿੰਮ ਵਿੱਢੀ ਹੈ, ਉਸ ਮੁਹਿੰਮ ਤਹਿਤ ਖਾਲੀ ਪਲਾਟਾਂ ਦੀ ਸਫਾਈ ਕਰਵਾਉਣ ਵਿੱਚ ਆਲਸ ਦਿਖਾਉਣ ਵਾਲੇ ਪਲਾਟ ਮਾਲਕਾਂ ਨੂੰ 300 ਤੋਂ ਵੱਧ ਨੋਟਿਸ ਜਾਰੀ ਕੀਤੇ ਗਏ ਹਨ। ਡਿਪਟੀ ਕਮਿਸਨਰ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਪਲਾਟਾਂ ਦੀ ਸਾਫ-ਸਫਾਈ ਨਾ ਕਰਵਾਉਣ ਵਾਲਿਆਂ ਖਿਲਾਫ ਕਾਰਵਾਈ ਅਮਲ ਵਿੱਚ ਲਿਆਂਦੀ ਜਾ ਰਹੀ ਹੈ, ਜਿਸ ਤਹਿਤ ਪਲਾਟ ਮਾਲਕਾਂ ਨੂੰ 300 ਤੋਂ ਵੱਧ ਨੋਟਿਸ ਜਾਰੀ ਕੀਤੇ ਗਏ ਹਨ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪ੍ਰਸਾਸਨ ਵਲੋਂ ਵਿੱਢੀ ਮੁਹਿੰਮ ਦਾ ਪਲਾਟ ਮਾਲਕ ਸਾਥ ਵੀ ਦੇ ਰਹੇ ਹਨ। ਉਨ੍ਹਾਂ ਦੱਸਿਆ ਕਿ ਸਫਾਈ ਪਸੰਦ ਵਿਅਕਤੀਆਂ ਵਲੋਂ ਆਪਣੇ ਪਲਾਟਾਂ ਦੀ ਸਫਾਈ ਕਰਵਾਉਣ ਤੋਂ ਇਲਾਵਾ ਚਾਰਦਿਵਾਰੀਆਂ ਵੀ ਕਰਵਾਈਆਂ ਜਾ ਰਹੀਆਂ ਹਨ। ਉਨ੍ਹਾਂ ਹੋਰਨਾਂ ਪਲਾਟ ਮਾਲਕਾਂ ਨੂੰ ਵੀ ਆਪਣੇ ਖਾਲੀ ਪਏ ਪਲਾਟਾਂ ਦੀ ਸਫਾਈ ਅਤੇ ਚਾਰਦਿਵਾਰੀ ਕਰਵਾਉਣ ਦੀ ਸਖਤ ਹਦਾਇਤ ਕੀਤੀ, ਤਾਂ ਜੋ ਚੱਲ ਰਹੇ ਬਰਸਾਤ ਦੇ ਮੌਸਮ ਦੌਰਾਨ ਫੈਲਣ ਵਾਲੀਆਂ ਬਿਮਾਰੀਆਂ ਤੋਂ ਬਚਿਆ ਜਾ ਸਕੇ। ਸੂਬਾ ਸਰਕਾਰ ਦੀ ਪੰਜਾਬ ਨੂੰ ਦੇਸ਼ ਦਾ ਸਭ ਤੋਂ ਸਾਫ-ਸੁਥਰਾ ਰਾਜ ਬਣਾਉਣ ਦੀ ਵਚਨਬੱਧਤਾ ਦੁਹਰਾਉਂਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜ਼ਿਲ੍ਹਾ ਜਲੰਧਰ ਨੂੰ ਸਫਾਈ ਪੱਖੋਂ ਬਿਹਤਰ ਬਣਾਉਣ ਵਿੱਚ ਪ੍ਰਸ਼ਾਸਨ ਵੱਲੋਂ ਕੋਈ ਕਸਰ ਬਾਕੀ ਨਹੀਂ ਰਹਿਣ ਦਿੱਤੀ ਜਾਵੇਗੀ। ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਖਾਲੀ ਪਲਾਟਾਂ ਦੀ ਸਫਾਈ ਕਰਵਾਉਣ ਲਈ ਕਿਸੇ ਵੀ ਤਰ੍ਹਾਂ ਦੀ ਸਹਾਇਤਾ ਹਿੱਤ ਜਾਰੀ ਕੀਤੇ ਐਕਸ਼ਨ ਹੈਲਪਲਾਈਨ ਵਟਸਐਪ ਨੰਬਰ 9646-222-555 ਰਾਹੀਂ 60 ਤੋਂ ਵੱਧ ਸਮੱਸਿਆਵਾਂ ਦਾ ਹੱਲ ਕਰਕੇ ਰਾਹਤ ਦਿਵਾਈ ਗਈ। ਡਾ. ਅਗਰਵਾਲ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਇਹ ਕਦਮ ਪੂਰੀ ਤਰ੍ਹਾਂ ਜਨਤਕ ਸਿਹਤ ਦੇ ਹਿੱਤ ਲਈ ਚੁੱਕਿਆ ਗਿਆ ਹੈ, ਤਾਂ ਜੋ ਜ਼ਿਲ੍ਹੇ ਦੇ ਲੋਕਾਂ ਨੂੰ ਬਿਮਾਰੀਆਂ ਤੋਂ ਬਚਾਇਆ ਜਾ ਸਕੇ, ਖਾਸ ਕਰ ਚੱਲ ਰਹੇ ਬਰਸਾਤ ਦੇ ਮੌਸਮ ਦੌਰਾਨ ਜਦੋਂ ਵੈਕਟਰ ਬੋਰਨ ਬਿਮਾਰੀਆਂ ਤੇਜੀ ਨਾਲ ਫੈਲ ਸਕਦੀਆਂ ਹਨ। ਉਨ੍ਹਾਂ ਸਾਫ-ਸੁਥਰਾ ਵਾਤਾਵਰਣ ਯਕੀਨੀ ਬਣਾਉਣ ਅਤੇ ਵਸਨੀਕਾਂ ਦੀ ਸਿਹਤ ਦੀ ਸੁਰੱਖਿਆ ਲਈ ਜਲੰਧਰ ਪ੍ਰਸ਼ਾਸਨ ਦੀ ਵਚਨਬੱਧਤਾ ਵੀ ਦੁਹਰਾਈ।



## ਪੰਜਾਬ ਸਰਕਾਰ ਕਰ ਰਹੀ ਜਬਰੀ ਗੈਰ-ਕਾਨੂੰਨੀ ਢੰਗ ਨਾਲ ਜ਼ਮੀਨਾਂ 'ਤੇ ਕਬਜ਼ੇ : ਮਾਨ

**ਜਲੰਧਰ (ਰਾਜੇਸ਼ ਥਾਪਾ)** ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਵੱਲੋਂ ਗੁਰਦੁਆਰਾ ਬਾਬਾ ਬਕਾਲਾ ਸਾਹਿਬ ਵਿਖੇ ਰੱਖੜ ਪੁੰਨਿਆ ਦੇ ਮੌਕੇ 9 ਅਗਸਤ ਨੂੰ ਮੀਰੀ-ਪੀਰੀ ਕਾਨਫਰੰਸ ਕੀਤੀ ਜਾਵੇਗੀ।ਜਿਸ ਵਿਚ ਮਾਝੇ ਅਤੇ ਦੋਆਬੇ ਦੇ ਪਾਰਟੀ ਅਹੁਦੇਦਾਰਾਂ, ਮੈਬਰਾਂ, ਵਰਕਰਾਂ, ਸਮਰੱਥਕਾਂ ਨੂੰ ਲਾਮਬੰਦ ਕਰਨ ਹਿੱਤ ਸਮੁੱਚੇ ਜ਼ਿਲ੍ਹਿਆਂ ਵਿਚ ਨਿਰੰਤਰ ਮੀਟਿੰਗਾਂ ਦਾ ਸਿਲਸਿਲਾ ਜਾਰੀ ਹੈ। ਇਹ ਪ੍ਰਗਟਾਵਾ ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਤੇ ਦਲ ਖਾਲਸਾ ਨੇ ਸਾਂਝੇ ਤੌਰ 'ਤੇ ਜਲੰਧਰ ਦੇ ਪ੍ਰੈਸ ਕਲੱਬ ਵਿਚ ਕੀਤਾ । ਉਨ੍ਹਾਂ ਕਿਹਾ ਕਿ ਬੀਤੇ ਸਮੇਂ ਵਿਚ ਮੁਲਕ ਦੇ ਹਿੰਦੁਤਵ ਹੁਕਮਰਾਨਾਂ ਨੇ ਆਜ਼ਾਦੀ ਪ੍ਰਾਪਤੀ ਤੋਂ ਪਹਿਲੇ ਸਿੱਖ ਕੌਮ ਨਾਲ ਇਹ ਵਾਅਦਾ ਕੀਤਾ ਸੀ ਕਿ ਬਣਨ ਵਾਲੇ ਇੰਡੀਆ ਮੁਲਕ ਦੇ ਉੱਤਰੀ ਖਿੱਤੇ ਵਿਚ ਸਿੱਖ ਕੌਮ ਨੂੰ ਇਕ ਆਜ਼ਾਦ ਖਿੱਤਾ ਦਿੱਤਾ ਜਾਵੇਗਾ ਜਿਥੇ ਉਹ ਆਪਣੀਆਂ ਧਾਰਮਿਕ, ਸਮਾਜਿਕ ਰਹੁਰੀਤੀਆਂ ਅਨੁਸਾਰ ਆਜ਼ਾਦੀ ਨਾਲ ਆਪਣਾ ਜੀਵਨ ਬਸਰ ਕਰ ਸਕਣਗੇ । ਪਰ ਹੁਕਮਰਾਨਾਂ ਨੇ ਆਪਣੇ ਕੀਤੇ ਇਸ ਵਚਨ ਤੋਂ ਮੁਨਕਰ ਹੋ ਕੇ ਸਿੱਖ ਕੌਮ ਨਾਲ ਵੱਡਾ ਧੋਖਾ ਕੀਤਾ। ਉਨ੍ਹਾਂ ਕਿਹਾ ਕਿ 15 ਅਗਸਤ ਤੋਂ ਇਕ ਦਿਨ ਪਹਿਲੇ 14 ਅਗਸਤ ਨੂੰ 3 ਜ਼ਿਲ੍ਹਿਆਂ ਫਿਰੋਜ਼ਪੁਰ, ਜਲੰਧਰ ਤੇ ਪਟਿਆਲਾ ਵਿਖੇ ਵੱਡੇ ਪੱਧਰ 'ਤੇ ਕਾਲੇ ਦਿਨ ਵਜੋਂ ਮਨਾਇਆ ਜਾਵੇਗਾ। ਇਸਦੇ ਨਾਲ ਹੀ ਜੋ ਪੰਜਾਬ ਦੇ 2-2, 4-4 ਕਿੱਲ੍ਹਿਆਂ ਦੇ ਮਾਲਕ ਜਿੰਮੀਦਾਰਾਂ ਦੀਆਂ ਸ਼ਹਿਰੀ ਅਤੇ ਸ਼ਹਿਰਾਂ ਦੇ ਨਾਲ ਲੱਗਦੇ ਪਿੰਡਾਂ ਦੀਆਂ ਜ਼ਮੀਨਾਂ ਨੂੰ ਵਿਕਾਸ ਦੇ ਨਾਂਅ ਹੇਠ ਪੰਜਾਬ ਦੀ ਆਮ ਆਦਮੀ ਪਾਰਟੀ ਸਰਕਾਰ ਵੱਲੋਂ ਹਿੰਦੂਤਵ ਸੋਚ ਦੇ ਮਾਲਕ ਇਸਦੇ ਸੁਪਰੀਮੋ ਕੇਜਰੀਵਾਲ ਦੇ ਆਦੇਸ਼ਾਂ ਉਤੇ ਪੰਜਾਬ ਸਰਕਾਰ ਵੱਲੋ ਜ਼ਬਰੀ ਗੈਰ ਕਾਨੂੰਨੀ ਢੰਗ ਨਾਲ ਜ਼ਮੀਨਾਂ ਉੱਤੇ ਕਬਜੇ ਕੀਤੇ ਜਾ ਰਹੇ ਹਨ। ਪੰਜਾਬ ਸਰਕਾਰ ਨੂੰ ਇਸ ਲੈਂਡ ਪੁਲਿੰਗ ਨੀਤੀ ਨੂੰ ਲਾਗੂ ਕਰਨ ਅਤੇ ਪੰਜਾਬੀਆਂ ਨਾਲ ਇਹ ਬੇਇਨਸਾਫੀ ਕਰਨ ਦੀ ਇਜਾਜ਼ਤ ਬਿਲਕੁਲ ਨਹੀ ਦਿੱਤੀ ਜਾਵੇਗੀ ਉਨ੍ਹਾਂ ਉਮੀਦ ਪ੍ਰਗਟ ਕੀਤੀ ਕਿ ਪੰਜਾਬੀਆਂ ਤੇ ਸਿੱਖ ਕੌਮ ਦੇ ਇਸ ਜਾਲਮ ਨੀਤੀ ਵਿਰੁੱਧ ਵੱਡੇ ਰੋਹ ਨੂੰ ਦੇਖਦੇ ਹੋਏ ਪੰਜਾਬ ਦੀ ਭਗਵੰਤ ਮਾਨ ਸਰਕਾਰ ਨੂੰ ਤੁਰੰਤ ਇਸ ਆਪਣੀ ਜਾਬਰ ਨੀਤੀ ਨੂੰ ਰੱਦ ਕਰ ਦੇਣਗੇ ਅਤੇ ਪੰਜਾਬ ਦੇ ਅਮਨਮਈ ਮਾਹੌਲ ਨੂੰ ਫਿਰ ਤੋਂ ਲਾਬੂ ਲਗਾਉਣ ਦੀ ਗੁਸਤਾਖੀ ਨਹੀਂ ਕਰਨਗੇ ।ਮੀਟਿੰਗ ਵਿਚ ਕੰਵਰਪਾਲ ਸਿੰਘ ਬਿੱਟੂ, ਪਰਮਜੀਤ ਸਿੰਘ ਮੰਡ, ਡਾ. ਹਰਜਿੰਦਰ ਸਿੰਘ ਜੱਖੂ, ਹਰਪਾਲ ਸਿੰਘ ਬਲੇਰ, ਗੁਰਜੰਟ ਸਿੰਘ ਕੱਟੂ, ਸੁਖਜੀਤ ਸਿੰਘ ਡਰੋਲੀ ਆਦਿ ਆਗੂ ਵੱਡੀ ਗਿਣਤੀ ਵਿਚ ਹਾਜਰ ਸਨ ।



## ਮੰਦਰ ਸਾਈਆਂ ਵਾਲੇ ਵਿਖੇ ਸਾਲਾਨਾ ਜੋੜ ਮੇਲਾ ਕਰਵਾਇਆ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਮੰਦਿਰ ਸਾਈਆਂ ਵਾਲੇ ਪਿੰਡ ਬੌੜਾ ਵਿਖੇ ਸਾਲਾਨਾ ਭੰਡਾਰਾ ਦੋ ਦਿਨਾਂ ਜੋੜ ਮੇਲਾ ਪੰਚਾਇਤ ਮੈਂਬਰ ਪ੍ਰਬੰਧਕ ਕਮੇਟੀ ਪਿੰਡ ਵਾਸੀ ਨਗਰ ਵਾਸੀਆਂ ਸੰਗਤਾ ਦੇ ਸਹਿਯੋਗ ਨਾਲ ਬੜੀ ਸ਼ਰਧਾ ਪੂਰਵਕ ਅਤੇ ਧੂਮਧਾਮ ਨਾਲ ਮਨਾਇਆ ਗਿਆ। ਇਸ ਮੌਕੇ ਜਾਣਕਾਰੀ ਦਿੰਦੇ ਹੋਏ ਪ੍ਰਬੰਧਕ ਕਮੇਟੀ ਪ੍ਰਧਾਨ ਸੇਠੀ ਲਾਲ, ਰਾਕੇਸ਼ ਕੁਮਾਰ, ਮਨੀਸ਼ ਕੁਮਾਰ, ਨਰੇਸ਼ ਕੁਮਾਰ, ਲਵ ਕੁਮਾਰ, ਕਾਕਾ ਪ੍ਰਕਾਸ਼ ਮਨੀਸ਼ ਕੁਮਾਰ ਸੈਕਟਰੀ ਜੋਹਨ ਲਾਲ ਨੇ ਦੱਸਿਆ ਹੈ ਕਿ ਧੂਣੇ ਦੀ ਰਸਮ ਮੇਲੇ ਦੇ ਪਹਿਲੇ ਦਿਨ ਕੀਤੀ ਗਈ। ਚਿਰਾਗ ਰੋਸ਼ਨ ਸ਼ਾਮ ਨੂੰ ਕੀਤੇ ਗਏ ਅਤੇ ਮੇਲੇ ਦੇ ਦੂਜੇ ਦਿਨ ਸਵੇਰੇ ਝੰਡਾ ਚੜ੍ਹਾਉਣ ਦੀ ਰਸਮ ਦਰਬਾਰ ਵਿਚ ਕੀਤੀ ਤੇ ਚਾਹ ਪਕੌੜਿਆ ਦਾ ਲੰਗਰ ਲਗਾਇਆ। ਰਾਤ ਨੂੰ ਮਹਿਫਲੇ ਸਾਈਆਂ ਬਾਬਾ ਜੀ ਦਾ ਗੁਣਗਾਨ ਕੀਤਾ ਗਿਆ। ਇਸ ਤਰ੍ਹਾਂ ਮੇਲੇ ਦੀ ਸਾਰੀਆਂ ਰਸਮਾਂ ਪੂਰੀਆਂ ਕਰਨ ਉਪਰੰਤ ਨਗਰ ਦੀ ਸੁੱਖ ਸ਼ਾਂਤੀ ਤੇ ਸਰਬੱਤ ਦੇ ਭਲੇ ਲਈ ਫਰਿਆਦ ਕੀਤੀ ਗਈ। ਮਸ਼ਹੂਰ ਕਲਾਕਾਰ ਗਾਇਕ ਵਿਜੈ ਮੱਲਪੁਰੀ ਵੱਲੋਂ ਸਾਰੀ ਰਾਤ ਬਾਬਾ ਜੀ ਦਾ ਗੁਣਗਾਨ ਕੀਤਾ ਗਿਆ। ਸਾਈਆਂ ਸਿਵ ਸ਼ੰਕਰ, ਬਾਬਾ ਜੀ ਦੀਆਂ ਝਾਕੀਆਂ ਪ੍ਰੋਗਰਾਮ ਪੇਸ਼ ਕੀਤਾ, ਮਸ਼ਹੂਰ ਕਲਾਕਾਰ ਗਾਇਕ ਵਿਜੈ ਮੱਲਪੂਰੀ ਨੇ ਸਾਰੀ ਰਾਤ ਆਪਣੇ ਧਾਰਮਿਕ ਗੀਤ ਸੰਗੀਤ ਨਾਲ ਸੰਗਤਾ ਨੂੰ ਕੀਲ ਰੱਖਿਆ। ਇਸ ਮੌਕੇ ਪ੍ਰਧਾਨ ਸੇਠੀ ਲਾਲ, ਰਾਕੇਸ਼ ਕੁਮਾਰ, ਪਿੰਡ ਬੌੜਾ ਦੇ ਸਰਪੰਚ ਕੁਲਦੀਪ ਸ਼ਰਮਾ ਪੰਚ ਜੌਹਨ ਲਾਲ ਨੇ ਆਈਆ ਸੰਗਤਾਂ ਦਾ ਧੰਨਵਾਦ ਕੀਤਾ। ਇਸ ਮੌਕੇ ਬੋਬੀ ਪੰਚ, ਲਾਲੀ ਪੰਚ, ਰਾਜੂ ਬਾਬਾ ਨਿੰਦਰ ਜੀ, ਪੰਡਿਤ ਦੇਵੀ ਦਿਆਲ, ਬਿੱਟੂ ਨਾਈਮਜਾਰਾ, ਸੰਦੀਪ ਕੁਮਾਰ ਆਦਿ ਹਾਜ਼ਰ ਸਨ।



## ਨਵੇਂ ਨਿਯੁਕਤ ਅਹੁਦੇਦਾਰਾਂ ਦਾ ਕੀਤਾ ਸਨਮਾਨ



**ਨੂਰਮਹਿਲ (ਬਾਲ ਕ੍ਰਿਸ਼ਨ ਬਾਲੀ)**— ਹਲਕਾ ਨਕੋਦਰ ਦੇ ਸਰਕਲ ਬਿਲਗਾ ਵਿਖੇ ਬੀਬੀ ਰਾਜਵਿੰਦਰ ਕੌਰ ਭੁੱਲਰ ਸਾਬਕਾ ਐਮਐਲਏ ਅਤੇ ਐਡਵੋਕੇਟ ਰਾਜ ਕਮਲ ਸਿੰਘ ਭੁੱਲਰ ਸੀਨੀਅਰ ਅਕਾਲੀ ਆਗੂ ਹਲਕਾ ਨਕੋਦਰ ਵੱਲੋਂ ਨਵੇਂ ਨਿਯੁਕਤ ਕੀਤੇ ਗਏ ਜ਼ਿਲ੍ਹਾ ਪ੍ਰਧਾਨ ਬਚਿੱਤਰ ਸਿੰਘ ਕੋਹਾੜ, ਕੋਰ ਕਮੇਟੀ ਮੈਂਬਰ ਬਲਦੇਵ ਸਿੰਘ ਖਹਿਰਾ, ਵਰਕਿੰਗ ਕਮੇਟੀ ਮੈਂਬਰ ਹਰਜਾਪ ਸਿੰਘ ਸੰਘਾ ਅਤੇ ਐਸਜੀਪੀਸੀ ਦੇ ਮੀਤ ਪ੍ਰਧਾਨ ਬਲਦੇਵ ਸਿੰਘ ਕਲਿਆਣ ਦਾ ਸਨਮਾਨ ਰੱਖਿਆ ਗਿਆ। ਪਾਰਟੀ ਦੀ ਚੜ੍ਹਦੀ ਕਲਾ ਲਈ ਸਾਰੇ ਆਗੂਆਂ ਵੱਲੋਂ ਆਪੋ ਆਪਣੇ ਵਿਚਾਰ ਦਿੱਤੇ ਗਏ ਅਤੇ ਇਸ ਦੇ ਨਾਲ ਹੀ ਬੂਥ ਕਮੇਟੀਆਂ ਦੀ ਆਰੰਭਤਾ ਕੀਤੀ ਗਈ। ਚੇਅਰਮੈਨ ਪਰਵਿੰਦਰ ਸਿੰਘ ਸ਼ਾਮਪੁਰ, ਸਰਕਲ ਪ੍ਰਧਾਨ ਪਿਆਰਾ ਸਿੰਘ ਕੈਂਥ, ਵਾਈਸ ਚੇਅਰਮੈਨ ਮਾਰਕੀਟ ਕਮੇਟੀ ਬਿਲਗਾ ਕਮਲਜੀਤ ਸਿੰਘ ਪਵਾਦੜਾ, ਸਾਬਕਾ ਸਰਪੰਚ ਗੁਰਨਾਮ ਸਿੰਘ ਰਾਵਾ, ਸੀਨੀਅਰ ਮੀਤ ਪ੍ਰਧਾਨ ਮੇਜਰ ਸਿੰਘ ਔਜਲਾ, ਅਵਤਾਰ ਸਿੰਘ ਔਜਲਾ, ਨੰਬਰਦਾਰ ਹਰਬਲਜੀਤ ਸਿੰਘ ਲੱਦੜ, ਸਾਬਕਾ ਸਰਪੰਚ ਸੰਤੋਖ ਸਿੰਘ ਖੋਖੇਵਾਲ, ਲੰਬੜਦਾਰ ਬਲਜੀਤ ਸਿੰਘ ਬਹਾਦਰਪੁਰ, ਲੰਬੜ ਦਾਰ ਅਮਰਿੰਦਰ ਸਿੰਘ ਨਾਗਰਾ, ਪਿਆਰਾ ਸਿੰਘ ਸੰਘੇੜਾ, ਸਰਕਲ ਪ੍ਰਧਾਨ ਐਸਸੀ ਵਿੰਗ ਬਿਲਗਾ ਹਰਬੰਸ ਸਿੰਘ ਦਰਦੀ, ਪ੍ਰਧਾਨ ਬਿੰਦਰ ਸਿੰਘ ਭੁੱਲਰ, ਸਰਪੰਚ ਜਸਵਿੰਦਰ ਕੌਰ ਭੁੱਲਰ, ਸਾਬਕਾ ਐਮਸੀ ਮੀਕਾ ਸਿੰਘ ਸੰਘੇੜਾ, ਲੰਬੜਦਾਰ ਰਣਜੀਤ ਸਿੰਘ ਕਾਦੀਆਂ, ਸਾਬਕਾ ਸਰਪੰਚ ਹਰੀ ਕ੍ਰਿਸ਼ਨ ਗੁਮਟਾਲੀ, ਅਵਤਾਰ ਸਿੰਘ ਮਆਈ , ਸਾਬਕਾ ਸਰਪੰਚ ਜਸਵਿੰਦਰ ਸਿੰਘ ਮੁਆਈ, ਹਰਜੋਤ ਸਿੰਘ ਮਵਾਈ ਲੱਖੀ ਪਵਾਧੜਾ, ਪ੍ਰਧਾਨ ਰਣਜੋਤ ਸਿੰਘ ਔਜਲਾ, ਗੁਰਮੇਲ ਸਿੰਘ ਗਮਟਾਲਾ, ਕੌਮੀ ਮੀਤ ਪ੍ਰਧਾਨ ਗੁਰਪ੍ਰੀਤ ਸਿੰਘ ਭੰਡਾਲ ਬੂਟਾ ਅਤੇ ਹੋਰ ਵੀ ਸੈਂਕੜਿਆਂ ਦੀ ਤਾਦਾਦ ਵਿੱਚ ਅਕਾਲੀ ਆਗੂ ਹਾਜ਼ਰ ਸਨ।

## ਡਰੱਗ ਮਾਫੀਆ ਤੇ ਰਿਸ਼ਵਤਖੋਰੀ ਖਿਲਾਫ ਸਖ਼ਤ ਕਾਰਵਾਈ ਨਾਲ ਆਮ ਜਨਤਾ ਨੂੰ ਮਿਲੀ ਰਾਹਤ : ਜੁਗਨੂੰ



**ਕਾਲਾ ਸੰਘਿਆਂ (ਮਨਜੀਤ ਮਾਨ)**- ਪੰਜਾਬ ਵਿਚ ਜਿਥੇ ਵੱਡੇ ਪੱਧਰ ਤੇ ਚਲ ਰਹੇ ਨਸ਼ਾ ਮਾਫੀਆ ਖਿਲਾਫ ਮੁਹਿੰਮ ਨੇ ਨਸ਼ਾ ਵਪਾਰੀਆਂ ਨੂੰ ਭਾਜੜ ਪਾ ਦਿਤੀ ਹੈ ਉਥੇ ਰਿਸ਼ਵਤਖੋਰੀ ਖਿਲਾਫ ਮੁੱਖ ਮੰਤਰੀ ਦੀ ਅਗਵਾਈ ਵਿਚ ਚੱਲ ਰਹੀ ਵੱਡੀ ਮੁਹਿੰਮ ਦੌਰਾਨ ਸਰਕਾਰੀ ਅਧਿਕਾਰੀਆਂ ਤੇ ਮੁਲਾਜ਼ਮਾ ਦੀਆਂ ਰਿਸ਼ਵਤਖੋਰੀ ਕਰਕੇ ਹੋਈਆਂ ਗ੍ਰਿਫਤਾਰੀਆਂ ਨੇ ਆਮ ਜਨਤਾ ਨੂੰ ਵੱਡੀ ਰਾਹਤ ਦਿਤੀ ਹੈ ਤੇ ਰਿਸ਼ਵਤ ਲੈਣ ਵਾਲਿਆਂ ਵਿਚ ਵੀ ਭਾਰੀ ਦਹਿਸ਼ਤ ਪਾਈ ਜਾ ਰਹੀ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਅੱਜ ਇਥੇ ਆਮ ਆਦਮੀ ਪਾਰਟੀ ਦੇ ਮੀਡਿਆ ਇੰਚਾਰਜ ਤੇ ਸਪੋਕਸਪਰਸਨ ਇੰਦਰਜੀਤ ਸਿੰਘ ਜੁਗਨੂੰ ਨੇ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਕੀਤਾ। ਉਨ੍ਹਾਂ ਕਿਹਾ ਪਿਛਲੀਆਂ ਸਰਕਾਰਾਂ ਦੀਆਂ ਵੱਡੀਆਂ ਗਲਤੀਆਂ ਕਰਕੇ ਪੰਜਾਬ ਵਿਚ ਨਸ਼ਾ ਵਧਦਾ ਗਿਆ ਤੇ ਸੈਂਕੜੇ ਨੌਜਵਾਨ ਇਸ ਮਾੜੀ ਲਤ ਦੇ ਸ਼ਿਕਾਰ ਹੋ ਕੇ ਮੌਤ ਦੇ ਮੂੰਹ ਵਿਚ ਚਲੇ ਗਏ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਨਸ਼ਾ ਸੌਦਾਗਰਾਂ ਖਿਲਾਫ ਯੁੱਧ ਨਸਿਆ ਵਿਰੁੱਧ ਇੱਕ ਵੱਡੀ ਮੁਹਿੰਮ ਛੇੜਕੇ ਪੰਜਾਬ ਪੁਲਸ ਕੋਲੋਂ ਸਖ਼ਤ ਕਾਰਵਾਈ ਕਰਵਾ ਕੇ ਹਜ਼ਾਰਾਂ ਨਸ਼ਾ ਵੇਚਣ ਵਾਲਿਆਂ ਨੂੰ ਫੜ ਕੇ ਜੇਲ੍ਹਾਂ ਵਿਚ ਬੰਦ ਕਰ ਦਿਤਾ ਤੇ ਵੱਡੇ ਨਸ਼ਾ ਵਪਾਰੀਆਂ ਦੇ ਘਰਾਂ ਤੇ ਬੁਲਡੋਜਰ ਚਲਾ ਕੇ ਕਾਲੀ ਕਮਾਈ ਨਾਲ ਬਣਾਏ ਘਰ ਢਾਹ ਕੇ ਉਨਾਂ ਨੂੰ ਕਰੜਾ ਸਬਕ ਸਿਖਾਇਆ। ਇੰਦਰਜੀਤ ਸਿੰਘ ਜੁਗਨੂੰ ਨੇ ਦੱਸਿਆ ਕੇ ਨਸ਼ਾ ਸੇਵਨ ਕਰਨ ਵਾਲਿਆਂ ਤੇ ਕੋਈ ਪੁਲਿਸ ਕਾਰਵਾਈ ਨਹੀ ਕੀਤੀ ਜਾਵੇਗੀ ਉਨਾਂ ਨੂੰ ਸਰਕਾਰੀ ਨਸ਼ਾ ਛਡਾਊ ਕੇਂਦਰਾ ਵਿਚ ਦਾਖਲ ਕਰਵਾ ਕੇ ਉਨਾਂ ਦਾ ਫਰੀ ਇਲਾਜ ਕਰਵਾਇਆ ਜਾਵੇਗਾ।

## ਤੀਆਂ ਦਾ ਤਿਉਹਾਰ ਮਨਾਇਆ



**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)**- ਸਾਉਣ ਦੇ ਮਹੀਨੇ ਵਿਚ ਤੀਆਂ ਦਾ ਤਿਉਹਾਰ ਬੜੇ ਹੀ ਚਾਵਾਂ ਨਾਲ ਮਨਾਇਆ ਜਾਂਦਾ ਹੈ ਜਿਸ ਵਿਚ ਮੁਟਿਆਰਾਂ ਗਿੱਧਾ, ਭੰਗੜਾ, ਬੋਲੀਆਂ ਅਤੇ ਪੀਂਘਾਂ ਝੂਟ ਕੇ ਇਸ ਤਿਉਹਾਰ ਨੂੰ ਮਨਾਉਂਦੀਆਂ ਹਨ। ਭੋਗਪੁਰ ਅਧੀਨ ਆਉਂਦੇ ਪਿੰਡ ਰਾਜਪੁਰ ਵਿਖੇ ਤੀਆਂ ਦਾ ਤਿਉਹਾਰ ਪਿੰਡ ਦੀ ਸਮੂਹ ਗ੍ਰਾਮ ਪੰਚਾਇਤ ਅਤੇ ਪਿੰਡ ਦੇ ਸਮੂਹ ਨਗਰ ਨਿਵਾਸੀਆਂ ਵੱਲੋਂ ਬੜੀ ਹੀ ਧੂਮਧਾਮ ਨਾਲ ਮਨਾਇਆ ਗਿਆ। ਜਿਸ ਵਿਚ ਪਿੰਡ ਦੀਆਂ ਔਰਤਾਂ ਵਲੋਂ ਸੱਭਿਆਚਾਰਕ ਗੀਤ, ਗਿੱਧਾ, ਬੋਲੀਆਂ, ਕਿੱਕਲੀ ਆਦਿ ਨਾਲ ਮਨੋਰੰਜਨ ਕੀਤਾ ਗਿਆ। ਇਸ ਮੌਕੇ ਰਵਾਇਤੀ ਫੁੱਲ ਪਰਾਂਦੇ ਅਤੇ ਮੱਥੇ ਟਿੱਕੇ ਲਗਾ ਕੇ ਨੱਚਦੇ ਗਾਉਂਦਿਆਂ ਸਵਾਣੀਆਂ ਤੇ ਬੱਚੀਆਂ ਨੇ ਭਰਪੂਰ ਅਨੰਦ ਮਾਣਿਆ।ਇਸ ਮੌਕੇ ਪਿੰਡ ਦੀਆਂ ਔਰਤਾਂ ਵੱਲੋਂ ਆਪਣੇ ਆਉਣ ਵਾਲੀ ਪੀੜ੍ਹੀ ਨੂੰ ਸੱਭਿਆਚਾਰ ਅਤੇ ਵਿਰਸੇ ਨਾਲ ਜੁੜੇ ਰਹਿਣ ਦਾ ਸੰਦੇਸ਼ ਦਿੱਤਾ ਗਿਆ। ਸਾਨੂੰ ਆਪਣੇ ਸੱਭਿਆਚਾਰ ਤੇ ਵਿਰਸੇ ਨੂੰ ਯਾਦ ਰੱਖਣ ਲਈ ਅਜਿਹੇ ਤਿਉਹਾਰ ਮਨਾਉਣੇ ਚਾਹੀਦੇ ਹਨ। ਇਸ ਮੌਕੇ ਪਿੰਡ ਰਾਜਪੁਰ ਦੀ ਸਮੂਹ ਗ੍ਰਾਮ ਪੰਚਾਇਤ ਅਤੇ ਨਗਰ ਨਿਵਾਸੀਆਂ ਦੇ ਵੱਲੋਂ ਪਿੰਡ ਦੇ ਆਲੇ ਦੁਆਲੇ ਬੂਟੇ ਵੀ ਲਗਾਏ ਗਏ। ਚਾਹ ਪਕੌੜਿਆਂ ਦੇ ਲੰਗਰ ਉਪਰੰਤ ਖੀਰ ਪੂੜਿਆਂ ਦਾ ਲੰਗਰ ਵੀ ਅਤੁੱਟ ਵਰਤਾਏ ਗਏ।ਇਸ ਮੌਕੇ ਕੈਪਟਨ ਤਰਸੇਮ ਸਿੰਘ ਸਰਪੰਚ ਪਿੰਡ ਰਾਜਪੁਰ, ਕੁਲਦੀਪ ਸਿੰਘ ਪੰਚ, ਨਰਿੰਦਰ ਕੌਰ ਪੰਚ, ਜਿੰਦਰ ਕੌਰ ਪੰਚ, ਰਵੀ ਕੁਮਾਰ ਪੰਚ, ਹਰਭਜਨ ਸਿੰਘ ਪੰਚ, ਅਮਰਜੀਤ ਕੌਰ ਪੰਚ, ਸਰਬਜੀਤ ਕੌਰ ਪੰਚ, ਸੂਬੇਦਾਰ ਬਲਵੀਰ ਸਿੰਘ, ਸਤਵੰਤ ਸਿੰਘ, ਰਾਮ ਲੁਭਾਇਆ, ਹਰਜਿੰਦਰ ਸਿੰਘ, ਨਰਿੰਦਰ ਸਿੰਘ, ਕੁਲਵਿੰਦਰ ਸਿੰਘ, ਡਾਕਟਰ ਬਿੱਟਾ, ਸੋਮਰਾਜ, ਜਸਪਾਲ ਸਿੰਘ, ਅਵਤਾਰ ਸਿੰਘ, ਜਸਵੀਰ ਕੌਰ, ਬਲਵਿੰਦਰ ਕੌਰ, ਸੁਖਵਿੰਦਰ ਕੌਰ, ਮੁਖਤਿਆਰ ਸਿੰਘ, ਸੇਵਾ ਸਿੰਘ, ਮੋਹਣ ਸਿੰਘ, ਪ੍ਰੀਤਮ ਸਿੰਘ ਅਤੇ ਪਿੰਡ ਦੀਆਂ ਸਮੂਹ ਔਰਤਾਂ ਅਤੇ ਬੱਚੀਆਂ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

# ਲੈਂਡ ਪੂਲਿੰਗ ਨੀਤੀ ਪੰਜਾਬ ਦੇ 160 ਪਿੰਡਾਂ ਨੂੰ ਤਬਾਹ ਕਰਨ ਦੀ ਯੋਜਨਾ : ਡੱਲੇਵਾਲ

**ਬੰਗਾ (ਅਵਤਾਰ ਕਲੇਰ)** ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਦੇ ਮੁਖੀ ਜਗਜੀਤ ਸਿੰਘ ਡੱਲੇਵਾਲ ਨੇ ਕਿਹਾ ਕਿ ਪੰਜਾਬ ਸਰਕਾਰ ਦੀ ਲੈਂਡ ਪੂਲਿੰਗ ਨੀਤੀ ਪੰਜਾਬ ਦੇ 160 ਪਿੰਡਾਂ ਨੂੰ ਤਬਾਹ ਕਰਨ ਦੀ ਯੋਜਨਾ ਹੈ। ਇਸ ਨਾਲ ਪੰਜਾਬ ਦੇ 21 ਹਜ਼ਾਰ ਤੋਂ ਵੱਧ ਕਿਸਾਨ ਪਰਵਾਰ ਪ੍ਰਭਾਵਿਤ ਹੋਣਗੇ। ਰਾਜ ਸਰਕਾਰ ਕਿਸਾਨਾਂ ਦੀ ਜ਼ਮੀਨ ਇਸ ਨੀਤੀ ਤਹਿਤ ਹੜੱਪਣਾ ਚਾਹੁੰਦੀ ਹੈ।ਪੰਜਾਬ ਸਰਕਾਰ ਇੱਕ ਸੋਚੀ ਸਮਝੀ ਸਾਜ਼ਿਸ਼ ਤਹਿਤ ਕੰਮ ਕਰ ਰਹੀ ਹੈ।ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਕਿਸਾਨਾਂ ਨੂੰ ਲੈਂਡ ਪੂਲਿੰਗ ਨੀਤੀ ਬਾਰੇ ਜਾਗਰੂਕ ਕਰਨ ਲਈ ਕੀਤੀ ਗਈ ਮੀਟਿੰਗ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬੰਗਾ ਦੇ ਗੁਰਦੁਆਰਾ ਸਾਹਿਬ ਸ੍ਰੀ ਚਰਨ ਕੰਵਲ ਸਾਹਿਬ ਵਿੱਖੇ ਸਰਕਾਰ ਦੀ ਨੀਤੀ ਅਤੇ ਇਰਾਦੇ ਦਾ ਖੁੱਲ੍ਹ ਕੇ ਡੱਲੇਵਾਲ ਨੇ ਖੁਲਾਸਾ ਕੀਤਾ। ਉਨ੍ਹਾਂ ਕਿਹਾ ਕਿ ਉਹ ਪੰਜਾਬ ਦੇ ਸਾਰੇ ਜ਼ਿਲ੍ਹਿਆਂ ਵਿੱਚ ਕਿਸਾਨ ਸੰਗਠਨਾਂ ਨਾਲ ਪਹਿਲਾਂ ਹੀ ਮੀਟਿੰਗਾਂ ਕਰ ਚੁੱਕੇ ਹਨ। 7 ਅਗਸਤ ਨੂੰ ਲੁਧਿਆਣਾ ਦੇ ਜੋਧਾ ਦੀ ਅਨਾਜ ਮੰਡੀ ਵਿੱਚ ਇੱਕ ਵੱਡਾ ਇਕੱਠ ਕੀਤਾ ਜਾਵੇਗਾ। ਸਰਕਾਰ ਦੇ ਸ਼ਬਦਾਂ ਅਤੇ ਕਿਸਾਨਾਂ ਦੇ ਸ਼ਬਦਾਂ ਦੀ ਸੱਚਾਈ ਸਪੱਸ਼ਟ ਕੀਤੀ ਜਾਵੇਗੀ। ਕਿਸਾਨਾਂ ਦੀ ਪਿਛਲੀ ਹਾਲਤ ਨੂੰ ਦੇਖਦੇ ਹੋਏ ਕਿਸਾਨ ਯੂਨੀਅਨ ਨੇ ਮੌਜੂਦਾ ਸਰਕਾਰ ਦੀ ਨੀਤੀ 'ਤੇ ਡੂੰਘਾਈ ਨਾਲ ਵਿਚਾਰ ਕੀਤਾ ਹੈ। ਇਹ ਨੀਤੀ ਕਿਸਾਨਾਂ ਦੇ ਹਿੱਤ ਵਿੱਚ ਨਹੀਂ ਹੈ। ਇਸੇ ਲਈ ਯੂਨੀਅਨ ਸਰਕਾਰ ਦਾ ਵਿਰੋਧ ਕਰ ਰਹੀ ਹੈ।ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਬਿਆਨ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਮੁੱਖ ਮੰਤਰੀ ਕਿਸਾਨਾਂ ਨੂੰ ਗੁਮਰਾਹ ਕਰ ਰਹੇ ਹਨ ਨਾ ਕਿ ਕਿਸਾਨ ਜਥੇਬੰਦੀਆਂ। ਸਚਾਈ ਤੋਂ ਮੂੰਹ ਮੋੜ ਕੇ ਕੋਈ ਨਹੀਂ ਬਚ ਸਕਦਾ। ਉਨ੍ਹਾਂ ਕਿਹਾ ਕਿ ਗੁਜਰਾਤ ਅਤੇ ਰਾਜਸਥਾਨ ਗਏ ਕਿਸਾਨਾਂ ਨੂੰ ਉੱਥੋਂ ਦੀ ਸਰਕਾਰ ਬਰਦਾਸ਼ਤ ਨਹੀਂ ਕਰ ਰਹੀ। ਕੇਂਦਰ ਸਰਕਾਰ ਨੇ ਤਿੰਨ ਕਾਨੂੰਨ ਬਣਾਏ। ਕਿਸਾਨ ਸਮੂਹਾਂ ਦਾ ਸਮੂਹ ਇੱਕਜੁੱਟ ਹੋ ਕੇ ਕੇਂਦਰ ਸਰਕਾਰ ਵਿਰੁੱਧ ਜਿੱਤ ਗਿਆ। ਹੁਣ ਪੰਜਾਬ ਸਰਕਾਰ ਕਿਸਾਨਾਂ ਦੀ ਜ਼ਮੀਨ 'ਤੇ ਸਿੱਧਾ ਹਮਲਾ ਕਰ ਰਹੀ ਹੈ।ਸਰਕਾਰ ਦੇ ਵਿਧਾਇਕ ਵੀ ਇਸ ਦਾ ਵਿਰੋਧ ਕਰ ਰਹੇ ਹਨ। ਉਹਨਾਂ ਕਿਹਾ ਕਿ ਕਿਸਾਨਾਂ ਨੂੰ ਇਕੱਠਿਆਂ ਹੋ ਕੇ ਲੜਾਈ ਲੜਨੀ ਪਏਗੀ। ਇਸ ਮੌਕੇ ਜ਼ਿਲ੍ਹਾ ਪ੍ਰਧਾਨ ਬਲਕਾਰ ਸਿੰਘ, ਗੁਰਦੀਪ ਸਿੰਘ ਦੀਪਾ, ਅਮਨਦੀਪ ਸਿੰਘ ਅਮਨਾ, ਬਲਵੰਤ ਸਿੰਘ ਦਿਓ, ਜਸਬੀਰ ਸਿੰਘ ਕਦੋਲਾ, ਜਸਪ੍ਰੀਤ ਸਿੰਘ ਜਗਜੀਤ ਸਿੰਘ ਜੱਗੀ, ਬਲਜਿੰਦਰ ਸਿੰਘ ਨੰਬਰਦਾਰ ਸਮੇਤ ਬੰਗਾ, ਬਲਾਚੌਰ, ਰਾਹੋਂ, ਨਵਾਂਸ਼ਹਿਰ ਅਤੇ ਬੰਗਾ ਦੇ ਕਿਸਾਨ ਹਾਜ਼ਰ ਸਨ।



# ਮੇਹਰਚੰਦ ਬਹੁਤਕਨੀਕੀ ਕਾਲਜ ਦੇ ਕੰਪਿਊਟਰ ਵਿਭਾਗ ਨੇ ਜਿੱਤਿਆ ਬੈੱਸਟ ਡਿਪਾਰਮੈਂਟ ਐਵਾਰਡ

**ਜਲੰਧਰ (ਸ਼ੈਲੀ ਐਲਬਰਟ)**- ਮੇਹਰਚੰਦ ਬਹੁਤਕਨੀਕੀ ਕਾਲਜ ਦੇ ਕੰਪਿਊਟਰ ਵਿਭਾਗ ਨੇ ਆਪਣੀ ਸਮੁੱਚੀ ਕਾਰਗੁਜ਼ਾਰੀ ਲਈ ਲਾਲਾ ਮੇਹਰਚੰਦ ਬੈਸਟ ਡਿਪਾਰਟਮੈਂਟ ਟਰਾਫੀ-2023 ਤੇ ਕਬਜ਼ਾ ਕੀਤਾ। ਕਿਸੇ ਇੱਕ ਡਿਪਾਰਟਮੈਂਟ ਦੇ ਸਟਾਫ ਅਤੇ ਵਿਦਿਆਰਥੀਆਂ ਨੂੰ ਅਕੈਡਮਿਕ, ਪਲੇਸਮੈਂਟ, ਸਪੋਰਟਸ, ਰਿਸਰਚ, ਸਾਫ ਸਫਾਈ, ਵਾਤਾਵਰਣ ਤੇ ਵਿਸ਼ੇਸ਼ ਸਰਗਰਮੀਆਂ ਵਿੱਚ ਵਧੀਆ ਪ੍ਰਦਰਸ਼ਨ ਅਤੇ ਕਾਰਗੁਜ਼ਾਰੀ ਲਈ ਇਹ ਐਵਾਰਡ ਹਰ ਸਾਲ ਦਿੱਤਾ ਜਾਂਦਾ ਹੈ। ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਦੱਸਿਆ ਕਿ 2023 ਲਈ ਕੰਪਿਊਟਰ ਵਿਭਾਗ ਨੂੰ ਬੈਸਟ ਡਿਪਾਰਟਮੈਂਟ ਐਵਾਰਡ ਮਿਲਿਆ ਅਤੇ ਆਟੋਮੋਬਾਇਲ ਵਿਭਾਗ ਨੂੰ ਵੀ 2023 ਲਈ ਰਨਰਅਪ ਐਵਾਰਡ ਦਿੱਤਾ ਗਿਆ। ਬੈਸਟ ਡਿਪਾਰਟਮੈਂਟ ਟਰਾਫੀ ਅਤੇ 5100 ਰੁਪਏ ਕੈਸ਼ ਇਨਾਮ ਪ੍ਰਿਸ ਮਦਾਨ ਅਤੇ ਸਟਾਫ ਨੇ ਡਾ. ਜਗਰੂਪ ਸਿੰਘ ਪ੍ਰਿੰਸੀਪਲ ਪਾਸੋਂ ਰਿਸੀਵ ਕੀਤਾ। ਇਸੇ ਤਰ੍ਹਾਂ ਰਨਰਅਪ ਐਵਾਰਡ ਤੇ 2100 ਰੁਪਏ ਕੈਸ਼ ਇਨਾਮ ਗੌਰਵ ਸ਼ਰਮਾ, ਸੁੰਦਸ਼ੂ ਨਾਗਪਾਲ, ਸਾਹਿਲ ਸ਼ਰਮਾ ਤੇ ਸਟਾਫ ਨੇ ਹਾਸਲ ਕੀਤਾ। ਪ੍ਰਿੰਸੀਪਲ ਡਾ. ਜਗਰੂਪ ਸਿੰਘ ਨੇ ਦੱਸਿਆ ਕਿ ਇਸ ਤਰ੍ਹਾਂ ਦੇ ਐਵਾਰਡ ਵਿਦਿਆਰਥੀਆਂ ਅਤੇ ਸਟਾਫ ਵਿੱਚ ਆਤਮਵਿਸ਼ਵਾਸ ਦੀ ਭਾਵਨਾ ਪੈਦਾ ਕਰਦੇ ਹਨ। ਡੀ.ਏ.ਵੀ. ਮੈਨੇਜਮੈਂਟ ਵਲੋਂ ਸਥਾਪਿਤ ਇਹ ਐਵਾਰਡ ਸਾਲ ਭਰ ਵਿੱਚ ਸਰਬਉੱਤਮ ਪਰਦਰਸ਼ਨ ਲਈ ਕਿਸੇ ਇੱਕ ਜਾਂ ਇੱਕ ਤੋਂ ਵੱਧ ਵਿਭਾਗਾਂ ਨੂੰ ਦਿੱਤਾ ਜਾਂਦਾ ਹੈ। ਇਸ ਵਿੱਚ ਸਬੰਧਤ ਵਿਭਾਗ ਨੂੰ ਟ੍ਰਾਫੀ ਅਤੇ ਨਗਦ ਇਨਾਮ ਵੀ ਦਿੱਤਾ ਜਾਂਦਾ ਹੈ। ਇਸ ਮੌਕੇ ਡਾ. ਸੰਜੇ ਬਾਂਸਲ, ਡਾ. ਰਾਜੀਵ ਭਾਟੀਆ, ਸ਼੍ਰੀਮਤੀ ਮੰਜੂ, ਰਿਚਾ, ਪ੍ਰਿੰਸ ਮਦਾਨ, ਤਰਲੋਕ ਸਿੰਘ, ਮੈਡਮ ਪ੍ਰੀਤ ਕੰਵਲ, ਵਿਕਰਮਜੀਤ ਸਿੰਘ, ਸੁਸ਼ੀਲ ਕੁਮਾਰ ਤੇ ਹੋਰ ਹਾਜ਼ਰ ਸਨ।



# ਹੁਸ਼ਿਆਰਪੁਰ ਵਿਖੇ ਆਜ਼ਾਦੀ ਦਿਹਾੜੇ ਮੌਕੇ ਕੈਬਨਿਟ ਮੰਤਰੀ ਮੋਹਿੰਦਰ ਭਗਤ ਲਹਿਰਾਉਣਗੇ ਰਾਸ਼ਟਰੀ ਝੰਡਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਆਜ਼ਾਦੀ ਦਿਵਸ ਮੌਕੇ ਸਥਾਨਕ ਪੁਲਸ ਲਾਈਨ ਗਰਾਊਂਡ ਵਿਚ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਦੀ ਅਗਵਾਈ ਹੇਠ ਕਰਵਾਏ ਜਾਣ ਵਾਲੇ ਜ਼ਿਲ੍ਹਾ ਪੱਧਰੀ ਸਮਾਗਮ ਦੀਆਂ ਤਿਆਰੀਆਂ ਦੀ ਸਮੀਖਿਆ ਮੀਟਿੰਗ ਨੂੰ ਸੰਬੋਧਨ ਕਰਦਿਆਂ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ) ਨਿਕਾਸ ਕੁਮਾਰ ਨੇ ਸਾਰੇ ਅਧਿਕਾਰੀਆਂ ਨੂੰ ਤਨਦੇਹੀ ਅਤੇ ਜ਼ਿੰਮੇਵਾਰੀ ਨਾਲ ਆਪਣੀ ਡਿਊਟੀ ਨਿਭਾਉਣ ਦੇ ਨਿਰਦੇਸ਼ ਦਿੱਤੇ। ਉਨ੍ਹਾਂ ਦੱਸਿਆ ਕਿ ਇਸ ਵਾਰ ਜ਼ਿਲ੍ਹਾ ਪੱਧਰੀ ਸਮਾਗਮ ਵਿਚ ਪੰਜਾਬ ਦੇ ਬਾਗਬਾਨੀ, ਆਜ਼ਾਦੀ ਘੁਲਾਟੀਆ ਅਤੇ ਰੱਖਿਆ ਸੇਵਾਵਾਂ ਭਲਾਈ ਮੰਤਰੀ ਮੋਹਿੰਦਰ ਭਗਤ ਮੁੱਖ ਮਹਿਮਾਨ ਵਜੋਂ ਸ਼ਾਮਲ ਹੋ ਕੇ ਰਾਸ਼ਟਰੀ ਝੰਡਾ ਲਹਿਰਾਉਣ ਦੀ ਰਸਮ ਅਦਾ ਕਰਨਗੇ। ਇਸ ਦੌਰਾਨ ਉਨ੍ਹਾਂ ਅਧਿਕਾਰੀਆਂ ਨੂੰ ਸੌਂਪੀਆਂ ਗਈਆਂ ਡਿਊਟੀਆਂ ਨੂੰ ਗੰਭੀਰਤਾ ਨਾਲ ਨਿਭਾਉਣ ਦੇ ਨਿਰਦੇਸ਼ ਦਿੱਤੇ।ਵਧੀਕ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਆਜ਼ਾਦੀ ਦਿਵਸ ਦੇ ਸਬੰਧ ਵਿਚ ਪੁਲਸ ਲਾਈਨ ਗਰਾਊਂਡ ਵਿਚ ਕੀਤੇ ਜਾਣ ਵਾਲੇ ਪ੍ਰਬੰਧਾਂ ਵਿਚ ਕਿਸੇ ਵੀ ਤਰ੍ਹਾਂ ਦੀ ਕੋਈ ਕਮੀ ਨਹੀਂ ਰਹਿਣੀ ਚਾਹੀਦੀ। ਇਸ ਦੌਰਾਨ ਉਨ੍ਹਾਂ ਨੇ ਵੱਖ-ਵੱਖ ਵਿਭਾਗਾਂ ਵੱਲੋਂ ਕੱਢੀਆਂ ਜਾਣ ਵਾਲੀਆਂ ਝਾਕੀਆਂ, ਬੈਰੀਕੇਡਿੰਗ, ਪਾਰਕਿੰਗ, ਸਟੇਜ ਸਜਾਵਟ, ਬੈਠਣ ਦੇ ਪ੍ਰਬੰਧਾਂ, ਸਫ਼ਾਈ, ਇਨਾਮਾਂ ਅਤੇ ਸਰਟੀਫਿਕੇਟਾਂ ਦੀ ਵੰਡ, ਪੀਣ ਵਾਲੇ ਪਾਣੀ, ਸਾਊਂਡ, ਰਿਫਰੈਸ਼ਮੈਂਟ, ਮੁੱਢਲੀ ਸਹਾਇਤਾ, ਫਾਇਰ ਟੈਂਡਰ, ਸੁਰੱਖਿਆ ਅਤੇ ਟ੍ਰੈਫਿਕ ਪ੍ਰਬੰਧਾਂ ਸਮੇਤ ਵੱਖ-ਵੱਖ ਕੰਮਾਂ ਲਈ ਸਬੰਧਤ ਅਧਿਕਾਰੀਆਂ ਨੂੰ ਲੋੜੀਂਦੇ ਨਿਰਦੇਸ਼ ਦਿੱਤੇ। ਵਧੀਕ ਡਿਪਟੀ ਕਮਿਸ਼ਨਰ ਨਿਕਾਸ ਕੁਮਾਰ ਨੇ ਦੱਸਿਆ ਕਿ ਆਜ਼ਾਦੀ ਦਿਵਸ ਸਮਾਰੋਹ ਦੀਆਂ ਤਿਆਰੀਆਂ ਨਾਲ ਸਬੰਧਤ ਰਿਹਰਸਲਾਂ 6, 8 ਅਤੇ 12 ਅਗਸਤ ਨੂੰ ਹੋਣਗੀਆਂ ਅਤੇ ਫੁੱਲ ਡਰੈੱਸ ਰਿਹਰਸਲ 13 ਅਗਸਤ ਨੂੰ ਕਰਵਾਈ ਜਾਵੇਗੀ। ਉਨ੍ਹਾਂ ਜ਼ਿਲ੍ਹਾ ਸਿੱਖਿਆ ਅਫ਼ਸਰ ਨੂੰ ਹਦਾਇਤਾਂ ਦਿੰਦੇ ਹੋਏ ਕਿਹਾ ਕਿ ਸਮਾਰੋਹ ਦੌਰਾਨ ਵੱਖ-ਵੱਖ ਸਕੂਲਾਂ ਦੇ ਬੱਚਿਆਂ ਵੱਲੋਂ ਮਾਸ ਪੀ.ਟੀ ਸ਼ੋਅ ਅਤੇ ਸੱਭਿਆਚਾਰਕ ਪ੍ਰੋਗਰਾਮਾਂ ਦੀਆਂ ਤਿਆਰੀਆਂ ਸਹੀ ਢੰਗ ਨਾਲ ਕੀਤੀਆਂ ਜਾਣ।



# ਸਰਕਾਰੀ ਹਸਪਤਾਲਾਂ 'ਚ ਗਰਭਵਤੀ ਔਰਤਾਂ ਵਾਸਤੇ ਸਾਰੀਆਂ ਸਹੂਲਤਾਂ ਮੁਫ਼ਤ : ਸਿਵਲ ਸਰਜਨ

**ਮੋਹਾਲੀ (ਗੁਰਜੀਤ ਬਿੱਲਾ)**- ਜ਼ਿਲ੍ਹੇ ਦੀਆਂ ਸਰਕਾਰੀ ਸਿਹਤ ਸੰਸਥਾਵਾਂ ਵਿਚ ਗਰਭਵਤੀ ਔਰਤਾਂ ਨੂੰ ਜਾਂਚ ਅਤੇ ਇਲਾਜ ਦੀਆਂ ਸਾਰੀਆਂ ਸਹੂਲਤਾਂ ਬਿਲਕੁਲ ਮੁਫ਼ਤ ਦਿਤੀਆਂ ਜਾ ਰਹੀਆਂ ਹਨ।ਇਸ ਸਬੰਧ ਵਿਚ ਗੱਲਬਾਤ ਕਰਦਿਆਂ ਸਿਵਲ ਸਰਜਨ ਡਾ. ਸੰਗੀਤਾ ਜੈਨ ਨੇ ਦਸਿਆ ਕਿ ਸਰਕਾਰੀ ਹਸਪਤਾਲਾਂ ਵਿਚ ਸਰਕਾਰ ਵਲੋਂ ਔਰਤਾਂ ਨੂੰ ਗਰਭ ਠਹਿਰਣ ਤੋਂ ਲੈ ਕੇ ਜਣੇਪੇ ਤਕ ਸਾਰੀਆਂ ਸਹੂਲਤਾਂ ਬਿਲਕੁਲ ਮੁਫ਼ਤ ਦਿਤੀਆਂ ਜਾਂਦੀਆਂ ਹਨ ਅਤੇ ਸੰਸਥਾਗਤ ਜਣੇਪਾ ਕਰਾਉਣ 'ਤੇ ਜਨਨੀ ਸੁਰੱਖਿਆ ਯੋਜਨਾ ਤਹਿਤ ਮਾਲੀ ਸਹਾਇਤਾ ਵੀ ਦਿਤੀ ਜਾਂਦੀ ਹੈ।ਮੁਫ਼ਤ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਵਿਚ ਜਾਂਚ ਅਤੇ ਦਵਾਈਆਂ, ਇਕ ਸਾਲ ਤਕ ਬੱਚੇ ਦਾ ਇਲਾਜ, ਬਲੱਡ ਦੀ ਸਹੂਲਤ, ਅਲਟਰਾਸਾਊਂਡ, ਲੈਬ ਟੈਸਟ, ਖਾਣ-ਪੀਣ ਦੀ ਸਹੂਲਤ, ਸਿਹਤ ਸੰਸਥਾਵਾਂ ਤਕ ਆਉਣ-ਜਾਣ ਲਈ ਟਰਾਂਸਪੋਰਟ ਆਦਿ ਸ਼ਾਮਲ ਹਨ।ਇਸੇ ਦੌਰਾਨ ਜ਼ਿਲ੍ਹੇ ਦੇ ਸੀਨੀਅਰ ਸਿਹਤ ਅਧਿਕਾਰੀਆਂ ਨਾਲ ਆਨਲਾਈਨ ਮੀਟਿੰਗ ਦੌਰਾਨ ਡਾ. ਜੈਨ ਨੇ ਹਦਾਇਤਾਂ ਦਿਤੀਆਂ ਕਿ ਕੋਈ ਵੀ ਗਰਭਵਤੀ ਔਰਤ ਮਿਆਰੀ ਸਿਹਤ ਸਹੂਲਤਾਂ ਅਤੇ ਲੋੜੀਂਦੀ ਦੇਖਭਾਲ ਤੋਂ ਵਾਂਝੀ ਨਹੀਂ ਰਹਿਣੀ ਚਾਹੀਦੀ।ਉਨ੍ਹਾਂ ਕਿਹਾ ਕਿ ਮਾਤਰੀ ਮੌਤ ਦਰ ਘਟਾਉਣ ਲਈ ਗਰਭ ਅਵਸਥਾ ਦੀਆਂ ਸਮੱਸਿਆਵਾਂ ਦੀ ਸਮੇਂ ਸਿਰ ਪਛਾਣ ਕਰਨਾ ਬਹੁਤ ਜ਼ਰੂਰੀ ਹੈ ਤਾਂ ਜੋ ਸਮੇਂ ਸਿਰ ਉਨ੍ਹਾਂ ਦਾ ਇਲਾਜ ਸ਼ੁਰੂ ਕੀਤਾ ਜਾ ਸਕੇ। ਇਸ ਤਰ੍ਹਾਂ ਜਣੇਪੇ ਸਮੇਂ ਕਿਸੇ ਵੀ ਤਰ੍ਹਾਂ ਦੀ ਕੋਈ ਸਮੱਸਿਆ ਪੇਸ਼ ਨਹੀਂ ਆਵੇਗੀ। ਡਾ. ਸੰਗੀਤਾ ਜੈਨ ਨੇ ਲੋਕਾਂ ਨੂੰ ਵੀ ਅਪੀਲ ਕੀਤੀ ਕਿ ਗਰਭਵਤੀ ਔਰਤਾਂ ਦਾ ਮਾਹਰ ਡਾਕਟਰ ਕੋਲੋਂ ਸਰਕਾਰੀ ਹਸਪਤਾਲਾਂ ਵਿਚ ਹੀ ਚੈਕਅੱਪ ਕਰਵਾਇਆ ਜਾਵੇ ਕਿਉਂਕਿ ਸਪੈਸ਼ਲਿਸਟ ਡਾਕਟਰ ਜ਼ਿਆਦਾ ਗਿਆਨਵਾਨ ਹੁੰਦੇ ਹਨ। ਅਜਿਹੇ ਵਿਅਕਤੀ ਜਿਨ੍ਹਾਂ ਕੋਲ ਗਰਭਵਤੀ ਮਾਵਾਂ ਦੀ ਜਾਂਚ ਸਬੰਧੀ ਮੁਹਾਰਤ ਹਾਸਲ ਨਹੀਂ ਹੈ, ਉਨ੍ਹਾਂ ਕੋਲ ਜਾਣ ਨਾਲ ਮਾਂ ਅਤੇ ਬੱਚੇ ਦੋਵਾਂ ਦੀ ਜਾਨ ਨੂੰ ਖਤਰਾ ਹੋ ਸਕਦਾ ਹੈ।



# ਐੱਸ ਡੀ ਕਾਲਜ 'ਚ ਧਾਰਮਿਕ ਸਮਾਗਮ ਨਾਲ ਵਿਦਿਅਕ ਸੈਸ਼ਨ ਦਾ ਆਗਾਜ਼



**ਸੁਲਤਾਨਪੁਰ ਲੋਧੀ (ਹਨੀ)** ਐਸ.ਡੀ ਕਾਲਜ ਫਾਰ ਵੂਮੈਨ ਵਿਖੇ ਨਵੇਂ ਵਿਦਿਅਕ ਸੈਸ਼ਨ ਦਾ ਆਗਾਜ਼ ਸ੍ਰੀ ਅੰਮ੍ਰਿਤ ਵਾਣੀ ਦੇ ਪਾਠ ਨਾਲ ਕੀਤਾ ਗਿਆ। ਇਸ ਮੌਕੇ ਐਸ.ਡੀ ਸਭਾ ਦੇ ਪੈਟਰਨ ਅਮਰ ਚੰਦ ਧੀਰ, ਸ਼ਸ਼ੀ ਚੋਪੜਾ, ਰਚਿਤ ਕੋੱਛੜ ਅਤੇ ਅਸ਼ੋਕ ਕੁਮਾਰ ਗੁਜਰਾਲ ਵਿਸ਼ੇਸ਼ ਤੌਰ 'ਤੇ ਪਹੁੰਚੇ । ਸ੍ਰੀ ਰਾਮ ਸ਼ਰਨਮ ਕਮੇਟੀ ਸੁਲਤਾਨਪੁਰ ਲੋਧੀ ਦੇ ਮੈਂਬਰਾ ਦੁਆਰਾ ਸ੍ਰੀ ਰਾਮ ਨਾਮ ਦੀ ਮਹਿਮਾ ਦਾ ਗੁਣਗਾਨ ਕਰਕੇ ਸਾਰੇ ਵਾਤਾਵਰਣ ਨੂੰ ਰਾਮ ਮਈ ਕੀਤਾ ਗਿਆ। ਪ੍ਰਿੰਸੀਪਲ ਡਾ. ਵੰਦਨਾ ਸ਼ਸ਼ਕਲਾ ਨੇ ਨਵੇਂ ਸੈਸ਼ਨ ਦੇ ਸ਼ੁੱਭ ਆਰੰਭ 'ਤੇ ਕਮੇਟੀ ਮੈਂਬਰਾਂ ਦਾ ਸਵਾਗਤ ਕੀਤਾ ਅਤੇ ਨਵੇਂ ਵਿਦਿਆਰਥੀਆਂ ਦਾ ਕਾਲਜ ਵਿੱਚ ਦਾਖਲਾ ਕਰਵਾਉਣ 'ਤੇ ਸਵਾਗਤ ਕੀਤਾ । ਉਨਾਂ ਪ੍ਰਭੂ ਚਰਨਾਂ 'ਚ ਪ੍ਰਾਰਥਨਾ ਕੀਤੀ ਕਿ ਸਾਰੀਆਂ ਵਿਦਿਆਰਥੀ ਸਖਤ ਮਿਹਨਤ ਕਰਕੇ ਚੰਗੇ ਨੰਬਰ ਪ੍ਰਾਪਤ ਕਰਨ ਤਾਂ ਕਿ ਉਹਨਾਂ ਦਾ ਭਵਿੱਖ ਸੁਨਹਿਰਾ ਬਣ ਸਕੇ । ਉਨ੍ਹਾਂ ਕਾਲਜ ਦੀ ਸਾਲਾਨਾ ਰਿਪੋਰਟ ਵੀ ਪੇਸ਼ ਕੀਤੀ । ਇਸ ਸਮਾਰੋਹ ਵਿੱਚ ਵੱਡੀ ਗਿਣਤੀ ਵਿੱਚ ਵਿਦਿਆਰਥੀ ਅਤੇ ਸਟਾਫ਼ ਮੈਂਬਰ ਹਾਜਰ ਸਨ ।

# ਰੋਟਰੀ ਕਲੱਬ ਦੇ ਕਿਰਨਦੀਪ ਰਾਣਾ ਪ੍ਰਧਾਨ ਤੇ ਗੁਰਜਿੰਦਰ ਸਿੰਘ ਬਣੇ ਸੈਕਟਰੀ

**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਰੋਟਰੀ ਕਲੱਬ ਸ੍ਰੀ ਅਨੰਦਪੁਰ ਸਾਹਿਬ ਦੇ ਸਾਲ 2025-26 ਲਈ ਨਵੇਂ ਬਣੇ ਪ੍ਰਧਾਨ ਕਿਰਨਦੀਪ ਰਾਣਾ ਅਤੇ ਸੀ ਏ ਗੁਰਜਿੰਦਰ ਸਿੰਘ ਸੈਕਟਰੀ ਦਾ ਤਾਜਪੋਸ਼ੀ ਸਮਾਰੋਹ ਸਥਾਨਕ ਹੋਟਲ ਪਾਰਕ ਪਲਾਜਾ ਵਿਖੇ ਕਰਵਾਇਆ ਗਿਆ। ਇਸ ਮੌਕੇ ਵੱਖ-ਵੱਖ ਸ਼ਹਿਰਾਂ ਤੋਂ ਰੋਟਰੀ ਕਲੱਬਾਂ ਦੇ ਮੈਂਬਰਾਂ ਵੱਲੋਂ ਸ਼ਮੂਲੀਅਤ ਕੀਤੀ ਗਈ। ਬਤੌਰ ਮੁੱਖ ਮਹਿਮਾਨ ਡਿਸਟਰਿਕ ਗਵਰਨਰ ਇਲੈਕਟ ਰੀਟਾ ਕਾਲੜਾ ਨੇ ਸ਼ਿਰਕਤ ਕੀਤੀ ਜਦੋਂਕਿ ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਅਸਿਸਟੈਂਟ ਗਵਰਨਰ ਗੁਰਪ੍ਰੀਤ ਸਿੰਘ ਅਤੇ ਅਮੀਰਥਾ ਲਿਗਨਮ ਮੈਨੇਜਿੰਗ ਡਾਇਰੈਕਟਰ ਸੈਂਟਮੈਰੀ ਸਕੂਲ ਜਿੰਦਵੜੀ ਨੇ ਹਾਜ਼ਰੀ ਭਰੀ। ਖ਼ਾਸ ਤੌਰ ਤੇ ਜੈਪੁਰ ਤੋਂ ਕ੍ਰਿਸ਼ਮਾ ਹਾਂਡਾ ਸ਼ਾਮਲ ਹੋਏ। ਪ੍ਰੋਗਰਾਮ ਦੇ ਸ਼ੁਰੂਆਤ ਵਿੱਚ ਜੋਤੀ ਜਲਾ ਕੇ ਸ਼ਮਾਂ ਰੋਸ਼ਨ ਕਰਦਿਆਂ ਸਮਾਗਮ ਦੀ ਰਸਮੀ ਸ਼ੁਰੂਆਤ ਕਰਾਈ ਗਈ। ਉਪਰੰਤ ਦੋਵੇਂ ਬਣੇ ਅਹੁਦੇਦਾਰਾਂ ਨੂੰ ਮਹਿਮਾਨਾਂ ਵੱਲੋਂ ਕਾਲਰ ਪਹਿਨਾਏ ਗਏ ਅਤੇ ਕਲੱਬ ਦੇ ਸਾਲ 2024-25 ਦੇ ਮੌਜੂਦਾ ਪ੍ਰਧਾਨ ਗੁਰਚਰਨ ਸਿੰਘ ਅਤੇ ਸੈਕਟਰੀ ਜਸਵੀਰ ਸਿੰਘ ਵੱਲੋਂ ਆਪਣੇ ਕਾਰਜਕਾਲ ਦੌਰਾਨ ਕਰਵਾਏ ਗਏ ਵੱਖ ਵੱਖ ਸਮਾਜਸੇਵੀ ਕੰਮਾਂ ਬਾਰੇ ਹਾਜ਼ਰੀਨ ਅਤੇ ਪਤਵੰਤਿਆਂ ਨੂੰ ਜਾਣੂ ਕਰਵਾਇਆ ਗਿਆ। ਸਾਲ 2025-26 ਦੇ ਨਵੇਂ ਬਣੇ ਪ੍ਰਧਾਨ ਕਿਰਨ ਦੀਪ ਰਾਣਾ ਅਤੇ ਸੈਕਟਰੀ ਸੀ ਏ ਗੁਰਜਿੰਦਰ ਸਿੰਘ ਨੇ ਆਪਣੀ ਟੀਮ ਵੱਲੋਂ ਕੀਤੇ ਜਾਣ ਵਾਲੇ ਕਾਰਜਾਂ ਸਬੰਧੀ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਇਸ ਮੌਕੇ ਮੁੱਖ ਮਹਿਮਾਨ ਰੀਟਾ ਕਾਲੜਾ ਵੱਲੋਂ ਰੋਟਰੀ ਕਲੱਬ ਆਨੰਦਪੁਰ ਸਾਹਿਬ ਵਿੱਚ ਨਵੇਂ ਸ਼ਾਮਿਲ ਹੋਏ ਮੈਂਬਰਾਂ ਐਡਵੋਕੇਟ ਸਤਬੀਰ ਸਿੰਘ ਰਾਣਾ, ਲੰਬੜਦਾਰ ਦੀਪਕ ਰਾਣਾ, ਨਵਜੀਤ ਸਿੰਘ ਕਥੂਰੀਆ, ਦਵਿੰਦਰ ਵਰਮਾ, ਪਾਰਥ ਅਗੰਮਪੁਰ ਨੂੰ ਰੋਟਰੀ ਪਿੰਨ ਲਗਾ ਕੇ ਉਨ੍ਹਾਂ ਦਾ ਸਵਾਗਤ ਕੀਤਾ ਗਿਆ।



# ਆਜ਼ਾਦੀ ਦਿਵਸ ਸਮਾਰੋਹ ਸਰਕਾਰੀ ਸੀਨੀ.ਸੈਕੰ.ਸਕੂਲ ਲੜਕੇ ਵਿਖੇ ਮਨਾਇਆ ਜਾਵੇਗਾ

**ਭਲਾਣ (ਹਰਭਜਨ ਢਿੱਲੋਂ)**- ਆਜ਼ਾਦੀ ਦਿਵਸ ਸਮਾਰੋਹ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਮਨਾਉਣ ਲਈ ਵੱਖ-ਵੱਖ ਵਿਦਿਅਕ ਅਦਾਰਿਆਂ ਵੱਲੋਂ ਕੀਤੀਆਂ ਸੱਭਿਆਚਾਰਕ ਅਤੇ ਦੇਸ਼ ਭਗਤੀ ਨਾਲ ਸਬੰਧਤ ਪੇਸ਼ਕਾਰੀਆਂ ਦੀ ਚੋਣ ਕਰ ਲਈ ਗਈ ਹੈ। ਇਹ ਜਾਣਕਾਰੀ ਸਚਿਨ ਪਾਠਕ ਐੱਸ.ਡੀ.ਐੱਮ ਨੰਗਲ ਨੇ ਸਰਕਾਰੀ ਸੀਨੀ.ਸੈਕੰ.ਸਕੂਲ ਲੜਕੇ ਵਿਚ ਸੁਤੰਤਰਤਾ ਦਿਵਸ ਸਮਾਰੋਹ ਵਿਚ ਸਭਿਆਚਾਰਕ ਅਤੇ ਦੇਸ਼ ਭਗਤੀ ਤੇ ਪ੍ਰੋਗਰਾਮ ਦੀ ਚੋਣ ਕਰਨ ਉਪਰੰਤ ਦਿੱਤੀ। ਉਨ੍ਹਾਂ ਦੇ ਨਾਲ ਜਸਵੀਰ ਤਹਿਸੀਲਦਾਰ ਵੀ ਹਾਜ਼ਰ ਸਨ। ਉਨਾ ਨੇ ਕਿਹਾ ਕਿ ਇਹ ਸੁਤੰਤਰਤਾ ਦਿਵਸ ਸਮਾਰੋਹ ਬਹੁਤ ਹੀ ਪ੍ਰਭਾਵਸ਼ਾਲੀ ਢੰਗ ਨਾਲ ਮਨਾਇਆ ਜਾਵੇਗਾ। ਉਨ੍ਹਾਂ ਨੇ ਦੱਸਿਆ ਕਿ 11 ਅਗਸਤ ਨੂੰ ਰਿਹਰਸਲ ਤੇ 13 ਅਗਸਤ ਨੂੰ ਫੁੱਲ ਡਰੈਸ ਰਿਹਸਲ ਕਰਵਾਈ ਜਾਵੇਗੀ। ਇਸ ਮੌਕੇ ਮੁਕੇਸ਼ ਸ਼ਰਮਾ, ਪਰਵਿੰਦਰ ਕੌਰ ਦੂਆ,ਕਿਰਨ ਸ਼ਰਮਾ,ਵਿਜੇ ਭਾਟੀਆ, ਭਾਰਤ ਭੂਸ਼ਣ, ਅਨੰਦ ਜੀਤ ਕੌਰ, ਸੁਧੀਰ ਕੁਮਾਰ, ਨਵਦੀਪ ਕੌਰ, ਜਗਮੋਹਨ ਸਿੰਘ, ਰਾਜੇਸ਼ ਕਟਾਰੀਆ, ਸੁਨੀਤਾ,ਹਿਮਾਨੀ,ਰਵਿੰਦਰ ਸਿੰਘ,ਜਗਪਾਲ ਸਿੰਘ, ਸ਼ੁਗਨ ਪਾਲ, ਸੋਮ ਨਾਥ ਅਤੇ ਵੱਖ ਵੱਖ ਸਕੂਲਾ ਦੇ ਸੱਭਿਆਚਾਰਕ ਪ੍ਰੋਗਰਾਮ ਦੇ ਇੰਚਾਰਜ ਹਾਜਰ ਸਨ।



# ਬਕਾਪੁਰ 'ਚ ਤੀਆਂ ਦਾ ਤਿਉਹਾਰ ਮਨਾਇਆ



**ਫਿਲੌਰ (ਨਿਰਮਲ)**- ਫਿਲੌਰ ਦੇ ਨਜ਼ਦੀਕ ਪਿੰਡ ਬਕਾਪੁਰ ਵਿੱਚ ਤੀਆਂ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ ਗਿਆ। ਬਲਜੀਤ ਕੌਰ ਨੇ ਦੱਸਿਆ ਕਿ ਤੀਆਂ ਦੇ ਤਿਉਹਾਰ ਪੰਜਾਬੀ ਸੱਭਿਆਚਾਰ ਦਾ ਪ੍ਰਮੁੱਖ ਅੰਗ ਹਨ। ਪੰਜਾਬੀ ਸੱਭਿਆਚਾਰਕ ਪ੍ਰੋਗਰਾਮ ਗਿੱਧਾ, ਲੋਕ ਗੀਤ, ਬੋਲੀਆਂ ਪੇਸ਼ ਕੀਤੀਆਂ ਗਈਆਂ ਅਤੇ ਮੌਜੂਦ ਔਰਤਾਂ ਵੱਲੋਂ ਖੂਬ ਅਨੰਦ ਮਾਣਿਆ ਗਿਆ। ਪ੍ਰੋਗਰਾਮ ਵਿੱਚ ਘਰ ਦੇ ਬਣੇ ਖੀਰ ਪੂੜਿਆਂ ਦੇ ਸਟਾਲ ਲਗਾਏ। ਪੇਕੇ ਪਰਵਾਰ ਵਿੱਚ ਆਈਆਂ ਭੈਣਾਂ ਨੇ ਬੋਲੀਆਂ, ਗਿੱਧਾ ਪਾ ਕੇ ਅਨੰਦ ਮਾਣਿਆ। ਇਸ ਮੌਕੇ ਸਰਪੰਚ ਰਣਜੀਤ ਸਿੰਘ, ਲੰਬੜਦਾਰ ਅਵਤਾਰ ਸਿੰਘ, ਸੱਤਿਆ, ਕਮਲੇਸ਼, ਬਿਮਲਾ, ਕੁਲਵਿੰਦਰ, ਸ਼ੀਲਾ, ਆਦਿ ਮੈਂਬਰ ਹਾਜ਼ਰ ਸਨ।

# ਜੀ ਐੱਸ ਟੀ ਇਨਫੋਰਸਮੈਂਟ ਦੀ ਮਜ਼ਬੂਤੀ ਲਈ ਪੰਜਾਬ ਵਿਸ਼ੇਸ਼ ਧੋਖਾਧੜੀ ਖੋਜ ਯੂਨਿਟ ਸਥਾਪਤ ਕਰੇਗਾ : ਚੀਮਾ

**ਚੰਡੀਗੜ੍ਹ (ਗੁਰਜੀਤ ਬਿੱਲਾ)**- ਕਰ ਇੰਫੋਰਸਮੈਂਟ ਨੂੰ ਸੰਸਥਾਗਤ ਬਣਾਉਣ ਦੀ ਦਿਸ਼ਾ ਵਿੱਚ ਇੱਕ ਅਹਿਮ ਕਦਮ ਚੁੱਕਦੇ ਹੋਏ, ਪੰਜਾਬ ਦੇ ਵਿੱਤ, ਯੋਜਨਾ, ਆਬਕਾਰੀ ਅਤੇ ਕਰ ਮੰਤਰੀ ਐਡਵੋਕੇਟ ਹਰਪਾਲ ਸਿੰਘ ਚੀਮਾ ਨੇ ਇੱਕ ਸੂਬਾ ਪੱਧਰੀ ਵਿਸ਼ੇਸ਼ ਧੋਖਾਧੜੀ ਖੋਜ ਯੂਨਿਟ (ਸਪੈਸ਼ਲ ਫ਼ਰਾਡ ਡਿਟੈਕਸ਼ਨ ਯੂਨਿਟ) ਸਥਾਪਤ ਕਰਨ ਦੇ ਪ੍ਰਸਤਾਵ ਦਾ ਐਲਾਨ ਕੀਤਾ ਜਿਸ ਦਾ ਹੈੱਡਕੁਆਟਰ ਪਟਿਆਲਾ ਵਿਖੇ ਹੋਵੇਗਾ। ਉਨ੍ਹਾਂ ਕਿਹਾ ਕਿ ਇਹ ਸਮਰਪਿਤ ਯੂਨਿਟ ਵਸਤੂਆਂ ਅਤੇ ਸੇਵਾਵਾਂ ਕਰ (ਜੀ ਐੱਸ ਟੀ) ਉਲੰਘਣਾਵਾਂ ਨਾਲ ਸਬੰਧਤ ਗੁੰਝਲਦਾਰ ਮਾਮਲਿਆਂ ਦੀ ਜਾਂਚ ਵਿੱਚ ਇਕਸਾਰਤਾ ਲਿਆਏਗਾ ਅਤੇ ਜਾਂਚ ਨੂੰ ਸੁਚਾਰੂ ਬਣਾਏਗਾ।ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਸਪੈਸ਼ਲ ਫ਼ਰਾਡ ਡਿਟੈਕਸ਼ਨ ਯੂਨਿਟ (ਐੱਸ ਐੱਫ ਡੀ ਯੂ) ਨੂੰ ਵੱਡੇ ਪੱਧਰ ਦੀਆਂ ਜੀ ਐੱਸ ਟੀ ਧੋਖਾਧੜੀਆਂ ਦਾ ਪਰਦਾਫਾਸ਼ ਅਤੇ ਜਾਂਚ ਕਰਨ ਦਾ ਕੰਮ ਸੌਂਪਿਆ ਜਾਵੇਗਾ, ਜਿਸ ਵਿੱਚ ਖਾਸ ਤੌਰ 'ਤੇ ਸਰਕੂਲਰ ਟਰੇਡਿੰਗ ਓਪਰੇਸ਼ਨਾਂ ਨੂੰ ਰੋਕਣ, ਬੇਨਾਮੀ ਲੈਣ-ਦੇਣ ਦਾ ਪਰਦਾਫਾਸ਼ ਕਰਨ ਅਤੇ ਜਾਅਲੀ ਇਨਵੌਇਸਿੰਗ ਦੀਆਂ ਕਾਰਵਾਈਆਂ ਨੂੰ ਖ਼ਤਮ ਕਰਨ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਯੂਨਿਟ ਨੂੰ ਸ਼ੱਕੀ ਜੀ ਐੱਸ ਟੀ ਪਛਾਣ ਨੰਬਰਾਂ (ਜੀ ਐੱਸ ਟੀ ਆਈ ਐੱਨ) ਨੂੰ ਰੱਦ ਕਰਨ, ਇਨਪੁੱਟ ਟੈਕਸ ਕ੍ਰੈਡਿਟ (ਆਈ ਟੀ ਸੀ ) ਦੇ ਗਲਤ ਦਾਅਵਿਆਂ ਨੂੰ ਰੋਕਣ, ਅਤੇ ਕਾਨੂੰਨੀ ਜਵਾਬਦੇਹੀ ਨੂੰ ਬਰਕਰਾਰ ਰੱਖਣ ਲਈ ਅਪਰਾਧੀਆਂ ਵਿਰੁੱਧ ਮੁਕੱਦਮਾ ਚਲਾਉਣ ਦੀ ਸਿਫਾਰਸ਼ ਕਰਨ ਸਮੇਤ ਸਖ਼ਤ ਲਾਗੂਕਰਨ ਦੀਆਂ ਕਾਰਵਾਈਆਂ ਸ਼ੁਰੂ ਕਰਨ ਦੀ ਸ਼ਕਤੀ ਦਿੱਤੀ ਜਾਵੇਗੀ।ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਐੱਸ.ਐੱਫ.ਡੀ. ਯੂ. ਆਪਣੀ ਖੋਜ ਸਮਰੱਥਾ ਨੂੰ ਵਧਾਉਣ ਲਈ ਆਰਟੀਫੀਸ਼ੀਅਲ ਇੰਟੈਲੀਜੈਂਸ (ਏਆਈ), ਡੇਟਾ ਐਨਾਲਿਟਿਕਸ ਅਤੇ ਕੇਂਦਰੀਕ੍ਰਿਤ ਬੈਕਐਂਡ ਓਪਰੇਸ਼ਨਾਂ ਸਮੇਤ ਉੱਨਤ ਤਕਨਾਲੋਜੀਆਂ ਦਾ ਲਾਭ ਉਠਾਏਗੀ। ਐੱਸ ਐੱਫ ਡੀ ਯੂ ਦੀ ਬਣਤਰ ਬਾਰੇ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਇਸ ਇਕਾਈ ਵਿੱਚ ਤਜਰਬੇਕਾਰ ਕਰ ਅਫ਼ਸਰਾਂ, ਹੁਨਰਮੰਦ ਆਈ.ਟੀ. ਪੇਸ਼ੇਵਰਾਂ, ਇੱਕ ਚਾਰਟਰਡ ਅਕਾਊਂਟੈਂਟ ਅਤੇ ਇੱਕ ਕਾਨੂੰਨੀ ਅਧਿਕਾਰੀ ਵਾਲੀ ਇੱਕ ਬਹੁ-ਅਨੁਸ਼ਾਸਨੀ ਟੀਮ ਸ਼ਾਮਲ ਹੋਵੇਗੀ। ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨੇ ਦੱਸਿਆ ਕਿ ਸਪੈਸ਼ਲ ਫ਼ਰਾਡ ਡਿਟੈਕਸ਼ਨ ਯੂਨਿਟ (ਐੱਸ.ਐੱਫ.ਡੀ.ਯੂ.) ਨੂੰ ਸੀ.ਜੀ.ਐੱਸ.ਟੀ./ ਪੀ.ਜੀ.ਐੱਸ.ਟੀ. ਐਕਟਾਂ ਦੀਆਂ ਧਾਰਾਵਾਂ 67, 70, 74 ਅਤੇ 132 ਦੇ ਨਾਲ-ਨਾਲ ਭਾਰਤੀ ਦੰਡਾਵਲੀ (ਆਈ.ਪੀ.ਸੀ.) ਦੀਆਂ ਸਬੰਧਤ ਧਾਰਾਵਾਂ ਤਹਿਤ ਮਜ਼ਬੂਤ ਕਾਨੂੰਨੀ ਵਿਵਸਥਾਵਾਂ ਦੁਆਰਾ ਅਧਿਕਾਰਤ ਕੀਤਾ ਜਾਵੇਗਾ।



# ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ 'ਚ ਤੀਜ-ਕਮ-ਫਰੈਸ਼ਰ ਪਾਰਟੀ

**ਸੁਲਤਾਨਪੁਰ ਲੋਧੀ (ਹਨੀ)**- ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸੀਨੀਅਰ ਸੈਕੈਂਡਰੀ ਸਕੂਲ ਵਿਖੇ ਪ੍ਰਿੰਸੀਪਲ ਰੇਨੂੰ ਅਰੋੜਾ ਦੀ ਅਗਵਾਈ ਵਿੱਚ ਤੀਜ ਕਮ ਫ੍ਰੈਸ਼ਰ ਪਾਰਟੀ ਦਾ ਆਯੋਜਨ ਕੀਤਾ ਗਿਆ। ਸਕੂਲ ਦੀ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਬੀਬੀ ਗੁਰਪ੍ਰੀਤ ਕੌਰ ਮੈਂਬਰ ਸ਼੍ਰੋਮਣੀ ਕਮੇਟੀ ਦਾ ਸਮਾਗਮ ਵਿੱਚ ਬਤੌਰ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨ 'ਤੇ ਸਟਾਫ ਮੈਂਬਰਾਂ ਅਤੇ ਵਿਦਿਆਰਥੀਆਂ ਵੱਲੋਂ ਨਿੱਘਾ ਸਵਾਗਤ ਕੀਤਾ ਗਿਆ। ਇਸ ਦੌਰਾਨ ਵਿਦਿਆਰਥੀਆਂ ਵੱਲੋਂ ਪ੍ਰਭਾਵਸ਼ਾਲੀ ਸੱਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ ਗਿਆ, ਜਿਸ ਦਾ ਆਗਾਜ਼ ਸ਼ਬਦ ਗਾਇਨ ਨਾਲ ਕੀਤਾ ਗਿਆ। ਤੀਜ ਕੁਈਨ ਤੇ ਮਿਸਟਰ ਫਰੈਸ਼ਰ ਦੇ ਖਿਤਾਬ ਲਈ ਵਿਦਿਆਰਥੀਆਂ ਦਰਮਿਆਨ ਹੋਇਆ ਮੁਕਾਬਲਾ ਸਮਾਗਮ ਦਾ ਮੁੱਖ ਆਕਰਸ਼ਣ ਰਿਹਾ, ਜਿਸ ਵਿੱਚ ਵਿਦਿਆਰਥੀਆਂ ਨੇ ਵੱਡੀ ਗਿਣਤੀ ਵਿੱਚ ਹਿੱਸਾ ਲਿਆ। ਗੁਰਲੀਨ ਕੌਰ ਤੀਜ ਕੁਈਨ ਅਤੇ ਰੋਬਨਪ੍ਰੀਤ ਸਿੰਘ ਮਿਸਟਰ ਫਰੈਸ਼ਰ ਦਾ ਖਿਤਾਬ ਹਾਸਲ ਕਰਨ ਵਿੱਚ ਸਫਲ ਰਹੇ। ਅੰਸ਼ਪ੍ਰੀਤ ਕੌਰ ਤੇ ਪੀਯੂਸ਼ ਫਸਟ, ਕਿਰਨ ਤੇ ਹਰਜਿੰਦਰ ਸੈਕਿੰਡ ਰਨਰਅਪ ਰਹੇ । ਜਸਮੀਤ ਕੌਰ ਮਿਸ ਐਲੀਗੇਂਸ ਅਤੇ ਨਵਜੋਤ ਕੌਰ ਮਿਸ ਬਿਊਟੀਫੁਲ ਦਾ ਖਿਤਾਬ ਹਾਸਲ ਕਰਨ 'ਚ ਸਫਲ ਰਹੀ । ਨਵਰਾਜਪ੍ਰੀਤ ਸਿੰਘ ਬੈਸਟ ਟਰਬਨ ਅਤੇ ਨਵਰਾਜ ਲਾਹੌਰੀਆ ਮਿਸਟਰ ਹੈਂਡਸਮ ਦਾ ਖਿਤਾਬ ਹਾਸਲ ਕਰਨ ਵਿੱਚ ਸਫਲ ਰਹੇ । ਸਕੂਲ ਡਾਇਰੈਕਟਰ ਇੰਜੀਨੀਅਰ ਹਰਨਿਆਮਤ ਕੌਰ, ਸਕੂਲ ਪ੍ਰਸਾਸ਼ਕ ਇੰਜੀਨੀਅਰ ਨਿਮਰਤਾ ਕੌਰ, ਇੰਜੀਨੀਅਰ ਸਵਰਨ ਸਿੰਘ ਪ੍ਰਧਾਨ ਗੁਰੂ ਨਾਨਕ ਖਾਲਸਾ ਕਾਲਜ ਸੁਲਤਾਨਪੁਰ ਲੋਧੀ ਅਤੇ ਪ੍ਰਿੰਸੀਪਲ ਰੇਨੂੰ ਅਰੋੜਾ ਨੇ ਜੇਤੂਆਂ ਨੂੰ ਸਨਮਾਨਤ ਕੀਤਾ ਅਤੇ ਸਮੂਹ ਵਿਦਿਆਰਥੀਆਂ ਨੂੰ ਤੀਆਂ ਦੇ ਤਿਉਹਾਰ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ।ਇਸ ਮੌਕੇ ਮੈਡਮ ਸ਼ੀਲਾ ਸ਼ਰਮਾ, ਰੁਪਿੰਦਰਜੀਤ ਕੌਰ, ਅਮਨਦੀਪ ਕੌਰ, ਰਮਨਦੀਪ, ਕਵਿਤਾ, ਸੁਨੀਤਾ ਗੁਜਰਾਲ, ਗੁਰਪ੍ਰੀਤ, ਬਲਵਿੰਦਰ ਕੌਰ ਡੀ ਪੀ, ਰਮਨ ਚਾਵਲਾ, ਬਲਵਿੰਦਰ ਕੌਰ ਬੀ ਕੇ, ਨੀਤੂ, ਜਸਪ੍ਰੀਤ, ਮੋਨੀਕਾ, ਪਲਵੀ, ਸਿਮਰਨ, ਹਿਮਾਕਸ਼ੀ ਆਦਿ ਸਟਾਫ ਮੈਂਬਰ ਮੌਜੂਦ ਸਨ।



# ਚੌਧਰੀ ਸੁੰਦਰ ਲਾਲ ਦੀ 30ਵੀਂ ਬਰਸੀ ਮਨਾਈ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਰਾਜਨੀਤੀ ਵਿੱਚ ਲੰਬਾ ਸਮਾਂ ਲੋਕਾਂ ਦੀ ਸੇਵਾ ਕਰਨ ਵਾਲੇ ਚੌਧਰੀ ਪਰਵਾਰ ਵੱਲੋਂ ਅੱਜ ਚੌਧਰੀ ਸੁੰਦਰ ਲਾਲ ਦੀ 30ਵੀਂ ਬਰਸੀ ਮਨਾਈ ਗਈ। ਇਸ ਮੌਕੇ ਭਾਰੀ ਕਾਂਗਰਸੀ ਵਰਕਰਾਂ ਨੇ ਹਿੱਸਾ ਲਿਆ। ਇਸ ਮੌਕੇ ਕਾਂਗਰਸੀ ਨੇਤਾ ਮੈਡਮ ਸੰਤੋਸ਼ ਚੌਧਰੀ ਨੇ ਜਾਣਕਾਰੀ ਦਿੰਦੇ ਦੱਸਿਆ ਕਿ ਚੌਧਰੀ ਸੁੰਦਰ ਲਾਲ ਦਾ ਪੂਰਾ ਜੀਵਨ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਸੀ। ਉਹਨਾਂ ਨੇ ਹਮੇਸ਼ਾ ਗਰੀਬਾਂ ਦੀ ਬਾਂਹ ਫੜੀ ਅਤੇ ਲੋਕਾਂ ਦੀ ਸੇਵਾ ਵਿੱਚ ਉਹ 24 ਘੰਟੇ ਹਾਜ਼ਰ ਰਹਿੰਦੇ ਸਨ। ਉਹਨਾਂ ਦੀ ਇਮਾਨਦਾਰੀ ਅਤੇ ਲੋਕਾਂ ਪ੍ਰਤੀ ਉਨ੍ਹਾਂ ਦਾ ਪਿਆਰ ਅੱਜ ਵੀ ਲੋਕ ਉਨ੍ਹਾ ਨੂੰ ਯਾਦ ਕਰ ਰਹੇ ਹਨ। ਉਹਨਾਂ ਕਿਹਾ ਕਿ ਅੱਜ ਦੀ ਰਾਜਨੀਤੀ ਤਾਂ ਕੇਵਲ ਤੇ ਕੇਵਲ ਪੈਸੇ ਦੀ ਰਹਿ ਗਈ ਹੈ। ਦਿਨ ਪ੍ਰਤੀ ਦਿਨ ਹੋ ਰਹੀਆਂ ਲੁੱਟਾਂ ਖੋਹਾਂ ਅਤੇ ਕਤਲਾਂ ਦੀ ਜ਼ਿੰਮੇਵਾਰ ਆਮ ਆਦਮੀ ਪਾਰਟੀ ਸਰਕਾਰ ਹੈ। ਆਮ ਆਦਮੀ ਪਾਰਟੀ ਦੇ ਚਾਰ ਸਾਲ ਲੋਕਾਂ ਨੂੰ 40 ਸਾਲ ਦੇ ਬਰਾਬਰ ਲੱਗਦੇ ਹਨ। ਚਾਹੇ ਕੋਈ ਵਿਧਾਇਕ ਹੋਵੇ ਚਾਹੇ ਕੋਈ ਮੰਤਰੀ, ਸਾਰੇ ਹੀ ਪੈਸੇ ਬਣਾਉਣ 'ਤੇ ਲੱਗੇ ਹਨ ਅਤੇ ਲੋਕਾਂ ਦੀ ਕਿਸੇ ਨੂੰ ਪਰਵਾਹ ਨਹੀਂ।



# ਵਿਦਿਆਰਥੀਆਂ ਨੇ ਖੀਰ ਦਾ ਲੰਗਰ ਲਗਾਇਆ

**ਕਰਤਾਰਪੁਰ (ਹਰਮੇਸ਼ ਦੱਤ)** ਸੰਤ ਬਾਬਾ ਨਿਧਾਨ ਸਿੰਘ ਜੀ ਪਬਲਿਕ ਸਕੂਲ, ਕਰਤਾਰਪੁਰ ਦੇ ਦਸਵੀਂ ਕਲਾਸ ਦੇ ਵਿਦਿਆਰਥੀਆਂ ਨੇ ਸੰਤ ਬਾਬਾ ਨਿਧਾਨ ਸਿੰਘ ਜੀ ਗੁਰਦੁਆਰਾ ਸਾਹਿਬ ਵਿਖੇ ਖੀਰ ਦਾ ਲੰਗਰ ਲਗਾਇਆ। ਇਸ ਮੌਕੇ ਵਿਦਿਆਰਥੀਆਂ ਨੇ ਸੇਵਾ ਦੀ ਭਾਵਨਾ ਨਾਲ ਖੀਰ ਦਾ ਲੰਗਰ ਲਗਾਇਆ। ਪ੍ਰਿੰਸੀਪਲ ਮੈਡਮ ਸ਼੍ਰੀਮਤੀ ਕੰਵਲਜੀਤ ਕੌਰ ਵਿਦਿਆਰਥੀਆ ਦੀ ਸੇਵਾ ਦੀ ਇਸ ਭਾਵਨਾ ਤੋਂ ਬਹੁਤ ਖੁਸ਼ ਸਨ। ਇਸ ਮੌਕੇ ਸਕੂਲ ਦੇ ਚੇਅਰਪਰਸਨ ਮੈਡਮ ਸ਼੍ਰੀਮਤੀ ਸੁਰਿੰਦਰ ਕੌਰ, ਡਾ. ਚਰਨ ਸਿੰਘ, ਪਿਆਰਾ ਸਿੰਘ, ਮਨਦੀਪ ਕੌਰ, ਸਤਨਾਮ ਸਿੰਘ, ਪਲਵਿੰਦਰ ਕੌਰ ਅਤੇ ਸਮੂਹ ਸਟਾਫ ਮੈਂਬਰ ਵੀ ਮੌਜੂਦ ਸਨ।



# ਜ਼ਿਲ੍ਹਾ ਪ੍ਰਸ਼ਾਸਕੀ ਕੰਪਲੈਕਸ ਮੋਹਾਲੀ ਵਿਖੇ ਪੈਨਸ਼ਨ ਅਦਾਲਤ 8 ਨੂੰ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਅਕਾਊਂਟੈਂਟ ਜਨਰਲ (ਏ ਐਂਡ ਈ), ਪੰਜਾਬ, ਚੰਡੀਗੜ੍ਹ ਦੇ ਦਫ਼ਤਰ ਵੱਲੋਂ ਪੰਜਾਬ ਸਰਕਾਰ ਅਤੇ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ, 8 ਅਗਸਤ ਨੂੰ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ (ਡੀ ਏ ਸੀ), ਮੋਹਾਲੀ ਵਿਖੇ ਸਵੇਰੇ 11:00 ਵਜੇ ਤੋਂ ਦੁਪਹਿਰ 3:00 ਵਜੇ ਤੱਕ ਪੈਨਸ਼ਨ ਅਦਾਲਤ ਦਾ ਆਯੋਜਨ ਕੀਤਾ ਜਾਵੇਗਾ। ਡਿਪਟੀ ਕਮਿਸ਼ਨਰ ਕੋਮਲ ਮਿੱਤਲ ਨੇ ਦੱਸਿਆ ਕਿ ਪੈਨਸ਼ਨ ਅਦਾਲਤ ਦਾ ਮੁੱਖ ਉਦੇਸ਼ ਪੰਜਾਬ ਸਰਕਾਰ ਨਾਲ ਸੰਬੰਧਤ ਪੈਨਸ਼ਨਰਾਂ ਅਤੇ ਪਰਵਾਰਕ ਪੈਨਸ਼ਨਰਾਂ ਦੀਆਂ ਸ਼ਿਕਾਇਤਾਂ ਦਾ ਨਿਪਟਾਰਾ ਕਰਨਾ ਹੈ।ਉਨ੍ਹਾਂ ਕਿਹਾ ਕਿ ਪੈਨਸ਼ਨ ਮਨਜ਼ੂਰੀ ਅਥਾਰਟੀਆਂ/ਡੀ ਡੀ ਓਜ਼, ਜ਼ਿਲ੍ਹਾ ਖਜ਼ਾਨਾ ਦਫ਼ਤਰ ਦੇ ਨੁਮਾਇੰਦੇ, ਰਾਜ ਦੇ ਸਰਕਾਰੀ ਬੈਂਕਾਂ ਅਤੇ ਲੇਖਾਕਾਰ (ਅਕਾਊਂਟੈਂਟ) ਜਨਰਲ (ਏ ਐਂਡ ਈ), ਪੰਜਾਬ ਦੇ ਦਫ਼ਤਰ ਦੇ ਅਧਿਕਾਰੀ ਸ਼ਿਕਾਇਤਾਂ ਦੇ ਨਿਪਟਾਰੇ ਦੀ ਸਹੂਲਤ ਲਈ ਮੌਜੂਦ ਰਹਿਣਗੇ।

# ਤੀਆਂ ਦੇ ਤਿਉਹਾਰ ਨੂੰ ਦਿੱਤਾ ਨਵਾਂ ਰੂਪ

● 'ਮਾਈ ਭਾਗੋ ਦੀਆਂ ਵਾਰਿਸ ਧੀਆਂ ਪੰਜਾਬ ਦੀਆਂ' ਐਵਾਰਡ ਸ਼ੁਰੂ ਕਰਕੇ ਕੀਤੀ ਨਿਵੇਕਲੀ ਪਹਿਲ



**ਬਲਾਚੌਰ (ਜਸਵਿੰਦਰ ਬੈਂਸ)**- ਪਿੰਡ ਜਮੀਤਗੜ੍ਹ ਭੱਲਾ ਦੇ ਵਾਸੀਆਂ ਨੇ ਇੱਕ ਨਵੇਕਲੀ ਪਹਿਲ ਕਰਦੇ ਹੋਏ ਸਾਉਣ ਦੇ ਮਹੀਨੇ ਵਿਚ ਮਨਾਏ ਜਾਂਦੇ ਤੀਆਂ ਦੇ ਤਿਉਹਾਰ ਨੂੰ ਵੱਖਰੇ ਰੂਪ ਵਿਚ ਮਨਾਇਆ। ਸਰਪੰਚ ਮਨਦੀਪ ਕੌਰ ਤੇ ਉਹਨਾਂ ਦੇ ਪਤੀ ਭਾਈ ਹਰਨੇਕ ਸਿੰਘ ਫ਼ੌਜੀ ਦੀ ਦੂਰਅੰਦੇਸ਼ੀ ਸੋਚ ਦੇ ਸਦਕਾ ਪਿੰਡ ਵਾਸੀਆਂ ਨੇ ਇਹ ਨਵੇਂ ਪੂਰਨੇ ਪਾਏ। ਜਿਸ ਤਹਿਤ ਦੋ ਹੋਣਹਾਰ ਧੀਆਂ ਜਗਮਨਦੀਪ ਕੌਰ ਜਮੀਤਗੜ੍ਹ ਭੱਲਾ ਤੇ ਲਵਜੋਤ ਕੌਰ ਕਾਹਮਾ ਨੂੰ ਮਾਈ ਭਾਗੋ ਦੀਆਂ ਵਾਰਿਸ ਧੀਆਂ ਪੰਜਾਬ ਦੀਆਂ ਐਵਾਰਡ ਦੇ ਕੇ ਸਨਮਾਨਤ ਕੀਤਾ ਗਿਆ। ਜਿਥੇ ਵਿਸ਼ੇਸ਼ ਤੌਰ 'ਤੇ ਪਹੁੰਚੇ ਉੱਘੇ ਸਮਾਜ ਸੇਵੀ ਹਰਦੀਪ ਸਿੰਘ ਕਲਮ ਗਹੁੰਣ ਤੇ ਭਾਈ ਸਤਨਾਮ ਸਿੰਘ ਪੰਜਾਬੀ ਲੋਕ ਸਮੂਹ ਨੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ। ਇਸ ਸਮੇਂ ਕੋਚ ਰਣਧੀਰ ਸਿੰਘ ਭੁੱਲਰ ਨੇ ਵੀ ਵੱਖ-ਵੱਖ ਖੇਤਰਾਂ ਵਿਚ ਮੱਲਾਂ ਮਾਰਨ ਵਾਲੀਆਂ ਧੀਆਂ ਨੂੰ ਪਿੰਡ ਸੱਦ ਕੇ ਸਨਮਾਨਤ ਕਰਨ ਦੀ ਪਾਈ ਪਿਰਤ ਦੀ ਪ੍ਰਸ਼ੰਸਾ ਕੀਤੀ। ਇਸ ਸਾਰੇ ਸਮਾਗਮ ਦੀ ਰੂਪਰੇਖਾ ਗੁਰਪ੍ਰੀਤ ਕੌਰ ਤੇ ਰਮਨਦੀਪ ਕੌਰ ਨੇ ਮੰਚ ਦਾ ਸੰਚਾਲਣ ਸੁਚੱਜੇ ਤੇ ਸੁਚਾਰੂ ਢੰਗ ਨਾਲ ਕੀਤਾ। ਇਸ ਸਮੇਂ ਸਮੂਹ ਗ੍ਰਾਮ ਪੰਚਾਇਤ ਤੇ ਪਿੰਡ ਵਾਸੀ ਭਾਈ ਹਰਨੇਕ ਸਿੰਘ ਫ਼ੌਜੀ, ਸਰਪੰਚ ਮਨਦੀਪ ਕੌਰ, ਕੁਲਵਿੰਦਰ ਕੌਰ ਪੰਚ, ਸੁਖਵਿੰਦਰ ਸਿੰਘ ਪੰਚ, ਸਰਬਜੀਤ ਕੌਰ, ਸੰਦੀਪ ਕੌਰ, ਅਜਮੇਰ ਕੌਰ, ਜਸਵੀਰ ਕੌਰ, ਬਲਵੀਰ ਕੌਰ, ਬਖਸ਼ੀਸ਼ ਕੌਰ, ਰੁਪਿੰਦਰ ਕੌਰ, ਕੁਲਜੀਤ ਕੌਰ, ਕਵਲਜੀਤ ਕੌਰ, ਗੁਰਪ੍ਰੀਤ ਕੌਰ, ਬਲਜੀਤ ਕੌਰ, ਰਾਜਵਿੰਦਰ ਕੌਰ, ਕਸ਼ਮੀਰ ਕੌਰ, ਪੂਨਮ, ਸਤਵਿੰਦਰ ਕੌਰ, ਅਕਵਿੰਦਰ ਕੌਰ, ਅੰਜੂ ਬਾਲਾ, ਰਮਨਦੀਪ ਕੌਰ, ਤਾਰੋਂ ਦੇਵੀ, ਅਮਨਦੀਪ ਕੁਮਾਰੀ ਮੌਜੂਦ ਸਨ।

# ਜ਼ਿਲ੍ਹਾ ਸਿੱਖਿਆ ਅਫਸਰ ਵੱਲੋਂ ਵਿਸ਼ੇਸ਼ ਮੀਟਿੰਗ

**ਬੰਗਾ (ਅਵਤਾਰ ਕਲੇਰ)**- ਸਕੂਲ ਸਿੱਖਿਆ ਤੇ ਸਕੂਲ ਪ੍ਰਬੰਧਾਂ ਵਿੱਚ ਗੁਣਾਤਮਕ ਤੇ ਗਿਣਾਤਮਕ ਸੁਧਾਰ ਕਰਨ ਹਿੱਤ ਬਲਾਕ ਬੰਗਾ ਤੇ ਮੁਕੰਦਪੁਰ ਦੇ ਪ੍ਰਿੰਸੀਪਲ, ਹੈਡਮਾਸਟਰ, ਇੰਚਾਰਜ , ਸੈਂਟਰ ਹੈੱਡ ਟੀਚਰ ਤੇ ਹੈੱਡ ਟੀਚਰ ਦੇ ਨਾਲ ਜ਼ਿਲ੍ਹਾ ਸਿੱਖਿਆ ਅਫ਼ਸਰ ਮੈਡਮ ਅਨੀਤਾ ਸ਼ਰਮਾ ਤੇ ਉਪ ਜ਼ਿਲ੍ਹਾ ਸਿੱਖਿਆ ਅਫ਼ਸਰ ਲਖਵੀਰ ਸਿੰਘ ਵੱਲੋਂ ਸਕੂਲ ਆਫ ਐਮੀਨੈਂਸ ਬੰਗਾ ਵਿਖੇ ਵਿਸ਼ੇਸ਼ ਮੀਟਿੰਗ ਕੀਤੀ ਗਈ। ਅਨੀਤਾ ਸ਼ਰਮਾ ਨੇ ਕਿਹਾ ਕਿ ਅਧਿਆਪਕਾਂ ਦੀ ਸਖ਼ਤ ਮਿਹਨਤ ਦਾ ਹੀ ਨਤੀਜਾ ਹੈ ਕਿ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਮਿਸ਼ਨ ਸਮਰੱਥ ਵਿੱਚ ਪੰਜਾਬ 'ਚੋਂ ਪਹਿਲੇ ਸਥਾਨ 'ਤੇ ਰਿਹਾ ਹੈ, ਉਹਨਾਂ ਕਿਹਾ ਕਿ ਵਿਭਾਗ ਵੱਲੋਂ ਵੱਖ ਵੱਖ ਕੰਪੋਨੈਂਟ ਚਲਾਏ ਜਾ ਰਹੇ ਹਨ, ਉਹਨਾਂ ਕੰਪੋਨੈਂਟਾਂ ਨੂੰ ਸਮੇਂ ਨਾਲ ਹੀ ਪੂਰਾ ਕਰ ਲਿਆ ਜਾਵੇ। ਲਖਵੀਰ ਸਿੰਘ ਨੇ ਸਕੂਲ ਮੁਖੀਆਂ ਤੋਂ ਵਜੀਫਾਂ ਸਕੀਮਾਂ, ਯੂਡਾਈਸ, ਇੱਕ ਰੁੱਖ ਮਾਂ ਦੇ ਨਾਂਅ, ਤੇ ਹੋਰ ਸਕੀਮਾਂ ਸੰਬੰਧੀ ਜਾਣਕਾਰੀ ਹਾਸਲ ਕੀਤੀ ਤੇ ਸਕੂਲ ਦਾਖਲਾ ਵਧਾਉਣ ਦੀ ਅਪੀਲ ਕੀਤੀ। ਸਮਾਗਮ ਨੂੰ ਪ੍ਰਿੰਸੀਪਲ ਰਜਨੀਸ਼ ਕੁਮਾਰ, ਪ੍ਰਿੰਸੀਪਲ ਵਰਿੰਦਰ ਕੁਮਾਰ ,ਵਰਿੰਦਰ ਬੰਗਾ, ਲੈਕ. ਸਤਨਾਮ ਸਿੰਘ,ਲੈਕ. ਬਲਦੀਸ਼ ਲਾਲ, ਜਗਦੀਸ਼ ਸਿੰਘ ਜ਼ਿਲ੍ਹਾ ਕੋਆਰਡੀਨੇਟਰ ਐਮ ਆਈ ਐਸ, ਹੈਡਮਾਸਟਰ ਅਮਨਪ੍ਰੀਤ ਸਿੰਘ ਜੌਹਰ ਬਲਾਕ ਨੋਡਲ ਅਫ਼ਸਰ ਬੰਗਾ ਨੇ ਵੀ ਸੰਬੋਧਨ ਕੀਤਾ। ਇਸ ਮੌਕੇ 'ਤੇ ਸਮੂਹ ਸਕੂਲ ਮੁਖੀ ਹਾਜ਼ਰ ਸਨ।



# ਨਸ਼ਿਆਂ ਖਿਲਾਫ਼ ਵਿੱਢੀ ਜੰਗ ਨੂੰ ਅੰਜਾਮ ਤੱਕ ਪਹੁੰਚਾਇਆ ਜਾਵੇਗਾ : ਜਿੰਪਾ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਚਲਾਈ ਜਾ ਰਹੀ ਨਸ਼ਾ ਛੁਡਾਊ ਮੁਹਿੰਮ ਤਹਿਤ ਹੁਸ਼ਿਆਰਪੁਰ ਦੇ ਵਾਰਡ ਨੰਬਰ 47 ਵਿਚ ਇੱਕ ਜਾਗਰੂਕਤਾ ਸਮਾਗਮ ਕਰਵਾਇਆ ਗਿਆ। ਸਥਾਨਕ ਵਿਧਾਇਕ ਬ੍ਰਮ ਸ਼ੰਕਰ ਜਿੰਪਾ ਨੇ ਵਿਸ਼ੇਸ਼ ਤੌਰ 'ਤੇ ਸਮਾਗਮ ਵਿਚ ਸ਼ਿਰਕਤ ਕੀਤੀ ਅਤੇ ਮੌਜੂਦ ਲੋਕਾਂ ਨੂੰ ਨਸ਼ੇ ਦੇ ਮਾੜੇ ਪ੍ਰਭਾਵਾਂ ਬਾਰੇ ਜਾਗਰੂਕ ਕੀਤਾ। ਸਮਾਗਮ ਨੂੰ ਸੰਬੋਧਨ ਕਰਦਿਆਂ ਵਿਧਾਇਕ ਜਿੰਪਾ ਨੇ ਕਿਹਾ ਕਿ ਨਸ਼ਾ ਅੱਜ ਦੇ ਨੌਜਵਾਨਾਂ ਦੇ ਭਵਿੱਖ ਨੂੰ ਹਨੇਰੇ ਵਿਚ ਧੱਕ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖਿਲਾਫ਼ ਵਿੱਢੀ ਗਈ ਜੰਗ ਨੂੰ ਲੋਕਾਂ ਦੇ ਸਹਿਯੋਗ ਨਾਲ ਅੰਜਾਮ ਤੱਕ ਪਹੁੰਚਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਨਸ਼ਾ ਨਾ ਸਿਰਫ਼ ਵਿਅਕਤੀ ਨੂੰ ਮਾਨਸਿਕ ਅਤੇ ਸਰੀਰਕ ਤੌਰ 'ਤੇ ਕਮਜ਼ੋਰ ਕਰਦਾ ਹੈ, ਸਗੋਂ ਪਰਿਵਾਰ ਅਤੇ ਸਮਾਜ ਨੂੰ ਵੀ ਤੋੜਦਾ ਹੈ।ਵਿਧਾਇਕ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਉਹ ਇਸ ਮੁਹਿੰਮ ਦਾ ਹਿੱਸਾ ਬਣਨ ਅਤੇ ਆਪਣੇ ਬੱਚਿਆਂ ਨੂੰ ਨਸ਼ਿਆਂ ਤੋਂ ਦੂਰ ਰੱਖਣ।

# ਤੀਆਂ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ

**ਮੋਹਾਲੀ (ਗੁਰਜੀਤ ਬਿੱਲਾ)**- ਰੈਜੀਡੈਂਟ ਸੋਸ਼ਲ ਐਂਡ ਵੈਲਫੇਅਰ ਐਸੋਸੀਏਸ਼ਨ ਦੇ ਪ੍ਰਧਾਨ ਕਮਲਜੀਤ ਸਿੰਘ ਰੂਬੀ ਦੀ ਪ੍ਰਧਾਨਗੀ ਹੇਠ ਤੀਆਂ ਦਾ ਤਿਉਹਾਰ ਬੜੇ ਧੂਮਧਾਮ ਨਾਲ ਮਨਾਇਆ ਗਿਆ, ਜਿਸ ਵਿੱਚ ਫੇਜ਼-9, ਦੇ ਨਿਵਾਸੀਆਂ ਵੱਲੋਂ ਗਿੱਦੇ ਭੰਗੜੇ ਪਾਏ ਗਏ ਅਤੇ ਵੱਖ-ਵੱਖ ਖੇਡਾਂ ਵਿੱਚ ਹਿੱਸਾ ਲੈਂਦਿਆਂ ਕਈ ਇਨਾਮ ਜਿੱਤੇ। ਇਸ ਮੌਕੇ ਸਾਬਕਾ ਮੰਤਰੀ ਰਾਮੂਵਾਲੀਆ ਵੱਲੋਂ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ ਗਈ ਅਤੇ ਐਸੋਸੀਏਸ਼ਨ ਦੇ ਮੈਂਬਰਾਂ ਨੂੰ ਸੰਬੋਧਨ ਕਰਦੇ ਹੋਏ ਤੀਆਂ ਦੇ ਤਿਉਹਾਰ ਬਾਰੇ ਜਾਣਕਾਰੀ ਦਿੱਤੀ, ਜਿਸ ਦੀ ਸਾਰਿਆਂ ਨੇ ਬੜੀ ਸ਼ਲਾਘਾ ਕੀਤੀ। ਇਸ ਮੌਕੇ ਸੋਹਾਨਾ ਦੀ ਐੱਮ ਸੀ ਰਿਮਪੀ ਸੋਹਣਾ ਅਤੇ ਰਾਜ ਰਾਣੀ ਜੈਨ ਐੱਮ ਸੀ ਵੱਲੋਂ ਵੀ ਹਾਜ਼ਰੀ ਭਰੀ ਗਈ ਅਤੇ ਉਹਨਾਂ ਨੇ ਮਿਸ ਤੀਜ ਦੇ ਚੁਣਨ ਵਿੱਚ ਆਪਣਾ ਸਹਿਯੋਗ ਦਿੱਤਾ ਅਤੇ ਉਹਨਾਂ ਦਾ ਸਨਮਾਨ ਵੀ ਕੀਤਾ। ਫੇਜ-9 ਦੇ ਨਿਵਾਸੀਆਂ ਨੇ ਐਸੋਸੀਏਸ਼ਨ ਦੇ ਇਸ ਉਪਰਾਲੇ ਦੀ ਕਾਫੀ ਸ਼ਲਾਘਾ ਕੀਤੀ। ਪੱਤਰਕਾਰਾਂ ਨੂੰ ਜਾਣਕਾਰੀ ਦਿੰਦੇ ਹੋਏ ਐਸੋਸੀਏਸ਼ਨ ਦੇ ਸੀਨੀਅਰ ਮੀਤ ਪ੍ਰਧਾਨ ਹਰਿੰਦਰ ਪਾਲ ਸਿੰਘ ਹੈਰੀ ਨੇ ਦੱਸਿਆ ਕਿ ਰੁਪਿੰਦਰ ਕੌਰ, ਸ਼ਰੀਨ ਪੁਰੀ, ਸੋਨੀਆ, ਪਲਵਿੰਦਰ ਕੌਰ ਸੰਧੂ, ਪ੍ਰੀਤ, ਹਰਪ੍ਰੀਤ, ਗੁਰਮੀਤ, ਮਨਜੀਤ ਅਤੇ ਐਸੋਸੀਏਸ਼ਨ ਦੇ ਮੈਂਬਰਜ਼ ਕੈਪਟਨ ਰਜਿੰਦਰ ਸਿੰਘ, ਗੁਰਮੁਖ ਸਿੰਘ, ਰਸ਼ਪਾਲ ਸਿੰਘ ਚਾਹਲ, ਮੱਖਣ ਸਿੰਘ, ਲਾਲ ਚੰਦ, ਕੇ ਐੱਲ ਅਰੋੜਾ, ਦਲਜੀਤ ਸਿੰਘ, ਸ਼ਰਨਜੀਤ ਸਿੰਘ, ਟੀ ਪੀ ਐਸ ਬੇਦੀ, ਸੁਰਿੰਦਰ ਸਿੰਘ ਬੇਦੀ, ਰਜਿੰਦਰ ਸਿੰਘ ਤੁੜ, ਗੁਰਮੁਖ ਸਿੰਘ, ਐੱਚ ਐੱਸ ਉੱਪਲ, ਜਗਦੇਵ ਸਿੰਘ ਅਤੇ ਅਮਰਜੀਤ ਸਿੰਘ ਨੇ ਪ੍ਰਬੰਧ ਕਰਨ ਵਿੱਚ ਵਿਸ਼ੇਸ਼ ਸਹਿਯੋਗ ਦਿੱਤਾ। ਦੀਪਿਕਾ ਬਖਸ਼ੀ, ਕਮਲੇਸ਼, ਅਨੂ ਉੱਪਲ ਅਤੇ ਹਰਿੰਦਰ ਪਾਲ ਸਿੰਘ ਹੈਰੀ ਵਲੋਂ ਸਟੇਜ ਦਾ ਸੰਚਾਲਨ ਬੜੇ ਸੁਚੱਜੇ ਢੰਗ ਨਾਲ ਕੀਤਾ ਗਿਆ। ਇਸ ਮੌਕੇ ਪ੍ਰੀਤ ਅਤੇ ਗੁਰਪ੍ਰੀਤ ਕੌਰ ਬਾਜਵਾ ਨੂੰ ਵੱਖ-ਵੱਖ ਸ਼੍ਰੇਣੀਆਂ ਵਿੱਚ ਤੀਜ ਦੀ ਰਾਣੀ ਚੁਣਿਆ ਗਿਆ ਅਤੇ ਉਨ੍ਹਾਂ ਨੂੰ ਸਿਰ ਦੇ ਤਾਜ ਅਤੇ ਫੁਲਕਾਰੀ ਨਾਲ ਸਨਮਾਨਤ ਕੀਤਾ ਗਿਆ।



# ਇੰਪਰੂਵਮੈਂਟ ਟਰੱਸਟ ਵੱਲੋਂ ਅਕਵਾਇਰ ਕੀਤੀ ਜਾਣ ਵਾਲੀ ਜ਼ਮੀਨ ਤੋਂ ਕੂੜਾ ਚੁੱਕਣ ਲਈ ਜ਼ਿੰਮੇਵਾਰ ਕੌਣ ?

**ਫ਼ਗਵਾੜਾ (ਡਾ. ਰਮਨ, ਜਸਵਿੰਦਰ ਢੱਡਾ)**- ਪਿਛਲੇ ਦਿਨੀਂ ਜ਼ਿਲ੍ਹਾ ਮੈਜਿਸਟਰੇਟ ਕਪੂਰਥਲਾ ਦਫ਼ਤਰ ਦੇ ਪਿੱਠ ਅੰਕਣ ਨੰਬਰ:-743-773/ਐੱਮ.ਏ.ਮਿਤੀ:-01/07/2025 ਰਾਹੀਂ ਪੱਤਰ ਜਾਰੀ ਕਰਕੇ ਖਾਲੀ ਪਲਾਟਾਂ ਦੇ ਨਿੱਜੀ ਮਾਲਕਾਂ ਨੂੰ ਹਦਾਇਤ ਜਾਰੀ ਕੀਤੀ ਗਈ ਸੀ ਕਿ ਜੇ ਖ਼ਾਲੀ ਪਲਾਟ ਵਿੱਚ ਗੰਦਗੀ ਇਕੱਠੀ ਹੋਈ ਜਾਂ ਪਾਣੀ ਖੜ੍ਹਾ ਹੋਇਆ ਤਾਂ ਪਲਾਟ ਦੇ ਮਾਲਕ ਨੂੰ ਜੁਰਮਾਨਾ ਲਗਾਇਆ ਜਾਵੇਗਾ। ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਕੁਲਦੀਪ ਸਿੰਘ ਕੌੜਾ ਸੇਵਾ ਮੁਕਤ ਸੈਂਟਰ ਮੁੱਖ ਅਧਿਆਪਕ ਨੇ ਦੱਸਿਆ ਕਿ ਉਪਰੋਕਤ ਪੱਤਰ 3 ਜੁਲਾਈ ਨੂੰ ਈ ਮੇਲ ਕਰਦੇ ਹੋਏ ਡਿਪਟੀ ਕਮਿਸ਼ਨਰ ਸਾਹਿਬ ਕਪੂਰਥਲਾ ਤੋਂ ਜਾਣਕਾਰੀ ਮੰਗੀ ਸੀ ਕਿ ਜੇ ਵਾਰ ਵਾਰ ਸ਼ਿਕਾਇਤ ਦਰਜ ਕਰਨ 'ਤੇ ਵੀ ਨਗਰ ਨਿਗਮ ਫ਼ਗਵਾੜਾ ਦੇ ਅਧਿਕਾਰੀਆਂ ਵਲੋਂ ਜਾਂ ਸਫ਼ਾਈ ਸੇਵਕਾਂ ਵੱਲੋਂ ਕੂੜਾ ਚੁੱਕਣ ਲਈ ਕਾਰਵਾਈ ਨਾ ਕੀਤੀ ਜਾਵੇ ਤਾਂ ਫਿਰ ਕੀ ਕੀਤਾ ਜਾਵੇ ? ਡਿਪਟੀ ਕਮਿਸ਼ਨਰ ਸਾਹਿਬ ਨੇ ਉਪਰੋਕਤ ਪੱਤਰ ਫਿਰ ਨਗਰ ਨਿਗਮ ਫ਼ਗਵਾੜਾ ਨੂੰ ਭੇਜਿਆ ਸੀ, ਜਿਸ ਤੇ ਕਾਰਵਾਈ ਪਾਉਂਦੇ ਹੋਏ ਨਗਰ ਨਿਗਮ ਫ਼ਗਵਾੜਾ ਦੇ 8-10 ਸਫ਼ਾਈ ਸੇਵਕ ਅਤੇ ਇੱਕ ਨਾਲ ਜ਼ਿੰਮੇਵਾਰ ਕਰਮਚਾਰੀ ਵੀ ਸੀ, ਮੇਰੇ ਨਾਲ ਸੰਪਰਕ ਬਣਾਉਣ ਲਈ ਆਏ, ਪਰ ਉਹਨਾਂ ਨੇ ਮੁਹੱਲਾ ਉਂਕਾਰ ਨਗਰ ਵਿੱਚ ਪਈ ਖ਼ਾਲੀ ਜ਼ਮੀਨ ਤੋਂ ਕੂੜਾ ਚੁੱਕਣ ਲਈ ਕੋਈ ਵੀ ਯੋਗ ਕਾਰਵਾਈ ਨਹੀਂ ਕੀਤੀ ਕਿਉਂਕਿ ਸਫ਼ਾਈ ਸੇਵਕਾਂ ਅਤੇ ਜ਼ਿੰਮੇਵਾਰ ਕਰਮਚਾਰੀ ਦਾ ਕਹਿਣਾ ਸੀ ਕਿ ਇਹ ਕੂੜਾ ਚੁੱਕਣ ਦੀ ਸਾਡੀ ਕੋਈ ਵੀ ਜ਼ਿੰਮੇਵਾਰੀ ਨਹੀਂ ਕਿਉਂਕਿ ਉਪਰੋਕਤ ਜ਼ਮੀਨ ਇੰਪਰੂਵਮੈਂਟ ਟ੍ਰਸਟ ਫ਼ਗਵਾੜਾ ਦੇ ਅਧੀਨ ਹੈ। ਮੈਂ ਫਿਰ 16 ਜੁਲਾਈ ਨੂੰ ਦੁਬਾਰਾ ਈ ਮੇਲ ਭੇਜ ਕੇ ਡਿਪਟੀ ਕਮਿਸ਼ਨਰ ਸਾਹਿਬ ਕਪੂਰਥਲਾ ਨੂੰ ਨਗਰ ਨਿਗਮ ਫ਼ਗਵਾੜਾ ਦੇ ਸਫ਼ਾਈ ਸੇਵਕਾਂ ਅਤੇ ਜ਼ਿੰਮੇਵਾਰ ਕਰਮਚਾਰੀ ਵਲੋਂ ਕਹੀ ਗਈ ਗੱਲਬਾਤ ਅਤੇ ਕੂੜਾ ਨਾ ਚੁੱਕਣ ਬਾਰੇ ਜਾਣਕਾਰੀ ਦਿੱਤੀ ਸੀ ਅਤੇ ਨਾਲ ਹੀ ਬੇਨਤੀ ਕੀਤੀ ਸੀ ਕਿ ਕੂੜੇ ਦਾ ਸੰਬੰਧ ਚਾਹੇ ਨਗਰ ਨਿਗਮ ਫ਼ਗਵਾੜਾ ਨਾਲ ਹੈ ਅਤੇ ਚਾਹੇ ਇੰਪਰੂਵਮੈਂਟ ਟਰੱਸਟ ਫ਼ਗਵਾੜਾ ਨਾਲ ਹੈ, ਪਰ ਦੋਨੋਂ ਹੀ ਆਪ ਦੇ ਅਧੀਨ ਹੀ ਕੰਮ ਕਰ ਰਹੇ ਹਨ। ਸੋ ਉਹਨਾਂ ਨੂੰ ਕਹਿ ਕੇ ਉਪਰੋਕਤ ਥਾਂ ਤੋਂ ਲਗਾਤਾਰ ਕੂੜਾ ਚੁੱਕਣ ਦੀ ਕਾਰਵਾਈ ਕਰਵਾਉਣ ਲਈ ਯੋਗ ਕਾਰਵਾਈ ਕੀਤੀ ਜਾਵੇ। ਬਹੁਤ ਹੀ ਦੁਖੀ ਮਨ ਨਾਲ ਕਹਿਣਾ ਪੈ ਰਿਹਾ ਹੈ ਕਿ 16 ਜੁਲਾਈ ਤੋਂ ਲੈ ਕੇ ਅੱਜ ਤੱਕ ਕੂੜਾ ਚੁੱਕਣ ਲਈ ਕੋਈ ਵੀ ਯੋਗ ਕਾਰਵਾਈ ਨਹੀਂ ਕੀਤੀ ਗਈ। ਪ੍ਰੈੱਸ ਨੂੰ ਭੇਜਣ ਤੋਂ ਪਹਿਲਾਂ ਉਪਰੋਕਤ ਪ੍ਰੈੱਸ ਨੋਟ ਅਤੇ ਫੋਟੋ ਈ ਮੇਲ ਕਰਕੇ ਕਮਿਸ਼ਨਰ ਨਗਰ ਨਿਗਮ , ਡਿਪਟੀ ਕਮਿਸ਼ਨਰ ਕਪੂਰਥਲਾ ਅਤੇ ਵੱਟਸਐਪ ਰਾਹੀਂ ਚੇਅਰਮੈਨ ਇੰਪਰੂਵਮੈਂਟ ਟਰੱਸਟ ਫ਼ਗਵਾੜਾ ਜਰਨੈਲ ਨੰਗਲ ਨੂੰ ਵੀ ਭੇਜਿਆ ਗਿਆ ਸੀ ਪਰ ਕੋਈ ਵੀ ਯੋਗ ਕਾਰਵਾਈ ਨਹੀਂ ਕੀਤੀ ਗਈ।ਨਗਰ ਨਿਗਮ ਫ਼ਗਵਾੜਾ ਅਤੇ ਇੰਪਰੂਵਮੈਂਟ ਟਰੱਸਟ ਫ਼ਗਵਾੜਾ ਦੇ ਜ਼ਿੰਮੇਵਾਰ ਅਧਿਕਾਰੀਆਂ ਨੂੰ ਅਤੇ ਡਿਪਟੀ ਕਮਿਸ਼ਨਰ ਕਪੂਰਥਲਾ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਉਪਰੋਕਤ ਕੂੜੇ ਨੂੰ ਜਲਦੀ ਤੋਂ ਜਲਦੀ ਚੁੱਕਣ ਲਈ ਯੋਗ ਕਾਰਵਾਈ ਕੀਤੀ ਜਾਵੇ ਤਾਂ ਜੋ ਮੁਹੱਲੇ ਵਿੱਚ ਕਿਸੇ ਵੀ ਬਿਮਾਰੀ ਨੂੰ ਫੈਲਣ ਤੋਂ ਰੋਕਿਆ ਜਾ ਸਕੇ। ਹਾਜ਼ਰ ਮੁਹੱਲਾ ਵਾਸੀਆਂ ਨੇ ਨਗਰ ਨਿਗਮ ਫ਼ਗਵਾੜਾ ਪ੍ਰਸ਼ਾਸਨ ਦੇ ਅਧਿਕਾਰੀਆਂ ਤੋਂ ਮੰਗ ਵੀ ਕੀਤੀ ਕਿ ਜੋ ਮਕਾਨ ਮਾਲਕ ਜਾਂ ਉਹਨਾਂ ਦੇ ਕਿਰਾਏਦਾਰ ਇੱਥੇ ਕੂੜਾ ਸੁੱਟਦੇ ਹਨ, ਸਰਵੇ ਕਰਕੇ ਲਿਸਟ ਤਿਆਰ ਕੀਤੀ ਜਾਵੇ ਅਤੇ ਮਾਲਕ/ਕਿਰਾਏਦਾਰ ਦੇ ਮਾਲਕਾਂ ਤੇ ਕੂੜੇ ਦੇ ਯੋਗ ਰੱਖ ਰਖਾਵ ਲਈ ਬਣਦੀ ਕਾਰਵਾਈ ਕਰਨੀ ਯਕੀਨੀ ਬਣਾਈ ਜਾਵੇ।ਇਸ ਸਮੇਂ ਕੁਲਦੀਪ ਸਿੰਘ ਕੌੜਾ, ਜਸਵੰਤ ਸਿੰਘ, ਸੁਰਜੀਤ ਸਿੰਘ ਮਿਨਹਾਸ, ਅਜੇ ਕੁਮਾਰ ਕੌਸ਼ਲ, ਨਰੇਸ਼ ਕੁਮਾਰ, ਅਸ਼ੋਕ ਕੁਮਾਰ,ਮਨੋਜ ਕੁਮਾਰ, ਅਨੁਜ ਯਾਦਵ, ਜਸਪ੍ਰੀਤ ਸਿੰਘ ਅਤੇ ਪੁਨੀਤ ਕੁਮਾਰ ਆਦਿ ਹਾਜ਼ਰ ਹੋਏ।



6-AUG-PAGE-10.qxd 8/5/2025 10:23 PM Page 1



## ਸ਼ਹੀਦ ਊਧਮ ਸਿੰਘ ਦੀ ਸ਼ਹਾਦਤ ਨੂੰ ਸਮਰਪਤ ਸੈਮੀਨਾਰ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸ਼ਹੀਦ ਊਧਮ ਸਿੰਘ ਦੀ ਸ਼ਹਾਦਤ ਨੂੰ ਸਮਰਪਤ ਵਿਸ਼ੇਸ਼ ਸੈਮੀਨਾਰ ਫਤਿਹ ਗਰੁੱਪ ਆਫ਼ ਇੰਸਟੀਚਿਊਸ਼ਨਜ਼ ਦੇ ਕੌਮੀ ਸੇਵਾ ਯੋਜਨਾ ਵਿਭਾਗ ਵੱਲੋਂ ਆਯੋਜਿਤ ਕੀਤਾ ਗਿਆ। ਸੈਮੀਨਾਰ ਦੌਰਾਨ ਵੱਖ-ਵੱਖ ਬੁਲਾਰਿਆਂ ਨੇ ਸ਼ਹੀਦ ਊਧਮ ਸਿੰਘ ਦੇ ਜੀਵਨ ਅਤੇ ਯੋਗਦਾਨ ਬਾਰੇ ਵਿਸਥਾਰ ਨਾਲ ਚਰਚਾ ਕਰਦਿਆਂ ਉਨ੍ਹਾਂ ਨੂੰ ਸ਼ਰਧਾਂਜਲੀ ਅਰਪਿਤ ਕੀਤੀ।ਸੰਸਥਾ ਦੇ ਚੇਅਰਮੈਨ ਐਸ.ਐਸ. ਚੱਠਾ ਤੇ ਪ੍ਰਿੰਸੀਪਲ ਬਘੇਲ ਸਿੰਘ ਨੇ ਵਿਦਿਆਰਥੀਆਂ ਨੂੰ ਸ਼ਹੀਦ ਊਧਮ ਸਿੰਘ ਦੇ ਬਲਿਦਾਨ ਤੇ ਉਨ੍ਹਾਂ ਦੇ ਆਦਰਸ਼ਾਂ ਤੋਂ ਜਾਣੂ ਕਰਾਇਆ।ਐਮ.ਡੀ. ਮਨਜੀਤ ਕੌਰ ਚੱਠਾ ਤੇ ਡੀਨ ਅਕਾਦਮਿਕ ਡਾ. ਜਗਵਿੰਦਰ ਸਿੰਘ ਸਿੱਧੂ ਨੇ ਵਿਦਿਆਰਥੀਆਂ ਨੂੰ ਸ਼ਹੀਦਾਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਪ੍ਰੇਰਿਤ ਕੀਤਾ। ਵਾਤਾਵਰਣ ਸੁਰੱਖਿਆ ਮੁਹਿੰਮ ਤੇ ਗਰੀਨ ਇੰਡੀਆ ਮਿਸ਼ਨ ਤਹਿਤ ਸਰਕਾਰੀ ਸਕੂਲ ਖੇਖਣ ਵਿਖੇ ਬੂਟੇ ਲਾਏ ਗਏ।ਸੈਮੀਨਾਰ ਵਿੱਚ ਸਕੂਲ ਮੁਖੀ ਮੈਡਮ ਰਾਜਵੰਤ ਕੌਰ, ਡੀ.ਪੀ.ਈ. ਗੁਰਜੀਤ ਸਿੰਘ, ਪੰਜਾਬੀ ਵਿਭਾਗ ਦੇ ਅਧਿਆਪਕ ਵਿਕਾਸ ਕੁਮਾਰ, ਫਤਿਹ ਕਾਲਜ ਦੇ ਸਹਾਇਕ ਡਾਇਰੈਕਟਰ (ਪਬਲਿਕ ਰਿਲੇਸ਼ਨ) ਪ੍ਰੋ. ਹਰਪ੍ਰੀਤ ਸ਼ਰਮਾ ਅਤੇ ਸਹਾਇਕ ਡਾਇਰੈਕਟਰ (ਪ੍ਰਸ਼ਾਸਨ) ਪ੍ਰੋ. ਜਸਵਿੰਦਰ ਸਿੰਘ ਨੇ ਵਾਤਾਵਰਣ ਸੰਭਾਲ ਸਬੰਧੀ ਮਹੱਤਵਪੂਰਨ ਵਿਚਾਰ ਸਾਂਝੇ ਕੀਤੇ।

## ਦੀਦਾਰ ਸਿੰਘ ਭੱਟੀ ਦੂਜੀ ਵਾਰ ਬਣੇ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ



**ਸ੍ਰੀ ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਭਾਰਤੀ ਜਨਤਾ ਪਾਰਟੀ ਦੀ ਸਰਹਿੰਦ ਵਿਖੇ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਦੀਦਾਰ ਸਿੰਘ ਭੱਟੀ ਦੀ ਅਗਵਾਈ ਵਿੱਚ ਇਕੱਤਰਤਾ ਹੋਈ। ਇਸ ਦੌਰਾਨ ਵਿਸ਼ੇਸ਼ ਤੌਰ 'ਤੇ ਜ਼ਿਲ੍ਹਾ ਚੋਣ ਇੰਚਾਰਜ ਸਾਬਕਾ ਮੰਤਰੀ ਸ੍ਰੀ ਤੀਕਸ਼ਣ ਸੂਦ ਅਤੇ ਜ਼ਿਲ੍ਹਾ ਚੋਣ ਅਬਜ਼ਰਵਰ ਬੀਬਾ ਅਮਨਜੋਤ ਕੌਰ ਰਾਮੂਵਾਲੀਆ ਸ਼ਾਮਲ ਹੋਏ। ਦੀਦਾਰ ਸਿੰਘ ਭੱਟੀ ਨੂੰ ਜ਼ਿਲ੍ਹਾ ਪ੍ਰਧਾਨ ਥਾਪਿਆ ਗਿਆ। ਦੌਰਾਨ ਭੱਟੀ ਨੂੰ ਸਿਰੋਪਾਉ ਪਾ ਕੇ ਸਨਮਾਨਤ ਵੀ ਕੀਤਾ ਗਿਆ। ਸ੍ਰੀ ਸੂਦ ਤੇ ਅਮਨਜੋਤ ਰਾਮੂਵਾਲੀਆ ਨੇ ਕਿਹਾ ਕਿ ਭਾਜਪਾ ਦੀਆਂ ਨੀਤੀਆਂ ਤੇ ਹਾਈ ਕਮਾਨ ਦੇ ਹੁਕਮਾਂ ਤਹਿਤ ਜ਼ਿਲ੍ਹੇ ਦੀ ਚੋਣ ਕਰਵਾਈ ਗਈ ਸੀ ਤੇ ਚੋਣ ਵਿੱਚ ਦੀਦਾਰ ਸਿੰਘ ਭੱਟੀ ਦੇ ਹੱਕ ਵਿੱਚ ਵਰਕਰਾਂ ਵੱਲੋਂ ਸਹਿਮਤੀ ਜਤਾਈ ਗਈ, ਜਿਸ ਕਰਕੇ ਉਨ੍ਹਾਂ ਨੂੰ ਦੂਜੀ ਵਾਰ ਜ਼ਿਲ੍ਹਾ ਪ੍ਰਧਾਨ ਨਿਯੁਕਤ ਕੀਤਾ ਗਿਆ।

## ਸੁਖਵਿੰਦਰ ਸਿੰਘ ਯੂਥ ਕਾਂਗਰਸ ਹਲਕਾ ਧੂਰੀ ਦੇ ਮੀਤ ਪ੍ਰਧਾਨ ਨਿਯੁਕਤ



**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਪੰਜਾਬ ਯੂਥ ਕਾਂਗਰਸ ਵੱਲੋਂ ਜਥੇਬੰਦਕ ਢਾਂਚੇ ਦੇ ਵਿਸਥਾਰ ਹੇਠ ਧੂਰੀ ਹਲਕੇ ਵਿੱਚ ਨਵੀਆਂ ਨਿਯੁਕਤੀਆਂ ਵਿੱਚ ਨੇੜਲੇ ਪਿੰਡ ਬੱਬਨਪੁਰ ਦੇ ਨਿਵਾਸੀ ਸੁਖਵਿੰਦਰ ਸਿੰਘ ਬਿੰਦਰ ਨੂੰ ਯੂਥ ਕਾਂਗਰਸ ਹਲਕਾ ਧੂਰੀ ਦਾ ਮੀਤ ਪ੍ਰਧਾਨ ਤੇ ਲੱਖਾ ਸਿੰਘ ਸਰਾਓ ਨੂੰ ਸੈਕਟਰੀ ਨਿਯੁਕਤ ਕੀਤਾ ਗਿਆ।ਪੰਜਾਬ ਯੂਥ ਕਾਂਗਰਸ ਦੇ ਜਨਰਲ ਸਕੱਤਰ ਤੇ ਹਲਕਾ ਧੂਰੀ ਤੋਂ ਆਗੂ ਸ਼ੁਭਮ ਸ਼ਰਮਾ ਵੱਲੋਂ ਨਿਯੁਕਤੀ ਪੱਤਰ ਸੌਂਪਦਿਆਂ ਨਵਨਿਯੁਕਤ ਅਹੁਦੇਦਾਰਾਂ ਨੂੰ ਮੁਬਾਰਕਬਾਦ ਦਿੰਦਿਆਂ ਕਿਹਾ ਕਿ ਪੰਜਾਬ ਯੂਥ ਕਾਂਗਰਸ ਵਿੱਚ ਨਵੇਂ ਜੋਸ਼ੀਲੇ ਨੌਜਵਾਨਾਂ ਦੀ ਸ਼ਮੂਲੀਅਤ ਨਾਲ ਪਾਰਟੀ ਹੋਰ ਮਜ਼ਬੂਤ ਹੋਵੇਗੀ।ਉਨ੍ਹਾਂ ਕਿਹਾ ਕਿ ਆਉਣ ਵਾਲੇ ਸਮੇਂ ਵਿੱਚ ਧੂਰੀ ਹਲਕੇ ਦੇ ਲੋਕ ਕਾਂਗਰਸ ਪਾਰਟੀ ਨੂੰ ਭਰਪੂਰ ਸਮਰਥਨ ਦੇਣਗੇ ਤੇ 2027 ਦੀਆਂ ਚੋਣਾਂ ਵਿੱਚ ਕਾਂਗਰਸ ਧੂਰੀ ਸਮੇਤ ਸੂਬੇ ਭਰ ਵਿੱਚ ਸਰਕਾਰ ਬਣਾਏਗੀ।ਇਸ ਮੌਕੇ ਉਨ੍ਹਾਂ ਨੇ ਅਹੁਦੇਦਾਰਾਂ ਨੂੰ ਆਪਣੀਆਂ ਜ਼ਿੰਮੇਵਾਰੀਆਂ ਇਮਾਨਦਾਰੀ ਨਾਲ ਨਿਭਾਉਣ ਦੀ ਸਲਾਹ ਦਿੱਤੀ ਤੇ ਪਾਰਟੀ ਦੀ ਨੀਤੀ ਤੇ ਸੋਚ ਨੂੰ ਘਰ-ਘਰ ਤੱਕ ਪਹੁੰਚਾਉਣ ਦੀ ਅਪੀਲ ਕੀਤੀ।

## ਕਿੰਡਰ ਗਾਰਟਨ ਸਕੂਲ ਨੇ ਹੈਂਡਬਾਲ ਮੁਕਾਬਲਿਆਂ 'ਚ ਮੈਡਲ ਜਿੱਤੇ



**ਸਮਰਾਲਾ (ਸੁਰਜੀਤ ਸਿੰਘ)**-ਪੰਜਾਬ ਸਕੂਲ ਸਿੱਖਿਆ ਵਿਭਾਗ ਵੱਲੋਂ ਕਰਵਾਈਆਂ ਗਈਆਂ ਖੇਡਾਂ ਵਿੱਚ ਜ਼ੋਨਲ ਹੈਂਡਬਾਲ ਖੇਡ ਮੁਕਾਬਲੇ ਵਿੱਚ ਕਿੰਡਰਗਾਰਟਨ ਐਂਡ ਸੀ. ਸੈਂ. ਸਕੂਲ ਦੇ ਅੰਡਰ-19 ਲੜਕਿਆਂ ਨੇ ਐੱਮ. ਏ. ਐੱਮ. ਸਕੂਲ ਨੂੰ ਹਰਾ ਕੇ ਪਹਿਲਾ ਸਥਾਨ ਹਾਸਲ ਕਰਕੇ ਗੋਲਡ ਮੈਡਲ ਜਿੱਤਿਆ।ਅੰਡਰ-14 ਲੜਕਿਆਂ ਨੇ ਦੂਜਾ ਸਥਾਨ ਹਾਸਲ ਕਰਕੇ ਸਿਲਵਰ ਮੈਡਲ ਜਿੱਤਿਆ।ਅੰਡਰ-19 ਤੇ ਅੰਡਰ-14 ਲੜਕੀਆਂ ਨੇ ਤੀਜਾ ਸਥਾਨ ਹਾਸਲ ਕਰਕੇ ਬਰਾਊਨ ਮੈਡਲ ਜਿੱਤਿਆ।ਸਕੂਲ ਦੇ ਚੇਅਰਮੈਨ ਐਡਵੋਕੇਟ ਦਲਜੀਤ ਸਿੰਘ ਸ਼ਾਹੀ ਨੇ ਦੱਸਿਆ ਕਿ ਹਰ ਸਾਲ ਸਾਡੇ ਸਕੂਲ ਦੇ ਬੱਚੇ ਪੜ੍ਹਾਈ ਦੇ ਨਾਲ-ਨਾਲ ਖੇਡਾਂ ਵਿੱਚ ਮੈਡਲ ਜਿੱਤ ਕੇ ਸਕੂਲ ਤੇ ਆਪਣੇ ਮਾਪਿਆਂ ਦਾ ਨਾਮ ਰੌਸ਼ਨ ਕਰਦੇ ਹਨ।ਸਕੂਲ ਦੇ ਮੈਡਮ ਸਰਬਜੀਤ ਕੌਰ, ਪ੍ਰਿੰਸੀਪਲ ਮੈਡਮ ਰਣਜੋਤ ਕੌਰ ਨੇ ਬੱਚਿਆਂ ਨੂੰ ਉਤਸ਼ਾਹਤ ਕਰਦਿਆਂ ਕਿਹਾ ਕਿ ਖੇਡਾਂ ਮਨੁੱਖੀ ਜੀਵਨ ਦਾ ਅਟੁੱਟ ਹਿੱਸਾ ਹਨ। ਖੇਡਾਂ ਜਿੱਥੇ ਮਨੁੱਖੀ ਸਰੀਰ ਨੂੰ ਤੰਦਰੁਸਤ ਰੱਖਦੀਆਂ ਹਨ, ਉਥੇ ਮਾਨਸਿਕ ਤੌਰ 'ਤੇ ਹੋਣ ਵਾਲੀਆਂ ਬਿਮਾਰੀਆਂ ਤੋਂ ਵੀ ਬਚਾਉਂਦੀਆਂ ਹਨ।ਖੇਡਾਂ ਇੱਕ ਵਿਦਿਆਰਥੀ ਨੂੰ ਅਨੁਸ਼ਾਸਨ ਵਿੱਚ ਰਹਿਣਾ ਸਿਖਾਉਂਦੀਆਂ ਹਨ ਤੇ ਨਸ਼ਿਆਂ ਤੋਂ ਵੀ ਦੂਰ ਰੱਖਦੀਆਂ ਹਨ।ਅੰਤ ਵਿੱਚ ਉਨ੍ਹਾਂ ਬੱਚਿਆਂ ਤੇ ਉਨ੍ਹਾਂ ਦੇ ਮਾਪਿਆਂ ਨੂੰ ਵਧਾਈ ਦਿੱਤੀ ਅਤੇ ਕੋਚ ਡੀ. ਪੀ. ਮੈਡਮ ਹਰਪ੍ਰੀਤ ਕੌਰ ਤੇ ਜਸ਼ਨਪ੍ਰੀਤ ਕੌਰ ਨੂੰ ਬੱਚਿਆਂ ਨੂੰ ਖੇਡਾਂ ਲਈ ਪ੍ਰੇਰਿਤ ਕਰਨ ਤੇ ਮੈਡਲ ਜਿੱਤਣ ਦੀ ਵਧਾਈ ਦਿੱਤੀ।

## ਬੀ ਕੇ ਯੂ ਏਕਤਾ ਉਗਰਾਹਾਂ ਦੀ ਸਰਬਸੰਮਤੀ ਨਾਲ ਚੋਣ



**ਦੋਰਾਹਾ (ਹਰਮਿੰਦਰ ਸੇਠ)**-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਬਲਾਕ ਦੋਰਾਹਾ ਦੇ ਪਿੰਡ ਗਿੱਦੜੀ ਵਿਖੇ ਸਰਬਸੰਮਤੀ ਨਾਲ ਚੋਣ ਕੀਤੀ ਗਈ, ਜਿਸ ਵਿੱਚ ਬਲਾਕ ਸਕੱਤਰ ਜਸਵੀਰ ਸਿੰਘ ਅਸਗਰੀਪੁਰ ਤੇ ਯੁਵਰਾਜ ਸਿੰਘ ਘੁਡਾਣੀ ਵੱਲੋਂ ਯੂਨੀਅਨ ਦੇ ਵਿਧਾਨ ਬਾਰੇ ਜਾਣਕਾਰੀ ਦਿੱਤੀ ਗਈ। ਇਸ ਵੇਲੇ ਕਮਲਜੀਤ ਸਿੰਘ ਝੱਜ ਪ੍ਰਧਾਨ, ਮੀਤ ਪ੍ਰਧਾਨ ਗੁਰਿੰਦਰ ਸਿੰਘ, ਸਕੱਤਰ ਜਗਤਾਰ ਸਿੰਘ ਜੱਗੀ, ਸਹਾਇਕ ਸਕੱਤਰ ਜਗਤਾਰ ਸਿੰਘ, ਖ਼ਜ਼ਾਨਚੀ ਨਰਿੰਦਰਪਾਲ ਤੇ ਕਮੇਟੀ ਦੇ ਮੈਂਬਰ ਜਸਵੰਤ ਸਿੰਘ, ਪਲਵਿੰਦਰ ਸਿੰਘ, ਅਰਸ਼ਦੀਪ ਸਿੰਘ, ਬਲਵੀਰ ਸਿੰਘ, ਗੁਰਤੇਜ ਸਿੰਘ, ਕੁਲਵੰਤ ਸਿੰਘ, ਅਮਨਿੰਦਰ ਸਿੰਘ, ਜਗਦੀਪ ਸਿੰਘ ਕਮੇਟੀ ਮੈਂਬਰ ਚੁਣੇ ਗਏ। ਮੀਟਿੰਗ ਨੂੰ ਜ਼ਿਲ੍ਹਾ ਜਨਰਲ ਸਕੱਤਰ ਸੁਦਾਗਰ ਸਿੰਘ ਘੁਡਾਣੀ ਨੇ ਦੱਸਿਆ ਕਿ ਕਿਵੇਂ ਸਰਕਾਰਾਂ ਕਿਸਾਨਾਂ ਦੀਆਂ ਉਪਜਾਊ ਜ਼ਮੀਨਾਂ ਐਕਵਾਇਰ ਕਰਨ ਲਈ ਨੋਟੀਫਿਕੇਸ਼ਨ ਜਾਰੀ ਕਰ ਰਹੀ ਹੈ, ਹਮਲਾ ਬਹੁਤ ਵੱਡਾ ਹੈ, ਜਿਸ ਨਾਲ ਕਿਸਾਨ ਮਜ਼ਦੂਰ ਤੇ ਪਿੰਡ ਦਾ ਉਜਾੜਾ ਹੋਵੇਗਾ ਤੇ ਇੱਥੇ ਕਾਰਪੋਰੇਟ ਨੂੰ ਜ਼ਮੀਨਾਂ ਸੰਭਾਲਣ ਲਈ ਲਿਆਂਦਾ ਜਾ ਰਿਹਾ ਹੈ। ਜ਼ਮੀਨਾਂ 'ਤੇ ਹਮਲੇ ਰੋਕਣ ਲਈ ਪਹਿਲਾਂ ਐੱਸ ਕੇ ਐੱਮ ਵੱਲੋਂ ਪ੍ਰਭਾਵਤ ਪਿੰਡਾਂ ਵਿੱਚ ਟਰੈਕਟਰ ਮਾਰਚ ਕੱਢਿਆ ਗਿਆ ਤੇ ਹੁਣ ਫਿਰ ਐਸ.ਕੇ.ਐੱਮ. ਵੱਲੋਂ 24 ਅਗਸਤ ਨੂੰ ਮੁੱਲਾਂਪੁਰ ਦਾਖਾ ਵੱਡਾ ਇਕੱਠ ਕਰਕੇ ਇਸ ਨੋਟੀਫਿਕੇਸ਼ਨ ਨੂੰ ਰੱਦ ਕਰਾ ਕੇ ਹੀ ਦਮ ਲੈਣਗੇ, ਇਹ ਆਪਣੇ ਏਕੇ ਤੇ ਸੰਘਰਸ਼ ਦੇ ਜ਼ੋਰ ਹੀ ਹੋਵੇਗਾ।

## ਗਲੋਬਲ ਸਕੂਲ ਨੇ ਦਿਖਾਇਆ ਜ਼ੋਨਲ ਪੱਧਰੀ ਹੈਂਡਬਾਲ ਮੁਕਾਬਲੇ 'ਚ ਹੁਨਰ



**ਰਾਮਪੁਰਾ ਫੂਲ (ਦਰਸ਼ਨ ਜਿੰਦਲ)**-ਸੀ.ਬੀ.ਐਸ.ਈ.ਤੋਂ ਮਾਨਤਾ ਪ੍ਰਾਪਤ ਸਰਾਫ ਐਜੂਬੀਕਨ ਗਲੋਬਲ ਡਿਸਕਵਰੀ ਸਕੂਲ ਦੇ ਵਿਦਿਆਰਥੀ ਸਾਲ 2025-26 ਦੇ ਵੱਖ-ਵੱਖ ਜ਼ੋਨਲ ਪੱਧਰੀ ਖੇਡ ਮੁਕਾਬਲਿਆਂ 'ਚ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰ ਰਹੇ ਹਨ।ਗਲੋਬਲ ਡਿਸਕਵਰੀ ਸਕੂਲ ਦੇ ਵਿਹੜੇ 'ਚ ਜ਼ੋਨਲ ਪੱਧਰ ਦੇ ਹੈਂਡਬਾਲ ਮੁਕਾਬਲੇ ਕਰਾਏ ਗਏ।ਮੁਕਾਬਲੇ ਦੌਰਾਨ ਹਰਨੇਕ ਸਿੰਘ (ਨੋਡਲ ਅਫ਼ਸਰ) ਖਿਡਾਰੀਆਂ ਨੂੰ ਉਤਸ਼ਾਹਤ ਕਰਨ ਅਤੇ ਆਸ਼ੀਰਵਾਦ ਦੇਣ ਲਈ ਨਿੱਜੀ ਤੌਰ 'ਤੇ ਪਹੁੰਚੇ।ਖੇਡ ਮੁਕਾਬਲਿਆਂ 'ਚ ਸਕੂਲ ਦੇ ਵਿਦਿਆਰਥੀਆਂ ਨੇ ਸਹਿਯੋਗ, ਟੀਮ ਭਾਵਨਾ ਤੇ ਪ੍ਰਤਿਭਾ ਨਾਲ ਮੁਕਾਬਲੇ 'ਚ ਸ਼ਾਨਦਾਰ ਪ੍ਰਦਰਸ਼ਨ ਕੀਤਾ। ਜ਼ੋਨਲ ਪੱਧਰੀ ਹੈਂਡਬਾਲ ਮੁਕਾਬਲੇ ਵਿੱਚ ਅੰਡਰ-17 ਲੜਕਿਆਂ ਤੇ ਅੰਡਰ-14 ਲੜਕੀਆਂ ਦੀ ਟੀਮ ਨੇ ਪਹਿਲਾ ਸਥਾਨ, ਅੰਡਰ-14 ਲੜਕਿਆਂ ਨੇ ਦੂਜਾ ਸਥਾਨ, ਅੰਡਰ-19 ਲੜਕਿਆਂ ਤੇ ਅੰਡਰ-17 ਲੜਕੀਆਂ ਨੇ ਤੀਜਾ ਸਥਾਨ ਪ੍ਰਾਪਤ ਕਰਕੇ ਆਪਣੇ ਮਾਪਿਆਂ ਅਤੇ ਸਕੂਲ ਦਾ ਨਾਂਅ ਰੌਸ਼ਨ ਕੀਤਾ।ਇਸ ਵੱਡੀ ਸਫ਼ਲਤਾ ਨਾਲ ਵਿਦਿਆਰਥੀਆਂ ਨੇ ਜ਼ਿਲ੍ਹਾ ਪੱਧਰੀ ਮੁਕਾਬਲਿਆਂ ਲਈ ਆਪਣੀ ਜਗ੍ਹਾ ਬਣਾ ਲਈ ਹੈ।ਸਕੂਲ ਦੇ ਚੇਅਰਮੈਨ ਸ਼੍ਰੀ ਕਮਲੇਸ਼ ਸਰਾਫ ਨੇ ਹੈਂਡਬਾਲ ਖਿਡਾਰੀਆਂ ਤੇ ਸਾਰੇ ਖੇਡ ਅਧਿਆਪਕਾਂ ਨੂੰ ਉਨ੍ਹਾਂ ਦੀ ਸਫ਼ਲਤਾ ਲਈ ਵਧਾਈ ਦਿੱਤੀ ਤੇ ਆਉਣ ਵਾਲੇ ਮੁਕਾਬਲਿਆਂ ਲਈ ਉਨ੍ਹਾਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ।ਉਨ੍ਹਾਂ ਨੇ ਵਿਦਿਆਰਥੀਆਂ ਦੇ ਸਮਾਂ ਪ੍ਰਬੰਧਨ ਤੇ ਵਿਸ਼ਵਾਸ ਦੀ ਸ਼ਲਾਘਾ ਕੀਤੀ।

# ਪੰਜਾਬੀ ਯੂਨੀਵਰਸਿਟੀ ਵਿਖੇ ਊਧਮ ਸਿੰਘ ਦੀ ਸ਼ਹਾਦਤ ਨੂੰ ਸਮਰਪਤ ਪ੍ਰੋਗਰਾਮ

**ਚੇਅਰ ਸ਼ਹੀਦ ਊਧਮ ਸਿੰਘ ਨਾਲ ਸੰਬੰਧਤ ਦਸਤਾਵੇਜ਼ਾਂ ਨੂੰ ਇਕੱਠਾ ਕਰਨ ਲਈ ਉਪਰਾਲੇ ਕਰੇਗੀ : ਡਾ. ਪਰਮਜੀਤ ਗਿੱਲ**



**ਪਟਿਆਲਾ (ਰਾਜਿੰਦਰ ਸਿੰਘ ਥਿੰਦ)** ਪੰਜਾਬੀ ਯੂਨੀਵਰਸਿਟੀ ਦੇ ਰਾਜਨੀਤੀ ਵਿਗਿਆਨ ਵਿਭਾਗ ਵਿੱਚ ਸਥਾਪਤ ਸ਼ਹੀਦ ਊਧਮ ਸਿੰਘ ਚੇਅਰ ਵੱਲੋਂ ਸ਼ਹੀਦ ਊਧਮ ਸਿੰਘ ਦੀ ਸ਼ਹਾਦਤ ਨੂੰ ਸਮਰਪਤ ਪ੍ਰੋਗਰਾਮ ਕਰਵਾਇਆ ਗਿਆ।ਵਿਭਾਗ ਮੁਖੀ ਤੇ ਚੇਅਰ ਦੇ ਇੰਚਾਰਜ ਡਾ. ਪਰਮਜੀਤ ਕੌਰ ਗਿੱਲ ਨੇ ਦੱਸਿਆ ਕਿ 'ਸ਼ਹੀਦ ਊਧਮ ਸਿੰਘ : ਸਵੈ-ਮਾਣ ਤੇ ਆਜ਼ਾਦੀ ਦਾ ਮੁਜੱਸਮਾ' ਵਿਸ਼ੇ 'ਤੇ ਕਰਵਾਏ ਇਸ ਸਿੰਪੋਜ਼ੀਅਮ ਵਿੱਚ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਦੇ ਰਿਟਾਇਰਡ ਪ੍ਰੋਫੈਸਰ ਡਾ. ਸੁਖਦੇਵ ਸਿੰਘ ਸੋਹਲ ਨੇ ਮੁੱਖ ਬੁਲਾਰੇ ਵਜੋਂ ਤੇ ਉੱਘੇ ਲੇਖਕ ਡਾ. ਲਖਵਿੰਦਰ ਸਿੰਘ ਜੌਹਲ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਪ੍ਰੋਗਰਾਮ ਦੀ ਪ੍ਰਧਾਨਗੀ ਉਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਕੀਤੀ।ਇਸ ਮੌਕੇ ਸੋਸ਼ਲ ਸਾਇੰਸਜ਼ ਫ਼ੈਕਲਟੀ ਦੇ ਡੀਨ ਡਾ. ਜਸਵਿੰਦਰ ਸਿੰਘ ਬਰਾੜ ਵੀ ਹਾਜ਼ਰ ਰਹੇ।ਉਪ-ਕੁਲਪਤੀ ਡਾ. ਜਗਦੀਪ ਸਿੰਘ ਨੇ ਆਪਣੇ ਪ੍ਰਧਾਨਗੀ ਭਾਸ਼ਣ ਦੌਰਾਨ ਕਿਹਾ ਕਿ ਅਸੀਂ ਬਹੁਤ ਖ਼ੁਸ਼ਕਿਸਮਤ ਹਾਂ ਕਿ ਅਸੀਂ ਆਜ਼ਾਦ ਦੇਸ਼ ਵਿੱਚ ਜਨਮ ਲਿਆ ਹੈ।ਉਨ੍ਹਾਂ ਕਿਹਾ ਕਿ ਇਸ ਦਾ ਸਿਹਰਾ ਸਾਡੇ ਸ਼ਹੀਦਾਂ ਨੂੰ ਹੀ ਜਾਂਦਾ ਹੈ।ਉਨ੍ਹਾਂ ਕਿਹਾ ਕਿ ਸ਼ਹੀਦ ਊਧਮ ਸਿੰਘ ਦੀਆਂ ਡਾਇਰੀਆਂ, ਚਿੱਠੀਆਂ ਆਦਿ ਤੋਂ ਇੱਕ ਸੰਪੂਰਨ ਦਸਤਾਵੇਜ਼ ਤਿਆਰ ਕੀਤਾ ਜਾਵੇਗਾ।ਉਨ੍ਹਾਂ ਇਸ ਸਿੰਪੋਜ਼ੀਅਮ ਕਰਵਾਉਣ ਲਈ ਸ਼ਹੀਦ ਊਧਮ ਸਿੰਘ ਚੇਅਰ ਦੇ ਇੰਚਾਰਜ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ।ਡਾ. ਸੁਖਦੇਵ ਸਿੰਘ ਸੋਹਲ ਨੇ ਇਸ ਗੱਲ 'ਤੇ ਚਿੰਤਾ ਜ਼ਾਹਰ ਕੀਤੀ ਕਿ ਸ਼ਹੀਦ ਊਧਮ ਸਿੰਘ ਨੂੰ ਆਜ਼ਾਦੀ ਦੇ ਬਾਅਦ ਲਿਖੇ ਸਿੱਖ ਇਤਿਹਾਸ 'ਚੋਂ ਗਾਇਬ ਰੱਖਿਆ ਗਿਆ।ਇਸ ਲਈ ਉਨ੍ਹਾਂ ਬਾਰੇ ਇਤਿਹਾਸ ਨੂੰ ਸੰਭਾਲਣ ਦੀ ਸਾਡੀ ਪੀੜ੍ਹੀ ਦੀ ਵੱਡੀ ਜ਼ਿੰਮੇਵਾਰੀ ਬਣ ਜਾਂਦੀ ਹੈ।ਉਨ੍ਹਾਂ ਕਿਹਾ ਕਿ ਸ਼ਹੀਦ ਊਧਮ ਸਿੰਘ ਨੂੰ ਇਤਿਹਾਸ, ਦਰਸ਼ਨ, ਸਿਆਸਤ, ਸਮਾਜਕ ਸਰੋਕਾਰਾਂ ਸਾਹਿਤ ਤੇ ਸੱਭਿਆਚਾਰ ਦੇ ਸੰਦਰਭ ਵਿੱਚ ਸਮਝਣਾ ਲਾਜ਼ਮੀ ਹੈ।ਡਾ. ਲਖਵਿੰਦਰ ਸਿੰਘ ਜੌਹਲ ਨੇ ਵੀ ਇਸ ਗੱਲ 'ਤੇ ਚਿੰਤਾ ਜ਼ਾਹਰ ਕੀਤੀ ਕਿ ਸਾਡੇ ਬਹੁਤ ਸਾਰੇ ਨਾਇਕਾਂ ਨੂੰ ਅੱਖੋਂ ਪਰੋਖੇ ਕੀਤਾ ਗਿਆ।ਉਨ੍ਹਾਂ ਕਿਹਾ ਕਿ ਸਾਡੇ ਨਾਇਕਾਂ ਜਿਵੇਂ ਕਿ ਮਦਨ ਲਾਲ ਢੀਂਗਰਾ, ਮੇਵਾ ਸਿੰਘ ਲੋਪੋਕੇ ਤੇ ਸ਼ਹੀਦ ਊਧਮ ਸਿੰਘ ਨੇ ਵਿਦੇਸ਼ ਦੀ ਧਰਤੀ 'ਤੇ ਅੰਗਰੇਜ਼ੀ ਹਕੂਮਤ ਦੁਆਰਾ ਕੀਤੇ ਤਸ਼ੱਦਦ ਦਾ ਬਦਲਾ ਲਿਆ। ਕੈਕਸਟਨ ਹਾਲ ਦੇ ਘਟਨਾ ਦਾ ਵਰਣਨ ਕਰਦੇ ਹੋਏ ਜੌਹਲ ਨੇ ਦੱਸਿਆ ਕਿ ਮਾਇਕਲ ਓਡਵਾਇਰ ਜਲ੍ਹਿਆਂਵਾਲਾ ਬਾਗ ਦੀ ਘਟਨਾ ਨੂੰ ਆਪਣੀ ਪ੍ਰਾਪਤੀ ਦੱਸਦਾ ਸੀ। ਊਧਮ ਸਿੰਘ ਨੇ ਮਾਇਕਲ ਓਡਵਾਇਰ ਨੂੰ ਮੌਤ ਦੇ ਘਾਟ ਉਤਾਰ ਕੇ ਜਲ੍ਹਿਆਂਵਾਲਾ ਬਾਗ ਦੀ ਘਟਨਾ ਦਾ ਬਦਲਾ ਲਿਆ।ਪ੍ਰੋਗਰਾਮ ਦੀ ਸ਼ੁਰੂਆਤ ਵਿੱਚ ਡਾ. ਪਰਮਜੀਤ ਕੌਰ ਗਿੱਲ ਨੇ ਆਪਣੇ ਸਵਾਗਤੀ ਸ਼ਬਦਾਂ ਦੌਰਾਨ ਸ਼ਹੀਦ ਊਧਮ ਸਿੰਘ ਚੇਅਰ ਦੁਆਰਾ ਕੀਤੇ ਕਾਰਜਾਂ ਬਾਰੇ ਜਾਣਕਾਰੀ ਦਿੱਤੀ।ਉਨ੍ਹਾ ਕਿਹਾ ਕਿ ਇਹ ਚੇਅਰ ਆਉਣ ਵਾਲੇ ਦਿਨਾਂ ਵਿੱਚ ਸ਼ਹੀਦ ਊਧਮ ਸਿੰਘ ਨਾਲ਼ ਸੰਬੰਧਤ ਦਸਤਾਵੇਜ਼ਾਂ ਨੂੰ ਇਕੱਠਾ ਕਰਨ ਲਈ ਉਪਰਾਲੇ ਕਰੇਗੀ।ਆਖਿਰ ਵਿੱਚ ਪ੍ਰੋ. ਜਸਵਿੰਦਰ ਬਰਾੜ ਵੱਲੋਂ ਧੰਨਵਾਦੀ ਭਾਸ਼ਣ ਦਿੱਤਾ ਗਿਆ।

## ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਗਾਂ ਸੰਬੰਧੀ ਪੰਜਾਬ ਸਟੇਟ ਕਰਮਚਾਰੀ ਦਲ ਵੱਲੋਂ ਮੀਟਿੰਗ

**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਪੰਜਾਬ ਸਟੇਟ ਕਰਮਚਾਰੀ ਦਲ ਫਿਰੋਜ਼ਪੁਰ ਦੀ ਮੀਟਿੰਗ ਤਰਸੇਮ ਬੇਦੀ ਦੀ ਪ੍ਰਧਾਨਗੀ ਹੇਠ (ਜ਼ਿਲਾ ਪ੍ਰਬੰਧਕੀ ਕੰਪਲੈਕਸ) ਦਫਤਰ ਸਟੇਟ ਕਰਮਚਾਰੀ ਦਲ ਫਿਰੋਜ਼ਪੁਰ ਵਿਖੇ ਹੋਈ। ਮੀਟਿੰਗ ਵਿੱਚ ਜਥੇਬੰਦੀ ਨਾਲ ਸਬੰਧਤ ਵੱਖ-ਵੱਖ ਕੈਟਾਗਰੀਆਂ ਦੇ ਮੁਲਾਜ਼ਮ ਤੇ ਪੈਨਸ਼ਨਰ ਵੱਡੀ ਗਿਣਤੀ ਵਿੱਚ ਸ਼ਾਮਲ ਹੋਏ। ਮੀਟਿੰਗ ਵਿੱਚ ਬਲਵੀਰ ਸਿੰਘ ਕੰਬੋਜ ਸੀਨੀਅਰ ਮੀਤ ਪ੍ਰਧਾਨ ਪੰਜਾਬ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ। ਜਾਣਕਾਰੀ ਦਿੰਦਿਆਂ ਜ਼ਿਲ੍ਹਾ ਪ੍ਰਧਾਨ ਤਰਸੇਮ ਬੇਦੀ ਨੇ ਦੱਸਿਆ ਕਿ ਪੰਜਾਬ ਸਰਕਾਰ ਮੁਲਾਜ਼ਮਾਂ ਤੇ ਪੈਨਸ਼ਨਰ ਵਿਰੋਧੀ ਨੀਤੀਆਂ ਨੂੰ ਲਾਗੂ ਕਰ ਰਹੀ ਹੈ, 29 ਜੁਲਾਈ ਦੀ ਮੀਟਿੰਗ ਵਿੱਚ ਮੁਲਾਜ਼ਮ ਤੇ ਪੈਨਸ਼ਨਰਾਂ ਨੂੰ ਬੜੀ ਉਮੀਦ ਸੀ ਕਿ ਮੁਲਾਜ਼ਮਾਂ ਤੇ ਪੈਨਸ਼ਨਰਾਂ ਦੀਆਂ ਮੰਗਾਂ ਜਿਵੇਂ ਕਿ ਮਹਿੰਗਾਈ ਭੱਤਾ ਦੇਣ, 31-12-2015 ਤੋਂ ਪਹਿਲਾਂ ਸੇਵਾ ਮੁਕਤ ਹੋਏ ਪੈਨਸ਼ਨਰ ਨੂੰ 2.59 ਫੈਕਟਰ ਨਾਲ ਦੇਣ, ਪੁਰਾਣੀ ਪੈਨਸ਼ਨ ਬਹਾਲ ਕਰਨ, ਕੱਚੇ ਕਾਮੇ ਪੱਕੇ ਕਰਨ, ਪਰ ਬੜੇ ਦੁੱਖ ਨਾਲ ਕਹਿਣਾ ਪੈ ਰਿਹਾ ਹੈ ਕਿ ਇਹ ਮੀਟਿੰਗ ਵੀ ਸਰਕਾਰ ਨੇ ਪੋਸਟਪੋਨ ਕਰ ਦਿੱਤੀ, ਜਿਸ ਦਾ ਮੁਲਾਜ਼ਮਾਂ ਤੇ ਪੈਨਸ਼ਨਰਾਂ ਵਿੱਚ ਕਾਫੀ ਰੋਸ ਪਾਇਆ ਜਾ ਰਿਹਾ ਹੈ। ਆਗੂਆਂ ਨੇ ਮੀਟਿੰਗ ਵਿੱਚ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਛੇਵੇਂ ਪੇ ਕਮਿਸ਼ਨ ਦਾ ਬਕਾਇਆ ਜੋ ਕਿਸ਼ਤਾਂ ਵਿੱਚ ਦਿੱਤਾ ਜਾ ਰਿਹਾ, ਉਹ ਯਕਮੁਸ਼ਤ ਦਿੱਤਾ ਜਾਵੇ। ਮੀਟਿੰਗ ਵਿੱਚ ਬਲਵੀਰ ਸਿੰਘ ਕੰਬੋਜ਼, ਰਣਬੀਰ ਸਿੰਘ ਕੁੱਕੂ, ਕੇਵਲ ਸਿੰਘ, ਮਾਈਕਲ, ਜੋਗਿੰਦਰ ਸਿੰਘ, ਸੁਖਦੇਵ ਸਿੰਘ, ਦਰਸ਼ਨ ਸਿੰਘ, ਰਜੇਸ਼ ਕੁਮਾਰ, ਸੂਜਾ ਰਾਮ, ਅਜੀਤ ਰਾਮ ਅਟਾਰੀ, ਪਿਆਰਾ ਸਿੰਘ, ਗੁਰਮੁੱਖ ਸਿੰਘ, ਸੋਮਨਾਥ, ਓਮ ਪ੍ਰਕਾਸ਼, ਮਲੂਕਾ, ਜਗਰੂਪ ਸਿੰਘ ਮਸੀਹ, ਰੁਲੀਆ ਸਿੰਘ ਜਲਾਲਾਬਾਦ, ਵਿਕਟਰ ਸਵਰਨ ਸਿੰਘ, ਬਲਵੀਰ ਸਿੰਘ ਗੋਖੀਵਾਲਾ ਤੇ ਕਿਸ਼ਨ ਚੰਦ ਜਾਗੋਵਾਲੀਆ ਸ਼ਾਮਲ ਹੋਏ।

## ਸੀਨੀਅਰ ਸਿਟੀਜ਼ਨ ਕੌਂਸਲ ਨੇ ਵਾਤਾਵਰਣ ਦੀ ਸੰਭਾਲ ਲਈ ਪੌਦੇ ਲਗਾਏ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸੀਨੀਅਰ ਸਿਟੀਜ਼ਨ ਕੌਂਸਲ ਵੱਲੋਂ ਇਕ ਅਨੋਖਾ ਉਪਰਾਲਾ ਕਰਦੇ ਹੋਏ ਸੋਮਵਾਰ ਵਾਤਾਵਰਣ ਦੀ ਸਾਂਭ-ਸੰਭਾਲ ਦਾ ਪ੍ਰਣ ਲਿਆ ਗਿਆ। ਇਸ ਪ੍ਰੋਗਰਾਮ ਦੀ ਸ਼ੁਰੂਆਤ 'ਹਾਸਿਆਂ ਦੀ ਪਟਾਰੀ' ਨਾਮਕ ਸਪਤਾਹਿਕ ਮੀਟਿੰਗ ਨਾਲ ਹੋਈ, ਜਿਸ ਵਿੱਚ ਸੀਨੀਅਰ ਸਿਟੀਜ਼ਨ ਕਲਾਕਾਰਾਂ ਨੇ ਚੁਟਕਲੇ, ਗੀਤਾਂ ਤੇ ਸਕਿੱਟਾਂ ਰਾਹੀਂ ਮਾਹੌਲ ਨੂੰ ਖੁਸ਼ਗਵਾਰ ਬਣਾਇਆ। ਪ੍ਰੋਗਰਾਮ ਦਾ ਅਗਲਾ ਪੜਾਅ ਰੇਲਵੇ ਸਟੇਸ਼ਨ ਸ਼ਹਿਰ ਨੇੜੇ ਸਥਿਤ ਇਕ ਖ਼ੂਬਸੂਰਤ ਪਾਰਕ ਵਿੱਚ ਪੌਦੇ ਲਗਾਉਣ ਦਾ ਸੀ। ਇਹ ਪਾਰਕ ਅਵਤਾਰ ਸਿੰਘ ਖਜ਼ਾਨਾ ਅਫਸਰ ਵੱਲੋਂ ਆਪਣੀ ਮਾਤਾ ਸੁਰਜੀਤ ਕੌਰ ਦੀ ਯਾਦ ਵਿੱਚ ਬਣਾਇਆ ਗਿਆ ਹੈ। ਅਵਤਾਰ ਸਿੰਘ ਨੇ ਸ਼ਹਿਰ ਦੇ ਨਾਮਵਰ ਵਿਅਕਤੀਆਂ ਦੇ ਸਹਿਯੋਗ ਨਾਲ ਇਸ ਜਗ੍ਹਾ ਨੂੰ ਸਾਫ਼ ਕਰਕੇ ਫੁੱਲਾਂ ਵਾਲੇ ਤੇ ਔਸ਼ਧੀ ਪੌਦੇ ਲਗਾਏ। ਸੀਨੀਅਰ ਸਿਟੀਜ਼ਨ ਕੌਂਸਲ ਦੇ ਮੈਂਬਰਾਂ ਨੇ ਇਸ ਪਾਰਕ ਵਿੱਚ ਹੋਰ ਵੱਖ-ਵੱਖ ਤਰ੍ਹਾਂ ਦੇ ਪੌਦੇ ਲਗਾ ਕੇ ਇਸ ਨੂੰ ਹੋਰ ਵੀ ਖ਼ੂਬਸੂਰਤ ਬਣਾਉਣ ਦੀ ਕੋਸ਼ਿਸ਼ ਕੀਤੀ। ਪ੍ਰੋਗਰਾਮ ਦੌਰਾਨ ਪ੍ਰਧਾਨ ਪੀ ਡੀ ਸ਼ਰਮਾ ਦੀ ਅਗਵਾਈ ਵਿਚ ਸਾਰੇ ਮੈਂਬਰਾਂ ਨੇ ਸ਼ੁੱਧ ਵਾਤਾਵਰਣ ਲਈ ਵਚਨਬੱਧਤਾ ਪ੍ਰਗਟਾਈ। ਇਸ ਮੌਕੇ ਕੌਂਸਲ ਦੇ ਉਪ-ਪ੍ਰਧਾਨ ਜੀ ਐੱਸ ਸੇਠੀ ਵੱਲੋਂ ਲੱਡੂ ਵੰਡੇ ਗਏ। ਇਸ ਪ੍ਰੋਗਰਾਮ ਵਿੱਚ ਅਸ਼ੋਕ ਕੁਮਾਰ ਕੱਕੜ, ਚਰਨਜੀਤ ਸ਼ਰਮਾ ਤੇ ਗੁਲਸ਼ਨ ਧਵਨ ਨੇ ਹਰਿਮਾਨ ਚਾਲੀਸਾ ਦਾ ਪਾਠ ਕਰਕੇ ਸਭ ਲਈ ਸੁੱਖ ਸ਼ਾਂਤੀ ਦੀ ਕਾਮਨਾ ਕੀਤੀ। ਇਸ ਤੋਂ ਇਲਾਵਾ ਹਰੀ ਚੰਦ ਚੋਪੜਾ, ਪ੍ਰੇਮ ਨਾਥ, ਮਨੋਹਰ ਲਾਲ ਢੀਂਗੜਾ ਤੇ ਮਨਜੀਤ ਸਿੰਘ ਸਮੇਤ ਕਈ ਹੋਰ ਕਲਾਕਾਰਾਂ ਨੇ ਗੀਤ ਤੇ ਚੁਟਕਲੇ ਸੁਣਾ ਕੇ ਸਰੋਤਿਆਂ ਦਾ ਮਨੋਰੰਜਨ ਕੀਤਾ। ਪੌਦੇ ਲਗਾਉਣ ਦੀ ਇਸ ਮੁਹਿੰਮ ਵਿੱਚ ਅਵਤਾਰ ਸਿੰਘ ਖਜ਼ਾਨਾ ਅਫਸਰ, ਮਿਸ਼ਰਾ, ਵਿਨੋਦ ਕੁਮਾਰ, ਸੂਰਜ ਪ੍ਰਕਾਸ਼, ਵੀਰ ਚੰਦ, ਸੁਭਾਸ਼ ਕਾਲੀਆ, ਮੱਖਣ ਲਾਲ, ਮਲਕੀਤ ਸਿੰਘ, ਰਾਜ ਕੁਮਾਰ ਤੇ ਹੋਰ ਬਹੁਤ ਸਾਰੇ ਸੀਨੀਅਰ ਸਿਟੀਜ਼ਨਾਂ ਨੇ ਉਤਸ਼ਾਹ ਨਾਲ ਹਿੱਸਾ ਲਿਆ।

## ਸਰੀਰਦਾਨੀ ਅਮਰਜੀਤ ਸਿੰਘ ਇੰਸਾਂ ਨਮਿਤ ਸ਼ਰਧਾਂਜਲੀ ਸਮਾਗਮ

**ਲੋੜਵੰਦ ਪਰਵਾਰਾਂ ਨੂੰ ਇੱਕ-ਇੱਕ ਮਹੀਨੇ ਦਾ ਦਿੱਤਾ ਰਾਸ਼ਨ**



**ਲਹਿਰਾ ਮੁਹੱਬਤ (ਭੀਮ ਸੈਨ ਹਦਵਾਰੀਆ)**-ਬਲਾਕ ਭੁੱਚੋ ਮੰਡੀ ਅਧੀਨ ਪੈਂਦੇ ਪਿੰਡ ਨਥਾਣਾ ਦੇ ਵਸਨੀਕ ਸਰੀਰਦਾਨੀ ਅਮਰਜੀਤ ਸਿੰਘ ਇੰਸਾਂ 62 ਸਾਲ (ਰਿਟਾ. ਅਧਿਆਪਕ) ਆਪਣੀ ਸੰਸਾਰਕ ਯਾਤਰਾ ਪੂਰੀ ਕਰਦੇ ਹੋਏ ਬੀਤੇ ਦਿਨ ਕੁੱਲ ਮਾਲਕ ਦੇ ਚਰਨਾਂ ਵਿੱਚ ਸੱਚਖੰਡ ਜਾ ਬਿਰਾਜੇ ਸਨ, ਨਮਿੱਤ ਭੁੱਚੋ ਮੰਡੀ ਦੇ ਮਾਨਵਤਾ ਭਲਾਈ ਕੇਂਦਰ ਵਿੱਚ ਨਾਮਚਰਚਾ ਕਰਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ। ਸ਼ਰਧਾਂਜਲੀ ਭੇਟ ਕਰਦੇ ਹੋਏ 85 ਮੈਂਬਰ ਰਣਜੀਤ ਸਿੰਘ ਇੰਸਾਂ ਤੁੰਗਵਾਲੀ, ਅਮਰਜੀਤ ਸਿੰਘ ਇੰਸਾਂ, ਬਾਰਾ ਸਿੰਘ ਇੰਸਾਂ, ਲਾਜਪਤ ਰਾਏ ਇੰਸਾਂ, 85 ਮੈਂਬਰ ਭੈਣਾਂ ਸਿਮਰਨ ਇੰਸਾਂ ਤੇ ਸੁਖਵਿੰਦਰ ਕੌਰ ਇੰਸਾਂ ਨੇ ਕਿਹਾ ਕਿ ਅਮਰਜੀਤ ਸਿੰਘ ਇੰਸਾਂ ਬਹੁਤ ਲੰਬੇ ਸਮੇਂ ਤੋਂ ਪਿੰਡ ਨਥਾਣਾ ਦੇ ਬਤੌਰ ਪ੍ਰੇਮੀ ਸੇਵਕ ਸੇਵਾ ਨਿਭਾਅ ਰਹੇ ਸਨ। ਉਨ੍ਹਾਂ ਆਪਣੀ ਪੂਰੀ ਜ਼ਿੰਦਗੀ ਮਾਨਵਤਾ ਭਲਾਈ ਦੇ ਕੰਮਾਂ ਵਿੱਚ ਲਗਾ ਦਿੱਤੀ। ਮੌਤ ਉਪਰੰਤ ਉਸ ਦੇ ਪਰਿਵਾਰਕ ਮੈਂਬਰਾਂ ਨੇ ਉਸ ਦਾ ਮ੍ਰਿਤਕ ਸਰੀਰ ਮੈਡੀਕਲ ਖੋਜਾਂ ਲਈ ਮੈਡੀਕਲ ਕਾਲਜ ਨੂੰ ਦਾਨ ਕਰ ਦਿੱਤਾ। ਨਾਮਚਰਚਾ ਦੀ ਕਾਰਵਾਈ ਪ੍ਰੇਮੀ ਬਲਵਿੰਦਰ ਸਿੰਘ ਇੰਸਾਂ ਨੇ ਚਲਾਈ। ਨਾਮਚਰਚਾ ਉਪਰੰਤ ਅਮਰਜੀਤ ਸਿੰਘ ਇੰਸਾਂ ਦੇ ਪਰਿਵਾਰਕ ਮੈਂਬਰਾਂ ਜਸਵੀਰ ਕੌਰ ਇੰਸਾਂ, ਪ੍ਰਮੇਸ਼ਵਰਜੀਤ ਸਿੰਘ ਇੰਸਾਂ, ਅਮਨਿੰਦਰਜੀਤ ਕੌਰ ਇੰਸਾਂ ਤੇ ਰੇਣੂ ਕੌਰ ਇੰਸਾਂ ਵੱਲੋਂ ਡੇਰਾ ਸੱਚਾ ਸੌਦਾ ਦੀ ਪਾਵਨ ਸਿੱਖਿਆ 'ਤੇ ਚਲਦੇ ਹੋਏ ਪੰਜ ਲੋੜਵੰਦ ਪਰਵਾਰਾਂ ਨੂੰ ਇੱਕ-ਇੱਕ ਮਹੀਨੇ ਦਾ ਰਾਸ਼ਨ ਦਿੱਤਾ ਗਿਆ।

ਬਲਾਕ ਦੀ ਸਮੂਹ ਕਮੇਟੀ ਵੱਲੋਂ ਨੇਤਰਦਾਨੀ ਤੇ ਸਰੀਰਦਾਨੀ ਦੇ ਪਰਿਵਾਰ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਇਸ ਮੌਕੇ ਸ਼ਾਹ ਸਤਿਨਾਮ ਜੀ ਗਰੀਨ ਐੱਸ ਵੈੱਲਫੇਅਰ ਕਮੇਟੀ, ਪੱਕੀਆਂ ਸੰਮਤੀਆਂ ਦੇ ਸੇਵਾਦਾਰ, ਰਵੀ ਕੁਮਾਰ ਇੰਸਾਂ, ਰਾਜੇਸ਼ ਲਡਵਾਲ ਇੰਸਾਂ, ਮਲਕੀਤ ਸਿੰਘ ਇੰਸਾਂ, ਵਿਕਰਮ ਇੰਸਾਂ ਤੇ ਬਿੰਦਰ ਇੰਸਾਂ ਆਦਿ ਹਾਜ਼ਰ ਸਨ।

## ਜਤਿੰਦਰ ਬਠੋਈ ਆੜ੍ਹਤੀਆ ਐਸੋ. ਪੰਜਾਬ ਦੇ ਸਕੱਤਰ ਨਿਯੁਕਤ



**ਪਟਿਆਲਾ (ਰਾਜਿੰਦਰ ਸਿੰਘ ਥਿੰਦ)**-ਆੜ੍ਹਤੀਆ ਐਸੋਸੀਏਸਨ ਪੰਜਾਬ ਦੇ ਪ੍ਰਧਾਨ ਜਸਵਿੰਦਰ ਸਿੰਘ ਰਾਣਾ ਵੱਲੋਂ ਆੜ੍ਹਤੀਆ ਐਸੋਸੀਏਸ਼ਨ ਡਕਾਲਾ ਦੇ ਪ੍ਰਧਾਨ ਜਤਿੰਦਰ ਸਿੰਘ ਬਠੋਈ ਨੂੰ ਆੜ੍ਹਤੀਆ ਐਸੋਸੀਏਸ਼ਨ ਪੰਜਾਬ ਦਾ ਸਕੱਤਰ ਨਿਯੁਕਤ ਕੀਤਾ ਗਿਆ ਹੈ। ਆਪਣੀ ਨਿਯੁਕਤੀ 'ਤੇ ਉਨ੍ਹਾਂ ਨੇ ਐਸੋ. ਦੇ ਸੂਬਾ ਪ੍ਰਧਾਨ ਜਸਵਿੰਦਰ ਸਿੰਘ ਰਾਣਾ ਅਤੇ ਐਸੋ. ਦੇ ਸਮੂਹ ਅਹੁਦੇਦਾਰਾਂ ਤੇ ਮੈਂਬਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਆਪਣੀ ਜ਼ਿੰਮੇਵਾਰੀ ਨੂੰ ਪੂਰੀ ਈਮਾਨਦਾਰੀ ਨਾਲ ਨਿਭਾਉਣਗੇ। ਇਸ ਮੌਕੇ ਚੀਮਨ ਲਾਲ ਡਕਾਲਾ, ਹਰਮੇਸ਼ ਗੋਇਲ ਡਕਾਲਾ, ਦਰਸ਼ਨ ਸਿੰਘ ਆੜ੍ਹਤੀ, ਗੁਰਮੇਜ ਸਿੰਘ, ਕੁਲਦੀਪ ਸਿੰਘ ਕੰਬੋਜ, ਜੀਤ ਸਿੰਘ ਮੀਰਾਂਪੁਰ, ਗੁਰਮੇਲ ਸਿੰਘ ਫਰੀਦਪੁਰ, ਕਰਮਜੀਤ ਕਰਮਾ ਪ੍ਰਧਾਨ ਬਲਬੇੜ੍ਹਾ, ਗੁਰਮੇਲ ਸਿੰਘ, ਨਿਰਮਲ ਸਿੰਘ ਨੇ ਪ੍ਰਿਥੀਪਾਲ ਸਿੰਘ ਆੜ੍ਹਤੀ ਦੀ ਨਿਯੁਕਤੀ ਦਾ ਸਵਾਗਤ ਕਰਦਿਆਂ ਸੂਬਾ ਪ੍ਰਧਾਨ ਜਸਵਿੰਦਰ ਸਿੰਘ ਰਾਣਾ ਦਾ ਧੰਨਵਾਦ ਕੀਤਾ।

## ਵਿਗਿਆਨ ਤੋਂ ਵੱਡਾ ਕੋਈ ਚਮਤਕਾਰ ਨਹੀਂ : ਜਸਬੀਰ ਸੋਨੀ

**ਭੀਖੀ (ਗੁਰਿੰਦਰ ਸਿੰਘ ਔਲਖ)**-ਸਰਸਵਤੀ ਸੀਨੀਅਰ ਸੈਕੰਡਰੀ ਸਕੂਲ ਵਿਖੇ ਤਰਕਸ਼ੀਲ ਸੁਸਾਇਟੀ ਪੰਜਾਬ ਨੇ ਸੱਤਵੀਂ ਚੇਤਨਾ ਪਰਖ ਪ੍ਰੀਖਿਆ ਦੇ ਲਈ ਵਿਦਿਆਰਥੀਆਂ ਨੂੰ ਸੰਬੋਧਨ ਕਰਨ ਲਈ ਸਵੇਰ ਦੀ ਸਭਾ ਵਿੱਚ ਇੱਕ ਸਮਾਗਮ ਰੱਖਿਆ, ਜਿਸ ਵਿੱਚ ਮੁੱਖ ਬੁਲਾਰੇ ਵਜੋਂ ਸੁਸਾਇਟੀ ਦੇ ਜ਼ਿਲ੍ਹਾ ਆਗੂ ਜਸਬੀਰ ਸੋਨੀ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਉਨ੍ਹਾਂ ਜਿੱਥੇ ਜਾਦੂ ਦੇ ਟਰਿੱਕ ਦਿਖਾ ਕੇ ਬੱਚਿਆਂ ਨੂੰ ਸੋਚਣ ਲਈ ਮਜਬੂਰ ਕੀਤਾ, ਉਸ ਪਿੱਛੇ ਲੁਕੇ ਵਿਗਿਆਨ ਨੂੰ ਵੀ ਵਿਦਿਆਰਥੀਆਂ ਸਾਹਮਣੇ ਰੱਖਿਆ। ਉਨ੍ਹਾਂ ਕਿਹਾ ਕਿ ਦੁਨੀਆ ਵਿੱਚ ਕੋਈ ਚਮਕਾਰ ਨਹੀਂ। ਚਮਤਕਾਰਾਂ ਦਾ ਢੋਂਗ ਕਰਕੇ ਪਾਖੰਡੀ ਲੋਕ ਲੋਕਾਂ ਦਾ ਸੋਸ਼ਣ ਕਰਦੇ ਹਨ। ਇੱਕੀਵੀਂ ਸਦੀ ਵਿਗਿਆਨ ਦਾ ਯੁੱਗ ਹੈ, ਇਸ ਤੋਂ ਵੱਡਾ ਕੋਈ ਚਮਤਕਾਰ ਨਹੀਂ।



## ਭ੍ਰਿਸ਼ਟਾਚਾਰ ਵਿਰੋਧੀ ਫਰੰਟ ਦੀ ਮੀਟਿੰਗ 'ਚ ਵੱਖ-ਵੱਖ ਮੁੱਦਿਆਂ 'ਤੇ ਚਰਚਾ


**ਲੈਂਡ ਪੂਲਿੰਗ ਨੀਤੀ ਲਾਗੂ ਹੋਣ ਨਾਲ ਕਿਸਾਨੀ ਹੋਵੇਗੀ ਬਰਬਾਦ : ਆਗੂ**



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਭ੍ਰਿਸ਼ਟਾਚਾਰ ਵਿਰੋਧੀ ਫਰੰਟ ਮਾਛੀਵਾੜਾ ਸਾਹਿਬ ਦੀ ਮੀਟਿੰਗ ਸੀਨੀਅਰ ਮੀਤ ਪ੍ਰਧਾਨ ਹਰਮਿੰਦਰ ਸਿੰਘ ਗਿੱਲ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵੱਖ ਵੱਖ ਮੁੱਦਿਆਂ 'ਤੇ ਵਿਚਾਰ ਵਟਾਂਦਰਾ ਕੀਤਾ ਗਿਆ। ਮੀਟਿੰਗ ਦੌਰਾਨ ਸਰਕਾਰ ਵੱਲੋਂ ਜੋ ਲੈਂਡ ਪੂਲਿੰਗ ਪਾਲਿਸੀ ਲਾਗੂ ਕੀਤੀ ਗਈ ਹੈ, ਉਸ ਨੂੰ ਕਿਸਾਨਾਂ ਦੀ ਬਰਬਾਦੀ ਦੱਸਦਿਆਂ ਸਖ਼ਤ ਸ਼ਬਦਾਂ ਵਿੱਚ ਨਿੰਦਾ ਕੀਤੀ ਗਈ। ਇਸ ਤੋਂ ਇਲਾਵਾ ਭ੍ਰਿਸ਼ਟਾਚਾਰ ਵਿਰੋਧੀ ਫਰੰਟ ਦੇ ਆਗੂਆਂ ਨੇ ਇਹ ਵੀ ਮੰਗ ਕੀਤੀ ਕਿ ਕੁਝ ਕੀਟਨਾਸ਼ਕ ਦਵਾਈ ਵਿਕ੍ਰੇਤਾਵਾਂ ਵੱਲੋਂ ਕਿਸਾਨਾਂ ਦੀ ਚੋਰ ਮੋਰੀ ਰਾਹੀਂ ਲੁੱਟ ਕੀਤੀ ਜਾ ਰਹੀ ਹੈ, ਜਿਸ ਨੂੰ ਖੇਤੀਬਾੜੀ ਵਿਭਾਗ ਤੁਰੰਤ ਰੋਕੇ। ਮੀਟਿੰਗ ਵਿੱਚ ਇਹ ਮੰਗ ਵੀ ਕੀਤੀ ਗਈ ਕਿ ਸਰਕਾਰ ਮਾਛੀਵਾੜਾ-ਰੋਪੜ ਰੋਡ 'ਤੇ ਬੁੱਢੇ ਦਰਿਆ 'ਤੇ ਬਣੇ ਪੁਲ ਦੀ ਰੇਲਿੰਗ, ਜੋ ਕਿ ਟੁੱਟ ਚੁੱਕੀ ਹੈ, ਜਿਸ ਕਾਰਨ ਵੱਡਾ ਹਾਦਸਾ ਵਾਪਰ ਸਕਦਾ ਹੈ, ਇਸ ਲਈ ਉਸ ਦੀ ਤੁਰੰਤ ਮੁਰੰਮਤ ਕੀਤੀ ਜਾਵੇ। ਇਸ ਤੋਂ ਇਲਾਵਾ ਨੂਰਪੁਰ ਰੋਡ 'ਤੇ ਬਣੀ ਪੁਲੀ ਦੀ ਖਸਤਾ ਹਾਲਤ ਕਾਰਨ ਕੋਈ ਹਾਦਸਾ ਵਾਪਰ ਸਕਦਾ ਹੈ, ਜਿਸ ਪਾਸੇ ਵੀ ਧਿਆਨ ਦੇਣ ਦੀ ਲੋੜ ਹੈ। ਭ੍ਰਿਸ਼ਟਾਚਾਰ ਵਿਰੋਧੀ ਫਰੰਟ ਦੀ ਮੀਟਿੰਗ ਵਿੱਚ ਨਗਰ ਕੌਂਸਲ ਵੱਲੋਂ ਜੋ ਬਜ਼ਾਰ ਦੇ ਨਾਜਾਇਜ਼ ਕਬਜ਼ੇ ਹਟਾਏ ਗਏ ਹਨ, ਉਸ ਦੀ ਵੀ ਸ਼ਲਾਘਾ ਕੀਤੀ ਗਈ। ਇਸ ਮੌਕੇ ਬਖ਼ਸ਼ੀ ਰਾਮ, ਸੁਰਿੰਦਰ ਸਿੰਘ, ਜਗੀਰ ਸਿੰਘ, ਪ੍ਰੈੱਸ ਸਕੱਤਰ ਸੁਭਾਸ਼ ਨਾਗਪਾਲ, ਰਜਿੰਦਰ ਸਿੰਘ, ਜੋਗਿੰਦਰ ਸਿੰਘ, ਮਨਜੀਤ ਸਿੰਘ, ਬਹਾਦਰ ਸਿੰਘ, ਕਰਮਜੀਤ ਸਿੰਘ ਮੌਜੂਦ ਸਨ।

# ਕਾਂਗੜ ਦੀ ਮੀਟਿੰਗ ਨੇ ਧਾਰਿਆ ਰੈਲੀ ਦਾ ਰੂਪ

**ਝੂਠੇ ਸਬਜ਼ਬਾਗ ਦਿਖਾਉਣ ਵਾਲਿਆਂ ਤੋਂ ਬਚਿਓ : ਕਾਂਗੜ**



**ਬਠਿੰਡਾ (ਰਾਜੀਵ ਗੋਇਲ)**-ਕਾਂਗਰਸ ਦੇ ਸੂਬਾ ਇੰਚਾਰਜ ਰਵਿੰਦਰ ਉੱਤਮ ਰਾਏ ਡਾਲਵੀ ਦੇ ਆਉਣ ਨੂੰ ਲੈ ਕੇ ਹਲਕਾ ਰਾਮਪੁਰਾ ਫੂਲ ਦੇ ਕਸਬਾ ਜਲਾਲ ਦੇ ਇੱਕ ਨਿੱਜੀ ਪੈਲੇਸ ਵਿੱਚ ਕਾਂਗਰਸ ਦੇ ਸੀਨੀਅਰ ਆਗੂ ਗੁਰਪ੍ਰੀਤ ਸਿੰਘ ਕਾਂਗੜ ਵੱਲੋਂ ਮੌਕੇ 'ਤੇ ਰੱਖੀ ਗਈ ਮੀਟਿੰਗ ਨੇ ਰੈਲੀ ਦਾ ਰੂਪ ਧਾਰ ਲਿਆ। ਲੋਕ ਟੈਂਟ ਦੇ ਦੁਆਲੇ ਖੜ੍ਹੇ ਨਜ਼ਰ ਆਏ। ਇਸ ਮੀਟਿੰਗ ਦੀ ਅਗਵਾਈ ਸਾਬਕਾ ਵਜ਼ੀਰ ਗੁਰਪ੍ਰੀਤ ਸਿੰਘ ਕਾਂਗੜ ਵੱਲੋਂ ਕੀਤੀ ਗਈ, ਜਿਨ੍ਹਾਂ ਮੀਟਿੰਗ 'ਚ ਪਹੁੰਚੇ ਕਾਂਗਰਸ ਦੇ ਸੂਬਾਈ ਇੰਚਾਰਜ ਰਵਿੰਦਰ ਡਾਲਵੀ ਦਾ ਗਰਮਜੋਸ਼ੀ ਨਾਲ ਸਵਾਗਤ ਕਰਦੇ ਹੋਏ ਜੀ ਆਇਆਂ ਕਿਹਾ। ਇਸ ਮੌਕੇ ਇਕੱਠੇ ਹੋਏ ਕਾਂਗਰਸੀ ਆਗੂਆਂ ਤੇ ਵਰਕਰਾਂ ਨੂੰ ਸੰਬੋਧਨ ਕਰਦੇ ਹੋਏ ਡਾਲਵੀ ਨੇ ਕਿਹਾ ਕਿ ਮੈਂ ਹਲਕਾ ਰਾਮਪੁਰਾ ਫੂਲ ਦੇ ਲੋਕਾਂ ਦਾ ਕਾਂਗੜ ਪ੍ਰਤੀ ਉਤਸ਼ਾਹ ਦੇਖ ਕੇ ਬਹੁਤ ਖੁਸ਼ ਹੋਇਆ ਹਾਂ, ਜਿਸ ਦੀ ਰਿਪੋਰਟ ਮੈਂ ਪਾਰਟੀ ਹਾਈਕਮਾਨ ਨੂੰ ਜ਼ਰੂਰ ਦੇਵਾਂਗਾ। ਉਹਨਾਂ ਵਿਰੋਧੀਆਂ 'ਤੇ ਤਨਜ਼ ਕੱਸਦੇ ਹੋਏ ਕਿਹਾ ਕਿ ਮੌਜੂਦਾ ਸਮੇਂ ਵਿੱਚ ਪੰਜਾਬ ਦੇ ਹਾਲਾਤ ਬਹੁਤ ਭਿਆਨਕ ਹੋ ਚੁੱਕੇ ਹਨ। ਸੂਬੇ ਅੰਦਰ ਕੋਈ ਵੀ ਨਾਗਰਿਕ ਸੁਰੱਖਿਅਤ ਨਹੀਂ ਅਤੇ ਲੋਕ ਮੁੜ ਕਾਂਗਰਸ ਦੇ ਰਾਜ ਨੂੰ ਯਾਦ ਕਰਦੇ ਨਜ਼ਰ ਆ ਰਹੇ ਹਨ। ਜਿਸ ਤਰ੍ਹਾਂ ਕਾਂਗਰਸ ਵੱਲੋਂ ਕਿਸਾਨਾਂ ਦੇ ਹੱਕ ਵਿੱਚ ਫਤਵਾ ਦਿੰਦੇ ਹੋਏ ਭਾਜਪਾ ਨੂੰ ਕਾਲੇ ਕਾਨੂੰਨ ਵਾਪਸ ਲੈਣ ਲਈ ਮਜਬੂਰ ਕਰ ਦਿੱਤਾ ਗਿਆ ਸੀ, ਉਸੇ ਤਰ੍ਹਾਂ ਆਮ ਆਦਮੀ ਪਾਰਟੀ ਨੂੰ ਵੀ ਲੈਂਡ ਪੂਲਿੰਗ ਸਕੀਮ ਵਾਪਸ ਲੈਣ ਲਈ ਮਜਬੂਰ ਕਰ ਦਿੱਤਾ ਜਾਵੇਗਾ। ਇਸ ਮੌਕੇ ਸੰਬੋਧਨ ਕਰਦਿਆਂ ਗੁਰਪ੍ਰੀਤ ਸਿੰਘ ਕਾਂਗੜ ਨੇ ਕਿਹਾ ਕਿ ਪਿਛਲੇ ਸਮੇਂ ਕਾਂਗਰਸ ਦੀ ਸਰਕਾਰ ਅਤੇ ਉਨ੍ਹਾਂ ਦੀ ਵਜ਼ੀਰੀ ਮੌਕੇ ਹਲਕੇ ਦਾ ਬਹੁ-ਪੱਖੀ ਵਿਕਾਸ ਕਰਵਾਇਆ ਗਿਆ, ਭਾਵੇਂ ਰਾਮਪੁਰਾ ਦੇ ਵੈਟਰਨਰੀ ਹਸਪਤਾਲ ਅਤੇ ਯੂਨੀਵਰਸਿਟੀ ਹੋਵੇ, ਚਾਹੇ ਗੱਲ ਮੋਘਿਆਂ ਦੀ ਹੋਵੇ, ਚਾਹੇ ਪਿੰਡਾਂ ਅੰਦਰ ਛੱਪੜਾਂ ਦੀ ਸਫਾਈ ਦੀ ਅਤੇ ਚਾਹੇ ਪਿੰਡਾਂ ਨੂੰ ਦਿੱਤੀਆਂ ਜਾਣ ਵਾਲੀਆਂ ਗਰਾਂਟਾਂ ਦੀ ਗੱਲ ਹੋਵੇ, ਹਲਕੇ ਦੇ ਵਿਕਾਸ ਵਿੱਚ ਕੋਈ ਕਮੀ ਨਹੀਂ ਛੱਡੀ ਗਈ। ਭਗਤਾ ਭਾਈ ਕਾ ਵਿਖੇ ਬਿਜਲੀ ਬੋਰਡ ਦਫਤਰ ਅੰਦਰ ਸਟੋਰ ਦਾ ਨਿਰਮਾਣ ਕਰਵਾਇਆ ਗਿਆ। ਉਨ੍ਹਾਂ ਕਿਹਾ ਕਿ ਜਿਹੜੇ ਲੋਕ ਤੁਹਾਨੂੰ ਝੂਠੇ ਸਬਜ਼ਬਾਗ ਦਿਖਾ ਕੇ ਗੁੰਮਰਾਹ ਕਰ ਰਹੇ ਹਨ, ਉਨ੍ਹਾਂ ਤੋਂ ਬਚ ਕੇ ਰਹਿਓ। ਇਸ ਮੌਕੇ ਸਾਬਕਾ ਸੰਸਦ ਮੈਂਬਰ ਜਨਾਬ ਮੁਹੰਮਦ ਸਦੀਕ ਨੇ ਵੀ ਇਕੱਤਰ ਹੋਏ ਲੋਕਾਂ ਨੂੰ ਕਾਂਗਰਸ ਪਾਰਟੀ ਦਾ ਸਾਥ ਦਿੰਦੇ ਹੋਏ ਗੁਰਪ੍ਰੀਤ ਸਿੰਘ ਕਾਂਗੜ ਨਾਲ ਮੋਢੇ ਨਾਲ ਮੋਢਾ ਜੋੜ ਕੇ ਸਾਥ ਦੇਣ ਦੀ ਅਪੀਲ ਕੀਤੀ ਗਈ। ਸਾਬਕਾ ਵਜ਼ੀਰ ਕਾਂਗੜ ਵੱਲੋਂ ਹਲਕੇ ਵਿੱਚ ਆਉਣ 'ਤੇ ਰਵਿੰਦਰ ਡਾਲਵੀ ਦਾ ਸਿਰੋਪਾਓ ਭੇਟ ਕਰਕੇ ਸਨਮਾਨ ਕੀਤਾ ਗਿਆ ਅਤੇ ਨਾਲ ਹੀ ਮੁਹੰਮਦ ਸਦੀਕ ਨੂੰ ਵੀ ਸਨਮਾਨਤ ਕੀਤਾ ਗਿਆ। ਸਟੇਜ ਦੀ ਕਾਰਵਾਈ ਗੁਰਤੇਜ ਸਿੰਘ ਜਲਾਲ, ਸਾਬਕਾ ਸਰਪੰਚ ਇੰਦਰਜੀਤ ਸਿੰਘ ਭੋਡੀਪੁਰਾ, ਰਾਮ ਸਿੰਘ ਭੋਡੀਪੁਰਾ ਵੱਲੋਂ ਸੰਭਾਲੀ ਗਈ। ਅਖੀਰ ਕਾਂਗੜ ਵੱਲੋਂ ਮੀਟਿੰਗ ਵਿੱਚ ਪਹੁੰਚਣ 'ਤੇ ਹਲਕੇ ਦੇ ਸਮੂਹ ਕਾਂਗਰਸੀ ਆਗੂਆਂ ਤੇ ਵਰਕਰਾਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਜੈਤੋ ਤੋਂ ਮਾਸਟਰ ਬਲਦੇਵ ਸਿੰਘ, ਬੂਟਾ ਸਿੰਘ ਸਿੱਧੂ ਪ੍ਰਧਾਨ ਨਗਰ ਪੰਚਾਇਤ ਭਗਤਾ, ਅਮਨਦੀਪ ਸਿੰਘ ਸਰਪੰਚ ਸਲਾਬਤਪੁਰਾ, ਗੁਰਸੇਵਕ ਸਿੰਘ ਸੋਨੀ ਦਿਆਲਪੁਰਾ ਮਿਰਜ਼ਾ, ਤੀਰਥ ਸਿੰਘ ਸਿੱਧੂ, ਇਕਬਾਲ ਸਿੰਘ ਢਿਪਾਲੀ, ਰਾਜਿੰਦਰ ਸਿੰਘ ਸਾ. ਸਰਪੰਚ ਕੋਠੇ ਭਾਈਆਣਾ, ਪਰਮਜੀਤ ਬਿਦਰ, ਲਖਵੀਰ ਸਿੱਧੂ, ਜਗਮੋਹਨ ਸਿੰਘ, ਜਸਵੀਰ ਸਿੰਘ ਭੋਡੀਪੁਰਾ, ਗੁਰਮੇਲ ਸਿੰਘ ਹਮੀਰਗੜ੍ਹ, ਜਗਜੀਤ ਸਿੰਘ ਕੋਇਰ ਸਿੰਘ ਵਾਲਾ, ਇੰਦਰਜੀਤ ਨਾਗਪਾਲ ਸਮੇਤ ਹਲਕੇ ਦੇ ਸਮੂਹ ਕਾਂਗਰਸੀ ਸਾਬਕਾ ਤੇ ਮੌਜੂਦਾ ਸਰਪੰਚਾਂ ਸਮੇਤ ਕਾਂਗਰਸੀ ਆਗੂ ਤੇ ਵਰਕਰ ਹਾਜ਼ਰ ਸਨ।

## ਤਖਤਮਲਾਣਾ 'ਚ ਵਰਕਰਾਂ ਨਾਲ ਵਿਚਾਰ-ਵਟਾਂਦਰਾ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੁਜ)**-ਪਿੰਡ ਤਖਤਮਲਾਣਾ ਵਿਖੇ ਮਨਜਿੰਦਰ ਸਿੰਘ ਬਿੱਟੂ ਸਾਬਕਾ ਚੇਅਰਮੈਨ ਮਾਰਕਿਟ ਕਮੇਟੀ ਬਰੀਵਾਲਾ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਵਰਕਰਾਂ ਨਾਲ ਵਿਚਾਰ ਵਟਾਂਦਰਾ ਕੀਤਾ ਗਿਆ।ਉਨ੍ਹਾਂ ਕਿਹਾ ਕਿ ਪੰਜਾਬ ਦਾ ਹਰ ਵਰਗ ਭਾਵੇਂ ਕਿ ਉਹ ਕਿਸਾਨ, ਮਜ਼ਦੂਰ, ਵਪਾਰੀ ਜਾਂ ਮੁਲਾਜ਼ਮ ਵਰਗ ਹੋਵੇ, ਹਰ ਇੱਕ 2027 ਵਿੱਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਹੇਠ ਸੂਬੇ 'ਚ ਸਰਕਾਰ ਬਣਾਉਣ ਦਾ ਮਨ ਬਣਾ ਚੁੱਕਿਆ ਹੈ।ਉਨ੍ਹਾਂ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਹਮੇਸ਼ਾ ਹੀ ਪੰਜਾਬ ਵਿੱਚ ਭਾਈਚਾਰਕ ਸਾਂਝ ਤੇ ਅਮਨ ਸ਼ਾਂਤੀ ਦਾ ਮੁੱਦਈ ਰਿਹਾ ਹੈ ਅਤੇ ਸੂਬੇ ਵਿੱਚ ਸੜਕਾਂ ਦਾ ਜਾਲ, ਸਕੂਲ, ਹਸਪਤਾਲ, ਧਰਮਸ਼ਾਲਾਵਾਂ, ਇਮਾਰਤਾਂ ਆਦਿ ਸ਼੍ਰੋਮਣੀ ਅਕਾਲੀ ਦਲ ਦੀ ਹੀ ਦੇਣ ਹੈ।ਉਨ੍ਹਾਂ ਦੱਸਿਆ ਕਿ ਪੰਜਾਬ ਦੀ ਆਪਣੀ ਖੇਤਰੀ ਪਾਰਟੀ ਨੂੰ ਮਜ਼ਬੂਤ ਕਰਨ ਲਈ ਪਿੰਡ ਪੱਧਰ 'ਤੇ ਮੀਟਿੰਗਾਂ ਕਰਕੇ ਸ਼੍ਰੋਮਣੀ ਅਕਾਲੀ ਦਲ ਦੀਆਂ ਨੀਤੀਆਂ ਨੂੰ ਘਰ-ਘਰ ਪਹੁੰਚਾਇਆ ਜਾਵੇਗਾ।

## ਵਾਲੀਬਾਲ ਮੁਕਾਬਲੇ 'ਚ ਝਾੜ ਸਾਹਿਬ ਕਾਲਜ ਦੀ ਟੀਮ ਅੱਵਲ ਰਹੀ



**ਸਮਰਾਲਾ/ਮਾਛੀਵਾੜਾ ਸਾਹਿਬ (ਸੁਰਜੀਤ ਸਿੰਘ/ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਗੁਰੂ ਗੋਬਿੰਦ ਸਿੰਘ ਖਾਲਸਾ ਕਾਲਜ ਫ਼ਾਰ ਵਿਮੈਨ ਝਾੜ ਸਾਹਿਬ ਦੀ ਵਾਲੀਬਾਲ ਟੀਮ ਨੇ ਅੰਡਰ-19 ਸਮਰਾਲਾ ਜ਼ੋਨ ਦੇ ਹੋਏ ਖੇਡ ਮੁਕਾਬਲੇ ਵਿੱਚ ਪਹਿਲਾ ਸਥਾਨ, ਅੰਡਰ-19 ਖੋ ਖੋ ਦੂਜਾ ਸਥਾਨ ਅਤੇ ਅੰਡਰ-19 ਰੱਸਾਕਸੀ ਵਿੱਚ ਤੀਜਾ ਸਥਾਨ ਪ੍ਰਾਪਤ ਕਰਕੇ ਇਲਾਕੇ ਵਿੱਚ ਕਾਲਜ ਦਾ ਨਾਮ ਰੋਸ਼ਨ ਕੀਤਾ।ਵਾਲੀਬਾਲ, ਖੋ ਖੋ, ਰੱਸਾਕਸੀ ਵਿੱਚ ਅਨਮੋਲਪ੍ਰੀਤ ਕੌਰ, ਰਮਨਦੀਪ ਕੌਰ, ਹਰਸਿਮਰਨ ਕੌਰ ਕੰਗ, ਗਗਨਦੀਪ ਕੌਰ, ਗੁਰਲੀਨ ਕੌਰ, ਹਰਮਨਦੀਪ ਕੌਰ, ਮਾਨਸੀ, ਜੈਸਮੀਨ ਕੌਰ, ਸੁਖਪ੍ਰੀਤ ਕੌਰ, ਸਿਮਰਨਦੀਪ ਕੌਰ, ਸਿਮਰਨਜੋਤ ਕੌਰ, ਜਸਪ੍ਰੀਤ ਕੌਰ, ਮਾਹੀ ਕਰਨ, ਸੋਨੀਆ, ਸੁਮਨਦੀਪ ਕੌਰ, ਦਿਲਪ੍ਰੀਤ ਕੌਰ, ਜੋਤੀ ਕੁਮਾਰੀ, ਰਾਧਿਕਾ ਵੱਲੋਂ ਆਪਣੀ ਮਿਹਨਤ ਸਦਕਾ ਜਿੱਤ ਪ੍ਰਾਪਤ ਕੀਤੀ।ਇਸ ਮੌਕੇ ਕਾਲਜ ਪ੍ਰਿੰਸੀਪਲ ਡਾ. ਰਜਿੰਦਰ ਕੌਰ ਨੇ ਸਪੋਰਟਸ ਇੰਚਾਰਜ ਰਣਬੀਰ ਸਿੰਘ ਸੋਮਲ ਤੇ ਕੇਸਰ ਸਿੰਘ ਕੋਚ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਖੇਡਾਂ ਸਰੀਰਕ ਤੇ ਮਾਨਸਿਕ ਵਿਕਾਸ ਲਈ ਸਹਾਈ ਹੁੰਦੀਆਂ ਹਨ, ਨਾਲ ਹੀ ਧੀਰਜ, ਅਨੁਸ਼ਾਸ, ਸਹਿਣਸ਼ੀਲਤਾ ਨੂੰ ਪ੍ਰਭਾਵਸ਼ਾਲੀ ਬਣਾਉਣ ਵਿੱਚ ਅਹਿਮ ਰੋਲ ਅਦਾ ਕਰਦੀਆਂ ਹਨ।ਇਸ ਲਈ ਝਾੜ ਸਾਹਿਬ ਕਾਲਜ ਵਿਦਿਆਰਥਣਾਂ ਨੂੰ ਖੇਡ ਖੇਤਰ ਵਿੱਚ ਪ੍ਰਪੱਕ ਕਰਨ ਲਈ ਤੱਤਪਰ ਰਹਿੰਦਾ ਹੈ।ਇਨ੍ਹਾਂ ਪ੍ਰਾਪਤੀਆਂ ਲਈ ਕਾਲਜ ਲੋਕਲ ਮੈਨੇਜਮੈਂਟ ਕਮੇਟੀ ਦੇ ਅਹੁਦੇਦਾਰ ਤੇ ਮੈਂਬਰਾਂ ਨੇ ਖੁਸ਼ੀ ਪ੍ਰਗਟ ਕੀਤੀ।

## ਬਲੌਜ਼ਮਜ਼ ਸਕੂਲ ਨੇ ਬੈਡਮਿੰਟਨ 'ਚ ਪਹਿਲਾ ਸਥਾਨ ਜਿੱਤਿਆ



**ਜਗਰਾਓਂ (ਅਮਿਤ ਖੰਨਾ, ਸੰਜੀਵ ਅਰੋੜਾ)**-ਜ਼ੋਨ ਪੱਧਰੀ ਚੱਲ ਰਹੀਆਂ ਖੇਡਾਂ ਦੌਰਾਨ ਬਲੌਜ਼ਮਜ਼ ਕਾਨਵੈਂਟ ਸਕੂਲ ਦੀ ਬੈਡਮਿੰਟਨ-19 ਕੁੜੀਆਂ ਦੀ ਟੀਮ ਵੱਲੋਂ ਬਹੁਤ ਸਾਰੀਆਂ ਟੀਮਾਂ ਨੂੰ ਪਛਾੜਦੇ ਹੋਏ ਪਹਿਲੇ ਸਥਾਨ ਦਾ ਖਿਤਾਬ ਆਪਣੇ ਨਾਮ ਕੀਤਾ।ਇਹ ਮੈਚ ਸਿੰਗਲ ਤੇ ਡਬਲ ਪਲੇਅਰ ਰਾਊਂਡ ਵਿੱਚ ਹੋਏ।ਇਸ ਮੌਕੇ ਸਕੂਲ ਪ੍ਰਿੰਸੀਪਲ ਡਾ. ਨਵਨੀਤ ਕੌਰ ਨੇ ਕੋਚ ਸਾਹਿਬਾਨ ਅਮਨਦੀਪ ਸਿੰਘ, ਦਲਜੀਤ ਕੌਰ ਤੇ ਸੁਖਜਿੰਦਰ ਸਿੰਘ ਦੇ ਨਾਲ ਹੀ ਮਾਪਿਆਂ ਨੂੰ ਵਧਾਈ ਦਿੰਦੇ ਹੋਏ ਕਿਹਾ ਕਿ ਇਨ੍ਹਾਂ ਵਿਦਿਆਰਥੀਆਂ ਵੱਲੋਂ ਆਪਣੀ ਚੰਗੀ ਖੇਡ ਦਾ ਪ੍ਰਦਰਸ਼ਨ ਹੀ ਇਨ੍ਹਾਂ ਨੂੰ ਪਹਿਲੇ ਸਥਾਨ ਵੱਲ ਲੈ ਕੇ ਗਿਆ।ਇਨ੍ਹਾਂ ਨੇ ਆਪਣੇ ਚੰਗੇ ਭਵਿੱਖ ਦੀ ਸ਼ੁਰੂਆਤ ਹੁਣੇ ਤੋਂ ਹੀ ਕਰ ਲਈ ਹੈ ਤੇ ਆਉਣ ਵਾਲੇ ਸਮੇਂ ਵਿੱਚ ਇਹ ਵਿਦਿਆਰਥੀ ਇਸ ਤੋਂ ਅਗਲੇ ਪੱਧਰ ਦੇ ਮੁਕਾਬਲਿਆਂ ਵਿੱਚ ਵੀ ਆਪਣੇ ਸਕੂਲ ਤੇ ਮਾਪਿਆਂ ਦਾ ਨਾਮ ਰੌਸ਼ਨ ਕਰਨਗੇ।ਇਸ ਮੌਕੇ ਸਕੂਲ ਦੇ ਪ੍ਰੈਜ਼ੀਡੈਂਟ ਮਨਪ੍ਰੀਤ ਸਿੰਘ ਬਰਾੜ, ਰਛਪਾਲ ਸਿੰਘ ਤੇ ਗੁਰਜਿੰਦਰ ਸਿੰਘ ਨੇ ਵੀ ਬੱਚਿਆਂ ਨੂੰ ਅਸ਼ੀਰਵਾਦ ਦਿੱਤਾ।

## 2027 'ਚ ਕਾਂਗਰਸ ਦੀ ਸਰਕਾਰ ਬਣਨੀ ਤੈਅ : ਵਿਧਾਇਕ ਢਿੱਲੋਂ



**ਧੂਰੀ (ਮੋਹਿਤ ਗਰਗ, ਬਿੰਨੀ ਗਰਗ)**-ਹਲਕਾ ਬਰਨਾਲਾ ਤੋਂ ਕਾਂਗਰਸ ਵਿਧਾਇਕ ਕੁਲਦੀਪ ਸਿੰਘ ਕਾਲਾ ਢਿੱਲੋਂ ਨੇ ਦਾਅਵਾ ਕੀਤਾ ਹੈ ਕਿ ਪੰਜਾਬ ਦੇ ਲੋਕ ਆਮ ਆਦਮੀ ਪਾਰਟੀ ਦੀ ਹਕੀਕਤ ਨੂੰ ਪਛਾਣ ਚੁੱਕੇ ਹਨ ਤੇ 2027 ਵਿੱਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਕਾਂਗਰਸ ਪਾਰਟੀ ਭਾਰੀ ਜਿੱਤ ਹਾਸਲ ਕਰੇਗੀ।ਉਹ ਇਹ ਗੱਲ ਇੱਥੇ ਪੰਜਾਬ ਕਾਂਗਰਸ ਕਿਸਾਨ ਵਿੰਗ ਦੇ ਸੂਬਾ ਜਨਰਲ ਸਕੱਤਰ ਤੇ ਹਲਕਾ ਧੂਰੀ ਤੋਂ ਆਗੂ ਹਰਦੀਪ ਸਿੰਘ ਦੌਲਤਪੁਰ ਦੇ ਨਿਵਾਸ ਸਥਾਨ 'ਤੇ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਕਹਿ ਰਹੇ ਸਨ।ਇਸ ਮੌਕੇ ਉਨ੍ਹਾਂ ਦਾ ਦੌਲਤਪੁਰ ਪਰਵਾਰ ਵੱਲੋਂ ਸਨਮਾਨ ਵੀ ਕੀਤਾ ਗਿਆ।ਸ੍ਰੀ ਕਾਲਾ ਢਿੱਲੋਂ ਨੇ ਕਿਹਾ ਕਿ ਕਾਂਗਰਸ ਇੱਕ ਅਮਨ ਪਸੰਦ, ਸੰਵਿਧਾਨਕ ਤੇ ਲੋਕ ਹਿਤੈਸ਼ੀ ਪਾਰਟੀ ਹੈ, ਜੋ ਸਿਰਫ਼ ਵਾਅਦੇ ਨਹੀਂ ਕਰਦੀ, ਸਗੋਂ ਜ਼ਮੀਨੀ ਪੱਧਰ 'ਤੇ ਲੋਕਾਂ ਲਈ ਕੰਮ ਕਰਦੀ ਹੈ।ਉਨ੍ਹਾਂ ਦੱਸਿਆ ਕਿ ਪਾਰਟੀ ਅੰਦਰ ਵਰਕਰ ਤੇ ਆਗੂ ਇੱਕਜੁੱਟ ਹੋ ਕੇ ਮਿਹਨਤ ਕਰ ਰਹੇ ਹਨ ਤੇ ਹਰ ਖੇਤਰ ਵਿੱਚ ਕਾਂਗਰਸ ਨੂੰ ਮਜ਼ਬੂਤ ਕਰ ਰਹੇ ਹਨ।ਉਨ੍ਹਾਂ ਅਖੀਰ ਵਿੱਚ ਕਿਹਾ ਕਿ ਪੰਜਾਬ ਦੀ ਜਨਤਾ ਹੁਣ ਪੂਰੀ ਤਰ੍ਹਾਂ ਸਚੇਤ ਹੈ ਤੇ 2027 ਦੀਆਂ ਚੋਣਾਂ ਵਿੱਚ ਆਮ ਆਦਮੀ ਪਾਰਟੀ ਨੂੰ ਪੂਰੀ ਤਰ੍ਹਾਂ ਨਕਾਰ ਦੇਵੇਗੀ।

## ਕੇਂਦਰੀ ਮਾਡਰਨ ਜੇਲ੍ਹ ਫਰੀਦਕੋਟ ਦੀ ਅਚਾਨਕ ਚੈਕਿੰਗ



**ਫਰੀਦਕੋਟ (ਐਲਿਗਜੈਂਡਰ ਡਿਸੂਜਾ)**-ਡਾ. ਪ੍ਰਗਿਆ ਜੈਨ ਐਸ.ਐਸ.ਪੀ ਫਰੀਦਕੋਟ ਦੀ ਅਗਵਾਈ ਹੇਠ ਫਰੀਦਕੋਟ ਪੁਲਸ ਦੇ ਲਗਭਗ 150 ਪੁਲਸ ਮੁਲਾਜ਼ਮਾਂ ਵੱਲੋਂ ਸੀਨੀਅਰ ਪੁਲਸ ਅਧਿਕਾਰੀਆਂ ਦੀ ਨਿਗਰਾਨੀ ਹੇਠ ਸੋਮਵਾਰ ਨੂੰ ਕੇਂਦਰੀ ਮਾਡਰਨ ਜੇਲ੍ਹ, ਫਰੀਦਕੋਟ 'ਚ ਇਕ ਵਿਸਤ੍ਰਿਤ ਅਤੇ ਅਚਾਨਕ ਚੈੱਕਿੰਗ ਮੁਹਿੰਮ ਚਲਾਈ, ਜੋ ਕਿ ਲਗਭਗ 3 ਘੰਟੇ ਤੱਕ ਚੱਲੀ। ਇਹ ਕਾਰਵਾਈ ਰਾਜੇਸ਼ ਕੁਮਾਰ ਡੀ.ਐਸ.ਪੀ (ਸਥਾਨਕ) ਫਰੀਦਕੋਟ ਦੀ ਨਿਗਰਾਨੀ ਹੇਠ ਹੋਈ। ਇਸ ਮੌਕੇ ਉਨ੍ਹਾ ਨਾਲ ਜੇਲ੍ਹ ਪ੍ਰਸ਼ਾਸਨ ਦੇ ਅਧਿਕਾਰੀ ਵੀ ਮੌਜੂਦ ਸਨ।ਇਸ ਸਬੰਧੀ ਰਾਜੇਸ਼ ਕੁਮਾਰ ਡੀ.ਐਸ.ਪੀ (ਸਥਾਨਕ) ਫਰੀਦਕੋਟ ਨੇ ਦੱਸਿਆ ਕਿ ਇਹ ਚੈੱਕਿੰਗ ਕਿਸੇ ਵੀ ਗੈਰਕਾਨੂੰਨੀ ਚੀਜ਼ ਜਾਂ ਨਸ਼ੀਲੇ ਪਦਾਰਥ ਦੀ ਚੈਕਿੰਗ ਅਤੇ ਜੇਲ੍ਹ ਦੇ ਅੰਦਰ ਸੁਰੱਖਿਆ ਪ੍ਰਬੰਧਾਂ ਦੀ ਚੈਕਿੰਗ ਲਈ ਕੀਤੀ ਗਈ। ਉਨ੍ਹਾ ਦੱਸਿਆ ਕਿ ਔਰਤਾਂ ਦੀ ਗੋਪਨੀਯਤਾ ਅਤੇ ਪ੍ਰੋਟੋਕੋਲ ਨੂੰ ਧਿਆਨ ਵਿਚ ਰੱਖਦਿਆਂ ਮਹਿਲਾ ਪੁਲਸ ਮੁਲਾਜ਼ਮਾਂ ਵੱਲੋਂ ਵੱਖਰੇ ਤੌਰ 'ਤੇ ਔਰਤਾਂ ਵਾਲੀਆਂ ਬੈਰਕਾਂ ਦੀ ਜਾਂਚ ਕੀਤੀ ਗਈ।ਇਸ ਸਬੰਧੀ ਐਸ.ਐਸ.ਪੀ ਫਰੀਦਕੋਟ ਡਾ. ਪ੍ਰਗਿਆ ਜੈਨ ਨੇ ਦੱਸਿਆ ਕਿ ਅਜਿਹੀਆਂ ਅਚਾਨਕ ਜਾਂਚਾਂ ਜੇਲ੍ਹ ਵਿੱਚ ਬੁਰੇ ਰੁਝਾਨ ਵਾਲੇ ਕੈਦੀਆਂ ਵਿੱਚ ਡਰ ਪੈਦਾ ਕਰਦੀਆਂ ਹਨ, ਜਿਸ ਨਾਲ ਗੈਰਕਾਨੂੰਨੀ ਸਰਗਰਮੀਆਂ ਨੂੰ ਰੋਕਣ ਵਿੱਚ ਮਦਦ ਮਿਲਦੀ ਹੈ। ਉਨ੍ਹਾਂ ਨੇ ਦੱਸਿਆ ਕਿ ਪੁਲਸ ਟੀਮਾਂ ਨੇ ਜੇਲ੍ਹ ਦੀ ਬਾਹਰੀ ਚਾਰਦੀਵਾਰੀ, ਨਿਗਰਾਨੀ ਕੈਮਰੇ ਅਤੇ ਸੁਰੱਖਿਆ ਪ੍ਰਣਾਲੀਆਂ ਦੀ ਵੀ ਜਾਂਚ ਵੀ ਕੀਤੀ। ਉਨ੍ਹਾ ਸਥਾਨਕ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਜੇ ਉਹ ਕਿਸੇ ਨੂੰ ਘਰ ਕਿਰਾਏ 'ਤੇ ਦੇਣ, ਤਾਂ ਪੁਲਿਸ ਨੂੰ ਸੂਚਨਾ ਦੇਣ ਕਿਉਂਕਿ ਕੋਈ ਅਪਰਾਧੀ ਤੱਤ ਅਜਿਹੀ ਗਤੀਵਿਧੀ ਵਿੱਚ ਸ਼ਾਮਲ ਹੋ ਸਕਦੇ ਹਨ।

## ਪੈਰਾਡਾਈਜ਼ ਅਕੈਡਮੀ 'ਚ ਤੀਆਂ ਦੇ ਤਿਉਹਾਰ ਮੌਕੇ 'ਗੂੰਜ ਤੀਆਂ ਦੀ' ਸੱਭਿਆਚਾਰਕ ਪ੍ਰੋਗਰਾਮ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਪੈਰਾਡਾਈਜ਼ ਅਕੈਡਮੀ ਵਜੀਦਕੇ ਖੁਰਦ ਵਿਖੇ ਪ੍ਰਿੰਸੀਪਲ ਜਸਵਿੰਦਰ ਸਿੰਘ ਚਹਿਲ ਦੀ ਅਗਵਾਈ ਹੇਠ ਤੀਆਂ ਦੇ ਤਿਉਹਾਰ ਨੂੰ ਸਮਰਪਤ ਗੂੰਜ ਤੀਆਂ ਦੀ ਸੱਭਿਆਚਾਰਕ ਪ੍ਰੋਗਰਾਮ ਕਰਵਾਇਆ ਗਿਆ।ਇਸ ਰੰਗਾਰੰਗ ਸਮਾਗਮ ਵਿੱਚ ਪੰਜਾਬੀ ਸੱਭਿਆਚਾਰ, ਗੀਤ-ਰਿਵਾਜਾਂ, ਗਿੱਧਾ, ਤ੍ਰਿੰਝਣ, ਪੁਰਾਤਨ ਬੋਲੀਆਂ, ਰੂੜ੍ਹੀਵਾਦੀ ਪਹਿਰਾਵਿਆਂ ਆਦਿ ਦੀ ਬਹੁਤ ਸੋਹਣੀ ਝਲਕ ਦੇਖਣ ਨੂੰ ਮਿਲੀ।ਪ੍ਰੋਗਰਾਮ ਦੌਰਾਨ ਵਿਦਿਆਰਥਣਾਂ ਨੇ ਗਿੱਧਾ ਪਾ ਕੇ, ਸਿੱਠਣੀਆਂ ਤੇ ਬੋਲੀਆਂ ਰਾਹੀਂ ਤੀਆਂ ਦੀਆਂ ਰੂਹਾਨੀ ਲਹਿਰਾਂ ਨੂੰ ਜਿਊਂਦਾ ਕੀਤਾ।ਮਹਿੰਦੀ ਲਗਾਉਣ ਦੇ ਮੁਕਾਬਲੇ, ਪੁਰਾਤਨ ਪੰਜਾਬੀ ਸੱਭਿਆਚਾਰਕ ਪ੍ਰਸ਼ਨੋਤਰੀ ਅਤੇ ਮਿਸ ਤੀਜ ਮੁਕਾਬਲਾ ਆਯੋਜਿਤ ਕੀਤਾ ਗਿਆ।ਬਾਰ੍ਹਵੀਂ ਦੀ ਵਿਦਿਆਰਥਣ ਪਰਨੀਤ ਕੌਰ ਨੇ ਆਪਣੀ ਬੇਮਿਸਾਲ ਪ੍ਰਸਤੁਤੀ ਰਾਹੀਂ ਮਿਸ ਤੀਜ ਦਾ ਖਿਤਾਬ ਜਿੱਤਿਆ। ਇਸ ਮੌਕੇ ਸਕੂਲ ਮੈਨੇਜਮੈਂਟ ਕਮੇਟੀ ਦੇ ਮੈਂਬਰ ਵਿਸ਼ਾਲ ਕੁਮਾਰ ਨੇ ਬੱਚਿਆਂ ਨੂੰ ਪੰਜਾਬੀ ਸੱਭਿਆਚਾਰ ਨਾਲ ਜੁੜਨ ਦੀ ਅਪੀਲ ਕਰਦਿਆਂ ਕਿਹਾ ਕਿ ਸਾਡੀ ਜੜ੍ਹ ਸੱਭਿਆਚਾਰ ਵਿਚ ਹੈ।ਜੇ ਅਸੀਂ ਆਪਣੀ ਪਛਾਣ ਨੂੰ ਸੰਭਾਲਿਆ, ਤਾਂ ਅਸੀਂ ਕਦੇ ਵੀ ਭਟਕਾਂਗੇ ਨਹੀਂ।ਸਕੂਲ ਚੇਅਰਮੈਨ ਸੁਰਿੰਦਰ ਬਾਵਾ, ਅਲੋਕ ਸਿੰਗਲਾ, ਸੰਜੀਵ ਸਿੰਗਲਾ, ਬਲਜਿੰਦਰ ਕੁਮਾਰ, ਮਨੀਸ਼ ਕੁਮਾਰ ਨੇ ਵੀ ਇਸ ਮੌਕੇ ਵਿਦਿਆਰਥੀਆਂ ਨੂੰ ਉਤਸ਼ਾਹਤ ਕੀਤਾ। ਇਸ ਸਮਾਗਮ ਵਿਚ ਸੇਂਟ ਪੋਲ ਸਕੂਲ ਦੇ ਪ੍ਰਿੰਸੀਪਲ ਮੈਡਮ ਅੰਜਲੀ ਨੇ ਮਹਿਮਾਨ ਵਿਸ਼ੇਸ਼ ਵਜੋਂ ਸ਼ਿਰਕਤ ਕਰਦਿਆਂ ਪ੍ਰਬੰਧਕਾਂ ਨੂੰ ਵਧਾਈ ਦਿੱਤੀ।

# ਫਰਜ਼ੀ ਹੈਵੀ ਡਰਾਈਵਿੰਗ ਲਾਇਸੈਂਸ ਰੈਕੇਟ ਦਾ ਪਰਦਾਫਾਸ਼, ਮੋਟਰ ਵਹੀਕਲ ਇੰਸਪੈਕਟਰ ਸਮੇਤ ਚਾਰ ਗ੍ਰਿਫ਼ਤਾਰ

ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਸਰਕਾਰੀ ਦਫ਼ਤਰਾਂ ਵਿੱਚੋਂ ਭ੍ਰਿਸ਼ਟਾਚਾਰ ਦੇ ਅਮਲ ਨੂੰ ਰੋਕਣ ਦੇ ਉਦੇਸ਼ ਨਾਲ ਪੰਜਾਬ ਵਿਜੀਲੈਂਸ ਬਿਊਰੋ ਨੇ ਰੀਜਨਲ ਟਰਾਂਸਪੋਰਟ ਅਥਾਰਟੀ (ਆਰਟੀਏ) ਗੁਰਦਾਸਪੁਰ, ਸਟੇਟ ਇੰਸਟੀਚਿਊਟ ਆਫ਼ ਆਟੋਮੋਬਾਈਲ ਐਂਡ ਡਰਾਈਵਿੰਗ ਸਕਿੱਲ ਸੈਂਟਰ, ਮਹੂਆਣਾ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਮੁਲਾਜ਼ਮਾਂ ਅਤੇ ਗੁਰਦਾਸਪੁਰ ਜ਼ਿਲ੍ਹੇ ਵਿੱਚ ਕੰਮ ਕਰ ਰਹੇ ਪ੍ਰਾਈਵੇਟ ਦਸਤਾਵੇਜ਼ ਏਜੰਟਾਂ ਵਿਚਕਾਰ ਮਿਲੀਭੁਗਤ ਦਾ ਪਰਦਾਫਾਸ਼ ਕਰਦਿਆਂ ਹੈਵੀ ਡਰਾਈਵਿੰਗ ਡਰਾਈਵਿੰਗ ਲਾਇਸੈਂਸ ਜਾਰੀ ਕਰਨ ਵਾਲੇ ਇੱਕ ਵੱਡੇ ਅਤੇ ਫਰਜ਼ੀ ਭ੍ਰਿਸ਼ਟਾਚਾਰ ਰੈਕੇਟ ਨੂੰ ਬੇਨਕਾਬ ਕੀਤਾ ਹੈ।ਇਸ ਕੇਸ ਵਿੱਚ ਵਿਜੀਲੈਂਸ ਬਿਊਰੋ ਨੇ ਸੱਤ ਮੁਲਜ਼ਮਾਂ ਵਿਰੁੱਧ ਭ੍ਰਿਸ਼ਟਾਚਾਰ ਦਾ ਕੇਸ ਦਰਜ ਕੀਤਾ ਹੈ, ਜਿਨ੍ਹਾਂ ਵਿੱਚੋਂ ਮੋਟਰ ਵਹੀਕਲ ਇੰਸਪੈਕਟਰ (ਐੱਮਵੀਆਈ) ਸਮੇਤ ਚਾਰ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਜਾਣਕਾਰੀ ਦਿੰਦਿਆਂ ਰਾਜ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਪਠਾਨਕੋਟ ਦੇ ਰਹਿਣ ਵਾਲੇ ਇੱਕ ਵਿਅਕਤੀ ਤੋਂ ਮਿਲੀ ਸ਼ਿਕਾਇਤ ਤੇ ਕਾਰਵਾਈ ਕਰਦਿਆਂ ਵਿਜੀਲੈਂਸ ਬਿਊਰੋ ਨੇ ਆਰਟੀਏ, ਗੁਰਦਾਸਪੁਰ ਵਿਖੇ ਡਾਟਾ ਐਂਟਰੀ ਆਪਰੇਟਰ ਪ੍ਰਤਿਭਾ ਸ਼ਰਮਾ ਵਿਰੁੱਧ ਡੂੰਘਾਈ ਨਾਲ ਜਾਂਚ ਸ਼ੁਰੂ ਕੀਤੀ ਸੀ।ਹੁਣ ਤੱਕ ਦੀ ਜਾਂਚ ਦੇ ਆਧਾਰ 'ਤੇ ਇਸ ਕੇਸ ਵਿੱਚ ਵਿਜੀਲੈਂਸ ਬਿਊਰੋ ਦੇ ਥਾਣਾ ਅੰਮ੍ਰਿਤਸਰ ਰੇਂਜ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ, ਆਈਪੀਸੀ ਅਤੇ ਆਈਟੀ ਐਕਟ ਦੀਆਂ ਸਬੰਧਤ ਧਾਰਾਵਾਂ ਤਹਿਤ ਐੱਫਆਈਆਰ ਨੰਬਰ 32 ਮਿਤੀ 4 ਅਗਸਤ, 2025 ਦਰਜ ਕੀਤੀ ਹੈ।ਉਨ੍ਹਾਂ ਦੱਸਿਆ ਕਿ ਤਫਤੀਸ਼ ਤੋਂ ਪਤਾ ਲੱਗਾ ਹੈ ਕਿ ਐੱਸਆਈਏਡੀਐੱਸ ਸੈਂਟਰ ਮਹੂਆਣਾ ਦੁਆਰਾ ਜਾਰੀ ਕੀਤੇ ਗਏ 51 ਡਰਾਈਵਿੰਗ ਸਿਖਲਾਈ ਸਰਟੀਫਿਕੇਟਾਂ ਵਿੱਚੋਂ 23 ਜਾਅਲੀ ਪਾਏ ਗਏ ਕਿਉਂਕਿ ਸਿਰਫ਼ 27 ਜਾਇਜ਼ ਸਰਟੀਫਿਕੇਟ ਨੰਬਰ ਰਿਕਾਰਡ ਵਿੱਚ ਸਨ। ਦੱਸਣਯੋਗ ਹੈ ਕਿ ਸਿਸਟਮ ਜਨਰੇਟਿਡ ਫੀਲਡ ਜਿਵੇਂ ਵਿਲੱਖਣ ਸਰਟੀਫਿਕੇਟ ਨੰਬਰ, ਕਿਊਆਰ ਕੋਡ ਅਤੇ ਰਸੀਦ ਨੰਬਰ 'ਚ ਸ਼ਾਮਲ ਮੋਬਾਈਲ ਨੰਬਰ, ਜੋ ਕਿ ਪ੍ਰਮਾਣਿਕਤਾ ਦੇ ਮਹੱਤਵਪੂਰਨ ਮਾਪਦੰਡ ਹਨ, ਨੂੰ ਸਿਰਫ਼ ਸੰਸਥਾ ਦੇ ਮੁਲਾਜ਼ਮਾਂ ਦੁਆਰਾ ਹੀ ਬਦਲਿਆ ਜਾ ਸਕਦਾ ਸੀ।ਇਨ੍ਹਾਂ ਮਾਪਦੰਡਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਗੜਬੜੀ ਤੋਂ ਧੋਖਾਧੜੀ ਦੇ ਅਮਲ ਦਾ ਪਤਾ ਲਗਦਾ ਹੈ।ਬੁਲਾਰੇ ਨੇ ਦੱਸਿਆ ਕਿ ਇਸ ਜਾਂਚ ਵਿੱਚ ਕੁਲਬੀਰ ਡਾਕੂਮੈਂਟਸ ਸੈਂਟਰ, ਸ਼ੈਲੀ ਡਾਕੂਮੈਂਟਸ ਸੈਂਟਰ, ਜੀਐੱਮਡੀ ਡਾਕੂਮੈਂਟਸ ਸੈਂਟਰ ਅਤੇ ਪੰਜਾਬ ਡਾਕੂਮੈਂਟਸ ਸਮੇਤ ਪ੍ਰਾਈਵੇਟ ਏਜੰਟਾਂ ਦੀ ਭੂਮਿਕਾ ਦਾ ਪਤਾ ਲੱਗਾ ਹੈ, ਜਿਨ੍ਹਾਂ ਨੇ ਰਿਸ਼ਵਤ ਬਦਲੇ ਬਿਨੈਕਾਰਾਂ ਨੂੰ ਜਾਅਲੀ ਦਸਤਾਵੇਜ਼ ਦੇਣ ਵਿੱਚ ਮਦਦ ਕੀਤੀ।ਵਿੱਤੀ ਲੈਣ-ਦੇਣ ਤੋਂ ਪਤਾ ਲੱਗਿਆ ਕਿ ਇਨ੍ਹਾਂ ਏਜੰਟਾਂ ਵੱਲੋਂ ਸਾਬਕਾ ਆਰਟੀਏ ਡੇਟਾ ਐਂਟਰੀ ਆਪਰੇਟਰ ਰਾਕੇਸ਼ ਕੁਮਾਰ, ਜੋ ਹੁਣ ਐੱਸਡੀਐੱਮ ਦਫਤਰ ਬਟਾਲਾ ਵਿਖੇ ਤਾਇਨਾਤ ਹੈ ਅਤੇ ਉਕਤ ਪ੍ਰਤਿਭਾ ਸ਼ਰਮਾ ਦੇ ਬੈਂਕ ਖਾਤਿਆਂ ਵਿੱਚ ਸਿੱਧੇ ਭੁਗਤਾਨ ਕੀਤੇ ਗਏ ਸਨ।ਐੱਸਆਈਏਡੀਐੱਸ ਮਹੂਆਣਾ ਵਿਖੇ ਲਾਈਟ ਮੋਟਰ ਵਹੀਕਲ (ਐੱਲਐੱਮਵੀ) ਇੰਸਟ੍ਰਕਟਰ ਅਤੇ ਜੀਆਈ ਡਰਾਈਵਿੰਗ ਇੰਚਾਰਜ, ਸੁਖਦੇਵ ਸਿੰਘ ਨੇ ਜਾਅਲੀ ਸਰਟੀਫਿਕੇਟ ਤਿਆਰ ਕਰਨ ਲਈ ਸਿਸਟਮ ਤੱਕ ਆਪਣੀ ਪਹੁੰਚ ਦੀ ਦੁਰਵਰਤੋਂ ਕਰਦਿਆਂ ਗੈਰ-ਕਾਨੂੰਨੀ ਢੰਗ ਨਾਲ ਪ੍ਰਤੀ ਸਰਟੀਫਿਕੇਟ 430 ਰੁਪਏ ਵਸੂਲ ਕੇ ਸਰਕਾਰੀ ਖਜ਼ਾਨੇ ਨੂੰ ਵਿੱਤੀ ਨੁਕਸਾਨ ਪਹੁੰਚਾਇਆ।ਇਸ ਮਾਮਲੇ ਵਿੱਚ ਵਿਜੀਲੈਂਸ ਬਿਊਰੋ ਨੇ ਚਾਰ ਮੁੱਖ ਮੁਲਜ਼ਮਾਂ-ਗੁਰਦਾਸਪੁਰ ਦੇ ਪਿੰਡ ਮੈਦੋਵਾਲ ਕਲਾਂ ਦਾ ਵਸਨੀਕ ਅਤੇ ਐੱਮਵੀਆਈ ਅਤੇ ਜੀਆਈ ਡਰਾਈਵਿੰਗ ਇੰਚਾਰਜ ਐੱਸਆਈਏਡੀਐੱਸ ਸੈਂਟਰ ਸੁਖਦੇਵ ਸਿੰਘ, ਸ਼ੈਲੀ ਡਾਕੂਮੈਂਟ ਸੈਂਟਰ ਦੇ ਅਮਿਤ ਕੁਮਾਰ ਉਰਫ ਸ਼ੈਲੀ, ਪੰਜਾਬ ਡਾਕੂਮੈਂਟ ਦੇ ਜਗਪ੍ਰੀਤ ਸਿੰਘ ਅਤੇ ਰਾਕੇਸ਼ ਕੁਮਾਰ, ਜੋ ਕਿ ਇਸ ਸਮੇਂ ਬਟਾਲਾ ਵਿੱਚ ਤਾਇਨਾਤ ਹੈ, ਨੂੰ ਗ੍ਰਿਫ਼ਤਾਰ ਕੀਤਾ ਹੈ।ਬਾਕੀ ਮੁਲਜ਼ਮਾਂ ਕੁਲਬੀਰ ਡਾਕੂਮੈਂਟ ਸੈਂਟਰ ਦੇ ਕੁਲਬੀਰ ਸਿੰਘ, ਜੀਐੱਮਡੀ ਡਾਕੂਮੈਂਟ ਸੈਂਟਰ ਦੇ ਰਾਕੇਸ਼ ਕੁਮਾਰ ਅਤੇ ਆਰਟੀਏ ਗੁਰਦਾਸਪੁਰ ਦੀ ਪ੍ਰਤਿਭਾ ਸ਼ਰਮਾ ਨੂੰ ਗ੍ਰਿਫ਼ਤਾਰ ਕਰਨ ਲਈ ਛਾਪੇਮਾਰੀ ਕੀਤੀ ਜਾ ਰਹੀ ਹੈ।ਸਾਰੇ ਗ੍ਰਿਫ਼ਤਾਰ ਵਿਅਕਤੀਆਂ ਨੂੰ ਕੱਲ੍ਹ ਅਦਾਲਤ ਵਿੱਚ ਪੇਸ਼ ਕੀਤਾ ਜਾਵੇਗਾ।ਉਨ੍ਹਾਂ ਅੱਗੇ ਕਿਹਾ ਕਿ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।



# ਸਾਂਝਾ ਫਰੰਟ ਦੇ ਸੱਦੇ 'ਤੇ ਮੁਲਾਜ਼ਮਾਂ ਤੇ ਪੈਨਸ਼ਨਰਾਂ ਨੇ ਰੋਸ ਰੈਲੀ ਕਰਕੇ ਸਰਕਾਰ ਦੀ ਅਰਥੀ ਫੂਕੀ

ਤਰਨ ਤਾਰਨ (ਪ੍ਰਿਤਪਾਲ ਸਿੰਘ)-ਪੰਜਾਬ ਸਰਕਾਰ ਵੱਲੋਂ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਦੇ ਮਸਲਿਆਂ ਨੂੰ ਹੱਲ ਕਰਨ ਲਈ ਤਹਿ ਕੀਤੀਆਂ ਮੀਟਿੰਗਾਂ ਨੂੰ ਮੁੜ ਮੁੜ ਮੁਲਤਵੀ ਕਰਨ ਤੋਂ ਭੜਕੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਨੇ ਪੰਜਾਬ ਮੁਲਾਜ਼ਮ ਅਤੇ ਪੈਨਸ਼ਨਰਜ਼ ਸਾਂਝਾ ਫਰੰਟ ਦੇ ਸੂਬਾ ਪੱਧਰੀ ਸੱਦੇ ਤੇ ਸਥਾਨਕ ਬੱਸ ਅੱਡੇ ਤੇ ਇਕੱਤਰ ਹੋ ਕੇ ਰੋਸ ਰੈਲੀ ਕਰਨ ਉਪਰੰਤ ਪੁਰਾਣੇ ਡੀ. ਸੀ. ਦਫਤਰ ਚੌਕ ਤੱਕ ਮੁੱਖ ਮੰਤਰੀ ਅਤੇ ਖਜ਼ਾਨਾ ਮੰਤਰੀ ਦੀ ਅਰਥੀ ਚੁੱਕ ਕੇ ਰੋਹ ਭਰਪੂਰ ਨਾਅਰੇਬਾਜ਼ੀ ਕਰਦੇ ਹੋਏ ਰੋਸ ਮਾਰਚ ਕਰਨ ਉਪਰੰਤ ਪੰਜਾਬ ਸਰਕਾਰ ਦਾ ਜ਼ੋਰਦਾਰ ਪਿੱਟ ਸਿਆਪਾ ਕਰਦੇ ਹੋਏ ਕੜਾਕੇ ਦੀ ਧੁੱਪ ਵਿੱਚ ਅਰਥੀ ਫੂਕ ਕੇ ਸਰਕਾਰ ਨੂੰ ਚੇਤਾਵਨੀ ਭਰੇ ਲਹਿਜੇ ਵਿੱਚ ਕਿਹਾ ਕਿ ਜੇਕਰ ਪਹਿਲਾਂ ਦੀ ਤਰ੍ਹਾਂ 20 ਅਗਸਤ ਦੀ ਸਾਂਝਾ ਫਰੰਟ ਨੂੰ ਦਿੱਤੀ ਹੋਈ ਲਿਖਤੀ ਮੀਟਿੰਗ ਵੀ ਮੁਲਤਵੀ ਕਰਨ ਦੀ ਕੋਸ਼ਿਸ਼ ਕੀਤੀ ਤਾਂ 23 ਅਗਸਤ ਨੂੰ ਸਾਂਝਾ ਫਰੰਟ ਦੀ ਸ਼ਹੀਦ ਕਰਨੈਲ ਸਿੰਘ ਈਸੜੂ ਭਵਨ ਲੁਧਿਆਣਾ ਵਿਖੇ ਰੱਖੀ ਮੀਟਿੰਗ ਵਿੱਚ ਸਰਕਾਰ ਦੀ ਮੁਲਾਜ਼ਮ ਅਤੇ ਪੈਨਸ਼ਨਰ ਵਿਰੋਧੀ ਨੀਤੀ ਖਿਲਾਫ਼ ਤਿੱਖੇ ਸੰਘਰਸ਼ ਦਾ ਐਲਾਨ ਕੀਤਾ ਜਾਵੇਗਾ ।ਇਸ ਮੌਕੇ ਸੰਬੋਧਨ ਕਰਦਿਆਂ ਮੁਲਾਜ਼ਮ ਅਤੇ ਪੈਨਸ਼ਨਰ ਆਗੂਆਂ ਗੁਰਪ੍ਰੀਤ ਸਿੰਘ ਗੰਡੀਵਿੰਡ, ਗੁਰਭੇਜ ਸਿੰਘ ਢਿੱਲੋਂ, ਸਤਨਾਮ ਸਿੰਘ, ਬਲਦੇਵ ਸਿੰਘ ਕੱਲਾ, ਕਾਰਜ ਸਿੰਘ ਕੈਰੋਂ, ਦਿਲਬਾਗ ਸਿੰਘ ਵਰਪਾਲ, ਕੁਲਵਿੰਦਰ ਸਿੰਘ ਰੋਡਵੇਜ਼, ਗੁਰਦੇਵ ਸਿੰਘ ਸੰਧੂ, ਕਰਮ ਸਿੰਘ ਲਾਲਪੁਰਾ, ਜੱਸਾ ਸਿੰਘ ਕੱਦਗਿੱਲ, ਪੂਰਨ ਦਾਸ, ਅਮਰਜੀਤ ਸਿੰਘ ਮਾੜੀਮੇਘਾ, ਲਖਬੀਰ ਸਿੰਘ ਰੈਸੀਆਣਾ ਆਦਿ ਨੇ ਕਿਹਾ ਕਿ ਪੰਜਾਬ ਸਰਕਾਰ ਨੇ ਪਿਛਲੇ ਤਿੰਨਾਂ ਸਾਲਾਂ ਵਿੱਚ ਕੱਚੇ ਅਤੇ ਪੱਕੇ ਮੁਲਾਜ਼ਮਾਂ , ਮਾਣ ਭੱਤਾ ਤੇ ਸਕੀਮ ਵਰਕਰਾਂ, ਆਊਟਸੋਰਸ ਤੇ ਠੇਕਾ ਅਧਾਰਿਤ ਕਰਮਚਾਰੀਆਂ ਸਮੇਤ ਪੈਨਸ਼ਨਰਾਂ ਨਾਲ ਕੀਤੇ ਵਾਅਦਿਆਂ 'ਚੋਂ ਇੱਕ ਵੀ ਪੂਰਾ ਨਹੀਂ ਕੀਤਾ।ਪੁਰਾਣੀ ਪੈਨਸ਼ਨ ਸਕੀਮ ਲਾਗੂ ਕਰਨ, ਪੈਂਡਿੰਗ ਪਿਆ 13 ਪ੍ਰਤੀਸ਼ਤ ਮਹਿੰਗਾਈ ਭੱਤਾ ਜਾਰੀ ਕਰਨ, ਪੇ-ਕਮਿਸ਼ਨ ਦੀਆਂ ਤਰੁੱਟੀਆਂ ਦੂਰ ਕਰਨ, ਕੱਚੇ ਮੁਲਾਜ਼ਮਾਂ ਲਈ ਬਣਦੀ ਘੱਟੋ-ਘੱਟ ਉਜਰਤ 35000 ਰੁਪਏ ਲਾਗੂ ਕਰਨ, ਸਰਕਾਰੀ ਅਦਾਰਿਆਂ ਵਿੱਚ ਨਵੀਂ ਰੈਗੂਲਰ ਭਰਤੀ ਕਰਨ , ਸਾਰੇ ਕੱਚੇ ਕਾਮੇ ਪੱਕੇ ਕਰਨ, ਮਾਣ-ਭੱਤਾ ਦੁੱਗਣਾ ਕਰਨ, ਪੈਨਸ਼ਨਰਾਂ ਦੀ ਪੈਨਸ਼ਨ 2.59 ਦੇ ਫਾਰਮੂਲੇ ਨਾਲ ਸੋਧਣ ਆਦਿ ਮਸਲਿਆਂ ਨੂੰ ਵੱਟੇ ਖਾਤੇ ਪਾ ਕੇ ਸਰਕਾਰ ਲਗਾਤਾਰ ਟਾਲ ਮਟੋਲ ਦੀ ਨੀਤੀ 'ਤੇ ਚਲ ਰਹੀ ਹੈ । ਆਗੂਆਂ ਨੇ ਕਿਹਾ ਕਿ ਬਹੁਤ ਹੀ ਅਫਸੋਸ ਦੀ ਗੱਲ ਹੈ ਕਿ ਸਾਂਝਾ ਫਰੰਟ ਦੀ ਲੀਡਰਸ਼ਿਪ ਨੂੰ ਗੱਲਬਾਤ ਲਈ ਲਿਖਤੀ ਮੀਟਿੰਗਾਂ ਦੇ ਕੇ ਮੁੜ ਮੁੜ ਮੁਲਤਵੀ ਕੀਤਾ ਜਾ ਰਿਹਾ ਹੈ।ਜਿਸ ਕਰਕੇ ਮੁਲਾਜ਼ਮਾਂ ਅਤੇ ਪੈਨਸ਼ਨਰਾਂ ਵਿੱਚ ਸਰਕਾਰ ਪ੍ਰਤੀ ਗੁੱਸਾ ਦਿਨੋਂ ਦਿਨ ਵੱਧ ਰਿਹਾ ਹੈ।ਆਗੂਆਂ ਨੇ ਹਾਜ਼ਰੀਨ ਨੂੰ ਦੱਸਿਆ ਕਿ 7 ਅਗਸਤ ਨੂੰ ਪੱਟੀ ਤੇ ਭਿੱਖੀਵਿੰਡ ਅਤੇ 8 ਅਗਸਤ ਨੂੰ ਖਡੂਰ ਸਾਹਿਬ ਵਿਖੇ ਮੁੱਖ ਮੰਤਰੀ ਤੇ ਖਜ਼ਾਨਾ ਮੰਤਰੀ ਦੇ ਪੁਤਲੇ ਫੂਕੇ ਜਾਣਗੇ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸਤਪਾਲ ਸ਼ਰਮ2, ਪ੍ਰਿੰ. ਦਲਬੀਰ ਸਿੰਘ ਦਿਉਲ, ਜਗਤਾਰ ਸਿੰਘ ਆਸਲ, ਬਲਕਾਰ ਸਿੰਘ ਵਲਟੋਹਾ, ਮੰਗਲ ਸਿੰਘ ਨਾਗੋਕੇ, ਮੇਜਰ ਸਿੰਘ ਮੱਲ੍ਹੀਆਂ, ਜਸਬੀਰ ਸਿੰਘ ਸੇਰੋਂ ਆਦਿ ਆਗੂਆਂ ਨੇ ਵੀ ਹਿੱਸਾ ਲਿਆ।



## ਸਵ: ਸੁਰਿੰਦਰਪਾਲ ਕੌਰ ਨਮਿਤ ਅੰਤਿਮ ਅਰਦਾਸ ਭਲਕੇ

ਅੰਮ੍ਰਿਤਸਰ (ਰਾਣਾ)-ਕਾਂਗਰਸ ਪਾਰਟੀ ਦੇ ਹਲਕਾ ਇੰਚਾਰਜ ਵਿਧਾਨ ਸਭਾ ਮਜੀਠਾ ਭਗਵੰਤਪਾਲ ਸਿੰਘ ਸੱਚਰ ਦੇ ਸੱਸ-ਮਾਂ ਸੁਰਿੰਦਰਪਾਲ ਕੌਰ ਧਰਮ ਪਤਨੀ ਸਵ: ਧਨਵੰਤ ਸਿੰਘ ਆਨੰਦ ਜੋ 29/7/2025 ਨੂੰ ਆਪਣੀ ਸੰਸਾਰਿਕ ਯਾਤਰਾ ਪੂਰੀ ਕਰਦੇ ਹੋਏ ਸਦਾ ਲਈ ਗੁਰੂ ਚਰਨਾਂ ਵਿੱਚ ਜਾ ਬਿਰਾਜੇ ਸਨ, ਦੀ ਆਤਮਿਕ ਸ਼ਾਂਤੀ ਨਮਿਤ ਪਰਵਾਰ ਵੱਲੋਂ ਰਖਾਏ ਗਏ ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ 7/8/2025 ਦਿਨ ਵੀਰਵਾਰ ਨੂੰ ਉਨ੍ਹਾਂ ਦੇ ਗ੍ਰਹਿ ਵਿਖੇ ਪੈਣਗੇ।ਇਸ ਉਪਰੰਤ ਅੰਤਿਮ ਅਰਦਾਸ ਬਾਅਦ ਦੁਪਹਿਰ ਨੂੰ 12:30 ਤੋਂ 1:30 ਵਜੇ ਗੁਰ: ਛੇਵੀਂ ਪਾਤਸ਼ਾਹੀ ਈ-ਬਲਾਕ ਰਣਜੀਤ ਐਵੀਨਿਊ ਅੰਮ੍ਰਿਤਸਰ ਵਿਖੇ ਹੋਵੇਗੀ। ਇਸ ਦੌਰਾਨ ਰਾਗੀ ਸਿੰਘ ਗੁਰਬਾਣੀ ਵੈਰਾਗਮਈ ਕੀਰਤਨ ਕਰਨਗੇ ਅਤੇ ਵੱਖ-ਵੱਖ ਸਮਾਜਿਕ, ਰਾਜਨੀਤਕ, ਧਾਰਮਿਕ, ਮੁਲਾਜ਼ਮ ਅਤੇ ਸਮਾਜ ਸੇਵੀ ਸੰਗਠਨਾਂ ਦੇ ਆਗੂ ਮਰਹੂਮ ਸੁਰਿੰਦਰਪਾਲ ਕੌਰ ਨੂੰ ਸ਼ਰਧਾ ਸੁਮਨ ਭੇਟ ਕਰਨਗੇ।



## ਐੱਸ ਐੱਚ ਓ ਸਿਮਰਜੀਤ ਕੌਰ ਬਣੀ ਇੰਸਪੈਕਟਰ

ਮਜੀਠਾ (ਇੰਸ਼ ਆਨੰਦ)-ਮਜੀਠਾ ਹਲਕੇ ਦੇ ਵੱਖ-ਵੱਖ ਥਾਣਿਆਂ 'ਚ ਐੱਸਐੱਚਓ ਵਜੋਂ ਸੇਵਾ ਨਿਭਾ ਚੁੱਕੀ ਸਬ ਇੰਸਪੈਕਟਰ ਸਿਮਰਜੀਤ ਕੌਰ ਨੂੰ ਤਰੱਕੀ ਹੋਣ ਉਪਰੰਤ ਐੱਸਐੱਸਪੀ ਮਨਿੰਦਰਜੀਤ ਸਿੰਘ ਅੰਮ੍ਰਿਤਸਰ ਦਿਹਾਤੀ, ਐੱਸਪੀਡੀ ਅਦਿੱਤਿਆ ਸਿੰਘ ਨੇ ਇੰਸਪੈਕਟਰ ਦੇ ਅਹੁਦੇ ਦੇ ਸਟਾਰ ਲਾਏ।ਇਸ ਮੌਕੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਇੰਸਪੈਕਟਰ ਸਿਮਰਜੀਤ ਕੌਰ ਨੇ ਕਿਹਾ ਕਿ ਜੋ ਮਾਣ ਮੈਨੂੰ ਪ੍ਰਮਾਤਮਾ ਤੇ ਪੁਲਸ ਮਹਿਕਮੇ ਨੇ ਬਖਸ਼ਿਆ ਹੈ ਉਸ ਮਾਣ ਨੂੰ ਮੈਂ ਪੂਰੀ ਇਮਾਨਦਾਰੀ ਨਾਲ ਨਿਭਾਵਾਂਗੀ ਅਤੇ ਰਾਤ-ਦਿਨ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਰਹਾਂਗੀ।



# ਐੱਨ ਆਈ ਏ ਦੀ ਟੀਮ ਵੱਲੋਂ ਨੰਗਲ ਬਾਗਬਾਨਾਂ ਵਿਖੇ ਘਰ 'ਤੇ ਛਾਪੇਮਾਰੀ

ਕਾਦੀਆਂ (ਯਾਦਵਿੰਦਰ ਸਿੰਘ ਮਲਹੋਤਰਾ)-ਮੰਗਲਵਾਰ ਸਵੇਰੇ ਐੱਨਆਈਏ ਦੀ ਟੀਮ ਵੱਲੋਂ ਪਿੰਡ ਨੰਗਲ ਬਾਗਬਾਨਾਂ ਵਿੱਚ ਇੱਕ ਘਰ 'ਤੇ ਛਾਪਾ ਮਾਰਿਆ ਗਿਆ ਅਤੇ ਜਾਂਚ ਸ਼ੁਰੂ ਕੀਤੀ ਗਈ। ਇਹ ਕਾਰਵਾਈ ਸਥਾਨਕ ਲੋਕਾਂ ਵਿੱਚ ਚਰਚਾ ਦਾ ਵਿਸ਼ਾ ਬਣਿਆ ਹੋਇਆ।ਦੱਸ ਦਈਏ ਕਿ ਐੱਨਆਈਏ ਟੀਮ ਸਵੇਰੇ ਤੜਕੇ ਹੀ ਨੰਗਲ ਬਾਗਬਾਨਾਂ ਪਹੁੰਚ ਗਈ ਸੀ। ਇਹ ਘਰ ਜਸਵਿੰਦਰ ਸਿੰਘ ਦਾ ਸੀ।ਰਿਪੋਰਟਾਂ ਅਨੁਸਾਰ ਜਸਵਿੰਦਰ ਸਿੰਘ ਉਰਫ਼ ਜੱਸੀ, ਜੋ ਕਿ ਐੱਨਡੀਪੀਐੱਸ ਐਕਟ ਦੇ ਮਾਮਲੇ ਵਿੱਚ ਲੋੜੀਂਦਾ ਸੀ, ਕੈਨੇਡਾ ਭੱਜ ਗਿਆ ਸੀ। ਬਾਅਦ ਵਿੱਚ ਉਸਨੂੰ ਮਾਨਯੋਗ ਅਦਾਲਤ ਵੱਲੋਂ ਭਗੌੜਾ ਐਲਾਨ ਦਿੱਤਾ ਗਿਆ ਸੀ।ਪਿਛਲੇ ਮਹੀਨੇ ਉਸਨੂੰ ਕੈਨੇਡਾ ਤੋਂ ਡਿਪੋਰਟ ਕਰ ਦਿੱਤਾ ਗਿਆ ਸੀ।ਕੈਨੇਡਾ ਤੋਂ ਡਿਪੋਰਟ ਹੋਣ ਤੋਂ ਬਾਅਦ ਉਸਨੂੰ ਗ੍ਰਿਫ਼ਤਾਰ ਕਰ ਲਿਆ ਗਿਆ।ਅਦਾਲਤ ਤੋਂ ਅੱਜਕਲ ਜ਼ਮਾਨਤ 'ਤੇ ਰਿਹਾਅ ਸੀ।

ਅੱਜ ਐੱਨਆਈਏ ਟੀਮ ਨੇ ਉਸਦੇ ਘਰ 'ਤੇ ਛਾਪਾ ਮਾਰਿਆ। ਐੱਨਆਈਏ ਉਸਦੇ ਘਰ 'ਤੇ ਲਗਾਤਾਰ ਉਸਦੀ ਜਾਂਚ ਕਰ ਰਹੀ ਹੈ।ਸੰਪਰਕ ਕਰਨ 'ਤੇ ਨੰਗਲ ਬਾਗਬਾਨਾਂ ਦੇ ਸਰਪੰਚ ਦਰਸ਼ਨ ਸਿੰਘ ਨੇ ਕਿਹਾ ਕਿ ਪੁਲਸ ਟੀਮ ਸਵੇਰੇ 5 ਵਜੇ ਨੰਗਲ ਬਾਗਬਾਨਾਂ ਪਹੁੰਚੀ ਸੀ।ਦੇਰ ਸ਼ਾਮ ਲਗਭਗ 6 ਵਜੇ ਤੱਕ ਐੱਨਆਈਏ ਦੀ ਰੇਡ ਜਾਰੀ ਸੀ।



## ਬੋਨੀ ਅਮਰਪਾਲ ਸਿੰਘ ਅਜਨਾਲਾ ਅੰਮ੍ਰਿਤਸਰ ਦਿਹਾਤੀ ਦੇ ਜ਼ਿਲ੍ਹਾ ਪ੍ਰਧਾਨ ਬਣੇ

ਅਜਨਾਲਾ (ਸੁਖਤਿੰਦਰ ਸਿੰਘ ਰਾਜੂ)-ਭਾਰਤੀ ਜਨਤਾ ਪਾਰਟੀ ਵੱਲੋਂ ਜ਼ਿਲ੍ਹਾਵਾਰ ਕੀਤੀਆਂ ਜਾ ਰਹੀਆਂ ਪ੍ਰਧਾਨਗੀ ਦੀਆਂ ਚੋਣਾਂ ਤਹਿਤ ਅੰਮ੍ਰਿਤਸਰ ਜ਼ਿਲ੍ਹਾ ਦਿਹਾਤੀ ਤੋਂ ਅਜਨਾਲੇ ਤੋਂ ਸਾਬਕਾ ਵਿਧਾਇਕ ਅਤੇ ਓਬੀਸੀ ਮੋਰਚਾ ਪੰਜਾਬ ਦੇ ਪ੍ਰਧਾਨ ਬੋਨੀ ਅਮਰਪਾਲ ਸਿੰਘ ਅਜਨਾਲਾ ਨੂੰ ਭਾਰਤੀ ਜਨਤਾ ਪਾਰਟੀ ਦਾ ਜ਼ਿਲ੍ਹਾ ਪ੍ਰਧਾਨ ਨਿਯੁਕਤ ਕੀਤਾ ਗਿਆ। ਇਸ ਮੌਕੇ ਬੋਨੀ ਅਮਰਪਾਲ ਸਿੰਘ ਅਜਨਾਲਾ ਵੱਲੋਂ ਭਾਰਤੀ ਜਨਤਾ ਪਾਰਟੀ ਪੰਜਾਬ ਦੇ ਪ੍ਰਧਾਨ ਅਸ਼ਵਨੀ ਸ਼ਰਮਾ ਦਾ ਧੰਨਵਾਦ ਕੀਤਾ ਗਿਆ ਅਤੇ ਉਨ੍ਹਾਂ ਨੇ ਅੰਮ੍ਰਿਤਸਰ ਦੇ ਆਬਜ਼ਰਵਰ ਜਤਿੰਦਰ ਸਿੰਘ ਅਟਵਾਲ ਅਤੇ ਰਿਟਰਨਿੰਗ ਅਫਸਰ ਰਕੇਸ਼ ਭਾਟੀਆ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕਰਦਿਆਂ ਕਿਹਾ ਕਿ ਜੋ ਪਾਰਟੀ ਨੇ ਉਨ੍ਹਾਂ ਨੂੰ ਡਿਊਟੀ ਦਿੱਤੀ ਹੈ ਉਹ ਆਪਣੀ ਡਿਊਟੀ ਤਨਦੇਹੀ ਨਾਲ ਨਿਭਾਉਣਗੇ ਅਤੇ ਭਾਰਤੀ ਜਨਤਾ ਪਾਰਟੀ ਨੂੰ ਮਜ਼ਬੂਤ ਕਰਨ ਲਈ ਦਿਨ ਰਾਤ ਮਿਹਨਤ ਕਰਨਗੇ। ਇਸ ਮੌਕੇ ਭਾਰਤੀ ਜਨਤਾ ਪਾਰਟੀ ਦੇ ਅਜਨਾਲਾ ਹਲਕੇ ਤੋਂ ਵਰਕਰ ਬਾਊ ਅਸ਼ੋਕ ਕੁਮਾਰ ਮੰਨਣ, ਧਰਮਿੰਦਰ ਸਿੰਘ ਪ੍ਰਿੰਸ, ਸਤਿੰਦਰ ਸਿੰਘ ਮਾਕੋਵਾਲ, ਬਾਊ ਰਾਮ ਸ਼ਰਨ ਪ੍ਰੈਸ਼ਰ ਅਤੇ ਹਤਿੰਦਰ ਕੁਮਾਰ ਆਦਿ ਹਾਜ਼ਰ ਸਨ।



# ਸਹਾਇਕ ਕਮਿਸ਼ਨਰ ਵੱਲੋਂ ਜ਼ਿਲ੍ਹੇ 'ਚ ਸੇਫ਼ ਸਕੂਲ ਵਾਹਨ ਪਾਲਿਸੀ ਇੰਨ-ਬਿੰਨ ਲਾਗੂ ਕਰਨ ਦੇ ਨਿਰਦੇਸ਼

ਗੁਰਦਾਸਪੁਰ (ਜਨਕ ਮਹਾਜਨ)-ਸਹਾਇਕ ਕਮਿਸ਼ਨਰ (ਜਨਰਲ) ਆਦਿੱਤਯ ਗੁਪਤਾ ਦੀ ਪ੍ਰਧਾਨਗੀ ਹੇਠ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਦੇ ਕਾਨਫਰੰਸ ਹਾਲ ਵਿਖੇ ਰੋਡ ਸੇਫਟੀ ਕਮੇਟੀ ਦੀ ਮਹੀਨਾਵਾਰ ਮੀਟਿੰਗ ਹੋਈ। ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਸਹਾਇਕ ਕਮਿਸ਼ਨਰ (ਜਨਰਲ) ਆਦਿੱਤਯ ਗੁਪਤਾ ਨੇ ਕਿਹਾ ਕਿ ਜ਼ਿਲ੍ਹੇ ਵਿਚ ਸੇਫ਼ ਸਕੂਲ ਵਾਹਨ ਪਾਲਿਸੀ ਨੂੰ ਇੰਨ-ਬਿੰਨ ਲਾਗੂ ਕੀਤਾ ਜਾਵੇ ਅਤੇ ਜੋ ਵੀ ਸਕੂਲ ਇਸ ਪਾਲਿਸੀ ਦੀ ਉਲੰਘਣਾ ਕਰਦੇ ਹਨ ਉਨ੍ਹਾਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ। ਆਦਿੱਤਯ ਗੁਪਤਾ ਨੇ ਕਿਹਾ ਕਿ ਸੇਫ਼ ਸਕੂਲ ਵਾਹਨ ਪਾਲਿਸੀ ਤਹਿਤ ਸਕੂਲੀ ਬੱਸਾਂ ਵਿਚ ਫੁੱਟ ਸਟੈਪ ਦੀ ਉਚਾਈ 220 ਮਿਲੀਮੀਟਰ ਤੋਂ ਜ਼ਿਆਦਾ ਨਹੀਂ ਹੋਣੀ ਚਾਹੀਦੀ। ਸੀਸੀਟੀਵੀ ਦੀ ਫੁਟੇਜ 60 ਦਿਨ ਤੱਕ ਸੰਭਾਲ ਕੇ ਰੱਖਣੀ ਜ਼ਰੂਰੀ ਹੈ, ਸਕੂਲ ਬੱਸ ਡਰਾਈਵਰ ਨੇ ਨੀਲੇ ਫਿੱਕੇ ਰੰਗ ਦੀ ਕਮੀਜ਼ ਅਤੇ ਕਾਲੇ ਰੰਗ ਦੇ ਬੂਟ ਪਾਏ ਹੋਣ, ਡਰਾਈਵਰ ਦੇ ਨਾਮ ਵਾਲੀ ਆਈਡੀ ਪਲੇਟ ਲੱਗੀ ਹੋਵੇ ਅਤੇ ਡਰਾਈਵਰ ਕੋਲ ਸਾਰੇ ਬੱਚਿਆਂ ਦੇ ਨਾਮ, ਪਤਾ, ਕਲਾਸ ਅਤੇ ਬਲੱਡ ਗਰੁੱਪ ਵਾਲੀ ਲਿਸਟ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਸਕੂਲ ਬੱਸ ਵਿੱਚ ਸਮਰੱਥਾ ਤੋਂ ਵੱਧ ਬੱਚੇ ਨਾ ਬਿਠਾਏ ਜਾਣ, ਸਕੂਲ ਬੱਸ ਵਿੱਚ ਅੱਗ ਬੁਝਾਉਣ ਵਾਲਾ ਯੰਤਰ ਹੋਣਾ ਜ਼ਰੂਰੀ ਹੈ। ਸਹਾਇਕ ਕਮਿਸ਼ਨਰ ਨੇ ਕਿਹਾ ਕਿ ਸਕੂਲ ਬੱਸ ਨੂੰ ਸੁਨਹਿਰੀ ਪੀਲਾ ਰੰਗ ਜ਼ਰੂਰ ਕੀਤਾ ਹੋਵੇ ਅਤੇ ਇਕ ਐਮਰਜੈਂਸੀ ਤਾਕੀ ਅੱਗੇ ਤੇ ਇੱਕ ਪਿੱਛੇ ਜ਼ਰੂਰ ਹੋਵੇ। ਸਕੂਲ ਬੱਸ ਦੇ ਚਾਰੇ ਪਾਸੇ ਸਕੂਲ ਦਾ ਨਾਮ ਲਿਖਿਆ ਹੋਣਾ ਜ਼ਰੂਰੀ ਹੈ। ਸਕੂਲ ਬੱਸ ਡਰਾਈਵਰ ਕੋਲ ਘੱਟੋ-ਘੱਟ 5 ਸਾਲ ਦਾ ਤਜਰਬਾ ਹੋਣਾ ਜ਼ਰੂਰੀ ਹੈ, ਸਕੂਲ ਬੱਸ ਵਿਚ ਬੱਚਿਆਂ ਦੇ ਬੈਗ ਰੱਖਣ ਲਈ ਸੀਟ ਹੇਠਾਂ ਰੈਕ ਹੋਣਾ ਚਾਹੀਦਾ ਹੈ। ਸਕੂਲ ਬੱਸ ਵਿਚ ਫ਼ਸਟ ਏਡ ਬਾਕਸ ਹੋਣਾ ਲਾਜ਼ਮੀ ਹੈ। ਸਕੂਲ ਬੱਸ ਦੀਆਂ ਤਾਕੀਆਂ ਦੇ ਲਾਕ ਠੀਕ ਹੋਣੇ ਚਾਹੀਦੇ ਹਨ। ਸਕੂਲ ਬੱਸ ਵਿਚ ਲੇਡੀਜ਼ ਕੰਡਕਟਰ ਹੋਣੀ ਜ਼ਰੂਰੀ ਹੈ। ਜੇਕਰ ਕੋਈ ਸਕੂਲ ਇਨ੍ਹਾਂ ਨਿਯਮਾਂ ਦੀ ਪਾਲਣਾ ਨਹੀਂ ਕਰਦਾ ਤਾਂ ਸਕੂਲ ਮੁਖੀ ਅਤੇ ਡਰਾਈਵਰ 'ਤੇ ਨਿਯਮਾਂ ਨੂੰ ਨਾ ਮੰਨਣ 'ਤੇ ਧਾਰਾ 188 ਅਧੀਨ ਮਾਮਲਾ ਦਰਜ ਕੀਤਾ ਜਾਵੇਗਾ। ਸਕੂਲਾਂ ਮੁਖੀਆਂ ਉਪਰ ਕਾਨੂੰਨ ਮੁਤਾਬਿਕ ਬਣਦੀ ਕਾਰਵਾਈ ਕੀਤੀ ਜਾਵੇਗੀ।



## ਗੱਲਾ ਮਜ਼ਦੂਰ ਯੂਨੀਅਨ ਦਾ ਲੋਡਿੰਗ/ਅਨਲੋਡਿੰਗ (ਸੀਟੂ) 'ਚ ਰਲੇਵਾਂ

ਛੇਹਰਟਾ, (ਮਨੋਜ)-ਲੋਡਿੰਗ/ਅਨਲੋਡਿੰਗ ਵਰਕਰ ਯੂਨੀਅਨ (ਸੀਟੂ) ਦੀ ਮੀਟਿੰਗ ਪ੍ਰਧਾਨ ਧਰਮ ਸਿੰਘ ਦੀ ਪ੍ਰਧਾਨਗੀ ਹੇਠ ਸੀਟੂ ਦਫ਼ਤਰ ਅੰਮ੍ਰਿਤਸਰ ਵਿਚ ਹੋਈ।ਇਸ ਮੌਕੇ ਗੱਲਾ ਮਜ਼ਦੂਰ ਯੂਨੀਅਨ ਦੀ ਖਾਸਾ ਇਕਾਈ ਨੇ ਪ੍ਰਧਾਨ ਮਨਜੀਤ ਸਿੰਘ ਦੀ ਅਗਵਾਈ ਹੇਠ ਜਥੇਬੰਦੀ ਦਾ ਲੋਡਿੰਗ/ਅਨਲੋਡਿੰਗ (ਸੀਟੂ) ਵਿਚ ਰਲੇਵਾਂ ਕਰਨ ਦਾ ਐਲਾਨ ਕੀਤਾ।ਮੀਟਿੰਗ ਦਾ ਏਜੰਡਾ ਕਾਮਰੇਡ ਪ੍ਰਤਾਪ ਸਿੰਘ ਖਾਪੜ ਖੇੜੀ ਜਨਰਲ ਸਕੱਤਰ ਲੋਡਿੰਗ/ਅਨਲੋਡਿੰਗ ਯੂਨੀਅਨ ਨੇ ਪੇਸ਼ ਕੀਤਾ। ਬਹਿਸ ਉਪਰੰਤ ਫ਼ੈਸਲਾ ਕੀਤਾ ਗਿਆ ਕਿ ਅੱਜ ਤੋਂ ਗੱਲਾ ਮਜ਼ਦੂਰ ਯੂਨੀਅਨ ਦਾ ਲੋਡਿੰਗ/ਅਨਲੋਡਿੰਗ ਵਰਕਰ ਯੂਨੀਅਨ (ਸੀਟੂ) 'ਚ ਰਲੇਵਾਂ ਹੋ ਜਾਵੇਗਾ ਅਤੇ ਹੁਣ ਸਾਰੇ ਸਾਥੀ ਮਿਲ ਕੇ ਕੰਮ ਕਰਨਗੇ। ਇਸ ਮੌਕੇ ਸੀਟੂ ਦੇ ਸੂਬਾਈ ਵਿੱਤ ਸਕੱਤਰ ਕਾਮਰੇਡ ਸੁੱਚਾ ਸਿੰਘ ਅਜਨਾਲਾ ਨੇ ਦੋਵੇਂ ਜਥੇਬੰਦੀਆਂ ਦੇ ਰਲੇਵੇਂ 'ਤੇ ਵਧਾਈ ਦਿੱਤੀ ਅਤੇ ਇੱਕਮੁੱਠ ਹੋ ਕੇ ਪੰਜਾਬ ਸਰਕਾਰ ਦੀਆਂ ਲੋਕ ਤੇ ਮਜ਼ਦੂਰ ਵਿਰੋਧੀ ਨੀਤੀਆਂ ਬਾਰੇ ਸਪੱਸ਼ਟ ਕੀਤਾ ਕਿ ਅਸੀਂ ਇਕੱਠੇ ਹੋ ਕੇ ਹੀ ਇਨ੍ਹਾਂ ਨੀਤੀਆਂ ਨੂੰ ਮੋੜਾ ਦੇ ਸਕਦੇ ਹਾਂ।ਉਨ੍ਹਾਂ ਕਿਹਾ ਕਿ ਕੁਰਬਾਨੀਆਂ ਦੇ ਕੇ ਬਣਾਏ ਲੇਬਰ ਐਕਟ ਨੂੰ ਤੋੜ ਕੇ ਕੇਂਦਰ ਸਰਕਾਰ ਨੇ ਸਰਮਾਏਦਾਰ ਪੱਖੀ ਹੋਣ ਦਾ ਸਬੂਤ ਦਿੱਤਾ ਹੈ।ਉਨ੍ਹਾਂ ਕਿਹਾ ਕਿ ਇਨ੍ਹਾਂ ਜਾਬਰ ਮਜ਼ਦੂਰ ਵਿਰੋਧੀ ਸਰਕਾਰਾਂ ਨਾਲ ਇਕੱਠੇ ਹੋ ਕੇ ਹੀ ਲੜਿਆ ਜਾ ਸਕਦਾ ਹੈ।ਇਸ ਮੌਕੇ ਸੀਟੂ ਆਗੂ ਚਰਨਜੀਤ ਮਜੀਠਾ, ਕਿਸਾਨ ਆਗੂ ਕਾਮਰੇਡ ਸਵਿੰਦਰ ਸਿੰਘ ਮੀਰਾਂਕੋਟ, ਚਰਨ ਸਿੰਘ, ਸੁਰਜੀਤ ਸਿੰਘ, ਦਿਲਬਾਗ ਸਿੰਘ ਖਾਸਾ, ਦਲਵੀਰ ਸਿੰਘ, ਗੁਰਨਾਮ ਸਿੰਘ, ਬਲਵਿੰਦਰ ਸਿੰਘ, ਕੁਲਦੀਪ ਸਿੰਘ, ਰਾਜਵਿੰਦਰ ਸਿੰਘ, ਭਗਵੰਤ ਸਿੰਘ, ਦਿਲਬਾਗ ਸਿੰਘ ਆਦਿ ਸਾਥੀ ਹਾਜ਼ਰ ਸਨ।



# ਨਸ਼ਾ ਸਮੱਗਲਰ ਲੱਡੂ ਦੇ ਘਰ ਨੂੰ ਜ਼ਿਲ੍ਹਾ ਪ੍ਰਸ਼ਾਸਨ ਨੇ ਕੀਤਾ ਢਹਿ-ਢੇਰੀ

## *ਨਸ਼ੇ ਦੇ ਖਾਤਮੇ ਤੱਕ ਜਾਰੀ ਰਹੇਗਾ ਯੁੱਧ ਨਸ਼ਿਆਂ ਵਿਰੁੱਧ-ਡੀ ਸੀ ਪੀ

ਅੰਮ੍ਰਿਤਸਰ (ਨਰਿੰਦਰ ਜੀਤ ਸਿੰਘ/ਕਮਲੇਸ਼)-ਮੁੱਖ ਮੰਤਰੀ ਪੰਜਾਬ ਸ: ਭਗਵੰਤ ਸਿੰਘ ਮਾਨ ਵੱਲੋਂ ਨਸ਼ਿਆਂ ਖਿਲਾਫ ਸ਼ੁਰੂ ਕੀਤੇ ਗਏ ਯੁੱਧ ਨਸ਼ਿਆਂ ਵਿਰੁੱਧ ਨੂੰ ਅੱਗੇ ਤੋਰਦੇ ਹੋਏ ਜ਼ਿਲ੍ਹਾ ਪ੍ਰਸ਼ਾਸਨ ਨੇ ਨਸ਼ਾ ਸਮੱਗਲਰ ਰਾਮ ਸਿੰਘ ਉਰਫ ਲੱਡੂ ਪੁੱਤਰ ਜੋਗਿੰਦਰ ਸਿੰਘ ਵਾਸੀ ਆਬਾਦੀ ਨਾਨਕਪੁਰਾ, ਗੁਰੂ ਕੀ ਵਡਾਲੀ, ਅੰਮ੍ਰਿਤਸਰ, ਜਿਸ ਦੇ ਖਿਲਾਫ ਐੱਨਡੀਪੀਐੱਸ ਐਕਟ ਅਧੀਨ ਪੰਜਾਬ ਦੇ ਵੱਖ-ਵੱਖ ਥਾਣਿਆਂ ਵਿੱਚ 3 ਕੇਸ ਦਰਜ ਹਨ, ਦਾ ਘਰ ਮਸ਼ੀਨਾਂ ਦੀ ਮਦਦ ਨਾਲ ਮਲੀਆਮੇਟ ਕਰ ਦਿੱਤਾ।ਇਸ ਮੌਕੇ ਰਾਮ ਸਿੰਘ ਫਿਲਹਾਲ ਭਗੌੜਾ ਹੈ।ਦੱਸਣ ਯੋਗ ਹੈ ਕਿ ਇਸ ਤੋਂ ਪਹਿਲਾਂ ਅੰਮ੍ਰਿਤਸਰ ਸ਼ਹਿਰ ਵਿੱਚ ਨਸ਼ਾ ਸਮਗਲਰਾਂ ਦੀਆਂ 10 ਜਾਇਦਾਤਾਂ ਢਾਹੀਆਂ ਜਾ ਚੁੱਕੀਆਂ ਹਨ।ਪੁਲਸ ਦੇ ਡੀਸੀਪੀ ਆਲਮ ਵਿਜੈ ਸਿੰਘ ਨੇ ਨਸ਼ਾ ਤਸਕਰਾਂ ਨੂੰ ਚੇਤਾਵਨੀ ਭਰੇ ਲਹਿਜੇ ਵਿੱਚ ਸਪਸ਼ਟ ਸੰਦੇਸ਼ ਦਿੱਤਾ ਜੋ ਲੋਕ ਸਾਡੇ ਨੌਜਵਾਨਾਂ ਦੀ ਜ਼ਿੰਦਗੀ ਵਿੱਚ ਨਸ਼ਿਆਂ ਰੂਪੀ ਜ਼ਹਿਰ ਘੋਲ ਰਹੇ ਹਨ, ਉਨ੍ਹਾਂ ਉਤੇ ਕੋਈ ਰਹਿਮ ਨਹੀਂ ਕੀਤਾ ਜਾ ਸਕਦਾ।ਉਨ੍ਹਾਂ ਕਿਹਾ ਕਿ ਨਸ਼ਾ ਤਸਕਰਾਂ ਵਿਰੁੱਧ ਯੁੱਧ ਨਸ਼ੇ ਦੀ ਸਮਾਪਤੀ ਤੱਕ ਜਾਰੀ ਰਹੇਗਾ।ਉਨ੍ਹਾਂ ਕਿਹਾ ਕਿ ਨਸ਼ਾ ਤਸਕਰਾਂ ਖਿਲਾਫ ਪੁਲਸ ਸਖਤ ਕਾਰਵਾਈ ਕਰ ਰਹੀ ਹੈ ਅਤੇ ਜੋ ਵੀ ਇਸ ਧੰਦੇ ਵਿੱਚ ਸ਼ਾਮਿਲ ਹੈ, ਉਸ ਨੂੰ ਜੇਲ ਵਿੱਚ ਸੁੱਟਿਆ ਜਾ ਰਿਹਾ ਹੈ।ਇਸ ਤੋਂ ਇਲਾਵਾ ਨਸ਼ੇ ਦੇ ਰੋਗੀਆਂ ਦਾ ਇਲਾਜ ਵੀ ਪੁਲਸ ਕਰਵਾ ਰਹੀ ਹੈ।ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਸ ਭਗਵੰਤ ਸਿੰਘ ਮਾਨ ਇਸ ਨਸ਼ਾ ਵਿਰੁੱਧ ਮੁਹਿੰਮ ਉਤੇ ਨਜ਼ਰ ਰੱਖ ਰਹੇ ਹਨ ਅਤੇ ਪੁਲਸ ਰੋਜ਼ਾਨਾ ਨਸ਼ੇ ਦੀਆਂ ਵੱਡੀਆਂ ਖੇਪਾਂ ਬਰਾਮਦ ਕਰ ਰਹੀ ਹੈ।ਉਨ੍ਹਾਂ ਲੋਕਾਂ ਨੂੰ ਇਹ ਅਪੀਲ ਕੀਤੀ ਕਿ ਉਹ ਨਸ਼ਾ ਤਸਕਰਾਂ ਦੀ ਜਾਣਕਾਰੀ ਪੁਲਸ ਨਾਲ ਸਾਂਝੀ ਕਰਨ।ਉਨ੍ਹਾਂ ਕਿਹਾ ਕਿ ਅਸੀਂ ਜਾਣਕਾਰੀ ਦੇਣ ਵਾਲੇ ਦਾ ਨਾਂ ਬਿਲਕੁਲ ਗੁਪਤ ਰੱਖ ਕੇ ਐਸੀ ਕਾਰਵਾਈ ਕਰਾਂਗੇ ਕਿ ਨਸ਼ਾ ਤਸਕਰਾਂ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਵੀ ਯਾਦ ਰੱਖਣਗੀਆਂ।ਇਸ ਮੌਕੇ ਏਸੀਪੀ ਵੈਸਟ ਸ਼ਿਵਦਰਸ਼ਨ ਸਿੰਘ ਅਤੇ ਹੋਰ ਅਧਿਕਾਰੀ ਹਾਜ਼ਰ ਸਨ।



## ਐੱਚ ਡੀ ਐੱਫ ਸੀ ਬੈਂਕ ਨੇ ਨਾਗਰਿਕਾਂ ਨੂੰ ਏਪੀਕੇ ਧੋਖਾਧੜੀ ਤੋਂ ਬਚਣ ਲਈ ਇੱਕ ਮਹੱਤਵਪੂਰਨ ਸੰਦੇਸ਼ ਸਾਂਝਾ ਕੀਤਾ

ਜਲੰਧਰ-ਐੱਚ ਡੀ ਐੱਫ ਸੀ ਬੈਂਕ ਨੇ ਗਾਹਕਾਂ ਨੂੰ ਏ ਪੀ ਕੇ (ਐਂਡਰੌਇਡ ਪੈਕੇਜ ਕਿਟ) ਧੋਖਾਧੜੀ ਤੋਂ ਬਚਣ ਦੀ ਸਲਾਹ ਦੀ ਹੈ। ਇਹ ਉਦੇਸ਼ ਗਾਹਕਾਂ ਦੀ ਸੁਰੱਖਿਆ ਲਈ ਹੈ। ਏ ਪੀ ਕੇ ਘੋਟਾਲੇ ਵਿੱਚ ਧੋਖੇਬਾਜ਼ ਆਮ ਤੌਰ 'ਤੇ ਬੈਂਕਾਂ ਨੂੰ ਜਾਂ ਸਰਕਾਰੀ ਵਿਕਾਸ ਦੀ ਰਣਨੀਤੀ ਦੇ ਰੂਪ ਵਿੱਚ ਸਮਾਜਿਕ ਇੰਜੀਨੀਅਰਿੰਗ ਦਾ ਉਪਯੋਗ ਕਰਦੇ ਹਨ।

ਇਹ ਸੰਦੇਸ਼ ਪ੍ਰਾਪਤ ਕਰਨ ਵਾਲਾ ਇੱਕ ਫਰਜ਼ ਏ ਪੀ ਕੇ ਫਾਈਲ ਪ੍ਰਾਪਤ ਕਰਦਾ ਹੈ ਜੋ ਭਰੋਸੇਯੋਗ ਸਰੋਤਾਂ ਤੋਂ ਦਾਅਵਾ ਕਰਦਾ ਹੈ। ਜਦੋਂ ਕੋਈ ਵਿਅਕਤੀ ਸ਼ਾਮਲ ਹੁੰਦਾ ਹੈ ਤਾਂ ਉਹ ਧੋਖੇਬਾਜ਼ ਫ਼ੋਨ 'ਤੇ ਪੂਰਾ ਨਿਯੰਤਰਣ ਪ੍ਰਾਪਤ ਕਰਦਾ ਹੈ। ਗ੍ਰਾਹਕਾਂ ਨੂੰ ਘਰੇਲੂ ਵਿੱਤ (ਐੱਮ ਐੱਲ ਐੱਚ ਏ) ਦੁਆਰਾ ਸ਼ੁਰੂ ਕੀਤੇ ਗਏ ਹੈਲਪਲਾਈਨ ਨੰਬਰ 1930 'ਤੇ ਧੋਖਾਧੜੀ ਦੀ ਜਾਣਕਾਰੀ ਦੇਣ ਨਾਲ ਸ਼ਿਕਾਇਤ ਦਰਜ ਕਰਨੀ ਚਾਹੀਦੀ ਹੈ।

# ਸ਼ਹਿਰ ਨੂੰ ਪਲਾਸਟਿਕ ਮੁਕਤ ਕਰਵਾਉਣ ਲਈ ਜ਼ਿਲ੍ਹਾ ਪ੍ਰਸ਼ਾਸਨ ਤੇ ਕੇਂਦਰੀ ਜੇਲ ਕਰਨਗੇ ਸਾਂਝਾ ਉਪਰਾਲਾ

ਅੰਮ੍ਰਿਤਸਰ (ਨਰਿੰਦਰ ਜੀਤ ਸਿੰਘ/ਕਮਲੇਸ਼)-ਪਲਾਸਟਿਕ ਦੀ ਵਰਤੋਂ ਨੂੰ ਰੋਕਣ ਅਤੇ ਟਿਕਾਊ ਵਿਕਲਪਾਂ ਨੂੰ ਉਤਸ਼ਾਹਿਤ ਕਰਨ ਦੇ ਸਾਂਝੇ ਯਤਨਾਂ ਵਜੋਂ ਅੰਮ੍ਰਿਤਸਰ ਜ਼ਿਲ੍ਹਾ ਪ੍ਰਸ਼ਾਸਨ ਨੇ ਕੇਂਦਰੀ ਜੇਲ੍ਹ ਅਤੇ ਓਟੀਟੀ ਟ੍ਰਾਂਸਫਾਰਮੇਟਿਵ ਟਰੱਸਟ ਦੇ ਸਹਿਯੋਗ ਨਾਲ, ਵਾਤਾਵਰਣ-ਅਨੁਕੂਲ ਕੱਪੜੇ ਦੇ ਥੈਲਿਆਂ ਨੂੰ ਉਤਸ਼ਾਹਿਤ ਕਰਨ ਲਈ ਇੱਕ ਜੋਰਦਾਰ ਮੁਹਿੰਮ ਸ਼ੁਰੂ ਕਰਨ ਜਾ ਰਿਹਾ ਹੈ। ਇਸ ਬਾਰੇ ਜਾਣਕਾਰੀ ਦਿੰਦੇ ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਨੇ ਦੱਸਿਆ ਕਿ ਸਾਡੀ ਕੋਸ਼ਿਸ਼ ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਦੀਆਂ ਇਸ ਮੁੱਦੇ ਉੱਤੇ ਜਾਰੀ ਕੀਤੀਆਂ ਹਿਦਾਇਤਾਂ ਨੂੰ ਇੰਨ-ਬਿੰਨ ਲਾਗੂ ਕਰਨ ਦੀ ਹੈ। ਉਨ੍ਹਾਂ ਕਿਹਾ ਕਿ ਭਵਿੱਖ ਵਿੱਚ ਪਲਾਸਟਿਕ ਦੀ ਵਰਤੋਂ ਰੋਕਣ ਲਈ ਦੁਕਾਨਦਾਰਾਂ ਨੂੰ ਇਹ ਬਦਲ ਦਿੱਤਾ ਜਾਵੇਗਾ। ਜੋ ਦੁਕਾਨਦਾਰ ਪਲਾਸਟਿਕ ਦੀ ਵਰਤੋਂ ਤੋਂ ਨਹੀਂ ਰੁਕਣਗੇ ਉਨ੍ਹਾਂ ਨੂੰ ਜੁਰਮਾਨੇ ਦਾ ਸਾਹਮਣਾ ਕਰਨਾ ਪਵੇਗਾ। ਉਨ੍ਹਾਂ ਦੱਸਿਆ ਕਿ ਇਸ ਮਿਸ਼ਨ ਲਈ ਡਾ. ਸਿਮਰਪ੍ਰੀਤ ਸੰਧੂ "ਓਟੀਟੀ ਟ੍ਰਾਂਸਫਾਰਮੇਟਿਵ ਟਰੱਸਟ" ਦੇ ਸਹਿਯੋਗ ਨਾਲ ਕੱਪੜੇ ਦੇ ਥੈਲਿਆਂ ਲਈ ਕੱਚਾ ਮਾਲ ਟੈਕਸਟਾਈਲ ਉਦਯੋਗ ਤੋਂ ਲਿਆ ਜਾਵੇਗਾ ਅਤੇ ਬੈਗਾਂ ਨੂੰ ਕੇਂਦਰੀ ਜੇਲ੍ਹ, ਅੰਮ੍ਰਿਤਸਰ ਦੇ ਕੈਦੀਆਂ ਦੁਆਰਾ ਸਿਲਾਈ ਕੀਤਾ ਜਾਵੇਗਾ। ਇਹ ਬੈਗ ਵਾਤਾਵਰਣ-ਅਨੁਕੂਲ, ਟਿਕਾਊ ਅਤੇ ਲਿਜਾਣ ਵਿੱਚ ਆਸਾਨ ਹੋਣਗੇ। ਉਨ੍ਹਾਂ ਕਿਹਾ ਕਿ ਜਿੱਥੇ ਸੈਲਾਨੀਆਂ ਦੀ ਆਮਦ ਜ਼ਿਆਦਾ ਹੈ ਉੱਥੇ ਇਨ੍ਹਾਂ ਦੀ ਵਰਤੋਂ ਤਰਜੀਹੀ ਆਧਾਰ ਉੱਤੇ ਕੀਤੀ ਜਾਵੇਗੀ ਅਤੇ ਸਾਡਾ ਟੀਚਾ ਨਵੰਬਰ ਤੱਕ 3.5 ਲੱਖ ਕੱਪੜੇ ਦੇ ਬੈਗ ਤਿਆਰ ਕਰਨ ਦਾ ਹੈ। ਡਿਪਟੀ ਕਮਿਸ਼ਨਰ ਨੇ ਕਿਹਾ ਕਿ ਇਸ ਤੋਂ ਇਲਾਵਾ ਮਾਰਕੀਟ ਐਸੋਸੀਏਸ਼ਨਾਂ ਅਤੇ ਸਿਵਲ ਡਿਫੈਂਸ ਵਲੰਟੀਅਰਾਂ ਦਾ ਸਾਥ ਵੀ ਲਿਆ ਜਾਵੇਗਾ।



## ਰਿਦਮਿਕ ਤੇ ਆਰਟਿਸਟਿਕ ਯੋਗਾ 'ਚ ਆਰ ਡੀ ਖੋਸਲਾ ਸਕੂਲ ਵੱਲੋਂ ਪਹਿਲਾ ਤੇ ਦੂਸਰਾ ਸਥਾਨ ਹਾਸਲ

ਬਟਾਲਾ (ਡਾ. ਮਲਵਿੰਦਰ ਸਿੰਘ)-ਆਰ. ਡੀ. ਖੋਸਲਾ ਡੀਏਵੀਮਾਡਲ ਸੀਨੀਅਰ ਸੈਕੰਡਰੀ ਸਕੂਲ ਬਟਾਲਾ ਦੇ ਅੰਡਰ -17 ਲੜਕਿਆਂ ਦੀ ਟੀਮ ਨੇ ਪਹਿਲਾ ਤੇ ਅੰਡਰ -14 ਤੇ ਅੰਡਰ -19 ਲੜਕਿਆਂ ਦੀ ਟੀਮ ਨੇ ਦੂਜਾ ਸਥਾਨ ਹਾਸਲ ਕੀਤਾ।ਲੜਕੀਆਂ ਦੀ ਟੀਮ ਵਿੱਚ ਅੰਡਰ -14, -17 ਤੇ -19 ਨੇ ਦੂਜਾ ਸਥਾਨ ਪ੍ਰਾਪਤ ਕਰਕੇ ਸਿਲਵਰ ਦੇ ਤਗਮੇ ਹਾਸਲ ਕੀਤੇ ।ਵਿਅਕਤੀਗਤ ਮੁਕਾਬਲਿਆਂ ਵਿੱਚ ਅੰਡਰ -14 ਰਿਦਮਿਕ ਯੋਗਾ ਵਿੱਚ ਰਾਜਵੀਰ ਕੌਰ ਤੇ ਗੁਰਲੀਨ ਕੌਰ ਆਰਟਿਸਟਿਕ ਯੋਗਾ ਵਿੱਚੋਂ ਪਹਿਲੇ ਸਥਾਨ 'ਤੇ ਰਹੀਆਂ।ਅੰਡਰ -17 ਲੜਕੀਆਂ ਦੀ ਟੀਮ ਵਿੱਚ ਅਨੁਰੀਤ ਕੌਰ ਰਿਦਮਿਕ ਯੋਗਾ ਵਿੱਚ ਦੂਜੇ ਸਥਾਨ 'ਤੇ ਮਨੂਲੀਨ ਕੌਰ ਆਰਟਿਸਟਿਕ ਯੋਗਾ ਵਿੱਚ ਦੂਜੇ ਸਥਾਨ 'ਤੇ ਰਹੀ।ਅੰਡਰ -19 ਆਰਟਿਸਟਿਕ ਯੋਗਾ ਵਿੱਚ ਖੁਸ਼ਮੀਤ ਕੌਰ ਪਹਿਲੇ ਸਥਾਨ ਤੇ ਅਨੰਨਿਆ ਸ਼ਰਮਾ ਦੂਜੇ ਸਥਾਨ 'ਤੇ ਰਹੀ।ਵਿਅਕਤੀਗਤ ਲੜਕਿਆਂ ਦੇ ਮੁਕਾਬਲੇ ਵਿੱਚ ਏਕਮਜੋਤ ਅੰਡਰ -14 ਆਰਟਿਸਟਿਕ ਯੋਗਾ ਵਿੱਚ ਪਹਿਲੇ ਸਥਾਨ 'ਤੇ ਅੰਸ਼ੂ ਰਿਦਮਿਕ ਯੋਗਾ ਵਿੱਚ ਦੂਜੇ ਸਥਾਨ ਤੇ ਰਹੇ।ਅੰਡਰ -17 ਦੀ ਟੀਮ ਵਿੱਚ ਸਕਸ਼ਮ ਮਹਾਜਨ ਤੇ ਅੰਡਰ -19 ਲੜਕਿਆਂ ਦੀ ਟੀਮ ਵਿੱਚ ਤਰੁਣ ਕੁਮਾਰ ਰਿਦਮਿਕ ਯੋਗਾ ਵਿੱਚ ਪਹਿਲੇ ਸਥਾਨ ਤੇ ਰਹੇ ਤੇ ਚਿਰਾਗ ਸ਼ਰਮਾ ਆਰਟਿਸਟਿਕ ਯੋਗਾ ਵਿੱਚ ਦੂਜੇ ਸਥਾਨ ਤੇ ਰਿਹਾ। ਅੰਡਰ -19 ਲੜਕਿਆਂ ਦੀ ਟੀਮ ਵਿੱਚ ਤਰੁਣ ਕੁਮਾਰ ਭਾਵਿਸ਼ ਸ਼ਰਮਾ ਤੇ ਤਰੁਣ ਕੁਮਾਰ ਦੀ ਚੋਣ ਜ਼ਿਲਾ ਪੱਧਰ ਦੇ ਲਈ ਹੋਈ।ਅੰਡਰ-17 ਸਕਸ਼ਮ ਮਹਾਜਨ ਸ਼ਿਵ ਕਰਨ ਸਿੰਘ, ਰਾਜ ਰਣਬੀਰ ਸਿੰਘ, ਅਭਿਜੋਤ ਸਿੰਘ, ਸਕਸ਼ਮ ਮਹਾਜਨ ਦੀ ਟੀਮ ਜ਼ਿਲਾ ਪੱਧਰ ਲਈ ਚੁਣੀ ਗਈ। ਅੰਡਰ -14 ਲੜਕਿਆਂ ਦੀ ਟੀਮ ਵਿੱਚ ਏਕਮ ਜੋਤ ਸਿੰਘ ਆਰਟਿਸਟਿਕ ਯੋਗਾ ਲਈ ਜ਼ਿਲਾ ਪੱਧਰ ਲਈ ਚੁਣਿਆ ਗਿਆ।ਅੰਡਰ -14 ਰਾਜਵੀਰ ਕੌਰ, ਗੁਰਲੀਨ ਕੌਰ, ਅੰਡਰ -17 ਮਨੂਲੀਨ ਕੌਰ ਅਤੇ ਅਨੁਰੀਤ ਕੌਰ ਅੰਡਰ -19 ਖੁਸ਼ਮੀਤ ਕੌਰ, ਨਮਰਤਾ ਸ਼ਰਮਾ, ਖੁਸ਼ਮੀਤ ਕੌਰ ਜ਼ਿਲਾ ਪੱਧਰ ਲਈ ਚੁਣੇ ਗਏ।ਇਨ੍ਹਾਂ ਮੁਕਾਬਲਿਆਂ ਵਿੱਚ ਭਾਗ ਲੈਣ ਵਾਲੇ ਵਿਦਿਆਰਥੀਆਂ ਨੇ 11 ਸੋਨੇ ਤੇ 30 ਚਾਂਦੀ ਦੇ ਤਗਮੇ ਹਾਸਲ ਕਰਕੇ ਸਕੂਲ ਦਾ ਮਾਣ ਵਧਾਇਆ। ਸਕੂਲ ਚੇਅਰਮੈਨ ਅਰਵਿੰਦ ਖੋਸਲਾ, ਪ੍ਰੈਜ਼ੀਡੈਂਟ ਅਜੇ ਖੋਸਲਾ ਤੇ ਪ੍ਰਿੰ. ਬਿੰਦੂ ਭੱਲਾ ਨੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ।



# ਅਬੈਕਸ ਤੇ ਵੈਦਿਕ ਮੈਥ ਦੇ ਨਤੀਜਿਆਂ 'ਚ ਮੱਲਾਂ ਮਾਰਨ ਵਾਲੇ ਵਿਦਿਆਰਥੀ ਸਨਮਾਨਿਤ

ਝਬਾਲ (ਹਰਜਿੰਦਰ ਸਿੰਘ ਸੋਨੀ)- ਸ੍ਰੀ ਗੁਰੂ ਹਰਿਕ੍ਰਿਸ਼ਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਝਬਾਲ ਵਿਖੇ ਸੈਸ਼ਨ 2024-2025 ਤੋਂ ਵਿਦਿਆਰਥੀਆਂ ਦੇ ਦਿਮਾਗੀ ਵਿਕਾਸ ਲਈ ਕੇਜੀ ਤੋਂ ਲੈ ਕੇ ਚੌਥੀ ਜਮਾਤ ਦੇ ਵਿਦਿਆਰਥੀਆਂ ਲਈ ਅਬੈਕਸ ਅਤੇ ਚੌਥੀ ਤੋਂ ਲੈ ਕੇ ਸੱਤਵੀਂ ਜਮਾਤ ਦੇ ਵਿਦਿਆਰਥੀਆਂ ਲਈ ਵੈਦਿਕ ਮੈਥ ਸ਼ੁਰੂ ਕੀਤਾ ਗਿਆ ਸੀ ਜਿਸ ਵਿੱਚ ਵਿਦਿਆਰਥੀਆਂ ਨੇ ਵਧੀਆ ਕਾਰਗੁਜ਼ਾਰੀ ਦਿਖਾਉਂਦਿਆਂ ਆਪਣੇ ਸਕੂਲ ਦਾ ਨਾਮ ਰੌਸ਼ਨ ਕੀਤਾ।

ਇਸ ਵਿੱਚ ਕੁੱਲ 1187 ਵਿਦਿਆਰਥੀਆਂ ਨੇ ਭਾਗ ਲਿਆ।ਜਿਨ੍ਹਾਂ ਵਿੱਚੋਂ 35 ਵਿਦਿਆਰਥੀਆਂ ਨੇ ਗੋਲਡ ਮੈਡਲ, 37 ਵਿਦਿਆਰਥੀਆਂ ਨੇ ਸਿਲਵਰ ਮੈਡਲ ਅਤੇ 50 ਵਿਦਿਆਰਥੀਆਂ ਨੇ ਬਰੋਂਜ਼ ਮੈਡਲ ਹਾਸਲ ਕੀਤੇ। ਬਾਕੀ ਭਾਗ ਲੈਣੇ ਵਾਲੇ ਵਿਦਿਆਰਥੀਆਂ ਨੇ ਪਾਰਟੀਸਿਪੇਸ਼ਨ ਸਰਟੀਫਿਕੇਟ ਪ੍ਰਾਪਤ ਕੀਤੇ। ਸਕੂਲ ਦੇ ਮੈਂਬਰ ਇੰਚਾਰਜ ਸ. ਮਨਜੀਤ ਸਿੰਘ ਢਿੱਲੋਂ, ਆਦਰਸ਼ਪਿੰਦਰ ਸਿੰਘ ਮਾਨ, ਅਜੀਤਪਾਲ ਸਿੰਘ ਅਨੇਜਾ ਅਤੇ ਸਕੂਲ ਦੇ ਪ੍ਰਿੰਸੀਪਲ ਅਨੁਰੀਤ ਬਾਵਾ ਨੇ ਇਨ੍ਹਾਂ ਵਿਦਿਆਰਥੀਆਂ ਦੀ ਹੌਸਲਾ ਅਫ਼ਜਾਈ ਕਰਦਿਆਂ ਇਨ੍ਹਾਂ ਨੂੰ ਸਨਮਾਨਿਤ ਕੀਤਾ ਅਤੇ ਅੱਗੇ ਤੋਂ ਹੋਰ ਮਿਹਨਤ ਕਰਕੇ ਜ਼ਿੰਦਗੀ ਵਿੱਚ ਬੁਲੰਦੀਆਂ ਨੂੰ ਛੂਹਣ ਦਾ ਆਸ਼ੀਰਵਾਦ ਦਿੱਤਾ।



# ਬਿਨਾਂ ਹੈਲਮਟ ਤੋਂ ਦੋਪਹੀਆ ਵਾਹਨ ਚਲਾਉਣ ਵਾਲਿਆਂ ਖਿਲਾਫ ਹੋਵੇ ਸਖਤ ਕਾਰਵਾਈ

**ਗੁਰਦਾਸਪੁਰ (ਜਨਕ ਮਹਾਜਨ)**-ਅਕਸਰ ਹੀ ਆਪਣੀ ਜ਼ਿੰਦਗੀ ਨੂੰ ਦਾਅ 'ਤੇ ਲਗਾ ਕੇ ਬਿਨਾਂ ਹੈਲਮਟ ਦੇ ਦੋ ਪਹੀਆ ਵਾਹਨ ਚਾਲਕਾਂ ਖਿਲਾਫ ਟਰੈਫਿਕ ਵਿਭਾਗ ਨੂੰ ਸਖਤ ਕਾਰਵਾਈ ਕਰਨੀ ਚਾਹੀਦੀ ਤਾਂ ਜੋ ਕੋਈ ਵੀ ਵਾਹਨ ਚਾਲਕ ਆਪਣੇ ਦੋਪਹੀਆ ਵਾਹਨਾਂ ਨੂੰ ਬਿਨਾਂ ਹੈਲਮਟ ਤੋਂ ਨਾ ਚਲਾ ਸਕੇ।

ਸਮਾਜ ਸੇਵੀ ਆਗੂਆਂ ਨੇ ਗੱਲਬਾਤ ਕਰਦਿਆਂ ਕਿਹਾ ਕਿ ਗੁਰਦਾਸਪੁਰ ਸ਼ਹਿਰ ਅਤੇ ਅੰਮ੍ਰਿਤਸਰ-ਪਠਾਨਕੋਟ ਨੈਸ਼ਨਲ ਹਾਈਵੇ 'ਤੇ ਅਕਸਰ ਹੀ ਮੋਟਰਸਾਈਕਲ, ਸਕੂਟਰੀਆਂ 'ਤੇ ਵਾਹਨ ਚਾਲਕ ਬਿਨਾਂ ਹੈਲਮਟ ਦੇ ਤੇਜ਼ ਸਪੀਡ ਨਾਲ ਆਉਂਦੇ-ਜਾਂਦੇ ਹਨ।

ਉਨ੍ਹਾਂ ਕਿਹਾ ਇਕ ਛੋਟੀ ਜਿਹੀ ਲਾਪਰਵਾਹੀ ਨਾਲ ਕਈ ਕੀਮਤੀ ਜਾਨਾਂ ਚਲੀਆਂ ਜਾਂਦੀਆਂ ਹਨ। ਉਨ੍ਹਾਂ ਕਿਹਾ ਕਿ ਚੰਡੀਗੜ੍ਹ ਵਰਗੇ ਸ਼ਹਿਰਾਂ ਵਿਚ ਕੋਈ ਵੀ ਵਾਹਨ ਚਾਲਕ ਬਿਨਾਂ ਹੈਲਮਟ ਤੋਂ ਦੋਪਹੀਆ ਵਾਹਨ ਨਹੀਂ ਚਲਾ ਸਕਦਾ ਕਿਉਂਕਿ ਉਥੇ ਬਿਨ੍ਹਾਂ ਹੈਲਮਟ ਵਾਲਿਆਂ ਖ਼ਿਲਾਫ਼ ਸਖ਼ਤੀ ਨਾਲ ਕਾਰਵਾਈ ਕੀਤੀ ਜਾਂਦੀ ਹੈ ਜਦੋਂ ਕਿ ਪੰਜਾਬ ਵਿਚ ਅਜਿਹਾ ਨਹੀਂ ਹੁੰਦਾ ਅਤੇ ਅਕਸਰ ਹੀ ਦੋਪਹੀਆ ਵਾਹਨ ਚਾਲਕ ਬਿਨਾਂ ਹੈਲਮਟ ਤੋਂ ਵਾਹਨ ਚਲਾਉਂਦੇ ਨਜ਼ਰ ਆਉਂਦੇ ਹਨ।

ਉਨ੍ਹਾਂ ਦੱਸਿਆ ਕਿ ਮਹਿੰਗੇ ਭਾਅ ਦਾ ਮੋਟਰਸਾਈਕਲ, ਸਕੂਟਰ ਲੋਕਾਂ ਵਲੋਂ ਖਰੀਦ ਲਏ ਜਾਂਦੇ ਹਨ ਪਰ ਥੋੜ੍ਹੀ ਰਕਮ ਦਾ ਆਪਣੀ ਸੇਫਟੀ ਲਈ ਹੈਲਮਟ ਰਾਹੀਂ ਖਰੀਦਿਆ ਜਾਂਦਾ। ਉਨ੍ਹਾਂ ਨੇ ਟਰੈਫਿਕ ਵਿਭਾਗ ਪਾਸੋਂ ਮੰਗ ਕੀਤੀ ਕਿ ਗੁਰਦਾਸਪੁਰ ਸ਼ਹਿਰ ਅੰਦਰ ਲੋਕਾਂ ਦੀ ਸੁਰੱਖਿਆ ਨੂੰ ਲੈ ਕੇ ਬਿਨਾਂ ਹੈਲਮਟ ਤੋਂ ਮੋਟਰਸਾਈਕਲ, ਸਕੂਟਰ ਚਲਾਉਣ ਵਾਲਿਆਂ ਖਿਲਾਫ ਸਖਤ ਕਾਰਵਾਈ ਕੀਤੀ ਜਾਵੇ ਤਾਂ ਜੋ ਕੋਈ ਵੀ ਵਾਹਨ ਚਾਲਕ ਬਿਨਾਂ ਹੈਲਮਟ ਤੋਂ ਦੋ ਪਹੀਆ ਵਾਹਨ ਨਾ ਚਲਾ ਸਕੇ।

# ਸ੍ਰੀ ਗੁਰੂ ਹਰਕ੍ਰਿਸ਼ਨ ਸਕੂਲ ਆਫ ਕੈਂਡਿਡ ਸਟੱਡੀਜ਼ ਫਤਿਹਾਬਾਦ ਦੀ ਜ਼ੋਨ ਪੱਧਰੀ ਖੇਡਾਂ 'ਚ ਝੰਡੀ

ਖਡੂਰ ਸਾਹਿਬ (ਸਰਬਜੋਤ ਸਿੰਘ ਸੰਧਾ)- 69ਵੀਆਂ ਜ਼ੋਨ ਪੱਧਰੀ ਖੇਡਾਂ ਵਿੱਚ ਜ਼ੋਨ ਗੋਇੰਦਵਾਲ ਸਾਹਿਬ ਦੇ ਵੱਖ ਵੱਖ ਖੇਡਾਂ ਦੇ ਮੁਕਾਬਲੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਫਤਿਹਾਬਾਦ ਦੀ ਗਰਾਊਂਡ ਵਿੱਚ ਕਨਵੀਨਰ ਗੁਰਿੰਦਰ ਸਿੰਘ ਦੀ ਅਗਵਾਈ ਵਿੱਚ ਕਰਵਾਏ ਗਏ।ਇਨ੍ਹਾਂ ਮੁਕਾਬਲਿਆ ਵਿੱਚ ਜ਼ੋਨ ਗੋਇੰਦਵਾਲ ਸਾਹਿਬ ਦੇ ਲਗਭਗ 20 ਸਕੂਲਾਂ ਦੇ ਵਿਦਿਆਰਥੀਆਂ ਨੇ ਭਾਗ ਲਿਆ।ਅੰਡਰ-14 ਦੇ ਲੜਕਿਆ ਦੇ ਕ੍ਰਿਕਟ ਦੇ ਮੁਕਾਬਲਿਆਂ ਵਿੱਚ ਗੁਰੂ ਹਰਕ੍ਰਿਸ਼ਨ ਸਕੂਲ ਆਫ ਕੈਂਡਿਡ ਸਟੱਡੀਜ਼ ਫਤਿਹਾਬਾਦ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਖੇਡ ਦਾ ਪ੍ਰਦਰਸ਼ਨ ਕਰਦੇ ਹੋਏ ਜ਼ੋਨ ਵਿੱਚੋਂ ਪਹਿਲਾ ਸਥਾਨ ਹਾਸਿਲ ਕਰਕੇ ਸਕੂਲ ਦਾ ਨਾਮ ਰੌਸ਼ਨ ਕੀਤਾ।ਇਸ ਤੋਂ ਇਲਾਵਾ ਅੰਡਰ-17 ਉਮਰ ਵਰਗ ਵਿੱਚ ਵੀ ਸਕੂਲ ਦੀ ਟੀਮ ਨੇ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਜ਼ੋਨ ਵਿੱਚੋਂ ਦੂਸਰਾ ਸਥਾਨ ਹਾਸਲ ਕੀਤਾ।ਸਕੂਲ ਪਹੁੰਚਣ 'ਤੇ ਇਨ੍ਹਾਂ ਵਿਦਿਆਰਥੀਆਂ ਦਾ ਸਕੂਲ ਦੇ ਚੇਅਰਮੈਨ ਰਵਿੰਦਰ ਕੁਮਾਰ ਅਤੇ ਪ੍ਰਿੰ. ਅਨੀਤਾ ਚਤਰਥ ਦੀ ਅਗਵਾਈ ਹੇਠ ਸਮੂਹ ਸਕੂਲ ਸਟਾਫ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ।ਇਸ ਮੌਕੇ ਸਕੂਲ ਪ੍ਰਿੰਸੀਪਲ ਅਨੀਤਾ ਚਤਰਥ ਨੇ ਵਿਦਿਆਰਥੀਆਂ ਦੀ ਇਸ ਸਫਲਤਾ ਲਈ ਮੁਬਾਰਕਬਾਦ ਦਿੰਦੇ ਹੋਏ ਅੱਗੇ ਹੋਣ ਵਾਲੇ ਜ਼ਿਲ੍ਹਾ ਪੱਧਰੀ ਮੁਕਾਬਲਿਆਂ ਲਈ ਸ਼ੁਭਕਾਮਨਾਵਾਂ ਦਿੱਤੀਆਂ ।ਇਸ ਮੌਕੇ ਸੰਸਥਾ ਦੇ ਸਰਪ੍ਰਸਤ ਮਾਸਟਰ ਮੰਗਤ ਰਾਮ, ਮੈਡਮ ਸੰਤੋਸ਼ ਕੁਮਾਰੀ, ਮਮਤਾ, ਬਲਜੀਤ, ਜਸਬੀਰ ਸਿੰਘ, ਅਰਚਨਾ, ਰਮਨਦੀਪ ਕੌਰ, ਇੰਦੀਪ, ਰਜਨੀਸ਼, ਕਿਰਨਦੀਪ ਕੌਰ, ਨਵਨੀਤ, ਅੰਤਰਪ੍ਰੀਤ ਕੌਰ, ਜਸਪ੍ਰੀਤ ਕੌਰ, ਕੰਵਲਪ੍ਰੀਤ ਕੌਰ, ਨਵਪ੍ਰੀਤ, ਡੌਲੀ, ਕੁਲਵਿੰਦਰ, ਮਨਜਿੰਦਰ ਕੌਰ, ਹਰਪ੍ਰੀਤ ਅਤੇ ਮੈਡਮ ਕੋਮਲਦੀਪ ਕੌਰ ਹਾਜ਼ਿਰ ਸਨ ।



## ਸੈਸ਼ਨ ਜੱਜ ਵੱਲੋਂ ਜੇਲ ਦਾ ਦੌਰਾ, ਕੈਦੀਆਂ ਦੀਆਂ ਸਮੱਸਿਆਵਾਂ ਸੁਣੀਆਂ

ਪਠਾਨਕੋਟ (ਦਵਿੰਦਰ ਸਿੰਘ)-ਜ਼ਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ ਪਠਾਨਕੋਟ ਦੇ ਚੇਅਰਮੈਨ-ਕਮ- ਡਿਸਟ੍ਰਿਕਟ ਐਂਡ ਸੈਸ਼ਨ ਜੱਜ ਜਤਿੰਦਰ ਪਾਲ ਸਿੰਘ ਖੁਰਮੀ ਵੱਲੋਂ ਸਬ ਜੇਲ ਪਠਾਨਕੋਟ ਦਾ ਦੌਰਾ ਕੀਤਾ ਗਿਆ ਅਤੇ ਕੈਦੀਆਂ ਦੀਆਂ ਸਮੱਸਿਆਵਾਂ ਸੁਣੀਆਂ। ਇਸ ਮੌਕੇ ਸੈਸ਼ਨ ਜੱਜ ਵੱਲੋਂ ਕੈਦੀਆਂ ਦੀਆਂ ਬੈਰਕਾਂ ਦੀ ਜਾਂਚ ਕੀਤੀ ਗਈ। ਜਿਨ੍ਹਾਂ ਹਵਾਲਾਤੀਆਂ ਕੋਲ ਵਕੀਲ ਨਹੀਂ ਸਨ ਉਨ੍ਹਾਂ ਨੂੰ ਜ਼ਿਲ੍ਹਾ ਕਾਨੂੰਨੀ ਸੇਵਾ ਅਥਾਰਟੀ ਵੱਲੋਂ ਮੁਫਤ ਵਿੱਚ ਵਕੀਲ ਮੁਹੱਈਆ ਕਰਵਾਏ ਗਏ। ਇਸ ਮੌਕੇ ਜ਼ਿਲ੍ਹਾ ਅਤੇ ਸੈਸ਼ਨ ਜੱਜ ਜਤਿੰਦਰ ਪਾਲ ਸਿੰਘ ਖੁਰਮੀ ਨੇ ਕਿਹਾ ਕਿ ਨੈਸ਼ਨਲ ਲੀਗਲ ਸਰਵਿਸ ਅਥਾਰਟੀ ਦੇ ਨਿਰਦੇਸ਼ਾਂ ਅਨੁਸਾਰ ਹਰ ਕੈਦੀ ਅਤੇ ਹਵਾਲਾਤੀ ਨੂੰ ਮੁਫਤ ਕਾਨੂੰਨੀ ਸਹਾਇਤਾ ਦਾ ਅਧਿਕਾਰ ਹੈ, ਜਿਸ ਦੇ ਮੱਦੇਨਜ਼ਰ ਅੱਜ ਉਨ੍ਹਾਂ ਵੱਲੋਂ ਸਬ ਜੇਲ ਪਠਾਨਕੋਟ ਦਾ ਦੌਰਾ ਕੀਤਾ ਗਿਆ, ਤਾਂ ਜੋ ਹਰ ਕੈਦੀ ਤੇ ਹਵਾਲਾਤੀ ਇਨਸਾਫ ਤੋਂ ਵਾਂਝਾ ਨਾ ਰਹਿ ਸਕੇ। ਇਸ ਮੌਕੇ ਸੀਜੇਐੱਮ ਰੁਪਿੰਦਰ ਸਿੰਘ, ਜੇਲ ਸੁਪਰਡੈਂਟ ਹਿਮਾਂਸ਼ੂ ਗੋਇਲ, ਚੀਫ ਡਿਫੈਂਸ ਕੌਂਸਲ ਪ੍ਰਭਦੀਪ ਸਿੰਘ ਸੰਧੂ ਆਦਿ ਸ਼ਾਮਿਲ ਸਨ।



# ਹਲਕੇ ਦੇ ਸਰਪੰਚ ਤੇ ਮੋਹਤਬਰ ਮਾਰੂ ਨਸ਼ਿਆਂ ਨੂੰ ਖਤਮ ਕਰਨ ਲਈ ਅੱਗੇ ਆਉਣ : ਪੰਨੂ


ਫ਼ਤਿਹਗੜ੍ਹ ਚੂੜੀਆਂ (ਜਸਦੇਵ ਸਿੰਘ ਮਾਨ)-ਹਲਕਾ ਇੰਚਾਰਜ ਬਲਬੀਰ ਸਿੰਘ ਪੰਨੂ ਵੱਲੋਂ ਬੀਡੀਪੀਓ ਦਫ਼ਤਰ ਫ਼ਤਹਿਗੜ੍ਹ ਚੂੜੀਆਂ ਵਿਖੇ ਹਲਕੇ ਦੇ ਸਰਪੰਚਾਂ ਅਤੇ ਮੋਹਤਬਰਾਂ ਨਾਲ ਮੀਟਿੰਗ ਕੀਤੀ ਗਈ।ਮੀਟਿੰਗ ਵਿੱਚ ਹਲਕੇ ਨਾਲ ਸਬੰਧਤ ਮੁਸ਼ਕਿਲਾਂ ਸੁਣੀਆਂ ਗਈਆਂ ਤੇ ਸਬੰਧਤ ਅਧਿਕਾਰੀਆਂ ਨੂੰ ਹੱਲ ਕਰਨ ਲਈ ਕਿਹਾ।ਇਸ ਮੌਕੇ ਨਸ਼ਿਆਂ ਦੇ ਖਿਲਾਫ ਪੰਜਾਬ ਸਰਕਾਰ ਵੱਲੋਂ ਵਿੱਢੀ ਮੁਹਿੰਮ 'ਯੁੱਧ ਨਸ਼ਿਆਂ ਵਿਰੁੱਧ' ਸਬੰਧੀ ਮੋਹਤਬਰਾਂ ਨੂੰ ਸਹਿਯੋਗ ਕਰਨ ਦੀ ਅਪੀਲ ਕੀਤੀ ਅਤੇ ਕਿਹਾ ਕਿ ਨਸ਼ਿਆਂ ਨੂੰ ਖਤਮ ਕਰਨ ਲਈ ਉਹ ਅੱਗੇ ਆਉਣ। ਇਸ ਮੌਕੇ ਡੀਐੱਸਪੀ ਵਿਪਨ ਕੁਮਾਰ ਅਤੇ ਐੱਸਐੱਚਓ ਪ੍ਰਭਜੋਤ ਸਿੰਘ ਵੀ ਹਾਜ਼ਰ ਸਨ।

ਇਸ ਮੌਕੇ ਉਨ੍ਹਾਂ ਹਲਕੇ ਦੇ ਸਰਪੰਚ ਅਤੇ ਮੋਹਤਬਰ ਨਾਲ ਗੱਲ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਨਸ਼ਿਆਂ ਨੂੰ ਖਤਮ ਕਰਨ ਦਾ ਤਹੱਈਆ ਕੀਤਾ ਗਿਆ ਹੈ ਅਤੇ ਇਸ ਲਈ ਸਰਪੰਚ, ਮੋਹਤਬਾਰ ਵਿਅਕਤੀ ਅਤੇ ਲੋਕਾਂ ਦਾ ਸਹਿਯੋਗ ਬਹੁਤ ਜ਼ਰੂਰੀ ਹੈ।ਇਸ ਮੌਕੇ ਬਲਾਕ ਪ੍ਰਧਾਨ ਸ਼ਮਸ਼ੇਰ ਸਿੰਘ, ਬਲਾਕ ਪ੍ਰਧਾਨ ਮਲਜਿੰਦਰ ਸਿੰਘ, ਬਲਾਕ ਪ੍ਰਧਾਨ ਹਰਦੀਪ ਸਿੰਘ, ਬਲਾਕ ਪ੍ਰਧਾਨ ਜਗਜੀਤ ਸਿੰਘ, ਸਰਪੰਚ ਹਰਦੀਪ ਸਿੰਘ, ਸਰਪੰਚ ਕਰਮਜੀਤ ਸਿੰਘ, ਗਗਨਦੀਪ ਸਿੰਘ ਕੋਟਲਾ ਬਾਮਾ, ਰਘਬੀਰ ਸਿੰਘ ਅਠਵਾਲ, ਸਰਪੰਚ ਗੁਰਬਿੰਦਰ ਸਿੰਘ ਕਾਦੀਆਂ ਸਰਪੰਚ ਕਰਨ ਬਾਠ ਅਤੇ ਵਾਈਸ ਕੁਆਰਡੀਨੇਟਰ ਗੁਰਪ੍ਰਤਾਪ ਸਿੰਘ ਆਦਿ ਹਾਜ਼ਰ ਸਨ।



## ਮੁਹੱਲਾ ਅਕਬਰਪੁਰ ਵਿਖੇ ਬਿਜਲੀ ਮੁਲਾਜ਼ਮਾਂ ਦਾ ਸਨਮਾਨ

ਸ੍ਰੀ ਗੋਇੰਦਵਾਲ ਸਾਹਿਬ (ਕਾਬਲ ਸਿੰਘ ਮੱਲ੍ਹੀ)-ਕਸਬਾ ਗੋਇੰਦਵਾਲ ਦੇ ਮੁਹੱਲਾ ਅਕਬਰਪੁਰ ਨਿਵਾਸੀਆਂ ਵੱਲੋਂ ਬਿਜਲੀ ਸਪਲਾਈ ਸਬੰਧੀ ਦਰਪੇਸ਼ ਆ ਰਹੀਆਂ ਮੁਸ਼ਕਲਾਂ ਦੇ ਹੱਲ ਲਈ ਬਿਜਲੀ ਮਹਿਕਮੇ ਨੂੰ ਬੀਤੇ ਦਿਨੀਂ ਨਵਾਂ ਟ੍ਰਾਂਸਫਾਰਮਰ ਲਗਾਉਣ ਲਈ ਬੇਨਤੀ ਕੀਤੀ ਸੀ ਜਿਸ 'ਤੇ ਤੁਰੰਤ ਕਾਰਵਾਈ ਕਰਦੇ ਹੋਏ ਐੱਸਡੀਓ ਕੁਲਵਿੰਦਰ ਸਿੰਘ ਵੱਲੋਂ ਬਹੁਤ ਥੋੜ੍ਹੇ ਸਮੇਂ ਅੰਦਰ ਹੀ ਮੁਹੱਲਾ ਨਿਵਾਸੀਆਂ ਨੂੰ ਇੱਕ ਨਵਾਂ ਟ੍ਰਾਂਸਫਾਰਮਰ ਲਗਵਾ ਦਿੱਤਾ ਗਿਆ। ਇਸ ਮੌਕੇ ਸਮੂਹ ਮੁਹੱਲਾ ਨਿਵਾਸੀਆਂ ਵੱਲੋਂ ਬਿਜਲੀ ਬੋਰਡ ਦੇ ਅਧਿਕਾਰੀਆਂ ਦਾ ਸਨਮਾਨ ਕੀਤਾ ਗਿਆ।ਇਸ ਮੌਕੇ ਗੱਲਬਾਤ ਕਰਦਿਆਂ ਮੁਹੱਲਾ ਅਕਬਰਪੁਰ ਨਿਵਾਸੀ ਅਤੇ ਮੌਜੂਦਾ ਮੈਂਬਰ ਪੰਚਾਇਤ ਗੁਰਸਾਹਿਬ ਸਿੰਘ ਸਾਬੀ ਨੇ ਕਿਹਾ ਕਿ ਅਸੀਂ ਬਿਜਲੀ ਮਹਿਕਮੇ ਦੇ ਅਤੀ ਧੰਨਵਾਦੀ ਹਾਂ ਜੋ ਦਿਨ-ਰਾਤ ਸਾਡੀ ਸੇਵਾ ਵਿਚ ਹਾਜ਼ਰ ਰਹਿੰਦੇ ਹਨ। ਇਸ ਮੌਕੇ ਲਾਈਨਮੈਨ ਹਰਦੀਪ ਸਿੰਘ ਸ਼ੁੱਭ, ਮਨਜਿੰਦਰ ਸਿੰਘ, ਭੁਪਿੰਦਰ ਸਿੰਘ ਸਹਾਇਕ ਲਾਈਨਮੈਨ, ਪ੍ਰਭਜੀਤ ਸਿੰਘ,ਵਰੁਣ ਸ਼ਰਮਾ, ਰਣਜੀਤ ਸਿੰਘ ਰਾਣਾ, ਭੁਪਿੰਦਰ ਸਿੰਘ ਆਦਿ ਤੋਂ ਇਲਾਵਾ ਮੁਹੱਲਾ ਨਿਵਾਸੀ ਹਾਜ਼ਰ ਸਨ।



# ਭਾਈ ਘਨੱਈਆ ਸੇਵਾ ਸੋਸਾਇਟੀ ਵੱਲੋਂ ਜਥੇਦਾਰ ਬੂਟਾ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਟ

ਕਲਾਨੌਰ (ਮਨਦੀਪ ਕੋਹਲੀ)-ਜਥੇਦਾਰ ਬੂਟਾ ਸਿੰਘ ਵਡਾਲਾ ਬਾਂਗਰ ਦੀ ਅੰਤਿਮ ਅਰਦਾਸ ਮੌਕੇ ਭਾਈ ਘਨ੍ਹਈਆ ਜੀ ਸੇਵਾ ਸੁਸਾਇਟੀ ਵਡਾਲਾ ਬਾਂਗਰ ਵੱਲੋਂ ਉਨ੍ਹਾਂ ਨੂੰ ਸ਼ਰਧਾਂਜਲੀ ਦਿੱਤੀ ਗਈ ਤੇ ਉਨ੍ਹਾਂ ਦੇ ਪੁੱਤਰ ਸੂਬੇਦਾਰ ਪਰਮਿੰਦਰ ਸਿੰਘ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਜਥੇਦਾਰ ਬੂਟਾ ਸਿੰਘ ਜੀ ਦੀਆਂ ਸਮਾਜਿਕ, ਧਾਰਮਿਕ ਰਾਜਨੀਤਿਕ ਸਰਗਰਮੀਆਂ ਨੂੰ ਯਾਦ ਕੀਤਾ ਗਿਆ। ਭਾਈ ਘਨੱਈਆ ਜੀ ਸੇਵਾ ਸੁਸਾਇਟੀ ਵਡਾਲਾ ਬਾਂਗਰ ਦੇ ਪ੍ਰਧਾਨ ਲੈਕਚਰਾਰ ਉਪਕਾਰ ਸਿੰਘ ਨੇ ਦੱਸਿਆ ਹੈ ਕਿ ਜਥੇਦਾਰ ਬੂਟਾ ਸਿੰਘ ਸ਼ਾਂਤ ਸੁਭਾਅ ਦੇ ਮਾਲਕ ਸਨ। ਉਨਾਂ ਨੇ ਸਾਰਾ ਜੀਵਨ ਸਮਾਜ ਦੀ ਸੇਵਾ ਵਿੱਚ ਲਗਾਇਆ। ਉਹ ਇਸ ਸੋਸਾਇਟੀ ਦੇ ਵਰਕਿੰਗ ਕਮੇਟੀ ਦੇ ਮੁੱਖ ਮੈਂਬਰ ਸਨ। ਉਨ੍ਹਾਂ ਦੀ ਅਗਵਾਈ ਵਿੱਚ ਹੁਣ ਤੱਕ ਲੋੜਵੰਦ ਪਰਿਵਾਰਾਂ ਦੀਆਂ ਦੋ ਲੜਕੀਆਂ ਦੇ ਵਿਆਹ ਕੀਤੇ ਗਏ ਹਨ ਅਤੇ ਅੱਗੇ 23 ਨਵੰਬਰ ਨੂੰ ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੇ ਸਮੂਹਿਕ ਵਿਆਹ ਸ੍ਰੀ ਬਉਲੀ ਸਾਹਿਬ ਗੁਰਦੁਆਰਾ ਵਡਾਲਾ ਬਾਂਗਰ ਵਿਖੇ ਕੀਤੇ ਜਾਣਗੇ। ਇਸ ਮੌਕੇ ਜਥੇਦਾਰ ਸੁੱਚਾ ਸਿੰਘ ਛੋਟੇਪੁਰ, ਵਿਧਾਇਕ ਗੁਰਦੀਪ ਸਿੰਘ ਰੰਧਾਵਾ, ਇੰਦਰਜੀਤ ਸਿੰਘ ਰੰਧਾਵਾ, ਸਰਪੰਚ ਜਸਬੀਰ ਸਿੰਘ ਕਾਹਲੋਂ, ਗੁਰਪ੍ਰਤਾਪ ਸਿੰਘ, ਚੇਅਰਮੈਨ ਰਣਜੇਤ ਸਿੰਘ ਬਾਠ, ਜਥੇਦਾਰ ਜਸਵੰਤ ਸਿੰਘ, ਚੇਅਰਮੈਨ ਅਮਰੀਕ ਸਿੰਘ ਵਡਾਲਾ ਬਾਂਗਰ, ਸੂਬੇਦਾਰ ਹਰਭਜਨ ਸਿੰਘ, ਮੈਂਬਰ ਨਿਸ਼ਾਨ ਸਿੰਘ, ਜਥੇਦਾਰ ਬਲਜੀਤ ਸਿੰਘ, ਅਜੀਤ ਸਿੰਘ, ਸੂਬੇਦਾਰ ਗੁਰਦੇਵ ਸਿੰਘ, ਪੂਰਨ ਸਿੰਘ, ਬਾਬਾ ਅਵਤਾਰ ਸਿੰਘ, ਪ੍ਰਧਾਨ ਅਮਰੀਕ ਸਿੰਘ, ਮਨਦੀਪ ਸਿੰਘ ਪੰਨੂ, ਸੁਵਿੰਦਰ ਸਿੰਘ ਘੁੰਮਣ, ਡਾਕਟਰ ਹਰਭਜਨ ਸਿੰਘ, ਅਮਰ ਕੁਮਾਰ, ਰਸ਼ਪਾਲ ਸਿੰਘ ਢੱਲੋਂ, ਰਣਜੀਤ ਸਿੰਘ, ਪਰਮਜੀਤ ਸਿੰਘ, ਰਜਿੰਦਰ ਸਿੰਘ ਅਤੇ ਸਮਾਜ ਦੇ ਵੱਖ-ਵੱਖ ਸੰਗਠਨਾਂ ਦੇ ਆਗੂ ਹਾਜ਼ਰ ਸਨ। ਇਸ ਮੌਕੇ ਸਟੇਜ ਦੀ ਭੂਮਿਕਾ ਐਕਸੀਅਨ ਬਲਦੇਵ ਸਿੰਘ ਬਾਜਵਾ ਵੱਲੋਂ ਨਿਭਾਈ ਗਈ।



6 Aug Page 12.qxd 8/5/2025 10:39 PM Page 1



## ਜਨਮ ਦਿਨ ਮੁਬਾਰਕ



ਪ੍ਰਭਜੋਤ ਕੌਰ
ਪਿਤਾ : ਗੁਰਪ੍ਰੀਤ ਸਿੰਘ ਭੋਗਲ
ਮਾਤਾ : ਸੰਦੀਪ ਕੌਰ ਭੋਗਲ
ਵਾਸੀ : ਭੋਗਪੁਰ



ਜਸਮੀਰਾ ਸਪਰਾ

# ਮੰਗਾਂ ਸੰਬੰਧੀ ਵਿਸ਼ੇਸ਼ ਚਰਚਾ ਹੋਈ



**ਬਲਾਚੌਰ (ਜਸਵਿੰਦਰ ਬੈਂਸ)**- ਸ਼ਹੀਦ ਭਗਤ ਸਿੰਘ ਨਗਰ ਦੀ ਸਭ ਡਵੀਜ਼ਨ ਬਲਾਚੌਰ ਵਿੱਚ ਗਜ਼ਟਿਡ ਅਤੇ ਨਾਨ ਗਜ਼ਟਿਡ ਐਸ ਸੀ ਬੀ ਸੀ ਵੈਲਫੇਅਰ ਫਡਰੇਸ਼ਨ ਅਧਿਆਪਕ ਮਿਸ਼ਨ ਕਲੱਬ ਬਲਾਚੌਰ ਦੀ ਮੀਟਿੰਗ ਬਲਵੰਤ ਸਿੰਘ ਦੀ ਅਗਵਾਈ ਵਿੱਚ ਸਕੂਲ ਆਫ ਐਮੀਨੈਂਸ (ਮਹਿੰਦੀਪੁਰ) ਬਲਾਚੌਰ ਵਿਖੇ ਹੋਈ ਜਿਸ ਵਿੱਚ ਮਾਸਟਰ ਹਰੀ ਰਾਮ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਮੁਲਾਜ਼ਮ ਸਾਥੀਆਂ ਨੇ ਆਪਣੀਆਂ ਮੰਗਾਂ ਸਬੰਧੀ ਜਿਵੇਂ ਕਿ ਪੁਰਾਣੀ ਪੈਨਸ਼ਨ ਦੀ ਬਹਾਲੀ, ਬੇਰੁਜ਼ਗਾਰਾਂ ਨੂੰ ਮਹਿੰਗਾਈ ਭੱਤਾ ਦੇਣਾ, ਚੋਣਾਂ ਵੇਲੇ ਇਸਤਰੀ ਨੂੰ 1000 ਦੇਣ ਦਾ ਵਾਅਦਾ, ਮਾਨਤਾ ਪ੍ਰਾਪਤ ਅਤੇ ਗੈਰ ਮਾਨਤਾ ਪ੍ਰਾਪਤ ਸਿੱਖਿਆ ਅਧਿਕਾਰ ਕਾਨੂੰਨ ਦੇ ਅਧੀਨ ਕਮਜ਼ੋਰ ਵਰਗ ਦੇ ਵਿਦਿਆਰਥੀਆਂ ਲਈ 25% ਦਾਖਲਾ ਹਰ ਕਲਾਸ ਨੂੰ ਦੇਣਾ ਸਖਤੀ ਨਾਲ ਲਾਗੂ ਕੀਤਾ ਜਾਵੇ ਅਤੇ ਹੋਰ ਬਹੁਤ ਸਾਰੀਆਂ ਅਹਿਮ ਮੰਗਾਂ ਬਾਰੇ ਵਿਚਾਰ ਕੀਤਾ ਗਿਆ। ਇਸ ਮੌਕੇ ਮਾਸਟਰ ਬਲਵੰਤ ਸਿੰਘ, ਜਗਮੋਹਣ ਸਿੰਘ ਬਲਾਕ ਪ੍ਰਧਾਨ, ਕੇਵਲ ਰਾਮ, ਹਰਦਿਆਲ ਸਿੰਘ, ਸੁਰਿੰਦਰ ਸਿੰਘ, ਫਕੀਰ ਚੰਦ, ਲਖਬੀਰ ਸਿੰਘ, ਸੁਰਜੀਤ ਸਿੰਘ ਲੋਹਟ ਹਾਜ਼ਰ ਸਨ।

# ਫਾਸ਼ੀ ਹਮਲਿਆਂ ਵਿਰੋਧੀ ਫਰੰਟ ਦੇ ਸੱਦੇ 'ਤੇ ਕਨਵੈਨਸ਼ਨ



**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**- ਫਾਸ਼ੀ ਹਮਲਿਆਂ ਵਿਰੋਧੀ ਫਰੰਟ ਦੇ ਸੱਦੇ ਤੇ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ ਐੱਮ ਪੀ ਆਈ), ਭਾਰਤੀ ਕਮਿਊਨਿਸਟ ਪਾਰਟੀ (ਐੱਮ.ਐੱਲ) ਲਿਬਰੇਸ਼ਨ ਅਤੇ ਭਾਰਤੀ ਕਮਿਊਨਿਸਟ ਪਾਰਟੀ (ਐੱਮ.ਐੱਲ) ਨਿਊ ਡੈਮੋਕਰੇਸੀ ਵੱਲੋਂ ਸਾਂਝੇ ਤੌਰ ਤੇ ਜ਼ਿਲ੍ਹਾ ਕਨਵੈਨਸ਼ਨ ਕੀਤੀ ਗਈ। ਜ਼ਿਲ੍ਹਾ ਪੱਧਰੀ ਕਨਵੈਨਸ਼ਨ ਦੀ ਪ੍ਰਧਾਨਗੀ ਸਰਵ ਸਾਥੀ ਸਵਰਨ ਸਿੰਘ, ਸ਼ਾਮ ਸਿੰਘ ਅਤੇ ਹਰਮੇਸ਼ ਢੇਸੀ ਤੇ ਅਧਾਰਤ ਪ੍ਰਧਾਨਗੀ ਵਲੋਂ ਕੀਤੀ ਗਈ। ਹਾਲ ਅੰਦਰ ਕਨਵੈਨਸ਼ਨ ਦੀ ਸ਼ੁਰੂਆਤ ਸਾਥੀ ਸ਼ਾਮ ਸੁੰਦਰ ਅਤੇ ਸਾਥੀ ਸਰਵਜੀਤ ਦੇ ਇਨਕਲਾਬੀ ਗ਼ਜ਼ਲਾਂ ਤੇ ਗੀਤਾਂ ਨਾਲ ਹੋਈ।ਕਨਵੈਨਸ਼ਨ ਨੂੰ ਸੰਬੋਧਨ ਕਰਦਿਆਂ ਆਰ.ਐੱਮ.ਪੀ. ਆਈ. ਦੇ ਸੂਬਾ ਸਕੱਤਰ ਸਾਥੀ ਪ੍ਰਗਟ ਸਿੰਘ ਜਾਮਾਰਾਏ, ਲਿਬਰੇਸ਼ਨ ਦੇ ਸੂਬਾ ਸਕੱਤਰ ਗੁਰਮੀਤ ਸਿੰਘ ਬਖਤਪੁਰ ਅਤੇ ਨਿਊ ਡੈਮੋਕਰੇਸੀ ਦੇ ਸੂਬਾ ਆਗੂ ਕੁਲਵਿੰਦਰ ਸਿੰਘ ਵੜੈਚ ਨੇ ਕਿਹਾ ਕਿ ਜਮਾਤੀ ਲੁੱਟ ਅਤੇ ਹਰ ਕਿਸਮ ਦੇ ਜਬਰ ਤੇ ਵਿਤਕਰੇ ਖਿਲਾਫ ਉੱਠਣ ਵਾਲੇ ਲੋਕ ਘੋਲਾਂ ਨੂੰ ਕੁਰਾਹੇ ਪਾਉਣ ਲਈ ਸੰਘੀ ਟੋਲੇ ਦੇਸ਼ ਭਰ 'ਚ ਮੁਸਲਿਮ ਤੇ ਈਸਾਈ ਘੱਟ ਗਿਣਤੀਆਂ 'ਤੇ ਜਾਨਲੇਵਾ ਹਮਲੇ ਕਰ ਰਹੇ ਹਨ। ਉਨ੍ਹਾਂ ਕਿਹਾ ਕਿ ਆਰ ਐੱਸ ਐੱਸ ਨੇ ਆਪਣਾ ਮਕਸਦ ਪੂਰਾ ਕਰਨ ਲਈ ਵਿੱਦਿਅਕ ਪਾਠਕ੍ਰਮ, ਇਤਿਹਾਸ ਤੇ ਰਾਜਕੀ ਮਸ਼ੀਨਰੀ ਦਾ ਭਗਵਾਂਕਰਨ ਕਰ ਦਿੱਤਾ ਹੈ। ਇਸ ਮੌਕੇ ਫਾਸ਼ੀ ਵਿਰੋਧੀ ਫਰੰਟ ਦੇ ਆਗੂਆਂ ਵੱਲੋਂ ਫਾਸ਼ੀ ਹਮਲਿਆਂ ਵਿਰੁੱਧ ਲੋਕ ਲਾਮਬੰਦੀ ਦਾ ਸੱਦਾ ਦਿੱਤਾ।

# ਕਾਮਰੇਡ ਰਾਮ ਲਾਲ ਚੱਕ ਗੁਰੂ ਨੂੰ ਯਾਦ ਕਰਦਿਆਂ...



ਭਾਰਤੀ ਕਮਿਊਨਿਸਟ ਪਾਰਟੀ ਦੇ ਆਗੂ, ਪੰਜਾਬ ਖੇਤ ਮਜ਼ਦੂਰ ਸਭਾ ਦੇ ਸੂਬਾਈ ਆਗੂ ਕਾਮਰੇਡ ਰਾਮ ਲਾਲ ਚੱਕਗੁਰੂ ਬੀਤੇ ਦਿਨੀਂ ਸਦੀਵੀ ਵਿਛੋੜਾ ਦੇ ਗਏ। ਉਹ ਕੁਝ ਸਮੇਂ ਤੋਂ ਬਿਮਾਰ ਸਨ। 6 ਅਗਸਤ ਨੂੰ ਉਹਨਾਂ ਦਾ ਸ਼ਰਧਾਂਜਲੀ ਸਮਾਗਮ ਪਿੰਡ ਚੱਕਗੁਰੂ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿਖੇ ਹੋਵੇਗਾ। ਇਸ ਸ਼ਰਧਾਂਜਲੀ ਸਮਾਗਮ ਨੂੰ ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਕੌਮੀ ਜਨਰਲ ਸਕੱਤਰ ਕਾਮਰੇਡ ਗੁਲਜ਼ਾਰ ਸਿੰਘ ਗੋਰੀਆ,ਪੰਜਾਬ ਖੇਤ ਮਜ਼ਦੂਰ ਸਭਾ ਦੇ ਸੂਬਾਈ ਜਨਰਲ ਸਕੱਤਰ ਕਾਮਰੇਡ ਦੇਵੀ ਕੁਮਾਰੀ ਸਰਹਾਲੀ ਕਲਾਂ ਤੋਂ ਇਲਾਵਾ ਵੱਖ ਵੱਖ ਰਾਜਨੀਤਿਕ ਪਾਰਟੀਆਂ ਦੇ ਆਗੂ ਸੰਬੋਧਨ ਕਰਨਗੇ। ਕਾਮਰੇਡ ਰਾਮ ਲਾਲ ਦਾ ਚੱਕਗੁਰੂ ਦਾ ਜਨਮ ਮਿਤੀ 05-04-1959 ਨੂੰ ਪਿਤਾ ਪ੍ਰੀਤੂ ਰਾਮ ਦੇ ਘਰ ਅਤੇ ਮਾਤਾ ਗੇਜੋ ਦੀ ਕੁੱਖੋਂ ਹੋਇਆ। ਉਨ੍ਹਾਂ ਨੂੰ ਪਾਰਟੀ ਦੀ ਚੇਟਕ ਘਰ ਤੋਂ ਹੀ ਲੱਗੀ। ਉਨ੍ਹਾਂ ਦੇ ਪਿਤਾ ਪ੍ਰੀਤੂ ਰਾਮ ਸੀ ਪੀ ਆਈ ਦੇ ਮੈਂਬਰ ਸਨ। ਪ੍ਰੀਤੂ ਰਾਮ ਨੇ ਸ਼ਹੀਦ ਕਾਮਰੇਡ ਮਲਕੀਤ ਚੰਦ ਮੇਹਲੀ ਨਾਲ ਰਲ ਕੇ ਪਾਰਟੀ ਲਈ ਅਤੇ ਲੋਕਾਂ ਲਈ ਬਹੁਤ ਸਰਗਰਮੀਆਂ ਕੀਤੀਆਂ। ਰਾਮ ਲਾਲ ਵੀ ਛੋਟੇ ਹੁੰਦੇ ਹੀ ਸੀ ਪੀ ਆਈ ਨਾਲ ਜੁੜ ਗਏ ਤੇ ਲੰਮਾ ਸਮਾਂ ਸੀ ਪੀ ਆਈ ਬੰਗਾ ਦੇ ਤਹਿਸੀਲ ਸਕੱਤਰ ਰਹੇ। ਸੀ ਪੀ ਆਈ ਵੱਲੋਂ ਬੰਗਾ ਹਲਕੇ ਤੋਂ ਦੋ ਵਾਰ ਵਿਧਾਨ ਸਭਾ ਚੋਣਾਂ ਵੀ ਲੜੀਆਂ। ਮਨਰੇਗਾ ਮਜ਼ਦੂਰਾਂ ਨੂੰ ਪਿੰਡ -ਪਿੰਡ ਜਾ ਕੇ ਜਾਗਰੂਕ ਕਰਨਾ, ਉਸਾਰੀ ਕਿਰਤੀਆਂ ਦੇ ਲਾਭਪਾਤਰੀ ਕਾਰਡ ਬਣਾਉਣੇ, ਲਾਭਪਾਤਰੀ ਕਾਰਡਾਂ ਦੇ ਅਧਾਰ 'ਤੇ ਬੱਚਿਆਂ ਨੂੰ ਵਜੀਫੇ ਦੁਆਉਣੇ, ਵਿਧਵਾਵਾਂ ਅਤੇ ਬਜ਼ੁਰਗਾਂ ਨੂੰ ਪੈਨਸ਼ਨ ਲਗਵਾਉਣ ਸਬੰਧੀ ਫਾਰਮ ਭਰਨੇ ਅਤੇ ਰੁਕੀਆਂ ਹੋਈਆਂ ਪੈਨਸ਼ਨਾਂ ਚਾਲੂ ਕਰਵਾਉਣੀਆਂ, ਪ੍ਰਸ਼ਾਸਨ ਦੀ ਧੱਕੇਸ਼ਾਹੀ ਖਿਲਾਫ ਗਰੀਬ ਲੋਕਾਂ ਨਾਲ ਖੜਨਾ, ਲੋਕਾਂ ਦੇ ਸਮਾਜਿਕ ਮਸਲੇ ਸੁਲਝਾਉਣੇ ਅਤੇ ਲੋੜਵੰਦਾਂ ਨਾਲ ਦਿਨ- ਰਾਤ ਖੜਨਾ ਅਤੇ ਹਰ ਇੱਕ ਦੀ ਮਦਦ ਕਰਨਾ ਉਹ ਆਪਣਾ ਫਰਜ਼ ਸਮਝਦੇ ਸਨ। ਉਹਨਾਂ ਦੀ ਅਚਨਚੇਤ ਮੌਤ ਨਾਲ ਜਿੱਥੇ ਪਰਵਾਰ ਨੂੰ ਘਾਟਾ ਪਿਆ ਉੱਥੇ ਸਮਾਜ ਅਤੇ ਪਾਰਟੀ ਨੂੰ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਆਓ ਉਹਨਾਂ ਦੀ ਯਾਦ ਨੂੰ ਤਾਜਾ ਰੱਖਣ ਲਈ ਉਨ੍ਹਾਂ ਦੇ ਅਧੂਰੇ ਕਾਰਜਾਂ ਨੂੰ ਪੂਰਾ ਕਰੀਏ। ਸੀ ਪੀ ਆਈ ਨੂੰ ਮਜ਼ਬੂਤ ਕਰੀਏ।

**-ਅਵਤਾਰ ਕਲੇਰ**

# ਜ਼ਿਲ੍ਹਾ ਰੋਜ਼ਗਾਰ ਤੇ ਕਾਰੋਬਾਰ ਬਿਊਰੋ ਵੱਲੋਂ ਪਲੇਸਮੈਂਟ ਕੈਂਪ ਅੱਜ

**ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਗੁਰਜੀਤ ਬਿੱਲਾ)**- ਪੰਜਾਬ ਸਰਕਾਰ ਦੇ ਮਿਸ਼ਨ ਘਰ-ਘਰ ਰੋਜ਼ਗਾਰ ਤਹਿਤ ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਵੱਲੋਂ 6 ਅਗਸਤ ਨੂੰ ਪਲੇਸਮੈਂਟ ਕੈਂਪ ਦਾ ਆਯੋਜਨ ਪੀ.ਵੀ.ਆਰ ਇਨੋਕਸ ਲਿਮਟਿਡ ਸੀ.ਪੀ-67 ਮਾਲ, ਦੂਜੀ ਮੰਜ਼ਲ ਅਤੇ ਮੋਹਾਲੀ ਵਾਕ, ਸੈਕਟਰ -62, ਮੋਹਾਲੀ ਵਿਖੇ ਕੀਤਾ ਜਾ ਰਿਹਾ ਹੈ, ਜਿਸ ਦਾ ਸਮਾਂ ਸਵੇਰੇ 10:00 ਵਜੇ ਤੋਂ ਦੁਪਹਿਰ 3.00 ਵਜੇ ਤੱਕ ਹੋਵੇਗਾ।ਜ਼ਿਲ੍ਹਾ ਰੋਜ਼ਗਾਰ ਅਤੇ ਕਾਰੋਬਾਰ ਬਿਊਰੋ ਐਸ.ਏ.ਐਸ ਨਗਰ ਦੇ ਡਿਪਟੀ ਡਾਇਰੈਕਟਰ, ਹਰਪ੍ਰੀਤ ਸਿੰਘ ਮਾਨਸ਼ਾਹੀਆਂ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਪ੍ਰਾਰਥੀਆਂ ਨੂੰ ਰੋਜ਼ਗਾਰ ਦੇਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ, ਜਿਸ ਤਹਿਤ ਉਕਤ ਪਲੇਸਮੈਂਟ ਕੈਂਪ ਦਾ ਆਯੋਜਨ ਕੀਤਾ ਜਾਣਾ ਹੈ। ਉਨ੍ਹਾਂ ਅੱਗੇ ਦੱਸਿਆ ਕਿ ਉਕਤ ਕੈਂਪ ਵਿੱਚ 12ਵੀਂ ਅਤੇ ਗ੍ਰੈਜੂਏਟ ਪਾਸ 18 ਤੋਂ 25 ਸਾਲ ਦੇ ਯੋਗ ਪ੍ਰਾਰਥੀਆਂ ਦੀ ਚੋਣ ਸਰਵਿਸ ਐਸੋਸੀਏਟ ਐਂਡ ਗੈਸਟ ਸਰਵਿਸਿਜ਼ ਐਸੋਸੀਏਟ ਦੀ ਅਸਾਮੀ ਲਈ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਪ੍ਰਾਰਥੀਆਂ ਦੀ ਤਨਖਾਹ ਕੰਪਨੀ ਨਾਰਮਜ਼ ਅਨੁਸਾਰ 16000 ਤੋਂ 18000 ਤੱਕ ਹੋਵੇਗੀ ਅਤੇ ਕੰਮ ਕਰਨ ਦਾ ਸਥਾਨ ਮੋਹਾਲੀ ਹੋਵੇਗਾ। ਪ੍ਰਾਰਥੀ ਆਪਣੀ ਯੋਗਤਾ ਦੇ ਅਸਲ ਸਰਟੀਫਿਕੇਟ, ਰਿਜ਼ਿਊਮ ਸਮੇਤ ਫਾਰਮਲ ਡਰੈੱਸ ਵਿੱਚ ਸਮੇਂ ਸਿਰ ਆਉਣ ਦੀ ਖੇਚਲ ਕਰਨ।

# ਪਾਰਟੀ ਦੀਆਂ ਨੀਤੀਆਂ ਤੋਂ ਪ੍ਰਭਾਵਤ ਹੋ ਕੇ ਗੋਹਲਣੀ ਦੇ ਪਤਵੰਤਿਆਂ ਨੇ ਫ਼ੜਿਆ ਆਮ ਆਦਮੀ ਪਾਰਟੀ ਦਾ ਪੱਲਾ

**ਭਲਾਣ (ਹਰਭਜਨ ਢਿੱਲੋਂ)**- ਪੰਜਾਬ ਸਰਕਾਰ ਵਲੋਂ ਸੂਬੇ ਦੇ ਵਿੱਚ ਚਲਾਈ ਜਾ ਰਹੀ ਵਿਕਾਸ ਦੀ ਲਹਿਰ ਅਤੇ ਆਮ ਲੋਕਾਂ ਦੇ ਹੱਕਾਂ ਅਤੇ ਹਿੱਤਾਂ ਦੀ ਰਾਖੀ ਤੇ ਲੋਕ ਪੱਖੀ ਤੇ ਲੋਕ ਭਲਾਈ ਸਕੀਮਾਂ ਤੋਂ ਪ੍ਰਭਾਵਿਤ ਹੋ ਕੇ ਵੱਡੀ ਗਿਣਤੀ ਵਿੱਚ ਜਨ ਪ੍ਰਤੀਨਿੱਧੀ, ਲੋਕਾਂ ਦੇ ਚੁਣੇ ਹੋਏ ਨੁਮਾਇੰਦੇ ਅਤੇ ਪੰਜਾਬ ਦੇ ਹਿੱਤਾਂ ਲਈ ਸੂਬੇ ਦੇ ਸਰਬਪੱਖੀ ਵਿਕਾਸ ਨੂੰ ਚਾਹੁਣ ਵਾਲੇ ਲੋਕ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਹੋ ਰਹੇ ਹਨ। ਇਹ ਪ੍ਰਗਟਾਵਾ ਬੀਤੇ ਦਿਨ ਹਰਜੋਤ ਸਿੰਘ ਬੈਂਸ ਕੈਬਨਿਟ ਮੰਤਰੀ ਸਿੱਖਿਆ ਅਤੇ ਸੂਚਨਾ ਤੇ ਲੋਕ ਸੰਪਰਕ ਵਿਭਾਗ, ਪੰਜਾਬ ਨੇ ਨੰਗਲ ਵਿੱਚ ਆਪਣੇ ਵਿਧਾਨ ਸਭਾ ਹਲਕੇ ਦੇ ਪਿੰਡ ਗੋਹਲਣੀ ਦੇ ਮੱਖਣ ਸਿੰਘ, ਅਸ਼ੋਕ ਸਿੰਘ, ਰਣਜੀਤ ਚੰਦ, ਬੀਰਬਲ, ਪਰਸ ਰਾਮ ਲਾਖਾ, ਸੰਦੀਪ ਕੁਮਾਰ, ਰੋਸ਼ਨ ਲਾਲ ਨੂੰ ਆਮ ਆਦਮੀ ਪਾਰਟੀ ਵਿੱਚ ਸ਼ਾਮਿਲ ਕਰਨ ਮੌਕੇ ਕੀਤਾ। ਪੰਜਾਬ ਦੇ ਵਿਕਾਸ ਅਤੇ ਲੋਕਾਂ ਦੀਆਂ ਹੱਲ ਹੋਈਆਂ ਸਮੱਸਿਆਵਾਂ ਤੋਂ ਪ੍ਰਭਾਵਿਤ ਹੋ ਕੇ ਹਰ ਵਰਗ ਆਮ ਆਦਮੀ ਪਾਰਟੀ ਦਾ ਪੱਲਾ ਫੜ੍ਹ ਰਿਹਾ ਹੈ। ਇਸ ਮੌਕੇ ਪਤਵੰਤਿਆਂ ਨੇ ਕਿਹਾ ਅਸੀਂ ਭਗਵੰਤ ਮਾਨ ਦੀ ਕਾਰਗੁਜ਼ਾਰੀ, ਪੰਜਾਬ ਸਰਕਾਰ ਦੀਆਂ ਨੀਤੀਆਂ ਅਤੇ ਹਰਜੋਤ ਸਿੰਘ ਬੈਂਸ ਦੀ ਕਾਰਜਸ਼ੈਲੀ ਤੋਂ ਪ੍ਰਭਾਵਿਤ ਹੋ ਕੇ ਆਮ ਆਦਮੀ ਦਾ ਪੱਲਾ ਫ਼ੜਿਆ ਹੈ। ਇਸ ਮੌਕੇ ਡਾ.ਸੰਜੀਵ ਗੌਤਮ ਚੇਅਰਮੈਨ ਗੁਰੂ ਰਵਿਦਾਸ ਆਯੂਰਵੈਦਿਕ ਯੂਨੀਵਰਸਿਟੀ, ਚੇਅਰਮੈਨ ਰਾਕੇਸ਼ ਕੁਮਾਰ ਮਹਿਲਵਾ, ਦੀਪਕ ਸੋਨੀ ਮੀਡੀਆ ਕੋਆਰਡੀਨੇਟਰ, ਰੋਹਿਤ ਕਾਲੀਆ ਪ੍ਰਧਾਨ ਟਰੱਕ ਯੂਨੀਅਨ ਤੇ ਵੱਡੀ ਗਿਣਤੀ ਵਿਚ 'ਆਪ' ਵਰਕਰ ਹਾਜ਼ਰ ਸਨ।



# ਡਾ. ਅੰਬੇਡਕਰ ਸਕੂਲ ਵਿਖੇ ਤੀਆਂ ਦਾ ਮੇਲਾ ਕਰਵਾਇਆ

**ਕਿਸ਼ਨਗੜ੍ਹ (ਸੁਖਜੀਤ ਕੁਮਾਰ)**- ਡਾ. ਬੀ. ਆਰ. ਅੰਬੇਡਕਰ ਪਬਲਿਕ ਸਕੂਲ ਬੁਲੰਦਪੁਰ, ਜਲੰਧਰ ਵਿਖੇ ਪ੍ਰਿੰਸੀਪਲ ਪਰਮਜੀਤ ਜੱਸਲ ਦੀ ਅਗਵਾਈ ਹੇਠ 'ਤੀਆਂ ਦਾ ਮੇਲਾ' ਕਰਵਾਇਆ ਗਿਆ। ਇਸ ਦੀ ਸ਼ੁਰੂਆਤ ਕਰਦਿਆਂ ਸਕੂਲ ਦੇ ਪ੍ਰਿੰਸੀਪਲ ਨੇ ਕਿਹਾ ਕਿ 'ਜੇਕਰ ਤੁਸੀਂ ਸਮਾਜ ਦੀ ਤਰੱਕੀ ਨੂੰ ਦੇਖਣਾ ਚਾਹੁੰਦੇ ਹੋ ਤਾਂ ਧੀਆਂ ਨੂੰ ਵੱਧ ਤੋਂ ਵੱਧ ਪੜ੍ਹਾਓ। ਡਾ. ਅੰਬੇਡਕਰ ਨੇ ਕਿਹਾ ਸੀ ਕਿ 'ਸਿੱਖਿਆ ਉਹ ਸ਼ੇਰਨੀ ਦਾ ਦੁੱਧ ਹੈ, ਜੋ ਪੀਵੇਗਾ ਉਹੀ ਦਹਾੜੇਗਾ।' ਇਸ ਲਈ ਧੀਆਂ ਦਾ ਸਤਿਕਾਰ ਕਰੋ। ਉਸ ਨੂੰ ਅੱਗੇ ਵੱਧਣ ਦੇ ਮੌਕੇ ਪ੍ਰਦਾਨ ਕਰੋ ਤਾਂ ਹੀ ਦੇਸ਼, ਕੌਮ ਅਤੇ ਰਾਸ਼ਟਰ ਤਰੱਕੀ ਦੇ ਰਸਤੇ 'ਤੇ ਜਾ ਸਕਦਾ ਹੈ। ਬਾਬਾ ਸਾਹਿਬ ਨੇ ਸੰਵਿਧਾਨ ਰਾਹੀਂ ਔਰਤਾਂ ਨੂੰ ਬਰਾਬਰਤਾ ਦੇ ਹੱਕ ਲੈ ਕੇ ਦਿੱਤੇ ਹਨ ਜਿਸ ਨਾਲ ਉਹ ਸਮਾਜ ਦੀ ਬੇਹਤਰੀ ਲਈ ਆਪਣਾ ਵੱਡਮੁੱਲਾ ਯੋਗਦਾਨ ਪਾ ਸਕਦੀਆਂ ਹਨ।ਬੱਚਿਆਂ ਵੱਲੋਂ ਇਸ ਮੌਕੇ 'ਤੇ ਪੰਜਾਬੀ ਸੱਭਿਆਚਾਰ ਨੂੰ ਦਰਸਾਉਂਦੀਆਂ ਕਲਾ ਪੇਸ਼ ਕੀਤੀਆਂ ਗਈਆਂ। ਵਿਦਿਆਰਥੀਣਾ ਨੇ ਪੰਜਾਬੀ ਸੱਭਿਆਚਾਰ ਰਾਹੀਂ ਪੱਖੀਆਂ, ਫੁੱਲਕਾਰੀ ਕੱਢਣ ਦੀਆਂ ਪੇਸ਼ਕਾਰੀਆਂ ਵੀ ਪੇਸ਼ ਕੀਤੀਆਂ। ਗਿੱਧੇ ਵਿੱਚ ਲੜਕੀਆਂ ਵੱਲੋਂ ਬੋਲੀਆਂ ਤੇ ਸਿੱਠਣੀਆਂ ਰਾਹੀਂ ਕਲਾਵਾਂ ਪੇਸ਼ ਕੀਤੀਆਂ ਗਈਆਂ। ਸਕੂਲ ਦੇ ਵਿਦਿਆਰਥੀਆਂ ਵੱਲੋਂ ਵੀ ਭੰਗੜੇ ਦਾ ਖੂਬ ਰੰਗ ਬੰਨ੍ਹਿਆ ਗਿਆ। ਛੋਟੇ ਬੱਚਿਆਂ ਵੱਲੋਂ ਵੀ ਗੀਤਾਂ 'ਤੇ ਡਾਂਸ ਕੀਤਾ ਗਿਆ।ਸਕੂਲ ਪ੍ਰਿੰਸੀਪਲ ਵੱਲੋਂ ਤੀਆਂ ਦੇ ਮੇਲੇ ਵਿੱਚ ਭਾਗ ਲੈਣ ਵਾਲੇ ਸਾਰੇ ਬੱਚਿਆਂ ਦਾ ਸਨਮਾਨ ਕੀਤਾ ਗਿਆ।





# ਸਰਬਜੀਤ ਸਿੰਘ ਨੂੰ ਮਿਲੀ ਤਰੱਕੀ, ਸਬ ਇੰਸਪੈਕਟਰ ਤੋਂ ਇੰਸਪੈਕਟਰ ਬਣੇ



**ਕਾਲਾ ਸੰਘਿਆਂ (ਮਨਜੀਤ ਮਾਨ)**- ਪੰਜਾਬ ਪੁਲਸ ਵਿੱਚ ਸਰਬਜੀਤ ਸਿੰਘ ਸਬ ਇੰਸਪੈਕਟਰ ਦੀਆਂ ਸੇਵਾਵਾਂ ਨੂੰ ਦੇਖਦੇ ਹੋਏ ਸਬ ਇੰਸਪੈਕਟਰ ਤੋਂ ਤਰੱਕੀ ਦੇ ਕੇ ਇੰਸਪੈਕਟਰ ਦੇ ਸਟਾਰ ਮਾਣਯੋਗ ਐੱਸ ਐੱਸ ਪੀ ਸ੍ਰੀ ਗੋਰਵ ਤੂਰਾ,ਐੱਸ ਪੀ ਡੀ ਪ੍ਰਭਜੋਤ ਸਿੰਘ ਵਿਰਕ ਸਾਂਝੇ ਤੌਰ 'ਤੇ ਲਗਾਉਂਦੇ ਹੋਏ।

# ਚੱਕ ਮੰਡੇਰ ਵਿਖੇ ਗੁੱਗਾ ਜ਼ਾਹਰ ਪੀਰ ਦੀ ਯਾਦ 'ਚ ਮੇਲਾ 10 ਨੂੰ





**ਬੰਗਾ (ਅਵਤਾਰ ਕਲੇਰ)**- ਅਖਾੜਾ ਗੁੱਗਾ ਜ਼ਾਹਰ ਪੀਰ, ਠਾਕੁਰ ਦੁਆਰ ਪਿੰਡ ਚੱਕ ਮੰਡੇਰ ਵਿਖੇ ਸਲਾਨਾ ਮੇਲਾ ਮੁੱਖ ਸੇਵਾਦਾਰ ਕਮਲ ਬਾਬਾ ਦੀ ਰਹਿਨੁਮਾਈ ਹੇਠ 10 ਅਗਸਤ ਨੂੰ ਬੜੀ ਸ਼ਰਧਾ ਭਾਵਨਾ ਨਾਲ ਮਨਾਇਆ ਜਾ ਰਿਹਾ ਹੈ। ਇਸ ਸਬੰਧੀ ਜਾਣਕਾਰੀ ਦਿੰਦਿਆਂ ਬਾਬਾ ਕਮਲ ਜੀ ਨੇ ਦੱਸਿਆ ਕਿ ਵੱਖ ਵੱਖ ਦਰਬਾਰਾਂ ਤੋਂ ਸੰਤ ਮਹਾਂਪੁਰਸ਼ ਸ਼ਿਰਕਤ ਕਰਨਗੇ। ਪੰਜਾਬ ਦੇ ਮਸ਼ਹੂਰ ਕਲਾਕਾਰ ਜੋਤੀ ਨੂਰਾਂ, ਰਣਜੀਤ ਰਾਣਾ, ਰਣਵੀਰ,ਬਨੀਤ ਬਿੰਨੀ,ਅਵੀਜੋਤ ਸੰਗਤਾਂ ਨੂੰ ਨਿਹਾਲ ਕਰਨਗੇ। ਲੰਗਰ ਅਤੁੱਟ ਵਰਤਾਇਆ ਜਾਵੇਗਾ। ਇਸ ਮੌਕੇ ਬਾਬਾ ਕਮਲ, ਡਾ. ਚਮਨ ਲਾਲ, ਸੱਤਪਾਲ ਜੱਸੋਮਜਾਰਾ, ਬਲਿਹਾਰ ਸਿੰਘ ਨੰਬਰਦਾਰ,ਗੁਰਮੁੱਖ ਸਿੰਘ, ਹਰਮੇਸ਼ ਲਾਲ, ਪ੍ਰਕਾਸ਼ ਰਾਮ, ਗੁਰਬਚਨ ਲਾਲ, ਕਮਲ ਲੱਡੂ, ਗੁਰਪ੍ਰੀਤ ਸਿੰਘ, ਦੇਵ ਰਾਜ, ਕੁਲਵਿੰਦਰ ਕਿੰਦਾ ਆਦਿ ਹਾਜ਼ਰ ਸਨ।

# ਮਨਰੇਗਾ ਕਾਨੂੰਨ ਦੀ ਰਾਖੀ ਲਈ ਕਿਰਤੀ ਇਕਜੁੱਟ ਹੋਣ : ਰਾਣਾ, ਬੈਂਸ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਇੱਥੇ ਸਾਥੀ ਕਰਨ ਸਿੰਘ ਰਾਣਾ ਸੂਬਾਈ ਜਨਰਲ ਸਕੱਤਰ ਸਾਂਝਾ ਕਿਸਾਨ ਮਜ਼ਦੂਰ ਮੋਰਚਾ, ਸਾਥੀ ਸਰਜੀਤ ਮਲਪੁਰੀ ਨਵਾਂਸ਼ਹਿਰ ਜ਼ਿਲਾ ਸਕੱਤਰ ਅਤੇ ਸਾਥੀ ਪਰਮਿੰਦਰ ਬੈਂਸ ਜ਼ਿਲ੍ਹਾ ਪ੍ਰਧਾਨ ਮਨਰੇਗਾ ਅਧਿਕਾਰ ਅੰਦੋਲਨ ਸਬੰਧਤ ਭਾਈ ਲਾਲੋ ਲੋਕ ਮੰਚ ਪੰਜਾਬ ਨੇ ਚੋਣਵੇਂ ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਚਿੰਤਾ ਪ੍ਰਗਟ ਕੀਤੀ ਕੇ ਕੇਂਦਰ ਸਰਕਾਰ ਅਤੇ ਸੂਬਾ ਸਰਕਾਰ ਮਨਰੇਗਾ ਸਕੀਮ ਨੂੰ ਕਮਜ਼ੋਰ ਕਰਕੇ ਇਸ ਨੂੰ ਖਤਮ ਕਰਨ ਦੇ ਰਾਹ ਪਏ ਹੋਏ ਹਨ। ਲਗਾਤਾਰ ਦੇਸ਼ ਅੰਦਰ ਮਨਰੇਗਾ ਬਜਟ ਵਿੱਚ ਕਟੌਤੀ ਕੀਤੀ ਜਾ ਰਹੀ ਹੈ, ਪਹਿਲਾਂ 98 ਹਜ਼ਾਰ ਕਰੋੜ ਰੁਪਏ ਦਾ ਬਜਟ ਸੀ ਜੋ ਇਸ ਵਾਰ ਘਟਾ ਕੇ 86 ਹਜਾਰ ਕਰੋੜ ਰੁਪਏ ਕਰ ਦਿੱਤਾ ਗਿਆ ਹੈ।ਪੰਜਾਬ ਸਰਕਾਰ ਨੇ ਮਨਰੇਗਾ ਅਧੀਨ ਕੰਮਾਂ ਨੂੰ ਦੋ ਕੈਟਾਗਰੀ ਵਿੱਚ ਵੰਡ ਕੇ ਕੱਚੇ ਕੰਮਾਂ ਤੇ ਰੋਕ ਲਗਾ ਦਿੱਤੀ ਹੈ। ਬਰਮਾ ਦਾ ਕੰਮ ਬੰਦ ਕਰ ਦਿੱਤਾ ਗਿਆ ਹੈ, ਇਸੇ ਤਰ੍ਹਾਂ ਕੱਸੀਆਂ, ਖਾਲਿਆ ਅਤੇ ਦਰਿਆਵਾਂ ਦੀ ਸਫਾਈ ਦਾ ਕੰਮ ਵੀ ਹੁਣ ਸਾਲ ਵਿੱਚ ਇੱਕ ਵਾਰ ਹੋਵੇਗਾ। ਪਹਿਲਾਂ ਮਜ਼ਦੂਰਾਂ ਨੂੰ 30 ਦਿਨ ਔਸਤ ਸਾਲ ਵਿੱਚ ਕੰਮ ਮਿਲ ਜਾਂਦਾ ਸੀ ਪਰ ਇਹ ਹੁਣ ਇਸ ਤੋਂ ਵੀ ਅੱਧਾ ਰਹਿ ਜਾਵੇਗਾ ਜਦਕਿ ਕਾਨੂੰਨ ਮੁਤਾਬਕ ਸਾਲ ਵਿਚ 100 ਦਿਨ ਦਾ ਕੰਮ ਲੋੜਵੰਦ ਕਿਰਤੀ ਨੂੰ ਦੇਣਾ ਜ਼ਰੂਰੀ ਹੈ। ਉਨ੍ਹਾਂ ਦੱਸਿਆ ਕਿ ਪਿਛਲੇ ਦੋ ਮਹੀਨੇ ਤੋਂ ਕੀਤੇ ਹੋਏ ਕੰਮਾਂ ਦੀ ਅਦਾਇਗੀ ਵੀ ਪੰਜਾਬ ਸਰਕਾਰ ਕਿਸ਼ਤਾਂ ਵਿੱਚ ਮਜ਼ਦੂਰਾਂ ਨੂੰ ਕਰ ਰਹੀ ਹੈ ਜੋ ਕਿ ਮਨਰੇਗਾ ਕਾਨੂੰਨ ਦੀ ਉਲੰਘਣਾ ਹੈ। ਆਗੂਆਂ ਨੇ ਮੰਗ ਕੀਤੀ ਕਿ ਪਿੰਡਾਂ ਵਿੱਚ ਮਨਰੇਗਾ ਦਾ ਕੰਮ ਤੁਰੰਤ ਸ਼ੁਰੂ ਕੀਤਾ ਜਾਵੇ ਬਕਾਇਆ ਅਦਾਇਗੀ ਦਿੱਤੀ ਜਾਵੇ ਅਤੇ ਮਨਰੇਗਾ ਕੰਮ ਨੂੰ ਦੋ ਕੈਟਾਗਰੀਆਂ ਵਿੱਚ ਬਦਲਣ ਦਾ ਫੈਸਲਾ ਤੁਰੰਤ ਵਾਪਸ ਲਿਆ ਜਾਵੇ ।





# ਅਸਿਸਟੈਂਟ ਐਡਵੋਕੇਟ ਜਨਰਲ ਬਣਨ 'ਤੇ ਧੀ ਦਾ ਪਿੰਡ ਵੱਲੋਂ ਹਾਰਦਿਕ ਸਵਾਗਤ

**ਸ਼ਾਹਕੋਟ (ਗਿਆਨ ਸੈਦਪੁਰੀ)**- ਨੇੜਲੇ ਪਿੰਡ ਭੋਇਪੁਰ ਦੇ ਖੇਤ ਮਜ਼ਦੂਰ ਪਰਵਾਰ ਦੀ ਹੋਣਹਾਰ ਧੀ ਗੁਰਪ੍ਰੀਤ ਕੌਰ ਅਸਿਸਟੈਂਟ ਐਡਵੋਕੇਟ ਜਨਰਲ ਬਣਨ ਤੋਂ ਬਾਅਦ ਪਹਿਲੀ ਵਾਰ ਆਪਣੇ ਪੇਕੇ ਘਰ ਆਈ ਤਾਂ ਮਾਂ ਬਾਪ, ਚਾਚੇ ਚਾਚੀਆਂ ਸਮੇਤ ਪਿੰਡ ਵਾਲਿਆਂ ਨੇ ਚਾਵਾਂ ਦੇ ਚਿਰਾਗ ਜਗਾ ਦਿੱਤੇ। ਗੁਰਪ੍ਰੀਤ ਕੌਰ ਨੇ ਬਲਦੇਵ ਸਿੰਘ ਗਿੱਲ ਦੇ ਘਰ ਮਾਤਾ ਮਨਜੀਤ ਕੌਰ ਦੀ ਸੁਲੱਖਣੀ ਕੁੱਖੋਂ ਜਨਮ ਲਿਆ ਪਰ ਉਸ ਨੂੰ ਉਸ ਦੇ ਚਾਚਾ ਜਸਵੰਤ ਸਿੰਘ ਗਿੱਲ ( ਪੰਜਾਬ ਪੁਲਸ) ਤੇ ਚਾਚੀ ਕੁਲਵਿੰਦਰ ਕੌਰ ਗਿੱਲ ਨੇ ਪਾਲਿਆ, ਪੋਸਿਆ, ਪੜ੍ਹਾਇਆ ਤੇ ਹੁਣ ਵਾਲੇ ਮੁਕਾਮ ਤੱਕ ਪਹੁੰਚਾਉਣ ਲਈ ਉਪਰਾਲੇ ਕੀਤੇ ।7 ਸਾਲਾਂ ਦੀ ਵਕਾਲਤ ਦੇ ਤਜਰਬੇ ਉਪਰੰਤ ਮਈ 2025 ਵਿੱਚ ਗੁਰਪ੍ਰੀਤ ਕੌਰ ਅਸਿਸਟੈਂਟ ਐਡਵੋਕੇਟ ਜਨਰਲ ਦੇ ਤੌਰ 'ਤੇ ਪਦਉਨਤ ਹੋ ਗਈ। ਜਲੰਧਰ ਕੈਂਟ ਵਿੱਚ ਵਿਆਹੀ ਗੁਰਪ੍ਰੀਤ ਕੌਰ ਪਦਉਨਤ ਹੋਣ ਤੋਂ ਬਾਅਦ ਪਹਿਲੀ ਵਾਰ ਆਪਣੇ ਸਹੁਰਾ ਪਰਵਾਰ ਸਮੇਤ ਆਪਣੇ ਪੇਕੇ ਪਿੰਡ ਭੋਇਪੁਰ ਪਹੁੰਚੀ ਤਾਂ ਪਿੰਡ ਵਾਲਿਆਂ ਨੇ ਹਾਰਦਿਕ ਸਵਾਗਤ ਕੀਤਾ। ਉਸ ਨੂੰ ਫੁੱਲਾਂ ਦੇ ਹਾਰਾਂ ਨਾਲ ਲੱਦ ਦਿੱਤਾ ਗਿਆ। ਪੰਜਾਬ ਦੀ ਪੁਰਾਣੀ ਰਵਾਇਤ ਅਨੁਸਾਰ ਘਰ ਦੇ ਦਰਾਂ 'ਤੇ ਤੇਲ ਚੋਅ ਕੇ ਉਸ ਨੂੰ ਅੰਦਰ ਜਾਣ ਦਿੱਤਾ ਗਿਆ।ਗੁਰਪ੍ਰੀਤ ਕੌਰ ਨੇ ਗੱਲਬਾਤ ਕਰਦਿਆਂ ਕਿਹਾ ਕਿ ਉਸ ਨੇ ਕਦੇ ਸੋਚਿਆ ਨਹੀਂ ਸੀ ਕਿ ਉਹ ਇਸ ਮੁਕਾਮ 'ਤੇ ਪਹੁੰਚੇਗੀ। ਉਸ ਨੇ ਕਿਹਾ ਕਿ ਪਹਿਲਾਂ ਉਸ ਨੂੰ ਮਾਂ ਬਾਪ ਤੇ ਖਾਸ ਕਰਕੇ ਚਾਚਾ ਜਸਵੰਤ ਸਿੰਘ ਗਿੱਲ ਵੱਲੋਂ ਉਤਸ਼ਾਹ ਮਿਲਦਾ ਰਿਹਾ ਤੇ ਵਿਆਹ ਉਪਰੰਤ ਇਹ ਪ੍ਰੇਰਨਾ ਉਸ ਨੂੰ ਸਹੁਰਾ ਪਰਵਾਰ ਵੱਲੋਂ ਮਿਲਦੀ ਰਹੀ। ਗੁਰਪ੍ਰੀਤ ਕੌਰ ਨੇ ਐਡਵੋਕੇਟ ਰਜਿੰਦਰ ਸਿੰਘ ਮੰਡ ਦਾ ਵੀ ਉਚੇਚ ਨਾਲ ਜ਼ਿਕਰ ਕੀਤਾ। ਵਕਾਲਤ ਦੇ ਮੁਢਲੇ ਦਿਨਾਂ ਵਿੱਚ ਐਡਵੋਕੇਟ ਮੰਡ ਹੁਰਾਂ ਨੇ ਗੁਰਪ੍ਰੀਤ ਕੌਰ ਦੀ ਅਗਵਾਈ ਕੀਤੀ ਸੀ।ਛੋਟੇ ਜਿਹੇ ਪਰ ਉਤਸ਼ਾਹੀ ਸਵਾਗਤੀ ਸਮਾਗਮ ਵਿੱਚ ਪਿੰਡ ਦੇ ਸਰਪੰਚ ਨਰਿੰਦਰ ਕੌਰ, ਕੈਪਟਨ ਗੁਰਮੇਜ ਸਿੰਘ, ਹਰਪਾਲ ਸਿੰਘ ਤੇ ਸਦਰਾ ( ਦੋਵੇਂ ਸਾਬਕਾ ਸਰਪੰਚ), ਜਸਵਿੰਦਰ ਸਿੰਘ, ਜਸਵੰਤ ਸਿੰਘ, ਨਿਰਮਲ ਸਿੰਘ ਫੌਜੀ, ਕਸ਼ਮੀਰ ਸਿੰਘ ਸਾਹਲਾਪੁਰ, ਕੁਲਵੰਤ ਸਿੰਘ ਗਿੱਲ, ਦਲਜੀਤ ਕੌਰ ਗਿੱਲ, ਪ੍ਰੀਤਮ ਦਾਸ ਅਟਵਾਲ, ਸਿਧਾਰਥ ਅਟਵਾਲ ਆਦਿ ਸ਼ਾਮਲ ਸਨ। ਇਸ ਸਮਾਗਮ ਵਿੱਚ ਸ਼ਾਮਲ ਹੋਣ ਲਈ ਜਸਵੰਤ ਸਿੰਘ ਗਿੱਲ ( ਪੰਜਾਬ ਪੁਲਸ) ਨੇ ਸਭ ਦਾ ਧੰਨਵਾਦ ਕੀਤਾ।



# ਅੰਬੇਡਕਰ ਟਾਈਗਰ ਫੋਰਸ ਪੰਜਾਬ ਦੇ ਪ੍ਰਧਾਨ ਕਰਨ ਚੁੰਬਰ 'ਆਪ' 'ਚ ਸ਼ਾਮਿਲ



**ਆਦਮਪੁਰ (ਪਰਮਜੀਤ ਸਿੰਘ)**- ਅੰਬੇਡਕਰ ਟਾਈਗਰ ਫੋਰਸ ਪੰਜਾਬ ਦੇ ਪ੍ਰਧਾਨ ਕਰਨ ਚੁੰਬਰ ਦੀਆਂ ਇਲਾਕੇ ਵਿਚ ਵਧੀਆ ਸੇਵਾਵਾਂ ਦੇਖਦੇ ਹੋਏ ਹਲਕਾ ਇੰਚਾਰਜ ਪਵਨ ਕੁਮਾਰ ਟੀਨੂੰ ਆਦਮਪੁਰ ਵੱਲੋਂ ਉਸ ਨੂੰ 'ਆਪ' 'ਚ ਸ਼ਾਮਿਲ ਕੀਤਾ ਗਿਆ ਹੈ। ਮਾਰਕੀਟ ਕਮੇਟੀ ਆਦਮਪੁਰ ਵਿਖੇ ਇਲਾਕੇ ਦੇ ਲੋਕਾਂ ਦੀਆਂ ਸਮੱਸਿਆਵਾਂ ਸੁਣਦਿਆਂ ਪਵਨ ਟੀਨੂੰ ਨੇ ਦੱਸਿਆ ਕਿ ਅੰਬੇਡਕਰ ਟਾਈਗਰ ਫੋਰਸ ਪੰਜਾਬ ਦੇ ਪ੍ਰਧਾਨ ਕਾਰਨ ਚੁੰਬਰ ਸਮੇਤ ਸਾਥੀ ਪਰਮਜੀਤ ਨਿੱਕਾ, ਅਮਨ ਬੰਗੜ, ਦੀਪਕ ਆਨੰਦ ਨੂੰ 'ਆਪ' ਵਿਚ ਸ਼ਾਮਿਲ ਕਰਦਿਆਂ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਇਸ ਮੌਕੇ ਦਲਜੀਤ ਸਿੰਘ ਮਿਨਹਾਸ ਕੋਆਰਡੀਨੇਟਰ ਨਸ਼ਾ ਮੁਕਤੀ ਮੋਰਚਾ, ਹਰਕੀਤ ਸਿੰਘ ਭੋਲਾ ਕਿਸਾਨ ਵਿੰਗ, ਰਾਕੇਸ਼ ਅਗਰਵਾਲ ਸੀਨੀਅਰ ਆਗੂ, ਚਰਨਜੀਤ ਸਿੰਘ, ਪਰਮਜੀਤ ਪੰਮਾ ਹਲਕਾ ਸੰਗਠਨ ਇੰਚਾਰਜ, ਰਾਜਾ ਡਰੋਲੀ, ਅਮਨਦੀਪ ਮਾਹੀ, ਜੱਸਾ ਜੱਫਲਾਂ ਸਮੇਤ ਪਾਰਟੀ ਦੇ ਵਰਕਰ ਵੱਡੀ ਗਿਣਤੀ 'ਚ ਹਾਜ਼ਰ ਸਨ।

# ਸ੍ਰੀ ਹਨੂਮਤ ਇੰਟਰਨੈਸ਼ਨਲ ਪਬਲਿਕ ਸਕੂਲ 'ਮੋਸਟ ਪ੍ਰੋਗਰੈਸਿਵ ਸਕੂਲ 2025' ਪੁਰਸਕਾਰ ਨਾਲ ਸਨਮਾਨਤ

**ਗੁਰਾਇਆ (ਬਿੰਦਰ ਸੁਮਨ)**- ਸ੍ਰੀ ਹਨੂਮਤ ਇੰਟਰਨੈਸ਼ਨਲ ਪਬਲਿਕ ਸਕੂਲ ਗੁਰਾਇਆ ਨੂੰ ਸਿੱਖਿਆ ਦੇ ਖੇਤਰ ਵਿੱਚ ਸ਼ਾਨਦਾਰ ਕੰਮ ਅਤੇ ਨਵੀਨਤਾਕਾਰੀ ਵਿਦਿਅਕ ਪਹਿਲਕਦਮੀਆਂ ਲਈ 'ਮੋਸਟ ਪ੍ਰੋਗਰੈਸਿਵ ਸਕੂਲ 2025' ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਇਹ ਸਨਮਾਨ ਨੈਸ਼ਨਲ ਸਕੂਲ ਐਵਾਰਡ 2025 ਦੇ ਤਹਿਤ ਦਿੱਤਾ ਗਿਆ ਸੀ, ਜਿਸ ਵਿੱਚ ਦੇਸ਼ ਭਰ ਦੇ ਹਜ਼ਾਰਾਂ ਸਕੂਲਾਂ ਨੇ ਹਿੱਸਾ ਲਿਆ। ਸਕੂਲ ਪ੍ਰਿੰਸੀਪਲ ਆਰਤੀ ਸੋਬਤੀ ਨੂੰ ਇਸ ਮਾਣਮੱਤੇ ਪ੍ਰਾਪਤੀ ਲਈ ਵਿਸ਼ੇਸ਼ ਤੌਰ 'ਤੇ ਸਨਮਾਨਤ ਕੀਤਾ ਗਿਆ। ਉਨ੍ਹਾਂ ਦੀ ਦੂਰਦਰਸ਼ੀ ਅਗਵਾਈ, ਨਵੀਨਤਾਕਾਰੀ ਸੋਚ ਅਤੇ ਸਮਰਪਿਤ ਯਤਨਾਂ ਨੇ ਸਕੂਲ ਲਈ ਇਹ ਪ੍ਰਾਪਤੀ ਸੰਭਵ ਬਣਾਈ ਹੈ। ਇਹ ਪੁਰਸਕਾਰ ਸਮਾਰੋਹ ਨਵੀਂ ਦਿੱਲੀ ਦੇ ਦਵਾਰਕਾ ਸਥਿਤ ਰੈਡੀਸਨ ਬਲੂ ਹੋਟਲ ਵਿਖੇ ਆਯੋਜਿਤ ਕੀਤਾ ਗਿਆ। ਇਹ ਆਯੋਜਨ ਸਿੱਖਿਆ ਖੇਤਰ ਦੀਆਂ ਕਈ ਉੱਘੀਆਂ ਸ਼ਖਸੀਅਤਾਂ ਦੀ ਮੌਜੂਦਗੀ ਵਿੱਚ ਆਯੋਜਿਤ ਕੀਤਾ ਗਿਆ। ਪੁਰਸਕਾਰ ਪ੍ਰਾਪਤ ਕਰਦੇ ਹੋਏ, ਪ੍ਰਿੰਸੀਪਲ ਆਰਤੀ ਸੋਬਤੀ ਨੇ ਕਿਹਾ, 'ਇਹ ਸਨਮਾਨ ਸਾਡੇ ਸਮੁੱਚੇ ਸਕੂਲ, ਅਧਿਆਪਕਾਂ, ਵਿਦਿਆਰਥੀਆਂ, ਮਾਪਿਆਂ ਅਤੇ ਸਟਾਫ਼ ਦੇ ਸਮੂਹਿਕ ਯਤਨਾਂ ਦਾ ਨਤੀਜਾ ਹੈ। ਅਸੀਂ ਸਿੱਖਿਆ ਦੇ ਖੇਤਰ ਵਿੱਚ ਨਿਰੰਤਰ ਨਵੀਨਤਾ ਅਤੇ ਸਮਾਵੇਸ਼ੀ ਵਿਕਾਸ ਲਈ ਵਚਨਬੱਧ ਹਾਂ।'





# ਪੰਚਾਇਤੀ ਬੋਲੀ ਦੇ ਸਾਰੇ ਪੈਸੇ ਪਿੰਡਾਂ ਦੇ ਵਿਕਾਸ ਕਾਰਜਾਂ 'ਤੇ ਹੀ ਲਗਾਏ ਜਾਣ : ਸਰਪੰਚ

**ਕਾਲਾ ਸੰਘਿਆਂ (ਮਨਜੀਤ ਮਾਨ)**- ਪਿੰਡ ਸਿੱਧਵਾਂ ਦੋਨਾਂ ਵਿੱਚ ਸਰਪੰਚ ਸੁਖਵਿੰਦਰ ਸਿੰਘ ਨੇਕੀ ਵੱਲੋਂ ਇੱਕ ਮੀਟਿੰਗ ਦੋਨਾਂ ਇਲਾਕੇ ਦੇ ਸਾਰੇ ਸਰਪੰਚਾਂ ਨਾਲ ਆਪਣੇ ਦਫਤਰ ਵਿੱਚ ਕੀਤੀ ਗਈ। ਮੀਟਿੰਗ ਵਿੱਚ ਆਮ ਆਦਮੀ ਪਾਰਟੀ ਦੇ ਸੰਗਠਨ ਦੇ ਇੰਚਾਰਜ ਪਰਮਿੰਦਰ ਸਿੰਘ ਢੋਟ ਵੀ ਸ਼ਾਮਲ ਹੋਏ। ਇਸ ਮੀਟਿੰਗ ਵਿੱਚ ਆਉਣ ਵਾਲੀਆਂ ਜ਼ਿਲ੍ਹਾ ਪ੍ਰੀਸ਼ਦ ਅਤੇ ਬਲਾਕ ਸੰਮਤੀ ਚੋਣਾਂ ਬਾਰੇ ਵੀ ਵਿਚਾਰ ਚਰਚਾ ਕੀਤੀ ਗਈ। ਦੋਨਾਂ ਇਲਾਕੇ ਦੇ ਸਰਪੰਚਾਂ ਵਲੋਂ ਸਰਕਾਰ ਕੋਲੋਂ ਮੰਗ ਕੀਤੀ ਗਈ ਕਿ ਪਿੰਡ ਦੀ ਪੰਚਾਇਤੀ ਜ਼ਮੀਨ ਦੀ ਬੋਲੀ ਦੇ ਸਾਰੇ ਪੈਸੇ ਪਿੰਡ ਦੇ ਵਿਕਾਸ 'ਤੇ ਹੀ ਲਗਾਏ ਜਾਣ। ਇਸ ਵਿਚੋਂ ਕਿਸੇ ਵੀ ਤਰ੍ਹਾਂ ਦੀ ਕਟੌਤੀ ਨਾ ਕੀਤੀ ਜਾਵੇ ਕਿਉਂਕਿ ਇਹ ਹਰੇਕ ਪਿੰਡ ਦੀ ਆਪਣੀ ਜ਼ਮੀਨ ਦੇ ਪੈਸੇ ਹੁੰਦੇ ਹਨ ਤੇ ਇਨ੍ਹਾਂ ਪੈਸਿਆਂ 'ਤੇ ਪਹਿਲ ਦੇ ਅਧਾਰ 'ਤੇ ਹੱਕ ਵੀ ਪਿੰਡ ਦਾ ਹੀ ਹੋਣਾ ਚਾਹੀਦਾ ਹੈ। ਦੂਸਰੀ ਮੰਗ ਇਹ ਕੀਤੀ ਕਿ ਪੰਚਾਇਤ ਵੱਲੋਂ ਜਦੋਂ ਵੀ ਲੋਕਾਂ ਦੇ ਕੰਮ ਕਰਵਾਉਣ ਲਈ ਕਚਿਹਰੀਆਂ ਵਿੱਚ ਜਾਂ ਡਿਪਟੀ ਕਮਿਸ਼ਨਰ ਦਫਤਰ ਜਾਂ ਪੁਲਸ ਕਮਿਸ਼ਨਰ ਦਫਤਰ ਜਾਣਾ ਪੈਂਦਾ ਹੈ ਤਾਂ ਪਾਰਕਿੰਗ ਵਾਲੇ ਬਹੁਤ ਪ੍ਰੇਸ਼ਾਨ ਕਰਦੇ ਹਨ। ਜਦ ਲੋਕਾਂ ਦੇ ਕੰਮਾਂ ਲਈ ਜਾਣਾ ਹੁੰਦਾ ਹੈ ਤਾਂ ਸਾਰੀਆਂ ਪੰਚਾਇਤਾਂ ਨੂੰ ਪਾਰਕਿੰਗ ਫ੍ਰੀ ਹੋਣੀ ਚਾਹੀਦੀ ਹੈ। ਮੀਟਿੰਗ ਦੀ ਅਗਵਾਈ ਸੁਖਵਿੰਦਰ ਸਿੰਘ ਨੇਕੀ ਵਲੋਂ ਕੀਤੀ ਗਈ। ਮੀਟਿੰਗ ਵਿੱਚ ਨਥੂਚਾਹਲ ਦੇ ਸਰਪੰਚ ਦਲਵਿੰਦਰ ਸਿੰਘ, ਸਰਪੰਚ ਦਲਜੀਤ ਸਿੰਘ ਪਿੰਡ ਠੀਕਰੀਵਾਲ, ਮੁਖਤਿਆਰ ਸਿੰਘ ਪੰਚ, ਬੱਗਾ ਸਿੰਘ ਸਰਪੰਚ ਵਿਜੋਲਾ, ਸੁਖਵਿੰਦਰ ਸਿੰਘ ਸਰਪੰਚ ਬਲੇਰਖਾਨਪੁਰ, ਪ੍ਰੇਮ ਪਾਲ ਸਿੰਘ ਸਰਪੰਚ ਚੱਕ ਦੋਨਾਂ, ਪਰਮਜੀਤ ਸਿੰਘ ਸਰਪੰਚ ਔਜਲਾ ਯੋਗੀ, ਸੁਖਦੇਵ ਸਿੰਘ ਸਰਪੰਚ ਧਮਾ, ਸ਼ਮਸ਼ੇਰ ਸਿੰਘ ਸਰਪੰਚ ਭੀਲਾਂ, ਮੋਹਨ ਸਿੰਘ ਸਰਪੰਚ ਬਿਹਾਰੀਪੁਰ, ਜਸਵੰਤ ਸਿੰਘ ਸਰਪੰਚ ਭਾਨੋਲੰਗਾ, ਸਰਦੂਲ ਸਿੰਘ ਸਰਪੰਚ ਸਿਆਲਾਂ, ਵਿਨੋਦ ਕੁਮਾਰ ਸਰਪੰਚ, ਜਗਦੀਪ ਸਿੰਘ ਸਰਪੰਚ, ਕਮਲਜੀਤ ਸਿੰਘ ਸਰਪੰਚ, ਅਵਤਾਰ ਗਿੱਲ ਸਰਪੰਚ, ਆਮ ਆਦਮੀ ਪਾਰਟੀ ਦੇ ਬਲਾਕ ਪ੍ਰਧਾਨ ਸਤਨਾਮ ਸਿੰਘ, ਦਲਵੀਰ ਸਿੰਘ ਰਾਣਾ, ਗੁਰਮੇਲ ਸਿੰਘ, ਵਿਕਾਸ ਮੋਮੀ ਗੋਪੀ ਭਾਨੋਲੰਗਾ, ਸਰਪੰਚ ਗੋਸਲ, ਸਰਪੰਚ ਭੰਡਾਲ ਦੋਨਾ, ਸਰਪੰਚ ਮੰਡੇਰ ਦੋਨਾਂ ਆਦਿ ਮੀਟਿੰਗ ਵਿੱਚ ਸ਼ਾਮਿਲ ਹੋਏ।





# ਪਰਵਾਰ ਨੂੰ ਇਨਸਾਫ ਦਿਵਾਉਣ ਲਈ ਸੰਤ ਸਤਵਿੰਦਰ ਹੀਰਾ ਇੰਗਲੈਂਡ ਤੋਂ ਧਰਨੇ ਵਾਲੇ ਸਥਾਨ 'ਤੇ ਪਹੁੰਚੇ

**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ, ਬਲਵੀਰ ਸਿੰਘ ਸੈਣੀ)** ਪੈਸੇ ਚੋਰੀ ਦੇ ਝੂਠੇ ਇਲਜ਼ਾਮ ਲੱਗਣ ਅਤੇ ਹੋਈ ਕੁੱਟਮਾਰ ਦੀ ਨਮੋਸ਼ੀ ਵਜੋਂ ਟਰੱਕ ਡਰਾਈਵਰ ਅਤੇ ਕੰਡਕਟਰ ਵਲੋਂ ਕੀਤੀ ਖੁਦਕਸ਼ੀ ਮਾਮਲੇ ਵਿਚ ਪਿੰਡ ਨਿਆਲ ਦੇ ਪੀੜਤ ਪਰਵਾਰਾਂ ਨੂੰ ਇੰਨਸਾਫ ਦਿਵਾਉਣ ਅਤੇ ਮਾਮਲੇ ਦੇ ਮੁੱਖ ਦੋਸ਼ੀ ਨੂੰ ਗ੍ਰਿਫਤਾਰ ਕਰਾਉਣ ਲਈ ਪਿੰਡ ਵਾਸੀਆਂ ਵਲੋਂ ਬਣਾਈ ਐਕਸ਼ਨ ਕਮੇਟੀ ,ਕਿਸਾਨ ਜਥੇਬੰਦੀਆਂ ਅਤੇ ਇਲਾਕੇ ਦੇ ਲੋਕਾਂ ਵਲੋਂ ਲਗਾਏ ਧਰਨੇ ਵਿਚ ਆਲ ਇੰਡੀਆ ਆਦਿ ਧਰਮ ਮਿਸ਼ਨ (ਰਜਿ.) ਭਾਰਤ ਦੇ ਰਾਸ਼ਟਰੀ ਪ੍ਰਧਾਨ ਸੰਤ ਸਤਵਿੰਦਰ ਹੀਰਾ ਇੰਗਲੈਂਡ ਤੋਂ ਭਾਰਤ ਵਾਪਸੀ ਸਮੇਂ ਧਰਨੇ ਵਾਲੇ ਸਥਾਨ 'ਤੇ ਪਹੁੰਚੇ ਅਤੇ ਇਸ ਘਟਨਾ ਦੀ ਨਿੰਦਿਆ ਕੀਤੀ। ਉਨਾਂ ਨਾਲ ਆਦਿ ਧਰਮ ਮਿਸ਼ਨ ਦੇ ਜਗਸੀਰ ਸਿੰਘ ਜੱਗੀ ਪਾਤੜਾਂ ਅਤੇ ਸੁਖਵੀਰ ਦੁਗਾਲ ਵੀ ਹਾਜਰ ਸਨ। ਸੰਤ ਸਤਵਿੰਦਰ ਹੀਰਾ ਨੇ ਕਿਹਾ ਕਿ ਕਿਸੇ ਤੇ ਕਿਸੇ ਵੀ ਤਰ੍ਹਾਂ ਦਾ ਅੱਤਿਆਚਾਰ ਅਤੇ ਖੁਦਕਸ਼ੀ ਲਈ ਮਜ਼ਬੂਰ ਕਰਨਾ ਕਨੂੰਨੀ ਜੁਰਮ ਹੈ ਅਤੇ ਭਾਰਤੀ ਸੰਵਿਧਾਨ ਅਨੁਸਾਰ ਇਹ ਇੱਕ ਵੱਡਾ ਗੁਨਾਹ ਹੈ।ਇਨ੍ਹਾਂ ਅੱਤਿਆਚਾਰਾਂ ਦੇ ਖਿਲਾਫ਼ ਲੜਨ ਲਈ ਸਾਨੂੰ ਗੁਰੂਆਂ ਦੀ ਕ੍ਰਾਂਤੀਕਾਰੀ ਬਾਣੀ ਤੋਂ ਸੇਧ ਲੈਣੀ ਚਾਹੀਦੀ ਹੈ, ਜਿਸ ਵਿੱਚ ਸਤਿਗੁਰੂ ਰਵਿਦਾਸ ਜੀ ਨੇ ਕਿਹਾ ਹੈ 'ਸਤਿਸੰਗਤ ਮਿਲਿ ਰਹੀਏ ਮਾਧੋ ਜੈਸੇ ਮਧਪੁ ਮਖੀਰਾ' ਇਥੇ ਗੁਰੂ ਜੀ ਨੇ ਮਧੂ ਮੱਖੀਆਂ ਦੀ ਉਦਾਹਰਣ ਇਸ ਕਰਕੇ ਦਿੱਤੀ ਹੈ ਕਿ ਜਦੋਂ ਉਨਾਂ ਵੱਲ ਕੋਈ ਉਂਗਲ ਵੀ ਕਰੇ ਤਾਂ ਉਹ ਇਕੱਠੀਆਂ ਧਾਵਾ ਬੋਲ ਦਿੰਦੀਆਂ ਹਨ। ਇਸ ਕਰਕੇ ਸਮਾਜ ਨੂੰ ਵੀ ਪ੍ਰੇਰਨਾ ਲੈ ਕੇ ਏਕਤਾ ਅਤੇ ਆਪਸੀ ਭਾਈਚਾਰਾ ਬਣਾਕੇ ਰੱਖਣਾ ਬਹੁਤ ਜ਼ਰੂਰੀ ਹੈ। ਸੰਤ ਸਤਵਿੰਦਰ ਹੀਰਾ ਨੇ ਕਿਹਾ ਕਿ ਪਿੰਡ ਨਿਆਲ ਦੇ ਦੋਵੇਂ ਵਿਅਕਤੀ ਬਹੁਤ ਮਿਹਨਤੀ, ਇਮਾਨਦਾਰ ਅਤੇ ਮਿਹਨਤ ਮਜ਼ਦੂਰੀ ਕਰਕੇ ਆਪਣੇ ਪਰਵਾਰ ਦਾ ਪਾਲਣ ਪੋਸ਼ਣ ਕਰਦੇ ਸਨ, ਉਨਾਂ ਦੀ ਮੌਤ ਤੋਂ ਬਾਅਦ ਪੀੜਤ ਪਰਵਾਰ ਦੁੱਖਾਂ ਵਿਚ ਘਿਰ ਗਿਆ ਹੈ । ਇਸ ਲਈ ਸਰਕਾਰ ਪਰਵਾਰ ਨੂੰ ਇੰਨਸਾਫ ਦਿਵਾਉਣ ਲਈ ਲੋਕਾਂ ਵਲੋਂ ਰੱਖੀਆਂ ਮੰਗਾਂ ਨੂੰ ਤੁਰੰਤ ਲਾਗੂ ਕਰੇ, ਪੀੜਤ ਪਰਵਾਰਾਂ ਦੇ ਇਕ ਇਕ ਮੈਂਬਰ ਨੂੰ ਸਰਕਾਰੀ ਨੌਕਰੀ ਅਤੇ ਯੋਗ ਮੁਆਵਜ਼ਾ ਦਿੱਤਾ ਜਾਵੇ।



# ਤੀਆਂ ਦਾ ਤਿਉਹਾਰ ਧੂਮਧਾਮ ਨਾਲ ਮਨਾਇਆ

**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)**- ਪੰਜਾਬੀ ਸੱਭਿਆਚਾਰ ਨੂੰ ਜਿਊਂਦਾ ਰੱਖਣ ਵਾਲੀਆਂ ਔਰਤਾਂ ਡਾ. ਅਮਨਦੀਪ ਕੌਰ ਸੂਰੀ ,ਸਿਮਰਨ ਸਹਿਜਪਾਲ ਖਾਲਸਾ ਫਾਰਮ ਸ਼ਿਕਾਗੋ ਵਾਲਿਆਂ ਦੀ ਅਗਵਾਈ ਵਿੱਚ ਚੌਧਰੀ ਪੈਲੇਸ ਭੱਦੀ ਰੋਡ ਬਲਾਚੌਰ ਵਿਖੇ ਤਿਉਹਾਰ ਤੀਆ ਦਾ ਮੇਲਾ ਵੱਡੇ ਪੱਧਰ ਤੇ ਬੜੀ ਧੂਮਧਾਮ ਨਾਲ ਮਨਾਇਆ ਗਿਆ। ਸੂਰੀ ਹਸਪਤਾਲ ਬਲਾਚੌਰ ਦੇ ਡਾ. ਅਮਨਦੀਪ ਸੂਰੀ ਤੇ ਸਿਮਰਨ ਸਹਿਜਪਾਲ ਕਿਹਾ ਕਿ ਫਿਲਮੀ ਹਸਤੀਆਂ ਨੇ ਪਹੁੰਚ ਕੇ ਤੀਆਂ ਦੇ ਤਿਉਹਾਰ ਦੀ ਰੌਣਕ ਨੂੰ ਵਧਾਇਆ। ਡਾ. ਅਮਨਦੀਪ ਕੌਰ ਸੂਰੀ ਤੇ ਸਿਮਰਨ ਸਹਿਜਪਾਲ ਨੇ ਦੱਸਿਆਂ ਕਿ ਇਸ ਤੀਆਂ ਦੇ ਮੇਲੇ ਵਿੱਚ , ਪ੍ਰਭਜੋਤ ਕੌਰ, ਜਸਵੀਰ ਸਿੰਘ ਗੜੀ ਉਨ੍ਹਾਂ ਦੀ ਪਤਨੀ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ। ਐੱਮ ਐੱਲ ਏ ਬੀਬੀ ਸੰਤੋਸ਼ ਕਟਾਰੀਆ ਨੇ ਵਿਸ਼ੇਸ਼ ਤੌਰ ਤੇ ਪਹੁੰਚੇ। ਉਨ੍ਹਾਂ ਦਾ ਵੀ ਸਨਮਾਨ ਕੀਤਾ ਗਿਆ। ਵਿਧਾਇਕ ਬੀਬੀ ਸੰਤੋਸ਼ ਕਟਾਰੀਆ ਨੇ ਕਿਹਾ ਕਿ ਸੱਭਿਆਚਾਰਕ ਮੇਲੇ ਤੇ ਤਿਉਹਾਰ ਸਮਾਜ ਵਿੱਚ ਆਪਸੀ ਭਾਈਚਾਰਕ ਸਾਂਝ ਵਧਾਉਂਦੇ ਹਨ। ਤੀਆਂ ਦੇ ਮੇਲੇ ਵਿੱਚ ਵਿਸ਼ੇਸ਼ ਸਨਮਾਨ ਜਤਿੰਦਰ ਕੌਰ ਵੱਲੋਂ ਕੀਤਾ ਗਿਆ। ਤੀਆਂ ਦੇ ਮੇਲੇ ਵਿੱਚ ਯੁਵਰਾਜ ਹੰਸ, ਮਲਕੀਤ ਰੌਣੀ, ਪਰਮਵੀਰ ਸਿੰਘ, ਸਮੀਰ ਮਾਹੀ, ਹਰਸ਼ ਪੰਧੇਰ, ਟਾਈਗਰ ਹਰਮੀਕ, ਰਾਮ ਔਜਲਾ,ਵਿਕਟਰ ਯੋਗਰਾਜ ਸਿੰਘ, ਪ੍ਰਿੰਸ ਸੰਧੂ, ਅਨਮੋਲ, ਵਿਜੇ ਮੱਟੂ, ਆਰਜੇ ਮੱਟੂ ਅਤੇ ਸੁਨੀਤਾ ਧੀਰ, ਗੁਰਪ੍ਰੀਤ ਭੰਗੂ, ਰੁਪਿੰਦਰ ਰੂਪੀ, ਅਨੀਤਾ ਮੀਤ, ਸਤਵੰਤ ਕੌਰ, ਪਰਮਿੰਦਰ ਗਿੱਲ,ਅਨੀਤਾ, ਨੀਨਾ ਯੋਗਰਾਜ ਸਿੰਘ, ਨਿਸ਼ਾ ਬਾਨੋ ,ਨੇਹਾ ਦਿਆਲ, ਰਾਜ ਧਾਲੀਵਾਲ, ਪੂਨਮ ਸੂਦ, ਮਨੀ ਬੋਪਾਰਾਏ, ਹਰਪ੍ਰੀਤ ਵਾਲੀਆ, ਜੋਤੀ ਆਰੋੜਾ, ਮਨਪ੍ਰੀਤ ਮਨੀ, ਪ੍ਰਿਆ ਸਿੰਘ ਪ੍ਰੀਤ, ਵਿਸ਼ੂ ਖੇੜੀਆ, ਗੀਤ ਕਾਹਲੋਂ, ਮਰਜੀਨਾ ਸਾਗਰ, ਮੌਸਮੀ ਸੇਨ, ਸੰਦੀਪ ਕੌਰ, ਸੰਦੀਪ ਸਿੱਧੂ, ਨਵਦੀਪ ਕੌਰ ਗਾਂਧੀ ਅਤੇ ਤਰੁਨਜੋਤ ਸਿੰਘ ਈਵੇਂਟ ਮੈਨੇਜਰ ਡਾ. ਭੁਪਿੰਦਰ ਸਿੰਘ ਸੂਰੀ ਹਸਪਤਾਲ ਨੇ ਵਿਸ਼ੇਸ਼ ਹਾਜ਼ਰੀ ਲਗਵਾਈ।



# ਪੰਜਾਬੀ ਸੱਭਿਆਚਾਰ ਦੀ ਮੂੰਹ-ਬੋਲਦੀ ਤਸਵੀਰ ਪੇਸ਼ ਕਰਦਾ ਹੈ ਤੀਆਂ ਦਾ ਤਿਉਹਾਰ : ਅਨੀਤਾ ਸੋਮ ਪ੍ਰਕਾਸ਼

**ਫਗਵਾੜਾ (ਡਾ. ਰਮਨ)**- ਮੁਹੱਲਾ ਭਗਤਪੁਰਾ ਦੀ ਗਲੀ ਨੰਬਰ 1-ਏ ਦੀਆਂ ਸਮੂਹ ਔਰਤਾਂ ਵੱਲੋਂ ਤੀਆਂ ਦਾ ਤਿਉਹਾਰ ਬੜੀ ਧੂਮਧਾਮ ਅਤੇ ਉਤਸ਼ਾਹ ਨਾਲ ਮਨਾਇਆ ਗਿਆ। ਬਿਮਲਾ ਦੇਵੀ ਅਤੇ ਸੰਤੋਸ਼ ਦੇਵੀ ਦੀ ਸਰਪ੍ਰਸਤੀ ਹੇਠ ਆਯੋਜਿਤ ਤੀਆਂ ਦੇ ਮੇਲੇ ਦੌਰਾਨ ਇਲਾਕੇ ਭਰ ਦੀਆਂ ਔਰਤਾਂ ਅਤੇ ਬੱਚੀਆਂ ਨੇ ਰਵਾਇਤੀ ਪੰਜਾਬੀ ਪੌਸ਼ਾਕਾਂ ਪਾ ਕੇ ਅਤੇ ਸ਼ਿੰਗਾਰ ਕਰਕੇ ਸ਼ਮੂਲੀਅਤ ਕੀਤੀ। ਮੇਲੇ ਦਾ ਉਦਘਾਟਨ ਮੁੱਖ ਮਹਿਮਾਨ ਵਜੋਂ ਪਹੁੰਚੀ ਸਮਾਜ ਸੇਵਿਕਾ ਅਨੀਤਾ ਸੋਮ ਪ੍ਰਕਾਸ਼ ਧਰਮ ਪਤਨੀ ਸਾਬਕਾ ਕੇਂਦਰੀ ਮੰਤਰੀ ਸੋਮ ਪ੍ਰਕਾਸ਼ ਵਲੋਂ ਕੀਤਾ ਗਿਆ। ਜਦਕਿ ਜੋਤੀ ਮੰਹਤ ਅਤੇ ਗੋਰੀ ਮੰਹਤ ਤੋਂ ਇਲਾਵਾ ਸਾਬਕਾ ਕੌਂਸਲਰ ਬੀਬੀ ਸਰਬਜੀਤ ਕੌਰ, ਸਾਬਕਾ ਕੌਂਸਲਰ ਬੀਬੀ ਪਰਮਜੀਤ ਕੰਬੋਜ, ਕੌਂਸਲਰ ਪ੍ਰਿਤਪਾਲ ਕੌਰ ਤੁਲੀ, ਕੌਂਸਲਰ ਜਸਦੇਵ ਸਿੰਘ ਪ੍ਰਿੰਸ ਅਤੇ ਜਤਿੰਦਰ ਸ਼ਰਮਾ ਮਿੱਠੂ ਨੇ ਵਿਸ਼ੇਸ਼ ਮਹਿਮਾਨਾਂ ਵਜੋਂ ਸ਼ਿਰਕਤ ਕੀਤੀ। ਅਨੀਤਾ ਸੋਮ ਪ੍ਰਕਾਸ਼ ਨੇ ਸਮੂਹ ਹਾਜ਼ਰੀਨ ਨੂੰ ਤੀਜ ਉਤਸਵ ਦੀ ਵਧਾਈ ਦਿੱਤੀ ਅਤੇ ਕਿਹਾ ਕਿ ਇਹ ਤਿਉਹਾਰ ਪੁਰਾਤਨ ਪੰਜਾਬੀ ਸੱਭਿਆਚਾਰ ਦੀ ਮੂੰਹ ਬੋਲਦੀ ਤਸਵੀਰ ਪੇਸ਼ ਕਰਦਾ ਹੈ। ਇਸ ਦੌਰਾਨ ਮੁਟਿਆਰਾਂ, ਬੱਚੀਆਂ ਨੇ ਜਿਥੇ ਸੰਘਣੇ ਪਿੱਪਲ ਦੀ ਛਾਂ ਥੱਲੇ ਉੱਚੀਆਂ, ਲੰਮੀਆਂ ਪੀਂਘਾਂ ਪਾ ਕੇ ਪੰਜਾਬ ਦੇ ਸਭਿਆਚਾਰ ਨੂੰ ਕਾਇਮ ਰੱਖਿਆ ਉਥੇ ਹੀ ਮਹਿਲਾਵਾਂ ਨੇ ਚਰਖੇ ਕੱਤੇ, ਮਧਾਣੀ ਨਾਲ ਦੁੱਧ ਰਿੜਕਿਆ, ਹੱਥੀਂ ਚਾਦਰਾਂ ਦੀ ਕਢਾਈ ਕੀਤੀ, ਪੱਖੀਆਂ ਬੁਣੀਆਂ, ਇਥੋਂ ਤੱਕ ਕਿ ਛੱਜ ਨਾਲ ਪੀਹਣਾ ਕਰਕੇ ਲੁਪਤ ਹੋ ਰਹੇ ਪੁਰਾਤਨ ਪੰਜਾਬੀ ਸੱਭਿਆਚਰ ਨੂੰ ਝਲਕੀਆਂ ਰਾਹੀਂ ਸੁਰਜੀਤ ਕੀਤਾ। ਸਮਾਗਮ ਦੌਰਾਨ ਪੀਹਣਾ ਕਰਨ, ਚਰਖਾ ਕੱਤਣ, ਵੰਗਾ ਚੜਵਾਉਣ 'ਚ ਅਵੱਲ ਆਈਆਂ ਲੜਕੀਆਂ, ਮਹਿਲਾਵਾਂ ਨੂੰ ਸਨਮਾਨਤ ਵੀ ਕੀਤਾ ਗਿਆ। ਸਟੇਜ ਦੀ ਸੇਵਾ ਵਰਿੰਦਰ ਸਿੰਘ ਕੰਬੋਜ ਨੇ ਬਾਖੂਬੀ ਨਿਭਾਈ। ਇਸ ਮੌਕੇ ਵੰਦਨਾ, ਬੇਬੀ, ਪ੍ਰਵੀਨ ਕੁਮਾਰੀ, ਮਨਦੀਪ ਕੌਰ, ਤੰਮਨਾ, ਆਸ਼ਾ ਰਾਣੀ, ਹਰਚਰਣ ਕੌਰ, ਗਿੰਨੀ, ਸਲੋਨੀ, ਸੋਨੀਆ, ਸੰਧਿਆ, ਤੰਮਨਾ, ਮੋਨੂੰ, ਸ਼ਾਲੂ, ਰਾਣੀ, ਪੂਜਾ ਤੋਂ ਇਲਾਵਾ ਹੋਰ ਪਤਵੰਤੇ ਵੀ ਮੌਜੂਦ ਸਨ।



# ਤਾਜੇਵਾਲ, ਸਿੰਘਪੁਰ ਤੇ ਬੋਹਣ 'ਚ ਮਨਾਇਆ ਤੀਆਂ ਦਾ ਤਿਉਹਾਰ

**ਹੁਸ਼ਿਆਰਪੁਰ (ਓਮ ਪ੍ਰਕਾਸ਼ ਰਾਣਾ)**- ਸਾਉਣ ਮਹੀਨੇ ਦੇ ਪ੍ਰਮੁੱਖ ਤਿਉਹਾਰ ਤੀਆਂ ਦਾ ਤਿਉਹਾਰ ਮਹਿਲਾਵਾਂ ਦੁਆਰਾ ਧੂਮਧਾਮ ਨਾਲ ਮਨਾਇਆ ਜਾ ਰਿਹਾ ਹੈ। ਵਿਧਾਨ ਸਭਾ ਹਲਕਾ ਚੱਬੇਵਾਲ ਵਿੱਚ ਵੀ ਇਸ ਮੇਲੇ ਦੀ ਰੌਣਕ ਛਾਈ ਹੋਈ ਹੈ। ਸੰਸਦ ਮੈਂਬਰ ਡਾ. ਰਾਜ ਕੁਮਾਰ ਨੇ ਵੀ ਕਈ ਪਿੰਡਾਂ ਵਿੱਚ ਕੀਤੇ ਜਾ ਰਹੇ ਸੱਭਿਆਚਾਰ ਮੇਲਿਆਂ ਵਿੱਚ ਸ਼ਾਮਲ ਹੋ ਕੇ ਲੋਕਾਂ ਨੂੰ ਇਸ ਰੰਗਾਰੰਗ ਉਤਸਵ ਦੀ ਵਧਾਈ ਦਿੱਤੀ । ਉਹਨਾਂ ਦੀ ਹਾਜ਼ਰੀ ਨਾਲ ਪ੍ਰੋਗਰਾਮਾਂ ਵਿੱਚ ਸ਼ਾਮਲ ਬੱਚੀਆਂ ਅਤੇ ਮਹਿਲਾਵਾਂ ਦਾ ਉਤਸ਼ਾਹ ਵੀ ਦੁਗਣਾ ਹੋ ਗਿਆ। ਤਾਜੇਵਾਲ, ਸਿੰਘਪੁਰ ਅਤੇ ਬੋਹਣ ਪਿੰਡਾਂ ਵਿੱਚ ਮਨਾਏ ਗਏ ਤੀਆਂ ਦੇ ਮੇਲੇ ਮੌਕੇ ਡਾ. ਰਾਜ ਨੇ ਕਿਹਾ ਕਿ ਅਜਿਹੇ ਮੇਲਿਆਂ ਰਾਹੀਂ ਆਪਣੀ ਸੰਸਕ੍ਰਿਤੀ ਅਤੇ ਸੱਭਿਆਚਾਰ ਨੂੰ ਜੀਵੰਤ ਰੱਖਣ ਦੇ ਉਪਰਾਲੇ ਲਈ ਅਯੋਜਕ ਅਤੇ ਪ੍ਰਤੀਭਾਗੀ ਸਭ ਹੀ ਵਧਾਈ ਦੇ ਪਤਾਰ ਹਨ। ਉਹਨਾਂ ਨੇ ਮਹਿਲਾਵਾਂ ਦੀ ਸਮਾਜ ਵਿੱਚ ਭੂਮਿਕਾ ਦੀ ਸ਼ਲਾਘਾ ਕਰਦਿਆਂ ਬੱਚੀਆਂ ਨੂੰ ਵੀ ਹੱਲਾਸ਼ੇਰੀ ਦਿੱਤੀ ਕਿ ਉਹ ਆਤਮ ਵਿਸ਼ਵਾਸ ਅਤੇ ਮਿਹਨਤ ਨਾਲ ਅੱਗੇ ਵਧ ਕੇ ਅਪਣੀ ਜ਼ਿੰਦਗੀ ਵਿੱਚ ਉੱਚ ਮੁਕਾਮ ਹਾਸਲ ਕਰਣ। ਡਾ. ਰਾਜ ਕੁਮਾਰ ਨੇ ਕਿਹਾ ਕਿ ਅਜਿਹੇ ਤਿਉਹਾਰ ਨਾ ਸਿਰਫ਼ ਸਾਡੇ ਜੀਵਨ ਨੂੰ ਅਨੰਦ ਅਤੇ ਖੁਸ਼ੀਆਂ ਨਾਲ ਭਰ ਦਿੰਦੇ ਹਨ ਸਗੋਂ ਇਹ ਸਾਡੀਆਂ ਮਹਿਲਾਵਾਂ ਦੀ ਪ੍ਰਤਿਭਾ, ਆਤਮ ਵਿਸ਼ਵਾਸ ਅਤੇ ਸੱਭਿਆਚਾਰਕ ਮੁੱਲਾਂ ਨੂੰ ਵੀ ਮੰਚ ਪ੍ਰਦਾਨ ਕਰਦੇ ਹਨ। ਗਿੱਧੇ, ਭੰਗੜੇ, ਲੋਕ ਗੀਤਾਂ ਨਾਲ ਇਹ ਮੇਲੇ ਸਾਡੇ ਪੰਜਾਬੀ ਸੱਭਿਆਚਾਰ ਦੇ ਰੰਗ ਬਿਖੇਰਦੇ ਲੋਕਾਂ ਨੂੰ ਭੱਜ ਦੌੜ ਦੀ ਜ਼ਿੰਦਗੀ ਵਿੱਚ ਸਕੂਨ ਬਖਸ਼ ਰਹੇ ਹਨ।

